قُرآن مَجِيد

ਕੁਰਆਨ ਮਜੀਦ

ਦਾ

ਗੁਰਮੁਖੀ ਅਨੁਵਾਦ

ਪ੍ਰਕਾਸ਼ਕ :—

ਨਾਜ਼ਿਰ ਦਾਵਤੋ-ਤਬਲੀਗ ਕਾਦੀਆਨ

(ਭਾਰਤ)

ਕੁਰਆਨ ਮਜੀਦ

ਹਜ਼ਰਤ ਮਿਰਜ਼ਾ ਬਸ਼ੀਰੁੱਦੀਨ ਮਹਿਮੂਦ ਅਹਿਮਦ ਜੀ

(ਦੂਸਰੇ ਇਮਾਮ ਜਮਾਤ ਅਹਿਮਦੀਆ)

ਰਚਿਤ

ਤਫ਼ਸੀਰਿ ਸਗੀਰ

ਦਾ

ਗੁਰਮੁਖੀ ਅਨੁਵਾਦ

ਪ੍ਰਕਾਸ਼ਕ :–

ਨਾਜ਼ਿਰ ਦਾਅਵਤੋ ਤਬਲੀਗ ਕਾਦੀਆਨ

(ਭਾਰਤ)

ਪ੍ਰਕਾਸ਼ਕ :–

ਨਾਜ਼ਿਰ ਦਾਵਤੋ-ਤਬਲੀਗ਼ ਕਾਦੀਆਨ

(ਭਾਰਤ)

ਪਹਿਲੀ ਵਾਰ 5000 1983

ਛਾਪਕ : ਹਮਦਰਦ ਪ੍ਰਿੰਟਿੰਗ ਪ੍ਰੈਸ, ਸਰਕੂਲਰ ਰੋਡ, ਜਲੰਧਰ

ਨਿਮਰ-ਨਿਵੇਦਨ

ਪਵਿੱਤਰ ਕੁਰਆਨ ਮਜੀਦ ਦਾ ਪੰਜਾਬੀ ਅਨੁਵਾਦ ਆਪਣੇ ਸੁਹਿਰਦ ਪਾਠਕਾਂ ਦੀ ਸੇਵਾ ਵਿੱਚ ਪਰਸਤੁਤ ਕਰਦਿਆਂ ਹੋਇਆਂ ਨਿਮਰ ਨਿਵੇਦਨ ਹੈ ਕਿ ਸਾਨੂੰ ਇਸ ਪਵਿੱਤਰ ਤੇ ਮਹਾਨ ਕਾਰਜ ਦੀ ਪੂਰਨਤਾ ਤੇ ਅਵੱਸ਼ ਹੀ ਖੁਸ਼ੀ ਪ੍ਰਾਪਤ ਹੋ ਰਹੀ ਹੈ, ਪਰ ਮਾਨਵੀ ਕੰਮਜ਼ੋਰੀਆਂ ਅਤੇ ਪ੍ਰਬੰਧਕ ਸਮਿਤੀ ਦੇ ਸੀਮਤ ਸਾਧਨਾ ਕਰਕੇ ਕੁੱਝ ਇਕ ਪਰੂਫ ਰੀਡਿੰਗ ਤੇ ਪ੍ਰਿੰਟਿੰਗ ਦੀਆਂ ਅਸ਼ੁੱਧੀਆਂ ਸਾਡੇ ਸਮੁੱਖ ਆਈਆਂ ਹਨ। ਜਿਨ੍ਹਾਂ ਦਾ ਅਸੀਂ ਆਪਣੇ ਸੀਮਿਤ ਸਾਧਨਾ ਤੇ ਸ਼ਕਤੀ ਅਨੁਸਾਰ ਸੁਧਾਰ ਕਰ ਦਿੱਤਾ ਹੈ, ਅਤੇ ਸਾਧਾਰਨ ਅਸ਼ੁੱਧੀਆਂ ਦੀ ਸੰਸ਼ੋਧਨ ਸੂਚੀ ਅੰਤ ਵਿੱਚ ਲਾ ਦਿੱਤੀ ਗਈ ਹੈ। ਅਸੀਂ ਇਸ ਮਹਾਨ ਕਾਰਜ ਵਿੱਚ ਹੋਈਆਂ ਅਸਾਵਧਾਨੀਆਂ ਕਰਕੇ ਸਰਧਾਲੂ ਪਾਠਕਾਂ ਅੱਗੇ ਸੁਹਿਰਦ ਮਨ ਨਾਲ ਨਿਮਰ ਨਿਵੇਦਨ ਕਰਦੇ ਹਾਂ ਕਿ ਪਾਠਕ ਅਧਿਐਨ ਕਰਨ ਸਮੇਂ ਇਸ ਸੰਸ਼ੋਧਨ ਸੂਚੀ ਨੂੰ ਆਪਣੇ ਸਮੁੱਖ ਰਖਦਿਆਂ ਹੋਇਆਂ ਪਾਠ ਕਰਣ ਦੀ ਕਿਰਪਾਲਤਾ ਕਰਨ। ਇਸ ਤੋਂ ਬਿਨਾਂ ਜੇਕਰ ਕੋਈ ਹੋਰ ਘਾਟ ਜਾਂ ਗ਼ਲਤੀ ਆਪਜੀ ਦੇ ਸਮੁੱਖ ਆਵੇ ਤਾਂ ਛੇਤੀ ਤੋਂ ਛੇਤੀ ਇਸ ਦਫ਼ਤਰ ਨੂੰ ਸੂਚਿਤ ਕਰਨ ਦੀ ਕਿਰਪਾਲਤਾ ਕਰਨੀ ਜੀ। ਤਾਂ ਜੋ ਅਗਲੇ ਐਡੀਸ਼ਨ ਵਿੱਚ ਮੂਲ ਰੂਪ ਤੋਂ ਹੀ ਸੁਧਾਰ ਕਰ ਦਿੱਤਾ ਜਾਵੇ।

ਨਾਜ਼ਿਰ ਦਾਅਵਤੋ-ਤਬਲੀਗ
ਸਦਰ ਅੰਜੁਮਨ ਅਹਿਮਦੀਆ
ਕਾਦੀਆਨ।

ਦੋ ਸ਼ਬਦ

ਜਮਾਤ ਅਹਿਮਦੀਆ ਵੱਲੋਂ ਕੁਰਾਨ ਮਜੀਦ ਦਾ ਇਹ ਗੁਰਮੁਖੀ ਅਨੁਵਾਦ ਆਪਣੇ ਸੁਹਿਰਦ ਪਾਠਕਾਂ ਦੀ ਸੇਵਾ ਵਿਚ ਪੇਸ਼ ਕਰਨ ਦਾ ਮਾਨ ਪ੍ਰਾਪਤ ਕੀਤਾ ਜਾ ਰਿਹਾ ਹੈ। ਤਫ਼ਸੀਰਿ ਸਗੀਰ ਦਾ ਇਹ ਅਨੁਵਾਦ ਪੰਜਾਬੀ ਦੇ ਪ੍ਰਸਿੱਧ ਵਿਦਵਾਨ ਅਬਾਦਉੱਲਾ ਜੀ ਗਿਆਨੀ ਨੇ ਵੱਡੀ ਮਿਹਨਤ ਨਾਲ ਕੀਤਾ ਹੈ। ਇਸ ਦੇ ਪ੍ਰਕਾਸ਼ਤ ਕਰਨ ਦੀ ਜ਼ਿੰਮੇਵਾਰੀ ਦੇ ਕੰਮ ਨੂੰ ਗਿਆਨੀ ਅਬਦੁਲ ਲਤੀਫ ਜੀ ਦਰਵੇਸ਼ ਨੇ ਵਡੀ ਮਿਹਨਤ ਨਾਲ ਨਿਭਾਇਆ ਹੈ। ਆਸ ਹੈ ਕਿ ਪਾਠਕ ਇਸ ਰੱਬੀ ਬਾਣੀ ਨੂੰ ਪੜ੍ਹ ਕੇ ਪੂਰਾ ਪੂਰਾ ਆਤਮਕ ਲਾਭ ਉਠਾਉਣ ਦਾ ਜਤਨ ਕਰਨਗੇ।

ਬਸ਼ੀਰ ਅਹਿਮਦ ਦਿਹਲਵੀ
ਨਾਜ਼ਿਰ ਦਾਅਵਤੋ ਤਬਲੀਗ ਕਾਦੀਆਨ
(ਭਾਰਤ)



(੧) ਸੂਰਤ ਅਲ-ਫ਼ਾਤਿਹਾ

{ ਇਹ ਸੂਰਤ ਹਿਜਰਤ ਤੋਂ ਪਹਿਲਾਂ ਮੱਕੇ ਉਤਰੀ ਸੀ
ਇਸ ਦੀਆਂ ''ਬਿਸਮਿੱਲਾ'' ਸਣੇ[2] ਸਤ ਆਇਤਾਂ ਹਨ । }

بِسْمِ اللّٰهِ الرَّحْمٰنِ الرَّحِيْمِ ①

(ਮੈਂ) ਅਤਿ ਦਿਆਲੂ ਤੇ ਕਿਰਪਾਲੂ ਅੱਲਾਹ ਦਾ ਨਾਂ ਲੈ ਕੇ (ਅਰੰਭ ਕਰਦਾ ਹਾਂ) ।੧।

[1]ਜਗ ਦੇ ਸਾਰੇ ਕਾਰਜਾਂ ਦੀ ਸਿਧੀ ਲਈ ਅੱਡ ਅੱਡ ਅਰਦਾਸਾਂ ਕੀਤੀਆਂ ਜਾਂਦੀਆਂ ਹਨ । ਕੁਰਾਨ ਸ਼ਰੀਫ ਇਕ ਅਜਿਹੀ ਪੂਰਨ ਪੁਸਤਕ ਹੈ ਕਿ ਇਸ ਦੀ ਅਰਦਾਸ ਵੀ ਇਸ ਦੇ ਅੰਦਰ ਹੀ ਵਰਣਨ ਹੈ। ਜਦ ਕੋਈ ਪ੍ਰਾਣੀ ਕੁਰਾਨ ਸ਼ਰੀਫ ਦਾ ਪਾਠ ਅਰੰਭ ਕਰਦਾ ਹੈ, ਤਾਂ ਹਰੇਕ ਸੂਰਤ ਤੋਂ ਪਹਿਲਾਂ ਇਹ ਪੜ੍ਹਦਾ ਹੈ ਕਿ "ਬਿਸਮਿੱਲਾ ਹਿੱਰਾਹਮਾ ਨਿੱਰਾਹੀਮ"

ਅਰਥਾਤ (ਮੈਂ) ਅੱਲਾਹ ਦਾ ਨਾਂ ਲੈ ਕੇ (ਜੋ) ਅਤਿ ਦਿਆਲੂ ਤੇ ਕਿਰਪਾਲੂ ਹੈ, ਅਰੰਭ ਕਰਦਾ ਹਾਂ ।

ਅਤੇ ਸਾਰੇ ਕੁਰਾਨ ਸ਼ਰੀਫ ਤੋਂ ਪਹਿਲਾਂ ''ਬਿਸਮਿੱਲਾ'' ਤੇ ਸੂਰਤ ਫ਼ਾਤਿਹਾ ਪੜ੍ਹਨ ਦਾ ਭਾਵ ਇਹ ਹੈ ਕਿ ਜਾਣੋ ਕੁਰਾਨ ਸ਼ਰੀਫ ਦੇ ਪਾਠ ਦੀ ਨਿਰਵਿਘਨ ਪੂਰਨਤਾ ਲਈ ਕਿਸੇ ਬਾਹਰਲੀ ਸਹਾਇਤਾ ਦੀ ਲੋੜ ਨਹੀਂ ਹੈ; ਕਿਉਂਕਿ ਇਸ ਦੀ ਅਰਦਾਸ ਵੀ ਇਸ ਦੇ ਅੰਦਰ ਹੀ ਹੈ । ਹਾਂ, ਕੁਰਾਨ ਸ਼ਰੀਫ ਦੇ ਪਾਠ ਤੋਂ ਪਹਿਲਾਂ "ਅ ਊਜ਼" ਪੜ੍ਹਨ ਦਾ ਵੀ ਹੁਕਮ ਦਿੱਤਾ ਗਿਆ ਹੈ । ਪਰ ਇਕ ਤਾਂ "ਅ ਊਜ਼" ਵੀ ਕੁਰਾਨ ਸ਼ਰੀਫ ਵਿਚ ਹੀ ਦਰਜ ਹੈ; ਜਿਹਾ ਕਿ :—

''ਇਜ਼ਾ ਕਰਾਅਤਲ ਕੁਰਆਨਾ ਫ਼ਸਤਾਇਜ਼ ਬਿੱਲਾਹਿ- ਮਿੱਨਸ਼ੈਤਾ ਨਿੱਰਾਜੀਮ''

(ਅਰਥਾਤ ਹੇ ਸਰੋਤੇ !) ਜਦ (ਵੀ) ਤੂੰ ਕੁਰਾਨ ਪੜ੍ਹਨ ਲੱਗੇਂ, ਤਾਂ ਦੁਰਕਾਰੇ ਹੋਏ ਸੈਤਾਨ (ਦੀਆਂ ਸ਼ਰਾਰਤਾਂ) ਤੋਂ (ਸੁਰੱਖਿਅਤ ਰਹਿਣ ਲਈ) ਅੱਲਾਹ ਦੀ ਪਨਾਹ ਮੰਗ (ਲਿਆ ਕਰ) (ਸੂਰਤ ਨਾਹਲ ਆਇਤ ੯੮)

ਇਸ ਲਈ ਇਹ ਕੋਈ ਬਾਹਰਲੀ ਚੀਜ਼ ਨਹੀਂ । ਦੂਜੇ "ਅ ਊਜ਼" ਇਰਾਦੇ ਨਾਲ ਸੰਬੰਧ ਰੱਖਦਾ ਹੈ ਅਤੇ ਇਰਾਦੇ ਸਦਾ ਹੀ ਕਾਰਜ ਤੋਂ ਅੱਡਰੇ ਹੋਇਆ ਕਰਦੇ ਹਨ ।

ਜਦ ਵੀ ਕਦੇ ਕੁਰਾਨ ਸ਼ਰੀਫ ਦਾ ਪਾਠ ਕੀਤਾ ਜਾਏ; ਭਾਵੇਂ ਸਾਰਾ ਤੇ ਭਾਵੇਂ ਉਸ ਦਾ ਕੋਈ ਹਿੱਸਾ, ਤਾਂ ਉਸ ਤੋਂ ਪਹਿਲਾਂ "ਅ ਊਜ਼" ਦਾ ਪੜ੍ਹਨਾ ਅਤਿ ਜ਼ਰੂਰੀ ਹੈ । ਫੇਰ "ਬਿਸਮਿੱਲਾ", ਜੋ ਉਸ ਸੂਰਤ ਦਾ ਅੰਗ ਹੈ, ਉਹ ਪੜ੍ਹੀ ਜਾਏ । ਇਸ ਤੋਂ ਮਗਰੋਂ ਬਾਕੀ ਸੂਰਤ ਦਾ ਪਾਠ ਕੀਤਾ ਜਾਏ । ਜਦ ਕੁਰਾਨ ਸ਼ਰੀਫ ਦਾ ਪਾਠ ਕਰਦਿਆਂ ਹੋਇਆਂ ਵਿਚਾਲੇ ਕੋਈ ਸੂਰਤ ਆ ਜਾਏ, ਤਾਂ ਕੇਵਲ "ਬਿਸਮਿੱਲਾ" ਦਾ ਪਾਠ ਹੀ ਕੀਤਾ ਜਾਣਾ ਠੀਕ ਹੈ । ਜਦ ਕੋਈ ਪ੍ਰਾਣੀ ਕਿਸੇ ਸੂਰਤ ਦਾ ਕੋਈ ਵਿਚਲਾ ਹਿੱਸਾ ਪੜ੍ਹੇ, ਤਾਂ ਉਸ ਸਮੇਂ "ਅ ਊਜ਼" ਪੜ੍ਹਨਾ ਅਤਿ ਜ਼ਰੂਰੀ ਹੈ ਤੇ "ਬਿਸਮਿੱਲਾ" ਪੜ੍ਹਨ ਦੀ ਲੋੜ ਨਹੀਂ; ਕਿਉਂਕਿ "ਬਿਸਮਿੱਲਾ" ਤਾਂ ਸੂਰਤ ਦੇ ਅਰੰਭ ਵਿਚ ਹੁੰਦੀ ਹੈ; ਵਿਚਾਲੇ ਪੜ੍ਹਨ ਦਾ ਕੋਈ ਕਾਰਣ ਨਹੀਂ ।

[2]ਅਸੀਂ "ਬਿਸਮਿੱਲਾ" ਨੂੰ ਸੂਰਤ ਦਾ ਅੰਗ ਵਰਣਨ ਕੀਤਾ ਹੈ । ਸਾਡੇ ਨਬੀ ਹਜ਼ਰਤ "ਮੁਹੰਮਦ" ਸਾਹਿਬ ਜੀ ਮਹਾਰਾਜ ਤੋਂ ਇਹੋ ਹੀ ਸਿੱਧ ਹੈ । (ਵਿਸਥਾਰ ਲਈ ਵੇਖੋ ਤਫ਼ਸੀਰਿ-ਕਬੀਰ, ਭਾਗ ੧, ਪੰਨਾ ੧੦)

[3]'ਬਾ' ਦਾ ਅਰਥ ਨਾਲ ਹੋਣਾ ਤੇ ਮਦਦ ਕਰਨਾ ਹਨ, ਇਸ ਦਾ ਅਖਰੀ ਅਰਥ "ਤੋਂ" ਤੇ 'ਨਾਲ' ਵੀ ਹੈ, ਪਰ ਚੂੰਕਿ 'ਏਹਨਾਂ ਅਖਰਾ ਦੁਆਰਾ ਅਰਥ ਸਪਸ਼ਟ ਨਹੀਂ ਹੁੰਦੇ ਸਨ, ਇਸ ਲਈ "ਲੈ ਕੇ" ਪਦ ਦੀ ਵਰਤੋਂ ਕੀਤੀ ਗਈ ਹੈ, ਜੋ ਦੱਹਾ ਭਾਵਾਂ ਤੇ ਨਿਰਭਰ ਹੈ ।

ਹਰੇਕ ਉਪਮਾ ਦਾ ਅਧਿਕਾਰੀ ਅੱਲਾਹ ਹੀ ਹੈ,(ਜੋ)[1]
ਸਾਰੇ ਜਹਾਨਾਂ ਦਾ ਸਾਜਨਹਾਰ ਤੇ ਪਾਲਨਹਾਰ ਹੈ[2] ।੨।

اَلْحَمْدُ لِلّٰهِ رَبِّ الْعٰلَمِيْنَ ۝٢

[1]ਪਹਿਲੀ ਤੇ ਦੂਜੀ ਆਇਤ ਵਿਚ ਸਿਫ਼ਤ ਦੇ ਅਰਥ ਵਿਚ ਭੇਦ ਹੈ। ਪਹਿਲੀ ਆਇਤ ਵਿਚ ''ਜੋ'' ਤੇ ''ਹੈ'' ਨੂੰ ਪਰਗਟ ਕੀਤਾ ਗਿਆ ਹੈ, ਪਰ ਦੂਜੀ ਆਇਤ ਵਿਚ ਦੋਹਾਂ ਪਦਾਂ ਨੂੰ ਬ੍ਰੈਕਟ ਵਿਚ ਰੱਖਿਆ ਗਿਆ ਹੈ। ਇਸ ਦਾ ਕਾਰਣ ਅਰਥਾਂ ਦੀ ਔਕੜ ਹੈ। ਦੂਜੀ ਆਇਤ ਦਾ ਵਾਕ ਪੂਰਨ ਸੀ; ਉਥੇ ''ਜੋ'' ਤੇ ''ਹੈ'' ਨੂੰ ਪਰਗਟ ਕਰਨ ਦੀ ਲੋੜ ਨਹੀਂ ਪਈ। ਪਹਿਲੀ ਆਇਤ ਵਿਚ ''ਜੋ'' ਤੇ ''ਹੈ'' ਪਦਾਂ ਦੇ ਪਰਗਟਾਵੇ ਤੋਂ ਬਿਨਾਂ ਵਾਕ ਅਧੂਰਾ ਰਹਿੰਦਾ ਸੀ; ਇਸ ਲਈ ਉੱਥੇ ਇਸ ਨੂੰ ਪਰਗਟ ਕਰਨਾ ਪਿਆ। ਅੱਗੇ ਵੀ ਜਿੱਥੇ ਇਹ ਭੇਦਤਾ ਹੋਵੇਗੀ, ਅਰਥਾਂ ਵਿਚ ਫਰਕ ਪੈ ਜਾਏਗਾ।

[2]ਸੂਰਤ ਫ਼ਾਤਿਹਾ ਵਿਚ ਅੱਲਾਹ ਨੇ ''ਅਲਹਮਦੁ ਲਿੱਲਾਹਿ'' ਫਰਮਾਇਆ ਹੈ। ਇਸ ਦੇ ਆਦਿ ਵਿਚ ''ਅਲਫ਼'' ਤੇ ''ਲਾਮ'' ''ਇਸਤਗ਼ਰਾਕੀ'' ਹਨ। ਇਹ ਵਰਣਿਤ ਚੀਜ਼ ਦੇ ਸਾਰੇ ਹੀ ਅੰਗਾਂ ਨਾਲ ਸੰਬੰਧਤ ਹੋਇਆ ਕਰਦੇ ਹਨ। ਇਸ ਦੇ ਨਾਲ ਹੀ ਏਹ ਅੱਖਰਇਹ ਵੀ ਪਰਗਟ ਕੀਤਾ ਕਰਦੇ ਹਨ ਕਿ ਉਹ ਚੀਜ਼ ਆਪਣੇ ਆਪ ਵਿਚ ਵੀ ਪੂਰਨ ਹੈ। ਇਸ ਤੋਂ ਛੁੱਟ ''ਅਲਫ਼'' ਤੇ ''ਲਾਮ'' ਕਿਸੇ ਵਰਣਿਤ ਚੀਜ਼ ਵਲ ਸੈਨਤ ਕਰਨ ਲਈ ਵੀ ਵਰਤਿਆ ਜਾਂਦਾ ਹੈ, ਅਰਥਾਤ ਜਿਸ ਪਦ ਨਾਲ ਏਹਨਾਂ ਦੀ ਵਰਤੋਂ ਕੀਤੀ ਜਾਂਦੀ ਹੈ, ਉਹ ਕਿਸੇ ਅਜਿਹੀ ਚੀਜ਼ ਦਾ ਪਰਗਟਾਅ ਕਰਦਾ ਹੈ, ਜੋ ਪਹਿਲਾਂ ਵਰਣਨ ਹੋ ਚੁੱਕੀ ਹੁੰਦੀ ਹੈ। ਸੋ ''ਅਲਹਮਦੁ ਲਿੱਲਾਹ'' ਦਾ ਇਕ ਭਾਵ ਤਾਂ ਇਹ ਹੋਇਆ ਕਿ ''ਹਰੇਕ ਉਪਮਾ ਦਾ ਅਧਿਕਾਰੀ ਅੱਲਾਹ ਹੀ ਹੈ।'' ਦੂਜਾ ਭਾਵ ਇਹ ਹੈ ਕਿ ''ਹਰੇਕ ਉਪਮਾ ਅੱਲਾਹ ਨਾਲ ਹੀ ਸੰਬੰਧਤ ਹੈ।'' ਅੱਲਾਹ ਤੋਂ ਛੁੱਟ ਕੋਈ ਹੋਰ ਵਿਅਕਤੀਅਜਿਹੀ ਨਹੀਂ ਹੈ, ਜਿਸ ਵਿਚ ਸਾਰੇ ਗੁਣ ਤੇ ਖੂਬੀਆਂ ਇਕੱਤਰ ਹਨ ਅਤੇ ਨਾ ਹੀ ਅੱਲਾਹ ਤੋਂ ਛੁੱਟ ਕੋਈ ਹੋਰ ਵਿਅਕਤੀਅਜਿਹੀ ਹੈ, ਜਿਸ ਵਿਚ ਸਾਰੇ ਹੀ ਗੁਣ ਜਾਂ ਕੋਈ ਇਕ ਗੁਣ ਆਪਣੀ ਪੂਰਨਤਾ ਸਣੇ ਹੈ। ਬੇਸ਼ੱਕ ਅਸੀਂ ਕਈ ਵਾਰ ਮਨੁੱਖਾਂ ਵਾਸਤੇ ਵੀ ਇਸ ਪਦ ਦਾ ਪ੍ਰਯੋਗ ਕਰ ਲਿਆ ਕਰਦੇ ਹਾਂ ਕਿ ਅਮਕੇ ਪ੍ਰਾਣੀ ਵਿਚ ਦਲੇਰੀ ਜਾਂ ਸੁੰਦਰਤਾ ਆਦਿ ਪੂਰਨ ਤੌਰ ਤੇ ਹੈ, ਪਰ ਅਸਲ ਵਿਚ ਇਸ ਦਾ ਭਾਵ ਏਹੋ ਹੋਇਆ ਕਰਦਾ ਹੈ ਕਿ ਜਿਸ ਹਦ ਤਕ ਮਨੁੱਖ ਜਾਤੀ ਵਿਚ ਉਹ ਗੁਣ ਹੋ ਸਕਦਾ ਹੈ, ਉਹ ਉਸ ਵਿਚ ਪੂਰਨ ਤੌਰ ਤੇ ਹੈ, ਉਹ ਗੁਣ ਆਪਣੀ ਸਾਰੀ ਪੂਰਨਤਾ ਸਣੇ ਉਸ ਵਿਚ ਹੈ, ਇਹ ਭਾਵ ਉੱਕਾ ਹੀ ਨਹੀਂ ਹੋਇਆ ਕਰਦਾ। ਪਰ ਉਸੇ ਗੁਣ ਨੂੰ ਜਦ ਅੱਲਾਹ ਨਾਲ ਸੰਬੰਧਤ ਕੀਤਾ ਜਾਏ, ਤਾਂ ਇਹ ਭਾਵ ਹੋਇਆ ਕਰਦਾ ਹੈ ਕਿ ਉਹ ਗੁਣ ਆਪਣੀ ਸਾਰੀ ਹੀ ਪੂਰਨਤਾ ਸਣੇ ਅੱਲਾਹ ਵਿਚ ਹੈ ਤੇ ਕਿਸੇ ਹੋਰ ਵਿਅਕਤੀ ਵਿਚ ਨਹੀਂ ਹੈ।

''ਹਮਦ'' ਪਦ ਧਾਤੂ ਹੈ। ਅਰਬੀ ਭਾਸ਼ਾ ਵਿਚ ''ਹਮਦ'' ਕਰਮ ਦਾ ਭਾਵ ਵੀ ਪਰਗਟ ਕੀਤਾ ਕਰਦਾ ਹੈ; ਇਸ ਲਈ ਇਸ ਦਾ ਇਹ ਭਾਵ ਹੈ ਕਿ ਨੀਕ ਨੀਕ ਉਪਮਾ ਭਾਵੇਂ ਕਿਸੇ ਦੀ ਹੋਵੇ, ਅੱਲਾਹ ਹੀ ਵਰਣਨ ਕਰ ਸਕਦਾ ਹੈ। ਇਕ ਮਨੁੱਖ ਦੂਜੇ ਮਨੁੱਖ ਦੇ ਦਿਲ ਤੇ ਦਿਮਾਗ਼ ਦੇ ਹਾਲ ਤੋਂ ਅਗਿਆਤ ਹੋਣ ਸਦਕਾ ਉਸ ਦੀ ਉਪਮਾ ਕਰਨ ਸਮੇਂ ਕੋਈ ਭੁਲ ਵੀ ਕਰ ਸਕਦਾ ਹੈ ਅਤੇ ਚੀਜ਼ਾਂ ਦੀ ਅਸਲੀਅਤ ਤੋਂ ਪੂਰੀ ਤਰ੍ਹਾਂ ਜਾਣੂੰ ਨਾ ਹੋਣ ਕਰਕੇ ਓਹਨਾਂ ਦੀ ਉਪਮਾ ਕਰਨ ਵਿਚ ਗ਼ਲਤੀ ਵੀ ਕਰ ਸਕਦਾ ਹੈ। ਇਕ ਵੈਦ ਜਾਂ ਹਕੀਮ ਇਕ ਦਵਾਈ ਦਾ ਅਸਰ ਦਸਦਾ ਹੈ, ਪਰ ਇਹ ਅਸਰ ਕੇਵਲ ਅਸੂਲ ਦੀ ਹਦ ਤਕ ਹੀ ਹੋਇਆ ਕਰਦਾ ਹੈ; ਕਿਉਂਕਿ ਹਰੇਕ ਚੀਜ਼ ਦੂਜੀ ਚੀਜ਼ ਨਾਲ ਮਿਲ ਕੇ ਆਪਣਾ ਅਸਰ ਬਦਲ ਦਿੰਦੀ ਹੈ। ਘਟ ਘਟ ਦਾ ਜਾਣਨਹਾਰ ਪ੍ਰਭੂ ਹੀ ਇਹ ਦਸ ਸਕਦਾ ਹੈ ਕਿ ਉਹ ਕਿੰਨੀਆਂ ਚੀਜ਼ਾਂ ਨਾਲ ਮਿਲ ਸਕਦੀ ਹੈ ? ਤੇ ਕਿੰਨੇ ਰੂਪ ਧਾਰਨ ਕਰ ਸਕਦੀ ਹੈ ? ਤੀਜਾ ਅਰਥ ਇਹ ਹੈ ਕਿ ਸਾਰੀ ਮਨੁੱਖ ਜਾਤੀ ਆਪਣੀਆਂ ਧਰਮ-ਪੁਸਤਕਾਂ ਦੁਆਰਾ ਜਿਸ ਵਿਅਕਤੀ ਦੀ ਪੂਰਨ ਉਪਮਾ ਵਰਣਨ ਕਰਦੀ ਹੈ ਤੇ ਜਿਸ ਪੂਰਨ ਵਿਅਕਤੀ ਦਾ ਅਨੁਮਾਨ ਲਾਉਂਦੀ ਹੈ, ਉਹ ਇੱਕੋ ਇਕ ਅੱਲਾਹ ਹੀ ਹੈ।

ਚੌਥਾ ਅਰਥ ਇਸ ਦਾ ਇਹ ਹੈ ਕਿ ਮਨੁੱਖ ਆਪਣੇ ਮਨ ਵਿਚ ਇਕ ਪੂਰਨ ਵਿਅਕਤੀ ਦਾ ਜੋ ਨਕਸ਼ਾ ਉਲੀਕਦਾ ਹੈ, ਉਹ ਉਸ ਨੂੰ ਅੱਲਾਹ ਤੋਂ ਛੁੱਟ ਹੋਰ ਕਿਤੇ ਵੀ ਨਹੀਂ ਮਿਲ ਸਕਦਾ।ਹਾਂ; ਉਹ ਨਕਸ਼ਾ ਠੀਕ ਹੋਵੇ। ''ਹਮਦ'' ਪਦ ਨੀਕ ਉਪਮਾ ਦਾ ਭਾਵ ਪਰਗਟ ਕਰਦਾ ਹੈ। ਕਲਪਿਤ ਜਾਂ ਖ਼ਿਆਲੀ ਉਪਮਾ ਵਾਸਤੇ ਇਸ ਪਦ ਦੀ ਵਰਤੋਂ ਨਹੀਂ ਕੀਤੀ ਜਾਂਦੀ।

ਰਬੁੱਲ ਆਲਮੀਨ ਪਦ ਵਿਚ ਅੱਡ ਅੱਡ ਜਹਾਨਾ ਬਾਰੇ ਸੈਨਤ ਕੀਤੀ ਗਈ ਹੈ। ਸਾਰੇ ਬ੍ਰਹਿਮੰਡ ਵਿਚ ਕਈ ਵਖ ਵਖ ਜਹਾਨ ਹਨ, ਜਿਨ੍ਹਾਂ ਵਿੱਚੋਂ ਕਈ ਜਹਾਨ ਕਈਆਂ ਨਾਲੋਂ ਵਿਲਖਣਤਾ ਵਾਲੇ ਵੀ ਹਨ। ਪਰ ਇਸ ਭੇਦਤਾ ਤੇ ਵਿਲਖਣਤਾ ਦੇ ਹੁੰਦਿਆਂ ਹੋਇਆਂ→

ਅਤਿ ਦਿਆਲੂ ਤੇ ਕਿਰਪਾਲੂ ਹੈ । ੩ ।
ਅਤੇ ਦੰਡ-ਫਲ (ਦੇਣ) ਦੇ ਸਮੇਂ ਦਾ ਮਾਲਕ ਹੈ[1] । ੪ ।

الرَّحْمٰنِ الرَّحِيْمِ ۝٣
مٰلِكِ يَوْمِ الدِّيْنِ ۝٤

←ਵੀ ਓਹਨਾਂ ਪਿੱਛੇ ਇੱਕੋ ਹੀ ਮਰਯਾਦਾ ਦਿਸਦੀ ਹੈ । ਸਾਨੂੰ ਏਹੋ ਪਤਾ ਲਗਦਾ ਹੈ ਕਿ ਇਸ ਸਾਰੇ ਬ੍ਰਹਿਮੰਡ ਦਾ ਸੰਮਾ ਇੱਕੋ ਹੀ ਹੈ, ਜਿਸ ਤੋਂ ਉਹ ਸਹਾਇਤਾ ਤੇ ਬਲ ਪ੍ਰਾਪਤ ਕਰ ਰਿਹਾ ਹੈ, ਅਤਥਾਤ ਉਸ ਦੇ ਪਿੱਛੇ ਇੱਕੋ ਹੀ ਵਿਅਕਤੀ ਕੰਮ ਕਰ ਰਹੀ ਹੈ । ਸੋ ਜਦ ਸਾਰੇ ਬ੍ਰਹਿਮੰਡ ਦੇ ਸਰਬਤ ਕਾਨੂੰਨਾਂ ਤੇ ਸਮੂਹ ਨੇਮਾਂ ਵਿਚ ਇੱਕੋ ਹੀ ਰੂਹ ਕੰਮ ਕਰ ਰਹੀ ਹੈ, ਤਾਂ ਫੇਰ ਉਪਮਾ—ਜੋ ਬ੍ਰਹਿਮੰਡ ਦੀ ਸੁੰਦਰਤਾ ਦਾ ਇਕਰਾਰ ਕਰਨ ਦਾ ਹੀ ਦੂਜਾ ਨਾਂ ਹੈ, ਉਹ ਉਸੇ ਹੀ ਕੰਮ ਕਰ ਰਹੀ ਕੁਦਰਤ ਦਾ ਮਾਲ ਤੇ ਹੱਕ ਸਮਝੀ ਜਾਏਗੀ ।

[1]ਏਹਨਾਂ ਅਰਥਾਂ ਦੇ ਅਧਾਰ ਤੇ ਇਸ ਆਇਤ ਦਾ ਇਹ ਭਾਵ ਹੋਵੇਗਾ ਕਿ ਅੱਲਾਹ ਕਿਆਮਤ ਦੇ ਦਿਹਾੜੇ ਦਾ ਮਾਲਕ ਹੈ, ਅਰਥਾਤ, ਉਸ ਦਿਨ ਦੰਡ-ਫਲ ਦੇਣ ਵਿਚ ਕਿਸੇ ਹੋਰ ਦਾ ਕੋਈ ਦਖ਼ਲ ਨਹੀਂ ਹੋਵੇਗਾ; ਸਗੋਂ ਕੇਵਲ ਅੱਲਾਹ ਵੱਲੋਂ ਹੀ ਸਾਰਾ ਦੰਡ-ਫਲ ਮਿਲੇਗਾ । ਇਸ ਤਰ੍ਹਾਂ ਇਸ ਲੋਕ ਤੇ ਪਰਲੋਕ ਦੇ ਸਿੱਟੇ ਵਿਚ ਫ਼ਰਕ ਦੱਸਿਆ ਗਿਆ ਹੈ ਕਿ ਇਸ ਮਾਤ ਲੋਕ ਵਿਚ ਤਾਂ ਚੰਗੇ-ਮੰਦੇ ਕਰਮਾਂ ਦਾ ਫਲ ਮਨੁੱਖਾਂ ਦੁਆਰਾ ਮਿਲਦਾ ਹੈ ਤੇ ਇਸ ਵਿਚ ਲੋਕਾਂ ਤੋਂ ਭੁਲ ਚੁਕ ਹੋਣ ਦੀ ਸੰਭਾਵਨਾ ਵੀ ਬਣੀ ਰਹਿੰਦੀ ਹੈ । ਪਰ ਕਿਆਮਤ ਦੇ ਦਿਹਾੜੇ ਕੇਵਲ ਅੱਲਾਹ ਹੀ ਦੰਡ-ਫਲ ਦੇਵੇਗਾ । ਇਹ ਸੰਭਵ ਨਹੀਂ ਹੋਵੇਗਾ ਕਿ ਕਿਸੇ ਤੇ ਕੋਈ ਧੱਕਾ ਹੋ ਸਕੇ ਜਾਂ ਉਸ ਨੂੰ ਅਜਾਈਂ ਹੀ ਸਜ਼ਾ ਮਿਲ ਜਾਏ, ਅਰਥਾਤ ਉਸ ਦੇ ਜੁਰਮ ਤੋਂ ਵਧੀਕ ਸਜ਼ਾ ਮਿਲੇ । ਇਸੇ ਤਰ੍ਹਾਂ ਕਿਸੇ ਅਪਰਾਧੀ ਲਈ ਵੀ ਇਹ ਸੰਭਵ ਨਹੀਂ ਹੋਵੇਗਾ ਕਿ ਉਹ ਕੂੜ-ਕੁਸੱਤ ਦੁਆਰਾ ਸਜ਼ਾ ਤੋਂ ਬਚ ਜਾਏ ।

ਇਸ ਤੋਂ ਛੁੱਟ ਇੱਥੇ ਇਹ ਸੈਣਤ ਵੀ ਕੀਤੀ ਗਈ ਹੈ ਕਿ ਅੱਲਾਹ ਦੰਡ-ਫਲ ਦੇਣ ਸਮੇਂ ਕੇਵਲ ਬਤੌਰ ਮਲਿਕ (ਬਾਦਸ਼ਾਹ) ਦੇ ਹੀ ਕੰਮ ਨਹੀਂ ਕਰੇਗਾ; ਸਗੋਂ ਉਸ ਦੀ ਹੈਸੀਅਤ ਮਾਲਕ ਦੀ ਹੋਵੇਗੀ । ਮਲਿਕ (ਬਾਦਸ਼ਾਹ) ਜਦ ਕੋਈ ਫ਼ੈਸਲਾ ਕਰਦਾ ਹੈ, ਤਾਂ ਉਹ ਕੇਵਲ ਨਿਆਇ ਨੂੰ ਹੀ ਮੁਖ ਰਖਦਾ ਹੈ; ਕਿਉਂ ਜੁ ਜਿਨ੍ਹਾਂ ਗੱਲਾਂ ਦਾ ਉਹ ਫ਼ੈਸਲਾ ਕਰਦਾ ਹੈ, ਓਹ ਵਾਦੀ ਤੇ ਪ੍ਰਤਿਵਾਦੀ ਦੇ ਹੱਕਾਂ ਨਾਲ ਸੰਬੰਧਤ ਹੋਇਆ ਕਰਦੀਆਂ ਹਨ । ਉਸ ਨੂੰ ਇਹ ਅਧਿਕਾਰ ਨਹੀਂ ਹੁੰਦਾ ਕਿ ਕਿਸੇ ਨੂੰ ਮਾਫੀ ਦੇ ਦੇਵੇ । ਪਰ ਅੱਲਾਹ ਚੂੰਕਿ ਕੇਵਲ ਬਾਦਸ਼ਾਹ ਹੀ ਨਹੀਂ; ਸਗੋਂ ਮਾਲਕ ਵੀ ਹੈ; ਇਸ ਲਈ ਉਸ ਨੂੰ ਪੂਰਨ ਅਧਿਕਾਰ ਹੈ, ਜਿਸ ਨੂੰ ਚਾਹੇ ਬਖਸ਼ ਦੇਵੇ । ਸੋ ਇਸ ਆਇਤ ਦੁਆਰਾ ਇਕ ਪਾਸੇ ਤਾਂ ਆਸ ਦਾ ਇਕ ਮਹਾਨ ਪਖ ਸਾਹਮਣੇ ਲਿਆਂਦਾ ਗਿਆ ਹੈ ਤੇ ਨਿਰਾਸਤਾ ਤੋਂ ਮਨੁੱਖਾਂ ਨੂੰ ਬਚਾ ਲਿਆ ਗਿਆ ਹੈ । ਦੂਜੇ ਪਾਸੇ ਹੁਸ਼ਿਆਰ ਵੀ ਕਰ ਦਿੱਤਾ ਗਿਆ ਹੈ ਕਿ ਅੱਲਾਹ ਦੇ ਰਹਿਮ ਤੋਂ ਅਜੋਗ ਲਾਭ ਪ੍ਰਾਪਤ ਕਰਨ ਦਾ ਖ਼ਿਆਲ ਵੀ ਦਿਲ ਵਿਚ ਨਾ ਲਿਆਂਦਾ ਜਾਏ; ਕਿਉਂ ਜੁ ਮਾਲਕ ਹੋਣ ਦੇ ਲਿਹਾਜ਼ ਨਾਲ ਜਿੱਥੇ ਪੂਰਨ ਰਹਿਮ ਕਰ ਸਕਦਾ ਹੈ, ਉੱਥੇ ਆਪਣੀ ਰਚਨਾ ਨੂੰ ਗੰਦਾ ਵੇਖਣਾ ਵੀ ਪਸੰਦ ਨਹੀਂ ਕਰ ਸਕਦਾ । ਜਾਣੇ, ਆਸ ਤੇ ਸਹਿਮ ਦੇ ਵਿਚਾਰ ਨੂੰ ਇਕੱਤਰ ਕਰ ਕੇ ਚੁਸਤੀ ਤੇ ਹਿੰਮਤ ਪੈਦਾ ਕੀਤੀ ਗਈ ਹੈ ।

ਇਸ ਦਾ ਅਰਥ ਧਰਮ ਦੇ ਦਿਨ ਦਾ ਮਾਲਕ ਵੀ ਹੋ ਸਕਦਾ ਹੈ, ਅਰਥਾਤ ਜਦ ਕਦੇ ਕੋਈ ਸੱਚਾ ਧਰਮ ਪਰਗਟ ਹੁੰਦਾ ਹੈ, ਉਸ ਸਮੇਂ ਅੱਲਾਹ ਦੀਆਂ ਕੁਦਰਤਾਂ ਵੀ ਪਰਗਟ ਹੋਣੀਆਂ ਸ਼ੁਰੂ ਹੋ ਜਾਇਆ ਕਰਦੀਆਂ ਹਨ । ਜਦ ਸੱਚਾ ਧਰਮ ਜਗ ਤੋਂ ਅਲੋਪ ਹੋ ਜਾਂਦਾ ਹੈ ਤੇ ਅਧਰਮੀ ਪਸਰ ਜਾਂਦੀ ਹੈ, ਤਾਂ ਇਉਂ ਭਾਸਦਾ ਹੈ ਕਿ ਇਸ ਜਗ ਦਾ ਮਾਲਕ ਤੇ ਖ਼ਾਲਕ ਕੋਈ ਵੀ ਨਹੀਂ ਹੈ । ਨਾ ਉਸ ਦੀਆ ਕੁਦਰਤਾ ਦਾ ਕੋਈ ਪਤਾ ਲਗਦਾ ਹੈ ਤੇ ਨਾ ਉਸ ਦੀ ਤਾਕਤ ਹੀ ਪਰਗਟ ਹੁੰਦੀ ਹੈ । ਪਰ ਜਿਉਂ ਹੀ ਕਿਸੇ ਸੱਚੇ ਧਰਮ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਅੱਲਾਹ ਦੀਆਂ ਤਕਦੀਰਾਂ ਪਰਗਟ ਹੋਣੀਆਂ ਅਰੰਭ ਹੋ ਜਾਂਦੀਆਂ ਹਨ ਤੇ ਉਸਦੇ ਚਮਤਕਾਰ ਵੀ ਪਰਗਟ ਹੋਣ ਲਗ ਪੈਂਦੇ ਹਨ, ਅਰਥਾਤ ਉਸ ਵੱਲੋਂ ਅਰਸੀ ਪ੍ਰੇਰਤਾ ਉਤਰਨੀ ਸ਼ੁਰੂ ਹੋ ਜਾਂਦੀ ਹੈ । ਫ਼ਰਿਸ਼ਤੇ ਇਸ ਧਰਤੀ ਤੇ ਆਉਣ ਲਗ ਪੈਂਦੇ ਹਨ । ਗੱਲ ਕੀ, ਅੱਲਾਹ ਦੀ ਮਾਲਕੀ ਇਸ ਜਗ ਤੇ ਅੱਲਾਹ ਦੇ ਨਬੀਆ ਤੇ ਰਸੂਲਾਂ ਦੇ ਸਮੇਂ ਹੀ ਪਰਗਟ ਹੁੰਦਿਆ ਕਰਦੀ ਹੈ । ਹਜ਼ਰਤ ਈਸਾ ਜੀ ਦਾ ਇਹ ਕਥਨ ਕਿ । →

إِيَّاكَ نَعْبُدُ وَإِيَّاكَ نَسْتَعِينُ ۝٥

(ਹੇ ਪ੍ਰਭੂ !) ਅਸੀਂ ਤੇਰੀ ਹੀ ਬੰਦਗੀ ਕਰਦੇ ਹਾਂ ਤੇ ਤੇਰੀ ਹੀ ਸਹਾਇਤਾ ਦੇ ਜ਼ਾਚਕ ਹਾਂ[1] । ੫ ।

اِهْدِنَا الصِّرَاطَ الْمُسْتَقِيمَ ۝٦

ਤੂੰ ਸਾਨੂੰ ਸਿਧੇ ਮਾਰਗ ਵਲ ਲਾਈ ਰਖ[2] । ੬ ।

← "ਹੇ ਪ੍ਰਭੂ ! ਜਿਵੇਂ ਤੇਰੀ ਪਾਤਸਾਹੀ ਅਰਸ਼ ਤੇ ਹੈ ਫਰਸ਼ ਤੇ ਵੀ ਹੋਵੇ ।" ਏਹੋ ਭਾਵ ਪਰਗਟ ਕਰਦਾ ਹੈ ਕਿ ਜਿਸ ਤਰ੍ਹਾਂ ਪਹਿਲੇ ਨਬੀਆਂ ਤੇ ਰਸੂਲਾਂ ਦੇ ਸਮੇਂ ਤੂੰ ਆਪਣੀ ਕੁਦਰਤ ਦਾ ਪਰਗਟਾਅ ਕੀਤਾ ਹੈ, ਹੁਣ ਵੀ ਕਰ । ਨਹੀਂ ਤਾਂ ਸ੍ਰਿਸ਼ਟੀ ਰਚਨਾ ਦੇ ਨੇਮ ਅਨੁਸਾਰ ਤਾਂ ਅੱਲਾਹ ਦੀ ਪਾਤਸਾਹੀ ਸਦਾ ਤੋਂ ਹੀ ਅਰਸਾਂ ਤੇ ਫ਼ਰਸਾਂ ਤੇ ਹੈ, ਅਰਥਾਤ ਸਭ ਥਾਈਂ ਹੈ । ਪਰ ਉਹ ਕੁਦਰਤ ਦੇ ਅਜਿਹੇ ਢੰਗ ਨਾਲ ਪਰਗਟ ਹੁੰਦੀ ਹੈ, ਜਾਣੋ ਸਭ ਕੁਝ ਆਪਣੇ ਆਪ ਹੀ ਵਰਤ ਰਿਹਾ ਹੈ । ਇਹ ਪਤਾ ਨਹੀਂ ਲਗਦਾ ਕਿ ਕਿਸੇ ਇਰਾਦੇ ਜਾਂ ਸਕੀਮ ਦੁਆਰਾ ਸਭ ਕੁਝ ਵਰਤ ਰਿਹਾ ਹੈ । ਪਰ ਜਦ ਅੱਲਾਹ ਦੇ ਨਬੀ ਤੇ ਰਸੂਲ ਜਗ ਤੇ ਪਰਗਟ ਹੁੰਦੇ ਹਨ, ਤਾਂ ਅੱਲਾਹ ਦੀ ਕੁਦਰਤ ਇਉਂ ਪਰਗਟ ਹੁੰਦੀ ਹੈ ਕਿ ਸਪਸ਼ਟ ਤੌਰ ਤੇ ਪਤਾ ਲਗ ਜਾਂਦਾ ਹੈ ਕਿ ਕੋਈ ਸਕੀਮ ਜਾਂ ਪਰੋਗਰਾਮ ਬਣਾ ਕੇ ਅੱਲਾਹ ਜਗ ਨੂੰ ਤੋਰਣਾ ਚਾਹੁੰਦਾ ਹੈ । ਉਸ ਦੀ ਖ਼ਾਸ ਕੁਦਰਤ ਲਗਾਤਾਰ ਪਰਗਟ ਹੋਣੀ ਸ਼ੁਰੂ ਹੋ ਜਾਂਦੀ ਹੈ ।

[1]"ਇੱਯਾਕਾ ਨੱਅਬੁਦੁ ਵਇੱਯਾਕਾ ਨਸਤਈਨ"= ਜਦ ਅੱਲਾਹ ਦੀ ਖ਼ਾਸ ਕੁਦਰਤ ਸਗ ਵਿਚ ਲਗਾਤਾਰ ਪਰਗਟ ਹੋਣੀ ਸ਼ੁਰੂ ਹੋ ਜਾਂਦੀ ਹੈ, ਤਾਂ ਅੱਲਾਹ ਮਨੁੱਖ ਜਾਤੀ ਦੇ ਨੇੜੇ ਹੋ ਜਾਂਦਾ ਹੈ । ਭਲੇ ਪੂਰਖ ਅੱਲਾਹ ਦੇ ਦਰਸ਼ਨ-ਦੀਦਾਰ ਕਰਨ ਲਗ ਪੈਂਦੇ ਹਨ । ਇਸ ਤਰ੍ਹਾਂ ਓਹ ਇਕ ਨਵੀਂ ਸ਼ਰਧਾ ਨਾਲ ਭਰਪੂਰ ਹੋ ਜਾਂਦੇ ਹਨ । ਸੋ ਅਣਡਿਠ ਪ੍ਰਭੂ ਓਹਨਾਂ ਨੂੰ ਪਰਤਖ ਦਿੱਸਣ ਲਗ ਪੈਂਦਾ ਹੈ । ਓਹ ਇੱਯਾਕਾ ਨੱਅਬੁਦੁ ਵਇੱਯਾਕਾ ਨਸਤਈਨ ਪੁਕਾਰ ਉਠਦੇ ਹਨ । ਇਹ ਪਰਤਖ ਦੀਦਾਰੇ ਅਸਲ ਵਿਚ ਨਬੀਆਂ ਦੇ ਜੁਗ ਵਿਚ, ਅਰਥਾਤ ਨਬੀਆਂ ਦੇ ਨੇੜੇ ਸਮੇਂ ਵਿਚ ਹੀ ਪ੍ਰਾਪਤ ਹੋਇਆ ਕਰਦੇ ਹਨ, ਜਦ ਕਿ ਵੱਡੀ ਬਹੁਲਤਾ ਨਾਲ ਲੋਕ ਇਸ ਤਰ੍ਹਾਂ ਦੇ ਚਮਤਕਾਰਕ ਦੀਦਾਰੇ ਪ੍ਰਾਪਤ ਕਰਨ ਦੇ ਟਿਕਾਣੇ ਤੇ ਜਾ ਪੁਜਦੇ ਹਨ ਤੇ ਇਸ ਤੋਂ ਪੂਰਾ ਪੂਰਾ ਲਾਭ ਉਠਾਉਂਦੇ ਹਨ । ਨਬੀਆਂ ਦੇ ਸਮੇਂ ਤੋਂ ਦੇਰ ਮਗਰੋਂ ਵੀ ਏਹੋ ਜੇਹੇ ਕੁਝ ਲੋਕ ਮੌਜੂਦ ਰਹਿੰਦੇ ਹਨ, ਛੁੱਟ ਉਸ ਥੋੜੇ ਜੇਹੇ ਸਮੇਂ ਦੇ, ਜੋ ਕਿ ਕਿਸੇ ਆਉਣ ਵਾਲੇ ਨਬੀ ਤੋਂ ਪਹਿਲਾਂ ਹੋਇਆ ਕਰਦਾ ਹੈ । ਉਦੋਂ ਇਸ ਜਗ ਵਿਚ ਭਲੇ ਪੁਰਖਾਂ ਦੀ ਅਣਹੋਂਦ ਹੋ ਜਾਇਆ ਕਰਦੀ ਹੈ । ਪਰ ਓਹ ਲੋਕ, ਜੋ ਕਿਸੇ ਨਬੀ ਦੇ ਦੇਰ ਚਿਰ ਮਗਰੋਂ ਪਰਗਟ ਹੁੰਦੇ ਹਨ, ਇਸ ਪਦਵੀ ਨੂੰ ਪ੍ਰਾਪਤ ਕਰਨ ਵਾਲੇ ਲੋਕ ਓਹਨਾਂ ਵਿਚ ਇੰਨੇ ਥੋੜੇ ਹੁੰਦੇ ਹਨ ਕਿ ਓਹਨਾਂ ਦਾ ਪ੍ਰਭੂ ਨਾਲ ਸੰਬੰਧ ਕੇਵਲ ਓਹਨਾਂ ਦਾ ਆਪਣਾ ਨਿਜੀ ਸੰਬੰਧ ਹੀ ਕਹਾ ਸਕਦਾ ਹੈ; ਉਸ ਨੂੰ ਸਾਰੀ ਜਾਤੀ ਦਾ ਸੰਬੰਧ ਨਹੀਂ ਕਿਹਾ ਜਾ ਸਕਦਾ । "ਇੱਯਾਕਾ ਨੱਅਬੁਦੁ" ਤੇ "ਨੱਸਤਈਨੁ" ਦੇ "ਨੱਨ" ਇਹ ਪਰਗਟ ਕਰਦੇ ਹਨ ਕਿ ਇੱਥੇ ਉਸ ਸੰਗਤ ਦਾ ਵਰਣਨ ਹੈ, ਜੋ ਜਮਾਤੀ ਤੌਰ ਤੇ ਸੰਬੰਧ ਰਖਦੀ ਹੈ । ਓਹਨਾਂ ਵਿਚ ਪ੍ਰਭੂ ਦੇ ਨਿਕਟ ਵਰਤੀ ਤੇ ਉਸਦੇ ਚਮਤਕਾਰਾਂ ਨੂੰ ਵੇਖਣ ਵਾਲੇ ਲੋਕ ਬਹੁ ਗਿਣਤੀ ਵਿਚ ਹੋਇਆ ਕਰਦੇ ਹਨ । ਕੁਰਾਨ ਸਰੀਫ ਵਿਚ ਇਕ ਹੋਰ ਥਾਂ ਇਹ ਕਿਹਾ ਗਿਆ ਹੈ ਕਿ :—

"ਸੁੱਲਾਤੁੱਮਿਨੱਲ ਅੱਵਲੀਨ ਵਕਲੀਲੁੱਮਿਨਲ ਆਖਰੀਨ" (ਸੂਰਤ ਵਾਕਿਆ ਰ: ੧/੧੪)

ਸਾਰੇ ਹੀ ਭਾਸਕਾਰਾਂ ਨੇ ਭੁਲੇਖੇ ਨਾਲ ਇਸ ਦਾ ਇਹ ਅਰਥ ਕੀਤਾ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਜੀ ਮਹਾਰਾਜ ਦੇ ਸਮੇਂ ਵਧੇਰੇ ਤੇ ਮਗਰੋਂ ਥੋੜੇ, ਹਾਲਾਂਕਿ ਇੱਥੇ ਇਕ ਮਰਯਾਦਾ ਦਾ ਵਰਣਨ ਹੈ ਤੇ ਇਹ ਦੱਸਿਆ ਗਿਆ ਹੈ ਕਿ ਹਰੇਕ ਨਬੀ ਦੇ ਸਮੇਂ ਤੇ ਉਸਦੇ ਨੇੜੇ ਦੇ ਜੁਗ ਵਿਚ ਪਰਤਖ ਦਰਸ਼ਨ ਕਰਨ ਵਾਲੇ ਲੋਕ ਵਧੇਰੇ ਹੋਇਆ ਕਰਦੇ ਹਨ ਤੇ ਜਦ ਸਮਾਂ ਨਬੀ ਤੋਂ ਦੂਰ ਹੁੰਦਾ ਚਲਾ ਜਾਂਦਾ ਹੈ, ਤਾਂ ਅਜੇਹੇ ਲੋਕਾਂ ਦੀ ਗਿਣਤੀ ਵੀ ਘਟਦੀ ਜਾਂਦੀ ਹੈ ਅਤੇ ਓਹਨਾਂ ਦੀ ਹੋਸ਼ੀਅਤ ਕੇਵਲ ਨਿਜੀ ਹੀ ਰਹਿ ਜਾਂਦੀ ਹੈ, ਸੰਗਤ ਦੀ ਨਹੀਂ ਹੁੰਦੀ ।

[2]"ਇਹਦਿੱਨਸਿਰਾਤਲ ਮੁਸਤਕੀਮ" ਵਿਚ ਇਹ ਦੱਸਿਆ ਗਿਆ ਹੈ ਕਿ ਪਰਤਖ ਦਰਸਨ ਪ੍ਰਾਪਤ ਹੋਣ ਮਗਰੋਂ ਮਨੁੱਖ ਨੂੰ ਪ੍ਰਭੂ ਪ੍ਰਾਪਤੀ ਦੀ ਵੱਡੀ ਲਗਨ ਲਗ ਜਾਂਦੀ ਹੈ । ਸੋ "ਇੱਯਾਕਾ ਨੱਅਬੁਦੁ ਵਇੱਯਾਕਾ ਨੱਸਤਈਨ" ਦੇ ਨਾਲ ਹੀ ਲਾਜ਼ਮੀ ਤੌਰ ਤੇ ਮਨੁੱਖ ਦੇ ਮਨ ਵਿਚ ਇਹ ਇੱਛਾ ਪੈਦਾ ਹੋ ਜਾਂਦੀ ਹੈ ਕਿ ਉਹ ਪ੍ਰਭੂ ਦਾ ਨਿਕਟ ਵਰਤੀ ਬਣ ਜਾਏ । ਸੋ ਇਸ ਆਇਤ ਰਾਹੀਂ ਇਸੇ ਪਾਸੇ ਹੀ ਧਿਆਨ ਦੁਆਇਆ ਗਿਆ ਹੈ ਕਿ ਜਦ ਕੋਈ ਸਰਧਾਲੂ "ਇੱਯਾਕਾ ਨੱਅਬੁਦੁ" ਦੇ ਟਿਕਾਣੇ ਤੇ ਜਾ ਪੁਜਦਾ ਹੈ, ਤਾ ਉਹ ਸੁਤੇਸਿਧ ਹੀ ਇਹ ਵੀ ਆਖਣ ਲਗ ਪੈਂਦਾ ਹੈ ਕਿ ਹੇ ਪ੍ਰਭੂ ਮੈਨੂੰ ਆਪਣੇ ਤਕ ਪੁੱਜਣ ਦਾ ਨੇੜੇ ਤੋਂ ਨੇੜੇ ਦਾ ਮਾਰਗ ਦਸ ।

صِرَاطَ الَّذِيْنَ اَنْعَمْتَ عَلَيْهِمْ ۙ غَيْرِ الْمَغْضُوْبِ
عَلَيْهِمْ وَلَا الضَّآلِّيْنَ ۝ ع

ਓਹਨਾਂ ਲੋਕਾਂ ਦੇ ਮਾਰਗ ਵਲ, ਜੋ ਤੇਰੀ ਕਿਰਪਾ ਦੇ ਪਾਤਰ ਬਣੇ[1], ਅਰਥਾਤ ਜੋ ਨਾ ਕਦੇ ਤੇਰੀ ਕਰੋਪੀ ਦੇ ਭਾਗੀ ਹੋਏ ਤੇ ਨਾ ਕੁਮਾਰਗ ਵਲ ਹੀ ਲੱਗੇ[2]। ੭।

---

[1]"ਸਿਰਾਤੱਲ ਮੁਸਤਕੀਮ"—ਅਰਥਾਤ ਸਿੱਧਾ ਮਾਰਗ ਜੋ ਛੋਟੇ ਤੋਂ ਛੋਟਾ ਹੁੰਦਾ ਹੈ। ਚੂੰਕਿ ਛੋਟਾ ਮਾਰਗ ਪ੍ਰਭੂ ਤਕ ਪੁੱਜਣ ਦਾ ਵੀ ਹੋ ਸਕਦਾ ਹੈ ਤੇ ਅਗਨ ਕੁੰਡ ਜਾਂ ਸ਼ੈਤਾਨ ਵਲ ਜਾਣ ਦਾ ਵੀ, ਇਸ ਲਈ ਇਸ ਦੀ ਵਿਆਖਿਆ ਇਸ ਤੋਂ ਅਗਲੀ ਆਇਤ ਵਿਚ ਇਉਂ ਕਰ ਦਿੱਤੀ ਗਈ ਹੈ ਕਿ :—

"ਸਿਰਾਤੱਲਾਜ਼ੀਨਾ ਅੱਨਅੱਮਤਾ ਅਲੈਹਿਮ"

ਓਹਨਾਂ ਲੋਕਾਂ ਦਾ ਮਾਰਗ, ਜੋ ਤੇਰੀ ਕਿਰਪਾ ਦੇ ਪਾਤਰ ਬਣੇ ਹਨ, ਅਰਥਾਤ ਉਹ ਛੋਟਾ ਮਾਰਗ ਵੀ ਹੋਵੇ ਤੇ ਤੇਰੇ ਤਕ ਪੁੱਜਣ ਵਾਲਾ ਵੀ ਹੋਵੇ, ਅਰਥਾਤ ਤੈਥੋਂ ਦੂਰ ਹੋ ਜਾਣ ਵਾਲਾ ਨਾ ਹੋਵੇ।

[2]"ਗ਼ੈਰਿਲ ਮਗਜ਼ੂਬੇ ਅਲੈਹਿਮ ਵਲੱਜ਼ਾਲੀਨ" ਦੀ ਪਦਵੀ "ਅੱਨਅੱਮਤਾ ਅਲੈਹਿਮ" ਦੀ ਪਦਵੀ ਦੇ ਵਿਪਰੀਤ ਹੈ। ਸੋ ਇਸ ਦਾ ਇਹ ਅਰਥ ਹੈ ਕਿ ਓਹਨਾਂ ਕਿਰਪਾ ਦੇ ਪਾਤਰ ਬਣਨ ਵਾਲਿਆਂ ਦਾ ਮਾਰਗ ਦਸ, ਜੋ ਨਾ ਤਾਂ ਤੇਰੀ ਕਰੋਪੀ ਦੇ ਭਾਗੀ ਬਣੇ ਤੇ ਨਾ ਤੈਥੋਂ ਦੂਰ ਹੀ ਹੋ ਗਏ। "ਮੁਨਅਮ ਅਲੈਹਿਮ" (ਕਿਰਪਾ ਦੇ ਪਾਤਰ) ਤਾਂ ਕਦੇ ਮਗਜ਼ੂਬ (ਕਰੋਪੀ ਦੇ ਭਾਗੀ) ਤੇ ਜ਼ਾਲ (ਪ੍ਰਭੂ ਤੋਂ ਦੂਰ ਜਾਣ ਵਾਲੇ) ਨਹੀਂ ਹੋ ਸਕਦੇ। ਫੇਰ ਇਸ ਅਰਦਾਸ ਦਾ ਕੀ ਭਾਵ ਹੋਇਆ ? ਸੋ ਇਹ ਗੱਲ ਚੇਤੇ ਰਹੇ ਕਿ ਜਿਹਾ ਕਿ ਪਿਛਲੀ ਆਇਤ ਦੇ ਅਰਥਾਂ ਤੋਂ ਪਰਗਟ ਹੁੰਦਾ ਹੈ ਕਿ ਇਹ ਅਰਦਾਸ ਜਮਾਤੀ ਤੇ ਕੌਮੀ ਅਰਦਾਸ ਹੈ ਤੇ ਹਰੇਕ ਜਾਤੀ ਇਕ ਨੀਅਤ ਸਮੇਂ ਤਕ ਕਿਰਪਾ ਦੀ ਪਾਤਰ ਬਣਨ ਮਗਰੋਂ ਆਪਣੀਆਂ ਕਰਤੂਤਾਂ ਸਦਕਾ ਕਰੋਪੀ ਦੀ ਭਾਗੀ ਜਾਂ ਪ੍ਰਭੂ ਤੋਂ ਦੂਰ ਹੋ ਜਾਇਆ ਕਰਦੀ ਹੈ। ਸੋ ਇਸ ਅਰਦਾਸ ਦਾ ਇਹ ਭਾਵ ਹੈ ਕਿ ਸਾਡਾ ਆਦਿ ਵੀ ਕਿਰਪਾ ਦੇ ਪਾਤਰਾਂ ਵਾਲਾ ਹੋਵੇ ਤੇ ਸਾਡਾ ਅੰਤ ਵੀ ਕਿਰਪਾ ਦੇ ਪਾਤਰਾਂ ਵਾਲਾ ਹੀ ਹੋਵੇ। ਇਹ ਨਾ ਹੋਵੇ ਕਿ ਸਾਡੀ ਜਾਤੀ ਹੌਲੇ ਹੌਲੇ ਕਿਰਪਾ ਦੇ ਪਾਤਰਾਂ ਤੋਂ ਬਦਲ ਕੇ ਕਰੋਪੀ ਦੀ ਭਾਗੀ ਹੋ ਜਾਏ, ਜਾਂ ਪ੍ਰਭੂ ਤੋਂ ਦੂਰ ਚਲੀ ਜਾਏ। ਇਸ ਦਾ ਇਹ ਭਾਵ ਉੱਕਾ ਹੀ ਨਹੀਂ ਕਿ ਕੋਈ ਵੀ ਵਿਅਕਤੀ ਕਰੋਪੀ ਦੀ ਭਾਗੀ ਨਾ ਬਣੇ ਜਾ ਪ੍ਰਭੂ ਤੋਂ ਦੂਰ ਨਾ ਹੋਵੇ; ਸਗੋਂ ਏਹੋ ਭਾਵ ਹੈ ਕਿ ਸਾਰੀ ਜਾਤੀ ਕਰੋਪੀ ਦੀ ਭਾਗੀ ਨਾ ਬਣੇ ਜਾਂ ਪ੍ਰਭੂ ਤੋਂ ਦੂਰ ਨਾ ਚਲੀ ਜਾਏ। "ਇੱਯਾਕਾ ਨੱਅਬੁਦੁ ਵਾਇੱਯਾਕਾਨੱਸਤਈਨ" ਵਿਚ ਬਹੁ ਵਚਨ ਪਦ ਵਰਤ ਕੇ ਇਸੇ ਪਾਸੇ ਹੀ ਸੈਨਤ ਕੀਤੀ ਗਈ ਹੈ। ਸੋ "ਗ਼ੈਰਿਲ ਮਗਜ਼ੂਬਿ ਅਲੈਹਿਮ ਵਲੱਜ਼ਾਲੀਨ" ਦੀ ਆਇਤ ਏਹੋ ਦਸਦੀ ਹੈ ਕਿ ਇਹ ਆਉਣ ਵਾਲੇ ਜੁਗ ਬਾਰੇ ਅਰਦਾਸ ਹੈ, ਨਾ ਕਿ ਹਜ਼ਰਤ ਮੁਹੰਮਦ ਸਾਹਿਬ ਜੀ ਮਹਾਰਾਜ ਦੇ ਸੰਗੀ-ਸਾਥੀਆਂ ਬਾਰੇ। ਹਜ਼ਰਤ ਮੁਹੰਮਦ ਸਾਹਿਬ ਜੀ ਮਹਾਰਾਜ ਨੇ ਆਪ ਵੀ ਇਸ ਦਾ ਏਹੋ ਭਾਵ ਪਰਗਟ ਕੀਤਾ ਹੈ; ਕਿਉਂਕਿ ਇਕ ਵਾਰ ਆਪਦੇ ਨਿਕਟ ਵਰਤੀਆਂ ਨੇ ਆਪ ਤੋਂ ਪੁੱਛਿਆ ਸੀ ਕਿ ਹੇ ਰੱਬ ਦੇ ਰਸੂਲ ਜੀਉ ! "ਮਗ਼ਜ਼ੂਬਿ ਅਲੈਹਿਮ" ਤੇ "ਜ਼ਾਲੀਨ" ਕੌਣ ਹਨ ? ਤਾਂ ਆਪ ਨੇ ਇਹ ਫ਼ਰਮਾਇਆ ਸੀ ਕਿ ਯਹੂਦੀ ਤੇ ਈਸਾਈ। ਇਸੇ ਤਰ੍ਹਾਂ ਆਪ ਨੇ ਇਕ ਵਾਰ ਇਹ ਵੀ ਫ਼ਰਮਾਇਆ ਸੀ ਕਿ ਪ੍ਰਭੂ ਸਾਖੀ ਹੈ ਕਿ ਜਿਸ ਤਰ੍ਹਾਂ ਜੁੱਤੀ ਦਾ ਇਕ ਪੈਰ ਦੂਜੇ ਪੈਰ ਨਾਲ ਮਿਲਦਾ ਹੈ, ਇਸੇ ਤਰ੍ਹਾਂ ਮੇਰੀ ਉਮਤ ਦੇ ਲੋਕ ਵੀ ਇਕ ਸਮੇਂ ਪਹਿਲੀਆਂ ਜਾਤੀਆਂ ਦੇ ਪਾਏ ਹੋਏ ਪੂਰਣਿਆਂ ਤੇ ਤੁਰਨਗੇ (ਤੇ ਪ੍ਰਭੂ ਦੀ ਕਰੋਪੀ ਦੇ ਭਾਗੀ ਬਣਨਗੇ।) ਸੋ ਹਜ਼ਰਤ ਮੁਹੰਮਦ ਸਾਹਿਬ ਜੀ ਮਹਾਰਾਜ ਨੇ ਇਹ ਦਸ ਦਿੱਤਾ ਹੈ ਕਿ "ਗ਼ੈਰਿਲ ਮਗਜ਼ੂਬਿ ਅਲੈਹਿਮ ਵਲੱਜ਼ਾਲੀਨ" ਦਾ ਸੰਬੰਧ ਆਪ ਦੇ ਸਮੇਂ ਦੇ ਲੋਕਾਂ ਨਾਲ ਨਹੀਂ ਹੈ, ਸਗੋਂ ਇਸ ਰਾਹੀਂ ਭਵਿਖਤ ਕਾਲ ਦੇ ਮੁਸਲਮਾਨਾ ਦੀ ਅਧੋਗਤੀ ਵਲ ਜਾਣ ਦੀ ਸੈਨਤ ਕੀਤੀ ਗਈ ਹੈ। ਪਰ ਜਿੱਥੇ ਇਸ ਭਵਿਖਤ ਬਚਨ ਨੇ ਇਕ ਭਿਆਨਕ ਪਹਿਲੂ ਵਰਣਨ ਕੀਤਾ ਹੈ, ਉੱਥੇ ਆਸ ਦੀ ਇਕ ਕਿਰਣ ਵੀ ਸੁੱਟੀ ਹੈ; ਕਿਉਂਕਿ ਅਰਦਾਸ ਉਸੇ ਬਾਰੇ ਹੀ ਕੀਤੀ ਜਾਂਦੀ ਹੈ, ਜੋ ਸੰਭਵ ਹੋਵੇ। ਅਸੰਭਵ ਗੱਲਾਂ ਬਾਰੇ ਕੋਈ ਅਰਦਾਸ ਨਹੀਂ ਕੀਤੀ ਜਾਂਦੀ। ਖਾਸ ਕਰਕੇ ਕੁਰਾਨ ਸ਼ਰੀਫ ਵਿਚ ਵਰਣਿਤ ਅਰਦਾਸ ਤਾਂ ਅਸੰਭਵ ਵਾਸਤੇ ਹੁੰਦੀ ਹੀ ਨਹੀਂ। ਸੋ ਇਸ ਅਰਦਾਸ ਨੇ ਆਸ ਦਾ ਇਹ ਪਹਿਲੂ ਸਾਡੇ ਵਾਸਤੇ ਕਾਇਮ ਰੱਖਿਆ ਹੈ ਕਿ ਜੇ ਕਿਸੇ ਸਮੇਂ ਮੁਸਲਮਾਨ ਇਸ ਅਵਸਥਾ ਵਿਚ, ਜਦ ਕਿ ਓਹ ਕਿਰਪਾ ਦੇ ਪਾਤਰ ਹੋਣ, ਇਹ ਜਤਨ ਕਰਨ ਕਿ ਓਹ ਕਰੋਪੀ ਦੇ ਭਾਗੀ ਨਾ ਬਣਨ ਜਾਂ ਅੱਲਾਹ ਤੋਂ ਦੂਰ ਨਾ ਹੋ ਜਾਣ, ਤਾਂ ਓਹਨਾਂ ਦੇ ਜਤਨ ਸਫਲ ਹੋਣ ਦੀ ਸੰਭਾਵਨਾ ਬਣੀ ਰਹੇਗੀ। ਇਹ ਪੱਕੀ ਗੱਲ ਹੈ ਕਿ ਕਿਸੇ ਗੱਲ ਦਾ ਬੂਹਾ ਖੁਲ੍ਹਾ ਹੋਣ ਨਾਲ ਬਹੁਤ ਵੱਡੀ ਆਸ ਹੋ ਜਾਂਦੀ ਹੈ ਤੇ ਉਸ ਦੀ ਪ੍ਰਾਪਤੀ ਲਈ ਹਿੰਮਤ ਵਿਚ ਵੀ ਵਾਧਾ ਹੋ ਜਾਂਦਾ ਹੈ।

إِلَّا مَنِ اسْتَرَقَ السَّمْعَ فَأَتْبَعَهُ شِهَابٌ مُّبِينٌ ﴿١٨﴾

ਪਰ ਜੋ ਪ੍ਰਾਣੀ ਚੋਰੀ ਨਾਲ (ਅਕਾਸ਼ ਬਾਣੀ ਦੀ) ਕੋਈ ਗੱਲ ਸੁਣ ਲਏ (ਤੇ ਉਸ ਨੂੰ ਵਿਗਾੜ ਕੇ ਪ੍ਰਚਾਰਨਾ ਸ਼ੁਰੂ ਕਰ ਦੇਵੇ), ਤਾਂ ਉਸ ਦੇ ਪਿੱਛੇ ਇਕ ਲਿਸ਼ਕਦਾ ਅੰਗਾਰਾ[1] ਲਾ ਦਿੱਤਾ ਜਾਂਦਾ ਹੈ ।੧੯।

وَالْأَرْضَ مَدَدْنَاهَا وَأَلْقَيْنَا فِيهَا رَوَاسِيَ وَأَنبَتْنَا فِيهَا مِن كُلِّ شَيْءٍ مَّوْزُونٍ ﴿١٩﴾

ਅਤੇ ਅਸੀਂ ਇਸ ਧਰਤੀ ਦਾ ਪਸਾਰ ਪਸਾਰਿਆ ਹੋਇਆ ਹੈ ਤੇ ਅਸੀਂ ਅਚਲ ਪਹਾੜ ਬਣਾਏ ਹੋਏ ਹਨ, ਅਰਥਾਤ ਇਸ ਵਿਚ ਹਰੇਕ ਕਿਸਮ ਦੀਆਂ (ਲੁੜੀਂਦੀਆਂ ਤੇ ਯੋਗ) ਚੀਜ਼ਾਂ (ਪੈਦਾ ਕੀਤੀਆਂ ਹਨ ਤੇ) ਵਧਾਈਆਂ ਹਨ ।੨੦।

وَجَعَلْنَا لَكُمْ فِيهَا مَعَايِشَ وَمَن لَّسْتُمْ لَهُ بِرَازِقِينَ ﴿٢٠﴾

ਅਤੇ ਇਸ ਵਿਚ ਅਸੀਂ ਤੁਹਾਡੇ ਲਈ ਤੇ (ਹਰੇਕ) ਉਸ (ਰਚਨਾ) ਲਈ, ਜਿਸ ਨੂੰ ਤੁਸੀਂ ਰਿਜ਼ਕ ਨਹੀਂ ਦਿੰਦੇ, ਨਿਰਬਾਹ ਦੇ ਸਾਧਨ ਬਣਾਏ ਹਨ ।੨੧।

وَإِن مِّن شَيْءٍ إِلَّا عِندَنَا خَزَائِنُهُ وَمَا نُنَزِّلُهُ إِلَّا بِقَدَرٍ مَّعْلُومٍ ﴿٢١﴾

ਅਤੇ ਕੋਈ ਚੀਜ਼ ਅਜਿਹੀ ਨਹੀਂ, ਜਿਸ ਦੇ (ਬੇਅੰਤ) ਭੰਡਾਰ ਸਾਡੇ ਕੋਲ ਨਾ ਹੋਣ, ਪਰ ਅਸੀਂ ਉਸ ਨੂੰ ਇਕ ਅੰਦਾਜ਼ੇ ਨਾਲ ਹੀ ਉਤਾਰਦੇ ਹਾਂ ।੨੨।

وَأَرْسَلْنَا الرِّيَاحَ لَوَاقِحَ فَأَنزَلْنَا مِنَ السَّمَاءِ مَاءً فَأَسْقَيْنَاكُمُوهُ وَمَا أَنتُمْ لَهُ بِخَازِنِينَ ﴿٢٢﴾

ਅਤੇ ਅਸੀਂ (ਹਵਾੜਾਂ ਨੂੰ) ਚੁੱਕਣ ਵਾਲੀਆਂ ਹਵਾਵਾਂ (ਵੀ) ਤੁਹਾਡੇ ਵਾਸਤੇ ਚਲਾਈਆਂ ਹੋਈਆਂ ਹਨ ਅਤੇ (ਓਹਨਾਂ ਰਾਹੀਂ) ਅਸੀਂ ਬੱਦਲਾਂ ਤੋਂ ਮੀਂਹ ਵਰ੍ਹਾਉਂਦੇ ਹਾਂ । ਫੇਰ ਉਹ (ਪਾਣੀ) ਅਸੀਂ ਤੁਹਾਨੂੰ ਪੀਣ ਲਈ ਵੀ ਦਿੰਦੇ ਹਾਂ । ਤੁਸੀਂ ਆਪ ਉਸ ਨੂੰ ਸੁਰੱਖਿਅਤ ਨਹੀਂ ਕਰ ਸਕਦੇ ਸੀ[2], (ਪਰ ਅਸੀਂ ਇਸ ਢੰਗ ਨਾਲ ਉਸ ਨੂੰ ਸੁਰੱਖਿਅਤ ਕਰ ਦਿੱਤਾ ਹੈ) ।੨੩।

---

[1]ਅਰਥਾਤ—ਜੋ ਕੁਰਾਨ ਸਰੀਫ਼ ਉਤਰ ਚੁੱਕਾ ਹੈ । ਬੇਸਰਮ ਵਿਰੋਧੀ ਉਸ ਦਾ ਕੋਈ ਹਿੱਸਾ ਲੈ ਕੇ ਲੋਕਾਂ ਵਿਚ ਇਸ ਤਰ੍ਹਾਂ ਪ੍ਰਚਾਰਦੇ ਹਨ ਕਿ ਵਿਰੋਧਤਾ ਭੜਕ ਉੱਠੇ, ਪਰ ਅੱਲਾਹ ਓਹਨਾਂ ਦੀਆਂ ਸ਼ਰਾਰਤਾਂ ਦਾ ਵੇਖਣਹਾਰ ਹੈ । ਜਦ ਕੋਈ ਅਜਿਹਾ ਕਰਦਾ ਹੈ, ਤਾਂ ਉਸ ਦੀ ਇਸ ਸ਼ਰਾਰਤ ਨੂੰ ਨੰਗਿਆਂ ਕਰਨ ਲਈ ਉਹ ਚਮਤਕਾਰ ਦੇ ਤੌਰ ਤੇ ਅਜਿਹਾ ਚਾਨਣਾ ਪੈਦਾ ਕਰ ਦਿੰਦਾ ਹੈ ਕਿ ਜਿਸ ਨਾਲ ਉਸ ਦਾ ਸਾਰਾ ਚਲਿੱਤਰ ਪਰਗਟ ਹੋ ਜਾਂਦਾ ਹੈ ਤੇ ਸ਼ਰਾਰਤੀ ਇਨਕਾਰੀ ਨਸਟ ਹੋ ਜਾਂਦੇ ਹਨ ।

[2]ਅਰਥਾਤ—ਬੱਦਲਾਂ ਦੇ ਢੰਗ ਨਾਲ ਮਿੱਠਾ ਪਾਣੀ ਸੁਰੱਖਿਅਤ ਹੁੰਦਾ ਹੈ । ਜੇ ਇਹ ਢੰਗ ਨਾ ਹੁੰਦਾ, ਤਾਂ ਨਾ ਦਰਯਾ ਤੇ ਨਾ ਹੀ ਨਹਿਰਾਂ ਹੁੰਦੀਆਂ ਅਤੇ ਨਾ ਖੂਹਾਂ ਦਾ ਪਾਣੀ ਹੀ ਸੁਰੱਖਿਅਤ ਹੁੰਦਾ ਤੇ ਇਸ ਤਰ੍ਹਾਂ ਲੋਕ ਪਿਆਸੇ ਮਰ ਜਾਂਦੇ ਤੇ ਖੇਤ ਸੁੱਕ ਸੜ ਜਾਂਦੇ ।

وَإِنَّا لَنَحْنُ نُحْيِۦ وَنُمِيتُ وَنَحْنُ ٱلْوَٰرِثُونَ ﴿٢٣﴾

ਅਤੇ ਬੇਸ਼ੱਕ ਅਸੀਂ ਹੀ ਜਿਵਾਲਨਹਾਰ ਤੇ ਮਾਰਨ-ਹਾਰ ਹਾਂ ਅਤੇ ਅਸੀਂ ਹੀ (ਸਾਰਿਆਂ ਦੇ) ਵਾਰਸ ਹਾਂ ।੨੪।

وَلَقَدْ عَلِمْنَا ٱلْمُسْتَقْدِمِينَ مِنكُمْ وَلَقَدْ عَلِمْنَا ٱلْمُسْتَـْٔخِرِينَ ﴿٢٤﴾

ਅਤੇ ਅਸੀਂ ਜ਼ਰੂਰ ਤੁਹਾਡੇ ਵਿੱਚੋਂ ਅੱਗੇ ਵਧਣ ਵਾਲਿਆਂ ਦੇ (ਵੀ) ਜਾਣਨਹਾਰ ਹਾਂ ਤੇ (ਇਸੇ ਤਰ੍ਹਾਂ) ਅਸੀਂ (ਤੁਹਾਡੇ ਵਿੱਚੋਂ) ਪਿੱਛੇ ਰਹਿਣ ਵਾਲਿਆਂ ਦੇ (ਵੀ) ਜਾਣਨਹਾਰ ਹਾਂ ।੨੫।

وَإِنَّ رَبَّكَ هُوَ يَحْشُرُهُمْ ۚ إِنَّهُۥ حَكِيمٌ عَلِيمٌ ﴿٢٥﴾

ਬੇਸ਼ੱਕ ਤੇਰਾ ਸਾਜਨਹਾਰ ਤੇ ਪਾਲਨਹਾਰ (ਹੀ) ਓਹਨਾਂ ਸਾਰਿਆਂ ਨੂੰ ਇਕੱਤਰ ਕਰੇਗਾ । ਉਹ (ਵੱਡਾ) ਯੁਕਤੀਮਾਨ (ਤੇ) ਜਾਣਨਹਾਰ ਹੈ ।੨੬। (ਰਕੂਅ ੨)

وَلَقَدْ خَلَقْنَا ٱلْإِنسَٰنَ مِن صَلْصَٰلٍ مِّنْ حَمَإٍ مَّسْنُونٍ ﴿٢٦﴾

ਅਤੇ ਬੇਸ਼ੱਕ ਅਸੀਂ ਮਨੁੱਖ ਨੂੰ ਵੱਜਣ ਵਾਲੀ ਮਿੱਟੀ, ਅਰਥਾਤ ਕਾਲੇ ਗਾਰੇ ਤੋਂ ਜਿਸ ਦਾ ਰੰਗ-ਢੰਗ ਬਦਲ ਚੁੱਕਿਆ ਸੀ, ਪੈਦਾ ਕੀਤਾ ਹੈ ।੨੭।

وَٱلْجَآنَّ خَلَقْنَٰهُ مِن قَبْلُ مِن نَّارِ ٱلسَّمُومِ ﴿٢٧﴾

ਅਤੇ (ਇਸ ਤੋਂ) ਪਹਿਲਾਂ ਜਿੰਨਾਂ ਨੂੰ ਅਸੀਂ ਵੱਡੀ ਤੱਤੀ ਹਵਾ[1] (ਦੀ ਕਿਸਮ) ਦੀ ਅੱਗ ਤੋਂ ਸਾਜਿਆ ਸੀ ।੨੮।

وَإِذْ قَالَ رَبُّكَ لِلْمَلَٰٓئِكَةِ إِنِّى خَٰلِقٌۢ بَشَرًا مِّن صَلْصَٰلٍ مِّنْ حَمَإٍ مَّسْنُونٍ ﴿٢٨﴾

ਅਤੇ (ਹੇ ਸੋਂਤੇ ! ਉਹ ਸਮਾ ਯਾਦ ਕਰੋ) ਜਦ ਕਿ ਤੇਰੇ ਸਾਜਨਹਾਰ ਤੇ ਪਾਲਨਹਾਰ ਨੇ ਫ਼ਰਿਸ਼ਤਿਆਂ ਨੂੰ ਇਹ ਕਿਹਾ ਸੀ (ਕਿ) ਮੈਂ ਵੱਜਣ ਵਾਲੀ ਮਿੱਟੀ[2], ਅਰਥਾਤ ਕਾਲੇ ਗਾਰੇ ਤੋਂ—ਜਿਸ ਦਾ ਰੰਗ-ਢੰਗ ਬਦਲ ਚੁੱਕਾ ਹੈ—ਇਕ ਮਨੁੱਖ ਰਚਣ ਵਾਲਾ ਹਾਂ ।੨੯।

---

[1]ਇਹ ਪਹਿਲੇ ਦੱਸਿਆ ਜਾ ਚੁੱਕਾ ਹੈ ਕਿ ''ਖ਼ੁਲਿਕਾ ਮਿਨ ਫ਼ਲਾਨਿਨ'' ਦਾ ਅਰਥ ਅਰਬੀ ਭਾਸ਼ਾ ਵਿਚ ਇਹ ਹੁੰਦਾ ਹੈ ਕਿ ਉਸ ਦੇ ਸੁਭਾਉ ਵਿਚ ਇਹ ਗੱਲ ਰੱਖੀ ਗਈ ਹੈ । ਏਹੋ ਭਾਵ ਇੱਥੇ ਹੈ ਕਿ ਵੱਡੇ ਲੋਕਾ ਵਿਚ ਵੱਡਾ ਗੁੱਸਾ ਪੈਦਾ ਕੀਤਾ ਗਿਆ ਹੈ । ਸੋ ਅਮੀਰਾਂ ਵਿਚ ਸੁਭਾਵਿਕ ਹੀ ਗੁੱਸਾ ਪੈਦਾ ਹੋ ਜਾਂਦਾ ਹੈ ਤੇ ਓਹ ਆਪਣੇ ਵਿਰੁਧ ਕਿਸੇ ਦੀ ਕੋਈ ਗੱਲ ਨਹੀਂ ਸੁਣ ਸਕਦੇ ।

[2]ਇਸ ਦਾ ਭਾਵ ਉਹੋ ਹੈ, ਜੋ ਇਸ ਤੋਂ ਪਹਿਲਾਂ ੨੮ਵੀਂ ਆਇਤ ਵਿਚ ਵਰਣਨ ਕੀਤਾ ਗਿਆ ਹੈ ।

فَإِذَا سَوَّيْتُهُ وَنَفَخْتُ فِيهِ مِن رُّوحِي فَقَعُوا لَهُ سَاجِدِينَ ﴿٢٩﴾

ਸੋ ਜਦ ਮੈਂ ਉਸ ਨੂੰ ਪੂਰਨ ਕਰ ਲਵਾਂ ਤੇ ਉਸ (ਦੇ ਹਿਰਦੇ) ਵਿਚ ਆਪਣੀ ਬਾਣੀ ਉਤਾਰ ਦਿਆਂ, ਤਾਂ ਤੁਸੀਂ ਸਾਰੇ ਹੀ ਉਸ ਦੇ ਨਾਲ[1] ਮਿਲ ਕੇ ਸਜਦਾ ਕਰਦੇ ਹੋਏ (ਅੱਲਾਹ ਦੇ ਹਜ਼ੂਰ) ਡਿਗ ਪੈਣਾ ।੩੦।

فَسَجَدَ الْمَلَائِكَةُ كُلُّهُمْ أَجْمَعُونَ ﴿٣٠﴾

ਜਿਸ ਤੇ ਸਾਰੇ ਦੇ ਸਾਰੇ ਫ਼ਰਿਸ਼ਤਿਆਂ ਨੇ (ਉਸ ਦੇ ਨਾਲ ਅੱਲਾਹ ਨੂੰ) ਮੱਥਾ ਟੇਕ ਦਿੱਤਾ ਸੀ ।੩੧।

إِلَّا إِبْلِيسَ أَبَىٰ أَن يَكُونَ مَعَ السَّاجِدِينَ ﴿٣١﴾

ਛੁੱਟ "ਇਬਲੀਸ" ਦੇ, (ਕਿ) ਉਸ ਨੇ (ਪ੍ਰਭੂ ਨੂੰ ਨਿਰੋਲ) ਸਜਦਾ ਕਰਨ ਵਾਲਿਆਂ ਦੇ ਨਾਲ (ਹੋ ਕੇ) ਸਜਦਾ ਕਰਨ ਤੋਂ ਨਾਂਹ ਕਰ ਦਿੱਤੀ ਸੀ ।੩੨।

قَالَ يَا إِبْلِيسُ مَا لَكَ أَلَّا تَكُونَ مَعَ السَّاجِدِينَ ﴿٣٢﴾

(ਇਸ ਤੇ ਪ੍ਰਭੂ ਨੇ) ਇਹ ਫ਼ਰਮਾਇਆ ਸੀ ਕਿ ਹੇ ਇਬਲੀਸ! ਤੈਨੂੰ ਕੀ ਹੋਇਆ ਹੈ ਕਿ ਤੂੰ (ਨਿਰੋਲ ਉਸ ਦੇ ਹਜ਼ੂਰ) ਸਜਦਾ ਕਰਨ ਵਾਲਿਆਂ ਦੇ ਨਾਲ ਨਹੀਂ ਰਲਿਆ ? ।੩੩।

قَالَ لَمْ أَكُن لِّأَسْجُدَ لِبَشَرٍ خَلَقْتَهُ مِن صَلْصَالٍ مِّنْ حَمَإٍ مَّسْنُونٍ ﴿٣٣﴾

ਉਸ ਨੇ ਇਹ ਕਿਹਾ ਸੀ ਕਿ ਮੈਂ ਅਜਿਹਾ ਨਹੀਂ ਕਿ ਇਕ ਅਜਿਹੇ ਮਨੁੱਖ ਦੇ ਢੰਗ ਨਾਲ ਆਗਿਆਕਾਰੀ ਬਣ ਜਾਵਾਂ, ਜਿਸ ਨੂੰ ਤੂੰ ਵੱਜਣ ਵਾਲੀ ਮਿੱਟੀ ਤੋਂ— ਅਰਥਾਤ ਕਾਲੇ ਗਾਰੇ ਤੋਂ ਜਿਸ ਦਾ ਰੰਗ-ਢੰਗ ਬਦਲ ਚੁੱਕਾ ਸੀ—ਸਾਜਿਆ ਹੈ ।੩੪।

قَالَ فَاخْرُجْ مِنْهَا فَإِنَّكَ رَجِيمٌ ﴿٣٤﴾

(ਇਸ ਤੇ ਪ੍ਰਭੂ ਨੇ) ਇਹ ਕਿਹਾ ਸੀ ਕਿ (ਜੇ ਤੇਰਾ ਇਹ ਵੀਚਾਰ ਹੈ,) ਤਾਂ ਫੇਰ ਤੂੰ ਇੱਥੋਂ ਨਿਕਲ ਜਾ; ਕਿਉਂਕਿ ਤੂੰ ਨਿਰਸੰਦੇਹ ਧਿੱਕਾਰਿਆ ਹੋਇਆ ਹੈਂ ।੩੫।

وَإِنَّ عَلَيْكَ اللَّعْنَةَ إِلَىٰ يَوْمِ الدِّينِ ﴿٣٥﴾

ਅਤੇ ਯਾਦ ਰੱਖ ਕਿ ਦੰਡ-(ਫਲ) ਦੇ ਸਮੇਂ ਤਕ ਤੇਰੇ ਉੱਤੇ (ਮੇਰੀ) ਫਿਟਕਾਰ ਰਹੇਗੀ ।੩੬।

---

[1]ਮੂਲ ਵਿਚ "ਸਜਦੇ" ਦਾ ਸ਼ਿਲਾ "ਲਾਮ" ਆਇਆ ਹੈ ਅਤੇ ਇਸ ਦਾ ਅਰਥ ਕਦੇ ਤਾਂ "ਇਸ ਨੂੰ" ਹੁੰਦਾ ਹੈ ਤੇ ਕਦੇ "ਇਸ ਦੇ ਨਾਲ" ਹੁੰਦਾ ਹੈ। ਕਈ ਭਾਸ਼ਕਾਰਾਂ ਨੇ ਇਸ ਦਾ ਇਹ ਅਰਥ ਕੀਤਾ ਹੈ ਕਿ 'ਆਦਮ' ਨੂੰ ਸਜਦਾ ਕਰਨਾ, ਪਰ ਇਹ ਕੁਰਾਨ ਸ਼ਰੀਫ਼ ਦੀ ਸਿੱਖਿਆ ਦੇ ਉੱਕਾ ਹੀ ਉਲਟ ਹੈ। ਸੋ ਅਸੀਂ ਇਸ ਦੇ ਦੂਜੇ ਅਰਥ ਲਏ ਹਨ ਅਤੇ ਇਹ ਟੀਕਾ ਕੀਤਾ ਹੈ ਕਿ 'ਆਦਮ' ਦੇ ਨਾਲ ਸਜਦਾ ਕਰੋ, ਅਰਥਾਤ ਜਿਵੇਂ 'ਆਦਮ' ਕੇਵਲ ਅੱਲਾਹ ਦੀ ਬੰਦਗੀ ਕਰੇਗਾ, ਤੁਸੀਂ ਵੀ ਕੇਵਲ ਅੱਲਾਹ ਦੀ ਹੀ ਬੰਦਗੀ ਕਰਨਾ ।

قَالَ رَبِّ فَأَنظِرْنِي إِلَىٰ يَوْمِ يُبْعَثُونَ ﴿٣٦﴾

ਉਸ ਨੇ ਇਹ ਕਿਹਾ ਸੀ ਕਿ ਹੇ ਮੇਰੇ ਸਾਜਨਹਾਰ ਤੇ ਪਾਲਨਹਾਰ ! (ਜੇ ਤੂੰ ਮੈਨੂੰ ਹੁਣੇ ਹੀ ਦੰਡ ਨਹੀਂ ਦਿੰਦਾ, ਤਾਂ) ਤੂੰ ਮੈਨੂੰ ਓਹਨਾਂ ਦੇ (ਮੁੜ) ਸੁਰਜੀਤ ਹੋਣ ਤਕ ਢਿਲ ਬਖ਼ਸ਼[1] ।੩੭।

قَالَ فَإِنَّكَ مِنَ الْمُنظَرِينَ ﴿٣٧﴾

(ਅੱਲਾਹ ਨੇ ਇਹ) ਫ਼ਰਮਾਇਆ ਸੀ ਕਿ ਤੂੰ ਢਿਲ ਪ੍ਰਾਪਤ ਕਰਨ ਵਾਲਿਆਂ ਵਿੱਚੋਂ ਹੈਂ ।੩੮।

إِلَىٰ يَوْمِ الْوَقْتِ الْمَعْلُومِ ﴿٣٨﴾

ਉਸੇ ਨੀਅਤ ਸਮੇਂ ਤਕ, (ਜਿਸ ਦਾ ਉੱਤੇ ਵਰਣਨ ਕੀਤਾ ਜਾ ਚੁੱਕਾ ਹੈ) ।੩੯।

قَالَ رَبِّ بِمَا أَغْوَيْتَنِي لَأُزَيِّنَنَّ لَهُمْ فِي الْأَرْضِ وَلَأُغْوِيَنَّهُمْ أَجْمَعِينَ ﴿٣٩﴾

ਉਸ ਨੇ ਇਹ ਕਿਹਾ ਸੀ ਕਿ ਹੇ ਮੇਰੇ ਸਾਜਨਹਾਰ ਤੇ ਪਾਲਨਹਾਰ ! ਚੂੰਕਿ ਤੂੰ ਮੈਨੂੰ ਕੁਰਾਹੀਆ ਕਰਾਰ ਦੇ ਦਿੱਤਾ ਹੈ । ਮੈਂ ਜ਼ਰੂਰ ਓਹਨਾਂ ਲਈ ਜਗ ਵਿਚ (ਕੁਮਾਰਗ ਨੂੰ) ਸੋਹਣਾ ਬਣਾ ਕੇ ਦੱਸਾਂਗਾ, ਅਰਥਾਤ ਓਹਨਾਂ ਸਾਰਿਆਂ ਨੂੰ ਹੀ ਕੁਰਾਹੇ ਪਾਉਣ ਦਾ ਜਤਨ ਕਰਾਂਗਾ ।੪੦।

إِلَّا عِبَادَكَ مِنْهُمُ الْمُخْلَصِينَ ﴿٤٠﴾

ਪਰ ਜੋ ਤੇਰੇ ਭਗਤ-ਜਨ ਹਨ, (ਅਰਥਾਤ ਜੋ ਮੇਰੇ ਧੋਖੇ ਵਿਚ ਨਹੀਂ ਆ ਸਕਦੇ, ਓਹ ਬਚ ਜਾਣਗੇ)।੪੧।

قَالَ هَٰذَا صِرَاطٌ عَلَيَّ مُسْتَقِيمٌ ﴿٤١﴾

(ਫੇਰ) ਇਹ ਫ਼ਰਮਾਇਆ ਸੀ (ਕਿ) ਮੇਰੇ ਵਲ ਆਉਣ ਦਾ ਏਹੋ ਸਿੱਧਾ ਮਾਰਗ ਹੈ ।੪੨।

إِنَّ عِبَادِي لَيْسَ لَكَ عَلَيْهِمْ سُلْطَانٌ إِلَّا مَنِ اتَّبَعَكَ مِنَ الْغَاوِينَ ﴿٤٢﴾

ਜੋ ਮੇਰੇ ਭਗਤ-ਜਨ ਹਨ, ਓਹਨਾਂ ਉੱਤੇ ਤੇਰਾ ਕਦੇ ਵੀ ਵਸ ਨਹੀਂ ਚੱਲੇਗਾ; ਛੁੱਟ ਓਹਨਾਂ ਦੇ, ਜੋ ਤੇਰੇ ਪਿਛਲਗ ਬਣਨ, ਅਰਥਾਤ ਕੁਰਾਹੀਏ ਹੋਣ । (ਓਹ ਇਸ ਤੋਂ ਅੱਡਰੇ ਹਨ) ।੪੩।

وَإِنَّ جَهَنَّمَ لَمَوْعِدُهُمْ أَجْمَعِينَ ﴿٤٣﴾

ਅਤੇ ਨਿਰਸੰਦੇਹ ਨਰਕ ਓਹਨਾਂ ਸਾਰਿਆਂ ਲਈ (ਮੇਰੇ) ਇਕਰਾਰ ਦਾ ਅਸਥਾਨ ਹੈ ।੪੪।

---

[1]ਵਿਸਥਾਰ ਲਈ ਵੇਖੋ ਸੂਰਤ ਇਅਰਾਫ ਦੀ ੧੫ਵੀਂ ਆਇਤ ਦੀ ਟੂਕ ।

لَهَا سَبْعَةُ اَبْوَابٍ ؕ لِكُلِّ بَابٍ مِّنْهُمْ جُزْءٌ مَّقْسُوْمٌ ﴿٤٤﴾

ਉਸ ਦੇ ਸਤ ਦਰਵਾਜ਼ੇ ਹੋਣਗੇ ਤੇ ਹਰੇਕ ਦਰਵਾਜ਼ੇ ਲਈ ਓਹਨਾਂ (ਇਨਕਾਰੀਆਂ) ਦਾ ਇਕ ਹਿੱਸਾ[1] ਨੀਅਤ ਹੋਵੇਗਾ ।੪੫। (ਰਕੂਅ ੩)

اِنَّ الْمُتَّقِيْنَ فِىْ جَنّٰتٍ وَّعُيُوْنٍ ﴿٤٥﴾

ਬੇਸ਼ੱਕ ਸੰਜਮੀ (ਲੋਕ) ਸਵਰਗ ਦੇ ਸੋਮਿਆਂ (ਵਾਲੇ ਅਸਥਾਨ) ਵਿਚ (ਦਾਖ਼ਲ) ਹੋਣਗੇ ।੪੬।

اُدْخُلُوْهَا بِسَلٰمٍ اٰمِنِيْنَ ﴿٤٦﴾

(ਓਹਨਾਂ ਨੂੰ ਇਹ ਕਿਹਾ ਜਾਏਗਾ ਕਿ) ਤੁਸੀਂ ਸਲਾਮਤੀ ਨਾਲ ਬੇਧੜਕ ਏਹਨਾਂ ਵਿਚ ਚਲੇ ਜਾਓ ।੪੭।

وَنَزَعْنَا مَا فِىْ صُدُوْرِهِمْ مِّنْ غِلٍّ اِخْوَانًا عَلٰى سُرُرٍ مُّتَقٰبِلِيْنَ ﴿٤٧﴾

ਅਤੇ ਓਹਨਾਂ ਦੇ ਮਨਾਂ ਵਿਚ ਜੋ ਗ਼ੁੱਸਾ ਤੇ ਕਰੋਧ (ਆਦਿ) ਹੋਵੇਗਾ, ਉਸ ਨੂੰ ਅਸੀਂ ਕਢ ਦਿਆਂਗੇ । ਓਹ ਭਰਾ ਭਰਾ ਬਣ ਕੇ (ਸਵਰਗ ਵਿਚ) ਰਹਿਣਗੇ ਅਤੇ ਤਖ਼ਤਾਂ ਉੱਤੇ ਇਕ ਦੂਜੇ ਦੇ ਸਾਮ੍ਹਣੇ (ਬਿਰਾਜਮਾਨ) ਹੋਣਗੇ ।੪੮।

لَا يَمَسُّهُمْ فِيْهَا نَصَبٌ وَّمَا هُمْ مِّنْهَا بِمُخْرَجِيْنَ ﴿٤٨﴾

ਨਾ ਓਹਨਾਂ ਨੂੰ (ਉਸ ਵਿਚ) ਕੋਈ ਥਕਾਵਟ ਹੋਵੇਗੀ ਤੇ ਨਾ ਓਹਨਾਂ ਨੂੰ ਉੱਥੋਂ ਕਦੇ ਕੱਢਿਆ ਹੀ ਜਾਏਗਾ ।੪੯।

نَبِّئْ عِبَادِىْٓ اَنِّىْٓ اَنَا الْغَفُوْرُ الرَّحِيْمُ ﴿٤٩﴾

(ਹੇ ਰਸੂਲ !) ਮੇਰੇ ਸਾਰੇ ਭਗਤ-ਜਨਾਂ ਨੂੰ ਇਹ ਦਸ ਦੇ ਕਿ ਮੈਂ ਵੱਡਾ ਬਖ਼ਸ਼ਣਹਾਰ (ਤੇ) ਕਿਰਪਾ ਨਿਧਾਨ ਹਾਂ ।੫੦।

وَاَنَّ عَذَابِىْ هُوَ الْعَذَابُ الْاَلِيْمُ ﴿٥٠﴾

ਅਤੇ (ਇਹ ਕਿ) ਮੇਰਾ ਕਸ਼ਟ ਹੀ (ਵਾਸਤਵ ਵਿਚ) ਘੋਰ ਕਸ਼ਟ (ਹੁੰਦਾ) ਹੈ ।੫੧।

وَنَبِّئْهُمْ عَنْ ضَيْفِ اِبْرٰهِيْمَ ﴿٥١﴾

ਅਤੇ ਓਹਨਾਂ ਨੂੰ ਇਬਰਾਹੀਮ ਦੇ ਪ੍ਰਾਹੁਣਿਆਂ ਤੋਂ (ਵੀ) ਜਾਣੂੰ ਕਰਾ ।੫੨।

اِذْ دَخَلُوْا عَلَيْهِ فَقَالُوْا سَلٰمًا ؕ قَالَ اِنَّا مِنْكُمْ وَجِلُوْنَ ﴿٥٢﴾

ਜਦ ਓਹ ਉਸ ਦੇ ਕੋਲ ਆਏ ਸਨ ਤੇ ਇਹ ਕਿਹਾ ਸੀ ਕਿ ਅਸੀਂ ਤੁਹਾਨੂੰ ਸਲਾਮ (ਕਹਿੰਦੇ ਹਾਂ), ਤਾਂ ਉਸ ਨੇ ਇਹ ਕਿਹਾ ਸੀ (ਕਿ) ਬੇਸ਼ੱਕ ਅਸੀਂ ਤਾਂ (ਤੁਹਾਡੇ ਆਉਣ ਦੇ ਕਾਰਣ[2]) ਵੱਡੇ ਭੈ-ਭੀਤ ਹੋ ਰਹੇ ਹਾਂ ।੫੩।

---

[1]ਮੂਲ ਪਾਠ ਵਿਚ ਇਸ ਥਾਂ ''ਜੁਜ਼ਅਨ'' ਪਦ ਹੈ । ਚੂੰਕਿ ਨਰਕ ਵਿਚ ਇਕ ਧੜੇ ਨੇ ਜਾਣਾ ਸੀ । ਅਸੀਂ ਨੀਅਤ ਹਿੱਸਾ ਟੀਕਾ ਕੀਤਾ ਹੈ ਤੇ ਏਹੋ ਹੀ ਠੀਕ ਹੈ ।

[2]ਇੱਥੇ ''ਮਿਨਕੁਮ'' ਪਦ ਹੈ । ਅਰਬੀ ਭਾਸ਼ਾ ਦਾ ਇਹ ਨੇਮ ਹੈ ਕਿ ਜ਼ੋਰ ਦੇਣ ਵਾਲੇ ਅੱਖਰ ਤੋਂ ਪਹਿਲਾਂ ਕੋਈ ਕਰਮ ਜਾਂ ਕਰਮ ਦਾ ਕਾਇਮ ਮੁਕਾਮ ਮਹਜ਼ੂਫ਼ ਕੱਢਦੇ ਹਨ । ਸੋ ਇਸੇ ਅਧਾਰ ਤੇ ਅਸੀਂ ਇਸ ਥਾਂ ''ਆਉਣ ਦੇ ਕਾਰਣ'' ਟੀਕਾ ਕੀਤਾ ਹੈ ।

قَالُوْا لَا تَوْجَلْ اِنَّا نُبَشِّرُكَ بِغُلٰمٍ عَلِيْمٍ ﴿٥٣﴾

ਓਹਨਾਂ ਨੇ ਇਹ ਕਿਹਾ ਸੀ (ਕਿ) ਤੂੰ ਸਾਥੋਂ ਭੈ-ਭੀਤ ਨਾ ਹੋ। ਅਸੀਂ ਤੈਨੂੰ ਵੱਡੇ ਗਿਆਨੀ ਪੁੱਤਰ ਦੀ ਖ਼ੁਸ਼ਖ਼ਬਰੀ ਦਿੰਦੇ ਹਾਂ ।੫੪।

قَالَ اَبَشَّرْتُمُوْنِيْ عَلٰٓى اَنْ مَّسَّنِيَ الْكِبَرُ فَبِمَ تُبَشِّرُوْنَ ﴿٥٤﴾

ਉਸ ਨੇ ਇਹ ਕਿਹਾ ਸੀ (ਕਿ) ਕੀ ਤੁਸੀਂ ਮੇਰੀ ਬਿਧ ਅਵਸਥਾ ਦੇ ਹੁੰਦਿਆਂ ਵੀ ਮੈਨੂੰ ਇਹ ਖ਼ੁਸ਼ਖ਼ਬਰੀ ਦਿੰਦੇ ਹੋ ? ਸੋ ਤੁਸੀਂ (ਦੱਸੋ ਕਿ) ਕਿਸ ਅਧਾਰ ਤੇ ਮੈਨੂੰ (ਇਹ) ਖ਼ੁਸ਼ਖ਼ਬਰੀ ਦਿੰਦੇ ਹੋ । ੫੫।

قَالُوْا بَشَّرْنٰكَ بِالْحَقِّ فَلَا تَكُنْ مِّنَ الْقٰنِطِيْنَ ﴿٥٥﴾

ਓਹਨਾਂ ਨੇ ਇਹ ਕਿਹਾ ਸੀ (ਕਿ) ਅਸੀਂ ਤੈਨੂੰ ਸੱਚੀ ਖ਼ੁਸ਼ਖ਼ਬਰੀ ਦਿੱਤੀ ਹੈ । ਸੋ ਤੂੰ ਨਿਰਾਸ ਨਾ ਹੋ ।੫੬।

قَالَ وَمَنْ يَّقْنَطُ مِنْ رَّحْمَةِ رَبِّهٖٓ اِلَّا الضَّآلُّوْنَ ﴿٥٦﴾

ਉਸ ਨੇ ਇਹ ਕਿਹਾ ਸੀ ਕਿ (ਮੈਂ ਨਿਰਾਸ ਕਿਵੇਂ ਹੋ ਸਕਦਾ ਹਾਂ) ਅਤੇ ਕੁਰਾਹੀਆਂ ਤੋਂ ਛੁੱਟ ਹੋਰ ਕਿਹੜਾ ਆਪਣੇ ਸਾਜਨਹਾਰ ਤੇ ਪਾਲਨਹਾਰ ਤੋਂ ਨਿਰਾਸ ਹੋ ਸਕਦਾ ਹੈ ? ।੫੭।

قَالَ فَمَا خَطْبُكُمْ اَيُّهَا الْمُرْسَلُوْنَ ﴿٥٧﴾

ਫੇਰ ਉਸ ਨੇ ਇਹ ਕਿਹਾ ਸੀ (ਕਿ ਚੰਗਾ) ਹੇ (ਪ੍ਰਭੂ ਦੇ) ਭੇਜੇ ਹੋਏ ਦੂਤੋ ! (ਉਹ) ਤੁਹਾਡਾ ਮਹਾਨ ਕਾਰਜ ਕੀ ਹੈ; (ਜਿਸ ਦੀ ਸਿਧੀ ਲਈ ਤੁਹਾਨੂੰ ਭੇਜਿਆ ਗਿਆ ਹੈ) ।੫੮।

قَالُوْٓا اِنَّآ اُرْسِلْنَآ اِلٰى قَوْمٍ مُّجْرِمِيْنَ ﴿٥٨﴾

ਓਹਨਾਂ ਨੇ ਇਹ ਕਿਹਾ ਸੀ (ਕਿ) ਸਾਨੂੰ ਇਕ ਅਪਰਾਧੀ ਜਾਤੀ ਵਲ (ਓਹਨਾਂ ਨੂੰ ਨਸ਼ਟ ਕਰਨ ਲਈ) ਭੇਜਿਆ ਗਿਆ ਹੈ ।੫੯।

اِلَّآ اٰلَ لُوْطٍ ۭ اِنَّا لَمُنَجُّوْهُمْ اَجْمَعِيْنَ ﴿٥٩﴾

ਛੁੱਟ "ਲੂਤ" ਦੇ ਅਨੁਸਾਰੀਆਂ ਦੇ, (ਕਿ) ਅਸੀਂ ਓਹਨਾਂ ਸਾਰਿਆਂ ਨੂੰ ਬਚਾ ਲਵਾਂਗੇ ।੬੦।

اِلَّا امْرَاَتَهٗ ۣ قَدَّرْنَآ ۙ اِنَّهَا لَمِنَ الْغٰبِرِيْنَ ﴿٦٠﴾

ਹਾਂ, ਉਸ ਦੀ ਤੀਵੀਂ ਬਾਰੇ ਸਾਡਾ ਅਨੁਮਾਨ ਇਹ ਹੈ ਕਿ ਉਹ ਨਿਰਸੰਦੇਹ ਪਿੱਛੇ ਰਹਿਣ (ਤੇ ਨਸ਼ਟ ਹੋਣ) ਵਾਲਿਆਂ ਵਿੱਚੋਂ ਹੋਵੇਗੀ ।੬੧। (ਰਕੂਅ ੪)

فَلَمَّا جَآءَ اٰلَ لُوْطِ ۨ الْمُرْسَلُوْنَ ﴿٦١﴾

ਬਸ, ਜਦ ਉਹ (ਸਾਡੇ ਭੇਜੇ ਹੋਏ ਦੂਤ) "ਲੂਤ" (ਤੇ ਉਸ) ਦੇ ਅਨੁਸਾਰੀਆਂ ਵਲ ਆਏ ਸਨ ।੬੨।

قَالَ اِنَّكُمْ قَوْمٌ مُّنْكَرُوْنَ ﴿٦٢﴾

ਤਾਂ ਉਸ ਨੇ (ਓਹਨਾਂ ਨੂੰ) ਇਹ ਕਿਹਾ ਸੀ ਕਿ ਤੁਸੀਂ (ਇਸ ਇਲਾਕੇ ਵਿਚ) ਓਪਰੇ[1] (ਭਾਸਦੇ ਹੋ) ।੬੩।

قَالُوْا بَلْ جِئْنٰكَ بِمَا كَانُوْا فِيْهِ يَمْتَرُوْنَ ﴿٦٣﴾

ਓਹਨਾਂ ਨੇ ਇਹ ਕਿਹਾ ਸੀ ਕਿ (ਅਸਲ) ਗੱਲ ਇਹ ਹੈ ਕਿ ਅਸੀਂ ਤੁਹਾਡੇ ਵਲ ਉਸ (ਕਸ਼ਟ) ਦੀ ਖ਼ਬਰ ਲੈ ਕੇ ਆਏ ਹਾਂ, ਜਿਸ ਬਾਰੇ ਏਹ (ਲੋਕ) ਸ਼ੱਕ ਕਰਦੇ ਸਨ ।੬੪।

وَاَتَيْنٰكَ بِالْحَقِّ وَاِنَّا لَصٰدِقُوْنَ ﴿٦٤﴾

ਅਤੇ ਅਸੀਂ ਤੁਹਾਡੇ ਵਲ ਇਕ ਯਕੀਨੀ ਖ਼ਬਰ ਲੈ ਕੇ ਆਏ ਹਾਂ ਅਤੇ ਅਸੀਂ ਨਿਰਸੰਦੇਹ ਸੱਚਿਆਰ ਹਾਂ ।੬੫।

فَاَسْرِ بِاَهْلِكَ بِقِطْعٍ مِّنَ الَّيْلِ وَاتَّبِعْ اَدْبَارَهُمْ وَلَا يَلْتَفِتْ مِنْكُمْ اَحَدٌ وَّامْضُوْا حَيْثُ تُؤْمَرُوْنَ ﴿٦٥﴾

ਸੋ ਤੁਸੀਂ ਰਾਤ ਦੇ ਅੰਤਲੇ ਹਿੱਸੇ ਵਿਚ (ਕਿਸੇ ਵੇਲੇ) ਆਪਣੇ ਪਰਵਾਰ ਨੂੰ ਲੈ ਕੇ (ਇੱਥੋਂ) ਚਲੇ ਜਾਓ ਅਤੇ (ਆਪ) ਓਹਨਾਂ ਦੇ ਪਿੱਛੇ (ਪਿੱਛੇ) ਰਹੋ, ਅਰਥਾਤ ਤੁਹਾਡੇ ਵਿੱਚੋਂ ਕੋਈ ਪ੍ਰਾਣੀ ਪਿੱਛੇ ਪਰਤ[2] ਕੇ ਨਾ ਵੇਖੇ ਅਤੇ ਤੁਹਾਨੂੰ ਜਿੱਥੇ ਜਾਣ[3] ਦਾ ਹੁਕਮ ਦਿੱਤਾ ਗਿਆ ਹੈ, (ਸਾਰੇ ਹੀ ਉੱਥੇ) ਚਲੇ ਜਾਓ ।੬੬।

وَقَضَيْنَآ اِلَيْهِ ذٰلِكَ الْاَمْرَ اَنَّ دَابِرَ هٰٓؤُلَآءِ مَقْطُوْعٌ مُّصْبِحِيْنَ ﴿٦٦﴾

ਅਤੇ ਇਹ ਗੱਲ ਅਸੀਂ ਉਸ ਨੂੰ ਯਕੀਨੀ ਤੌਰ ਤੇ ਦੱਸੀ ਸੀ ਕਿ ਓਹਨਾਂ ਲੋਕਾਂ ਦੀ ਜੜ੍ਹ (ਸਵੇਰ ਹੁੰਦਿਆਂ ਹੀ) ਪੁੱਟ ਦਿੱਤੀ ਜਾਏਗੀ ।੬੭।

وَجَآءَ اَهْلُ الْمَدِيْنَةِ يَسْتَبْشِرُوْنَ ﴿٦٧﴾

ਅਤੇ ਉਸ ਸ਼ਹਿਰ ਦੇ ਲੋਕ ਖ਼ੁਸ਼ੀਆਂ[4] ਮਨਾਉਂਦੇ ਹੋਏ ਉਸ ("ਲੂਤ") ਦੇ ਕੋਲ ਆਏ ਸਨ । (ਇਸ ਖ਼ਿਆਲ ਨਾਲ ਕਿ ਹੁਣ ਉਸ ਨੂੰ ਫੜਨ ਦਾ ਸਮਾਂ ਓਹਨਾਂ ਨੂੰ ਮਿਲ ਗਿਆ ਹੈ) ।੬੮।

---

[1]ਇੱਥੇ "ਮੁਨਕਰ" ਪਦ ਹੈ। ਇਸ ਦਾ ਕੋਸ਼ ਵਿਚ "ਓਪਰਾ" ਅਰਥ ਹੈ, ਅਰਥਾਤ ਜਿਸ ਨੂੰ ਇਲਾਕੇ ਦੇ ਲੋਕ ਜਾਣਦੇ ਪਛਾਣਦੇ ਨਾ ਹੋਣ ।

[2]ਇਸ ਹੁਕਮ ਦੁਆਰਾ ਲੂਤ ਦੇ ਪਰਵਾਰ ਉੱਤੇ ਉਪਕਾਰ ਕੀਤਾ ਗਿਆ ਹੈ ਕਿ ਜੋ ਓਹ ਪਰਤ ਕੇ ਵੇਖਣਗੇ, ਤਾਂ ਸ਼ਾਇਦ ਪਿੱਛੇ ਰਹਿ ਜਾਣ ਵਾਲੀਆਂ ਵਿਆਹੁਤਾ ਧੀਆਂ ਤੇ ਜੁਆਈਆਂ ਦੇ ਕਾਰਣ ਕਿਸੇ ਬਿਪਤਾ ਵਿਚ ਨਾ ਫਸ ਜਾਣ ।

[3]ਅਰਥਾਤ—ਇਹ ਸੁਨੇਹਾ ਲਿਆਉਣ ਵਾਲੇ ਲੋਕ,ਜਿਸ ਥਾਂ ਤੁਹਾਨੂੰ ਪਤਾ ਦੇਣ, ਉੱਥੇ ਚਲੇ ਜਾਓ । ਏਹੋ ਹੀ ਸਾਡੀ ਇੱਛਾ ਹੈ ।

[4]ਦਿਹ ਅਸੀਂ ਪਿੱਛੇ ਦੱਸ ਆਏ ਹਾਂ ਕਿ ਬਾਇਬਲ ਤੇ ਕੁਰਾਨ—ਅਨੁਸਾਰ ਓਹ ਲੋਕ ਹਜ਼ਰਤ "ਲੂਤ" ਨੂੰ ਇਸ ਗੱਲ ਤੋਂ ਰੋਕਿਆ ਕਰਦੇ ਸਨ ਕਿ ਓਹ ਓਪਰੇ ਬੰਦਿਆਂ ਨੂੰ ਆਪਣੇ ਘਰ ਨਾ ਆਉਣ ਦਿਆ ਕਰਨ, ਪਰ ਹਜ਼ਰਤ "ਲੂਤ" ਅਤਿਥੀ ਸਤਿਕਾਰ ਦੇ ਕਾਰਣ ਮਜਬੂਰ ਸਨ । ਸੋ ਜਦ ਉਹ ਓਹਨਾਂ ਦੀ ਰੋਕ ਦੇ ਹੁੰਦਿਆਂ ਓਪਰਿਆਂ ਬੰਦਿਆਂ ਨੂੰ ਘਰ ਲਿਆਏ, ਤਾਂ ਓਹਨਾਂ ਦੀ ਜਾਤੀ ਖ਼ੁਸ਼ੀ ਨਾਲ ਦੌੜਦੀ ਹੋਈ ਓਹਨਾਂ ਵਲ ਆਈ ਕਿ ਹੁਣ "ਲੂਤ" ਸਾਡੇ ਕਾਬੂ ਆ ਗਿਆ ਹੈ ਤੇ ਹੁਣ ਉਸ ਨੂੰ ਦੰਡ ਦੇਣ ਦਾ ਸਮਾਂ ਸਾਨੂੰ ਮਿਲ ਗਿਆ ਹੈ ।

قَالَ اِنَّ هٰٓؤُلَآءِ ضَيْفِيْ فَلَا تَفْضَحُوْنِ ﴿٦٨﴾

(ਇਸ ਤੇ) ਉਸ ਨੇ (ਓਹਨਾਂ ਨੂੰ) ਇਹ ਕਿਹਾ ਸੀ ਕਿ ਏਹ ਲੋਕ ਮੇਰੇ ਅਤਿਥੀ ਹਨ, ਤੁਸੀਂ (ਏਹਨਾਂ ਨੂੰ ਭੈ-ਭੀਤ ਕਰ ਕੇ) ਮੇਰਾ ਨਿਰਾਦਰ ਨਾ ਕਰੋ ।੬੯।

وَاتَّقُوا اللّٰهَ وَلَا تُخْزُوْنِ ﴿٦٩﴾

ਅਰਥਾਤ ਅੱਲਾਹ ਤੋਂ ਡਰੋ ਤੇ ਮੈਨੂੰ ਹੀਣਾ ਨਾ ਕਰੋ ।੭੦।

قَالُوْٓا اَوَلَمْ نَنْهَكَ عَنِ الْعٰلَمِيْنَ ﴿٧٠﴾

ਓਹਨਾਂ ਨੇ (ਉਸ ਨੂੰ) ਇਹ ਕਿਹਾ ਸੀ (ਕਿ) ਕੀ ਅਸੀਂ ਤੁਹਾਨੂੰ ਹਰੇਕ ਓਪਰੇ ਬੰਦੇ ਨੂੰ ਆਪਣੇ ਕੋਲ ਠਹਿਰਾਉਣ ਤੋਂ ਰੋਕਿਆ ਨਹੀਂ ਸੀ ? ।੭੧।

قَالَ هٰٓؤُلَآءِ بَنٰتِيْٓ اِنْ كُنْتُمْ فٰعِلِيْنَ ﴿٧١﴾

ਉਸ ਨੇ ਇਹ ਕਿਹਾ ਸੀ (ਕਿ) ਜੇ ਤੁਸੀਂ (ਮੇਰੇ ਵਿਰੁਧ) ਕੁਝ ਕਰਨਾ (ਹੀ) ਚਾਹੁੰਦੇ ਹੋ, ਤਾਂ ਏਹ ਮੇਰੀਆਂ ਧੀਆਂ ਤੁਹਾਡੇ ਵਿਚ ਮੌਜੂਦ ਹਨ । (ਜੋ ਚੋਖੀ ਜ਼ਮਾਨਤ ਹਨ)[1] ।੭੨।

لَعَمْرُكَ اِنَّهُمْ لَفِيْ سَكْرَتِهِمْ يَعْمَهُوْنَ ﴿٧٢﴾

(ਹੇ ਸਾਡੇ ਨਬੀ !) ਤੇਰੇ ਜੀਵਨ ਦੀ ਕਸਮ ! ਏਹ (ਤੇਰੇ ਵਿਰੋਧੀ ਵੀ) ਨਿਰਸੰਦੇਹ (ਓਹਨਾਂ ਵਾਂਗ ਹੀ) ਆਪਣੀ ਬਦਮਸਤੀ ਵਿਚ ਭਟਕ ਰਹੇ ਹਨ ।੭੩।

فَاَخَذَتْهُمُ الصَّيْحَةُ مُشْرِقِيْنَ ﴿٧٣﴾

ਇਸ ਤੇ ਉਸ (ਆਉਣ ਵਾਲੇ) ਕਸ਼ਟ ਨੇ ਓਹਨਾਂ ਨੂੰ (ਭਾਵ "ਲੂਤ" ਦੀ ਜਾਤੀ ਨੂੰ) ਸਵੇਰੇ-ਸਵੇਰ (ਹੀ) ਦਬੋਚ ਲਿਆ ਸੀ ।੭੪।

فَجَعَلْنَا عَالِيَهَا سَافِلَهَا وَاَمْطَرْنَا عَلَيْهِمْ حِجَارَةً مِّنْ سِجِّيْلٍ ﴿٧٤﴾

ਸੋ ਅਸੀਂ ਉਸ ਨਗਰੀ ਵਿਚ ਹੇਠਲੀ-ਉੱਪਰ[2] ਕਰ ਦਿੱਤੀ ਸੀ ਤੇ ਓਹਨਾਂ ਉੱਤੇ ਖਿੰਗਰਾਂ ਵਾਲੇ ਪੱਥਰਾਂ ਦਾ ਮੀਂਹ ਵਰ੍ਹਾਇਆ ਸੀ ।੭੫।

اِنَّ فِيْ ذٰلِكَ لَاٰيٰتٍ لِّلْمُتَوَسِّمِيْنَ ﴿٧٥﴾

ਬੇਸ਼ਕ ਇਸ (ਘਟਨਾ) ਵਿਚ ਵਿਚਾਰਵਾਨਾਂ ਲਈ ਨਿਸ਼ਾਨ ਹਨ ।੭੬।

---

[1] ਵੇਖੋ ਸੂਰਤ ''ਹੂਦ'' ਆਇਤ ੭੯ ।

[2] ਅਰਥਾਤ—ਭੂੰਚਾਲ ਨਾਲ ਸਾਰੀ ਧਰਤੀ ਹੇਠ ਉੱਤੇ ਕਰ ਦਿੱਤੀ ਸੀ ।

وَاِنَّهَا لَبِسَبِيْلٍ مُّقِيْمٍ ﴿٧٦﴾

ਅਤੇ ਉਹ[1] (ਕੋਈ ਗੁਮਨਾਮ ਜਗ੍ਹਾ ਨਹੀਂ; ਸਗੋਂ) ਇਕ ਵੱਡੇ ਪੱਕੇ ਥਾਂ ਉੱਤੇ (ਵਿਦਮਾਨ) ਹੈ[2] ।੭੭।

اِنَّ فِيْ ذٰلِكَ لَاٰيَةً لِّلْمُؤْمِنِيْنَ ﴿٧٧﴾

ਬੇਸ਼ੱਕ ਇਸ (ਘਟਨਾ) ਵਿਚ ਸ਼ਰਧਾਲੂਆਂ (ਦੇ ਲਾਭ) ਲਈ ਇਕ ਚਮਤਕਾਰ (ਮੌਜੂਦ) ਹੈ ।੭੮।

وَاِنْ كَانَ اَصْحٰبُ الْاَيْكَةِ لَظٰلِمِيْنَ ﴿٧٨﴾
فَانْتَقَمْنَا مِنْهُمْ وَاِنَّهُمَا لَبِاِمَامٍ مُّبِيْنٍ ﴿٧٩﴾ ۚ

ਅਤੇ "ਐਕਾ"[3] ਵਾਲੇ (ਵੀ) ਵੱਡੇ ਜ਼ਾਲਮ ਸਨ ।੭੯। ਇਸ ਲਈ ਅਸੀਂ ਓਹਨਾਂ ਨੂੰ ਵੀ (ਉਸੇ ਤਰ੍ਹਾਂ ਵੱਡਾ ਕਰੜਾ) ਦੰਡ ਦਿੱਤਾ ਸੀ ਅਤੇ ਏਹ ਦੋਵੇਂ (ਥਾਵਾਂ) ਇਕ (ਸਾਫ਼ ਤੇ) ਸਪਸ਼ਟ ਰਾਹ ਉੱਤੇ (ਵਿਦਮਾਨ) ਹਨ ।੮੦। (ਰਕੂਅ ੫)

وَلَقَدْ كَذَّبَ اَصْحٰبُ الْحِجْرِ الْمُرْسَلِيْنَ ﴿٨٠﴾

"ਹਿਜਰ" ਵਾਲਿਆਂ ਨੇ[4] (ਵੀ) ਬੇਸ਼ੱਕ (ਸਾਡੇ) ਰਸੂਲਾਂ ਦੀ ਨਿੰਦਾ ਕੀਤੀ ਸੀ ।੮੧।

وَاٰتَيْنٰهُمْ اٰيٰتِنَا فَكَانُوْا عَنْهَا مُعْرِضِيْنَ ﴿٨١﴾

ਅਤੇ ਓਹਨਾਂ ਨੂੰ (ਵੀ) ਅਸੀਂ ਆਪਣੇ (ਹਰੇਕ ਕਿਸਮ ਦੇ) ਚਮਤਕਾਰ ਦੱਸੇ ਸਨ, ਜਿਸ ਦਾ ਸਿੱਟਾ (ਉਲਟਾ) ਇਹ ਨਿਕਲਿਆ ਸੀ ਕਿ ਓਹ ਓਹਨਾਂ ਤੋਂ ਉੱਕਾ ਹੀ ਬੇਮੁਖ ਹੋ ਗਏ ਸਨ ।੮੨।

وَكَانُوْا يَنْحِتُوْنَ مِنَ الْجِبَالِ بُيُوْتًا اٰمِنِيْنَ ﴿٨٢﴾

ਅਤੇ ਓਹ ਪਹਾੜਾਂ ਦੇ ਕਈ ਹਿੱਸੇ ਕੱਟ ਕੇ ਸ਼ਾਂਤੀ ਨਾਲ (ਜੀਵਨ ਬਤੀਤ ਕਰਨ ਲਈ) ਆਪਣੇ ਮਕਾਨ ਬਣਾਉਂਦੇ ਸਨ ।੮੩।

فَاَخَذَتْهُمُ الصَّيْحَةُ مُصْبِحِيْنَ ﴿٨٣﴾

ਫੇਰ (ਸਾਡੇ ਬਚਨ ਅਨੁਸਾਰ) ਸਵੇਰੇ-ਸਵੇਰ (ਹੀ) ਉਸ (ਆਉਣ ਵਾਲੇ) ਕਸ਼ਟ ਨੇ ਓਹਨਾਂ ਨੂੰ ਆ ਦਬੋਚਿਆ ਸੀ ।੮੪।

---

[1]ਅਰਥਾਤ—ਲੂਤ ਦੀ ਨਗਰੀ ।

[2]ਅਰਥਾਤ—"ਹਿਜਾਜ਼" ਤੋਂ "ਸ਼ਾਮ" ਜਾਣ ਵਾਲੇ ਰਾਹ ਤੇ ਵਿਦਮਾਨ ਹੈ ।

[3]"ਅਸਹਾਬੁਲ ਐਕਾ" ਹਜ਼ਰਤ "ਸ਼ੁਐਬ" ਦੀ ਜਾਤੀ ਦਾ ਦੂਜਾ ਨਾਂ ਹੈ । "ਐਕਾ" ਸੰਘਣੇ ਜੰਗਲ ਨੂੰ ਵੀ ਕਹਿੰਦੇ ਹਨ ਅਤੇ ਅਜਿਹੇ ਜੰਗਲ ਨੂੰ ਵੀ, ਜਿਸ ਵਿਚ ਬੇਰੀਆਂ ਤੇ ਪੀਲੂਆਂ ਦੇ ਰੁੱਖ ਵਧੇਰੇ ਹੋਣ । ਇਸ ਤੋਂ ਪਤਾ ਲਗਦਾ ਹੈ ਕਿ "ਮਦਯਨ" ਦੇ ਲਾਗੇ ਕੋਈ ਸੰਘਣਾ ਜੰਗਲ ਸੀ; ਜਿਸ ਵਿਚ ਏਹਨਾਂ ਦੋਹਾਂ ਕਿਸਮਾਂ ਦੇ ਰੁੱਖ ਵਧੇਰੇ ਸਨ । ਇਸੇ ਕਰਕੇ "ਮਦਯਨ" ਦੇ ਵਸਨੀਕਾਂ ਨੂੰ "ਅਸਹਾਬੁਲ ਐਕਾ" ਵੀ ਕਿਹਾ ਜਾਂਦਾ ਸੀ ।

[4]"ਹਿਜਰ" ਦਾ ਭਾਵ ਉਹ ਅਹਾਤਾ ਜਾਂ ਕਿਲ੍ਹਾ, ਜਾਂ ਸ਼ਹਿਰ ਹੁੰਦਾ ਹੈ, ਜਿਸ ਦੇ ਆਲੇ ਦੁਆਲੇ ਪੱਥਰਾਂ ਦੀ ਕੰਦ ਹੋਵੇ । "ਅਸਹਾਬੁਲ ਹਿਜਰ" ਦਾ ਭਾਵ "ਸਮੂਦ" ਅਰਥਾਤ "ਸਾਲਿਹ" ਦੀ ਜਾਤੀ ਦਾ ਸ਼ਹਿਰ ਹੈ । ਉਸ ਨੂੰ "ਹਿਜਰ" ਇਸ ਲਈ ਕਿਹਾ ਜਾਂਦਾ ਸੀ ਕਿ ਉਹ ਪੱਕੀਆਂ ਫਸੀਲਾਂ ਦਾ ਸ਼ਹਿਰ ਸੀ ।

فَمَآ اَغۡنٰى عَنۡهُمۡ مَّا كَانُوۡا يَكۡسِبُوۡنَ ﴿۸۵﴾

ਅਤੇ ਜੋ (ਧਨ) ਓਹ ਇਕੱਤਰ ਕੀਤਾ ਕਰਦੇ ਸਨ, ਉਸ ਨੇ ਓਹਨਾਂ ਨੂੰ (ਉਸ ਸਮੇਂ) ਕੋਈ ਲਾਭ ਨਹੀਂ ਦਿੱਤਾ ਸੀ ।੮੫।

وَمَا خَلَقۡنَا السَّمٰوٰتِ وَالۡاَرۡضَ وَمَا بَيۡنَهُمَاۤ اِلَّا بِالۡحَـقِّ ؕ وَاِنَّ السَّاعَةَ لَاٰتِيَةٌ ؕ فَاصۡفَحِ الصَّفۡحَ الۡجَمِيۡلَ ﴿۸۶﴾

ਅਤੇ ਅਸੀਂ ਸਾਰੇ ਅਕਾਸ਼ਾਂ ਤੇ ਪਤਾਲਾਂ ਨੂੰ ਤੇ ਜੋ ਕੁਝ ਓਹਨਾਂ ਦੋਹਾਂ ਦੇ ਵਿਚਾਲੇ ਹੈ, ਯੁਕਤੀ ਨਾਲ ਸਾਜਿਆ ਹੈ ਅਤੇ ਉਹ (ਆਉਣ ਵਾਲਾ) ਸਮਾਂ ਨਿਰਸੰਦੇਹ ਆ ਕੇ ਹੀ ਰਹੇਗਾ; ਇਸ ਲਈ ਤੂੰ (ਓਹਨਾਂ ਦੀਆਂ ਵਧੀਕੀਆਂ ਨੂੰ) ਅਣਛਿਠ ਕਰਦਾ ਰਹੁ ।੮੬।

اِنَّ رَبَّكَ هُوَ الۡخَلّٰقُ الۡعَلِيۡمُ ﴿۸۷﴾

ਬੇਸ਼ੱਕ ਤੇਰਾ ਸਾਜਨਹਾਰ ਤੇ ਪਾਲਨਹਾਰ ਵੱਡਾ ਸਾਜਨਹਾਰ(ਤੇ) ਜਾਣਨਹਾਰ ਹੈ ।੮੭।

وَلَقَدۡ اٰتَيۡنٰكَ سَبۡعًا مِّنَ الۡمَثَانِىۡ وَالۡقُرۡاٰنَ الۡعَظِيۡمَ ﴿۸۸﴾

ਅਤੇ ਅਸੀਂ ਨਿਰਸੰਦੇਹ ਤੈਨੂੰ ਦੁਹਰਾਈਆਂ ਜਾਣ ਵਾਲੀਆਂ ਸੱਤ (ਆਇਤਾਂ)[1] ਅਤੇ (ਵੱਡੀ ਸ਼ਾਨ ਵਾਲਾ) ਕੁਰਾਨ ਦਿੱਤਾ ਹੈ ।੮੮।

لَا تَمُدَّنَّ عَيۡنَيۡكَ اِلٰى مَا مَتَّعۡنَا بِهٖۤ اَزۡوَاجًا مِّنۡهُمۡ وَلَا تَحۡزَنۡ عَلَيۡهِمۡ وَاخۡفِضۡ جَنَاحَكَ لِلۡمُؤۡمِنِيۡنَ ﴿۸۹﴾

ਅਤੇ ਅਸੀਂ ਏਹਨਾਂ ਵਿੱਚੋਂ ਕਈ ਧੜਿਆਂ ਨੂੰ ਜੋ (ਨਾਸਵਾਨ ਲਾਭ ਦੇ) ਸਾਧਨ ਦਿੱਤੇ ਹੋਏ ਹਨ, ਤੂੰ ਓਹਨਾਂ ਵਲ ਅੱਖਾਂ[2] ਪਾੜ ਪਾੜ ਕੇ ਨਾ ਵੇਖ ਅਤੇ ਨਾ ਓਹਨਾਂ (ਦੀ ਤਬਾਹੀ) ਬਾਰੇ ਚਿੰਤਾਤੁਰ ਹੋ, ਅਰਥਾਤ ਸ਼ਰਧਾਲੂਆਂ ਉੱਤੇ ਆਪਣਾ (ਪ੍ਰੇਮ ਭਰਿਆ) ਹੱਥ ਰੱਖੀ ਰਖ ।੮੯।

وَقُلۡ اِنِّىۡۤ اَنَا النَّذِيۡرُ الۡمُبِيۡنُ ﴿۹۰﴾

ਤੂੰ ਓਹਨਾਂ ਨੂੰ ਇਹ ਕਹਿ ਦੇ (ਕਿ) ਮੈਂ ਤਾਂ ਸਪਸ਼ਟ ਤੌਰ ਤੇ ਤੁਹਾਨੂੰ ਖ਼ਬਰਦਾਰ ਕਰਨ ਵਾਲਾ ਹਾਂ ।੯੦।

---

[1]ਅਰਥਾਤ—ਸੂਰਤ "ਫ਼ਾਤਿਹਾ", ਜਿਸ ਦੀਆਂ ਆਇਤਾਂ ਮੁੜ ਮੁੜ ਨਿਮਾਜ਼ਾਂ ਵਿਚ ਪੜ੍ਹੀਆਂ ਜਾਂਦੀਆਂ ਹਨ । "ਮਸਾਨੀ" ਪਦ "ਮਸਨਾ" ਦਾ ਬਹੁਵਚਨ ਹੈ । ਇਸ ਦਾ ਅਰਥ "ਸਨਾ" "ਉਪਮਾ" ਹੈ । ਇਸ ਅਨੁਸਾਰ ਇਸ ਆਇਤ ਦਾ ਇਹ ਭਾਵ ਹੋਵੇਗਾ ਕਿ ਅਸੀਂ ਅਜੇਹੀਆਂ ਸੱਤ ਆਇਤਾਂ ਤੈਨੂੰ ਦਿੱਤੀਆਂ ਹਨ, ਜਿਨ੍ਹਾਂ ਵਿਚ ਅੱਲਾਹ ਦੀ ਉਪਮਾ ਪੂਰਨ ਢੰਗ ਨਾਲ ਵਰਣਨ ਕੀਤੀ ਗਈ ਹੈ । "ਮਸਾਨੀ" ਦਾ ਤੀਜਾ ਅਰਥ ਘਾਟੀ ਦਾ ਮੋੜ ਵੀ ਹੈ ਇਸ ਤਰ੍ਹਾਂ ਇਸ ਆਇਤ ਦਾ ਇਹ ਅਰਥ ਹੋਵੇਗਾ ਕਿ ਤੈਨੂੰ ਓਹ ਸੱਤ ਆਇਤਾਂ ਦਿੱਤੀਆਂ ਗਈਆਂ ਹਨ, ਜਿਨ੍ਹਾਂ ਵਿਚ ਅੱਲਾਹ ਤੇ ਉਸ ਦੇ ਬੰਦਿਆਂ ਦੇ ਸੰਬੰਧ ਬਾਰੇ ਪੂਰਾ ਚਾਨਣਾ ਪਾਇਆ ਗਿਆ ਹੈ ।

[2]ਅਰਥਾਤ—ਹੇ ਨਬੀ ! ਤੂੰ ਇਨਕਾਰੀਆਂ ਦੇ ਧਨ-ਪਦਾਰਥਾਂ ਵਲ ਅਚੰਭੇ ਭਰੀ ਨਜ਼ਰ ਨਾਲ ਨਾ ਵੇਖ । ਓਹਨਾਂ ਦੀ ਤਬਾਹੀ ਦਾ ਸਮਾਂ ਆ ਗਿਆ ਹੈ । ਸੋ ਨਾ ਤਾਂ ਓਹਨਾਂ ਦਾ ਇਹ ਧਨ ਓਹਨਾਂ ਨੂੰ ਕੋਈ ਲਾਭ ਦੇਵੇਗਾ ਤੇ ਨਾ ਤੇਰਾ ਓਹਨਾਂ ਲਈ ਚਿੰਤਾਤੁਰ ਹੋਣਾ ਹੀ ਓਹਨਾਂ ਨੂੰ ਕੋਈ ਲਾਭ ਦੇਵੇਗਾ । ਸੋ ਇਸ ਵੀਚਾਰ ਨੂੰ ਦਿਲੋਂ ਕੱਢ ਦੇ ।

كَمَآ اَنْزَلْنَا عَلَى الْمُقْتَسِمِيْنَ ﴿٩٠﴾

ਇਸ ਲਈ ਕਿ (ਪ੍ਰਭੂ ਆਖਦਾ ਹੈ ਕਿ) ਅਸੀਂ ਓਹਨਾਂ (ਲੋਕਾਂ) ਵਾਸਤੇ (ਵੀ) ਕਸ਼ਟ ਨੀਅਤ ਕੀਤਾ ਹੋਇਆ ਹੈ, ਜਿਨ੍ਹਾਂ ਨੇ (ਹਜ਼ਰਤ ਮੁਹੰਮਦ ਸਾਹਿਬ ਦੇ ਵਿਰੁਧ ਗੋਂਦਾਂ ਗੁੰਦਣ ਬਾਰੇ ਆਪਣੀਆਂ) ਡਿਉਟੀਆਂ[1] ਵੰਡੀਆਂ ਹੋਈਆਂ ਹਨ ।੯੧।

الَّذِيْنَ جَعَلُوا الْقُرْاٰنَ عِضِيْنَ ﴿٩١﴾

ਅਰਥਾਤ ਜਿਨ੍ਹਾਂ ਲੋਕਾਂ ਨੇ ਕੁਰਾਨ ਨੂੰ ਝੂਠੀਆਂ ਗੱਲਾਂ ਦਾ ਸੰਗ੍ਰਹਿ[2] ਪਰਗਟ ਕੀਤਾ ਸੀ ।੯੨।

فَوَرَبِّكَ لَنَسْـَٔلَنَّهُمْ اَجْمَعِيْنَ ﴿٩٢﴾

ਸੋ ਤੇਰੇ ਸਾਜਨਹਾਰ ਤੇ ਪਾਲਨਹਾਰ ਦੀ ਕਸਮ ! ਅਸੀਂ ਓਹਨਾਂ ਸਾਰਿਆਂ ਤੋਂ ਹੀ ਪੁੱਛਗਿਛ ਕਰਾਂਗੇ ।੯੩।

عَمَّا كَانُوْا يَعْمَلُوْنَ ﴿٩٣﴾

ਓਹਨਾਂ ਦੇ ਕੰਮਾਂ ਬਾਰੇ ਜੋ ਓਹ ਕੀਤਾ ਕਰਦੇ ਸਨ ।੯੪।

فَاصْدَعْ بِمَا تُؤْمَرُ وَاَعْرِضْ عَنِ الْمُشْرِكِيْنَ ﴿٩٤﴾

ਸੋ ਜਿਸ ਗੱਲ (ਦੇ ਪ੍ਰਚਾਰ ਕਰਨ) ਦਾ ਤੈਨੂੰ ਹੁਕਮ ਦਿੱਤਾ ਗਿਆ ਹੈ, ਉਸ ਨੂੰ ਵਿਸਥਾਰ ਨਾਲ (ਲੋਕਾਂ ਨੂੰ) ਦਸ ਦੇ ਅਤੇ ਓਹਨਾਂ ਮੁਸ਼ਰਿਕਾਂ (ਦੀ ਕਿਸੇ ਗੱਲ) ਵਲ ਧਿਆਨ ਨਾ ਕਰ ।੯੫।

اِنَّا كَفَيْنٰكَ الْمُسْتَهْزِءِيْنَ ﴿٩٥﴾

ਅਸੀਂ ਨਿਰਸੰਦੇਹ ਏਹਨਾਂ ਮਖ਼ੌਲ ਉਡਾਉਣ ਵਾਲਿਆਂ (ਦੀ ਸ਼ਰਾਰਤ) ਤੋਂ ਤੇਰੀ ਰਾਖੀ ਕਰਦੇ ਰਹਾਂਗੇ ।੯੬।

الَّذِيْنَ يَجْعَلُوْنَ مَعَ اللّٰهِ اِلٰهًا اٰخَرَ ۚ فَسَوْفَ يَعْلَمُوْنَ ﴿٩٦﴾

ਜਿਨ੍ਹਾਂ ਨੇ ਅੱਲਾਹ ਦੇ ਨਾਲ ਹੋਰ ਕਈ ਚੀਜ਼ਾਂ ਨੂੰ ਉਸ ਦੀ ਬਰਾਬਰੀ ਦਿੱਤੀ ਹੋਈ ਹੈ । ਸੋ ਓਹ ਛੇਤੀ ਹੀ (ਇਸ ਦਾ ਸਿੱਟਾ) ਮਲੂਮ ਕਰ ਲੈਣਗੇ ।੯੭।

---

[1]ਜਿਹਾ ਕਿ ਹਿਜਰਤ ਦੇ ਸਮੇਂ ।

[2]''ਇਜ਼ੀਨ'' ਦਾ ਪਦ ''ਇਜ਼ਤੁਨ'' ਦਾ ਬਹੁਵਚਨ ਹੈ । ਇਸ ਦੇ ਅਰਥ ਟੋਟੇ ਦੇ ਵੀ ਹਨ । ਜੋ ਅਰਥ ਪਹਿਲੇ ਸਾਰੇ ਟੀਕਾਕਾਰਾਂ ਨੇ ਕੀਤੇ ਹਨ, ਪਰ ਇਸ ਦਾ ਦੂਜਾ ਅਰਥ ਕੋਸ਼ ਅਨੁਸਾਰ ਝੂਠ ਵੀ ਹੈ ਤੇ ਅਸੀਂ ਏਹੋ ਅਰਥ ਆਪਣੇ ਟੀਕੇ ਵਿਚ ਵਰਤਿਆ ਹੈ ।

وَلَقَدْ نَعْلَمُ أَنَّكَ يَضِيقُ صَدْرُكَ بِمَا يَقُولُونَ ﴿٩٧﴾

ਅਤੇ ਬੇਸ਼ੱਕ ਅਸੀਂ ਇਸ ਦੇ ਜਾਣਨਹਾਰ ਹਾਂ ਜੋ ਕੁਝ ਓਹ ਕਹਿੰਦੇ ਹਨ, ਉਸ ਤੋਂ ਤੇਰਾ ਦਿਲ ਤੰਗ ਹੁੰਦਾ ਹੈ।੯੮।

فَسَبِّحْ بِحَمْدِ رَبِّكَ وَكُن مِّنَ السَّاجِدِينَ ﴿٩٨﴾

ਸੋ ਤੂੰ ਆਪਣੇ ਸਾਜਨਹਾਰ ਤੇ ਪਾਲਨਹਾਰ ਦੀ ਉਪਮਾ ਕਰਦਾ ਹੋਇਆ (ਉਸ ਦਾ) ਸਿਮਰਨ ਕਰਦਾ ਰਹੁ ਤੇ (ਉਸ ਦੇ) ਪੂਰਨ ਆਗਿਆਕਾਰੀਆਂ ਨਾਲ ਰਲ ਜਾ ।੯੯।

وَاعْبُدْ رَبَّكَ حَتَّىٰ يَأْتِيَكَ الْيَقِينُ ﴿٩٩﴾ ع

ਅਤੇ ਆਪਣੇ ਸਾਜਨਹਾਰ ਤੇ ਪਾਲਨਹਾਰ ਦੀ ਬੰਦਗੀ ਕਰਦਾ ਰਹੁ; ਇੱਥੋਂ ਤਕ ਕਿ ਤੇਰੇ ਕਾਲ ਦਾ ਸਮਾਂ ਆ ਜਾਏ ।੧੦੦। (ਰਕੂਅ ੬)



(੧੬) ਸੂਰਤ ਅਲ-ਨਹਿਲ

{ ਇਹ ਸੂਰਤ ਹਿਜਰਤ ਤੋਂ ਪਹਿਲਾਂ-ਮੱਕੇ-ਉਤਰੀ ਸੀ । ਇਸ ਦੀਆਂ ਬਿਸਮਿੱਲਾ ਸਣੇ ੧੨੯ ਆਇਤਾਂ ਤੇ ੧੬ ਰਕੂਅ ਹਨ । }

بِسْمِ اللّٰهِ الرَّحْمٰنِ الرَّحِيْمِ ①

(ਮੈਂ) ਅਤਿ ਦਿਆਲੂ ਤੇ ਕਿਰਪਾਲੂ ਅੱਲਾਹ ਦਾ ਨਾਂ ਲੈ ਕੇ (ਅਰੰਭ ਕਰਦਾ ਹਾਂ) ।੧।

اَتٰۤى اَمْرُ اللّٰهِ فَلَا تَسْتَعْجِلُوْهُ ؕ سُبْحٰنَهٗ وَ تَعٰلٰى عَمَّا يُشْرِكُوْنَ ②

(ਹੇ ਇਨਕਾਰੀਓ !) ਅੱਲਾਹ ਦਾ ਹੁਕਮ ਆਉਣ ਵਾਲਾ ਹੀ ਹੈ; ਇਸ ਲਈ (ਹੁਣ) ਤੁਸੀਂ ਇਸ ਦੇ ਛੇਤੀ ਆਉਣ ਦੀ ਮੰਗ ਨਾ ਕਰੋ । ਉਹ ਪਵਿੱਤਰ ਹੈ ਤੇ ਜੋ ਗੱਲਾਂ ਓਹ (ਇਨਕਾਰੀ) ਅੱਲਾਹ ਦੀ ਬਰਾਬਰੀ ਦੂਜੀਆਂ ਚੀਜ਼ਾਂ ਨੂੰ ਦੇਣ ਬਾਰੇ ਕਹਿੰਦੇ ਹਨ—ਉਹ ਓਹਨਾਂ ਤੋਂ ਬਹੁਤ ਉੱਚਾ ਹੈ ।੨।

يُنَزِّلُ الْمَلٰٓئِكَةَ بِالرُّوْحِ مِنْ اَمْرِهٖ عَلٰى مَنْ يَّشَآءُ مِنْ عِبَادِهٖۤ اَنْ اَنْذِرُوْۤا اَنَّهٗ لَاۤ اِلٰهَ اِلَّاۤ اَنَا فَاتَّقُوْنِ ③

ਉਹ ਆਪਣੇ ਬੰਦਿਆਂ ਉੱਤੇ—ਜਿਨ੍ਹਾਂ ਨੂੰ ਯੋਗ ਸਮਝਦਾ ਹੈ—ਆਪਣੇ ਫ਼ਰਿਸ਼ਤੇ ਆਪਣੀ ਬਾਣੀ ਦੇ ਕੇ ਉਤਾਰਦਾ ਹੈ, (ਅਰਥਾਤ ਆਪਣੇ ਰਸੂਲਾਂ ਨੂੰ ਇਹ ਕਹਿੰਦਾ ਹੈ) ਕਿ ਤੁਸੀਂ (ਲੋਕਾਂ ਨੂੰ) ਇਸ ਗੱਲ ਤੋਂ ਖ਼ਬਰਦਾਰ ਕਰ ਦਿਓ ਕਿ (ਅਸਲ) ਗੱਲ ਏਹੋ ਹੈ ਕਿ ਮੈਥੋਂ ਛੁੱਟ ਹੋਰ ਕੋਈ ਵੀ (ਸੱਚਾ) ਇਸ਼ਟ ਨਹੀਂ ਹੈ; ਇਸ ਲਈ ਤੁਸੀਂ (ਔਕੜਾਂ ਤੋਂ) ਬਚਣ ਦਾ ਸਾਧਨ ਮੈਨੂੰ ਹੀ ਬਣਾਓ ।੩।

خَلَقَ السَّمٰوٰتِ وَالۡاَرۡضَ بِالۡحَقِّ ؕ تَعٰلٰی عَمَّا یُشۡرِکُوۡنَ ۝

ਉਸ ਨੇ (ਸਾਰੇ) ਅਕਾਸ਼ ਤੇ ਪਤਾਲ (ਯੁਕਤੀ ਨਾਲ) ਸਾਜੇ ਹਨ। ਜੋ ਗੱਲਾਂ ਓਹ (ਇਨਕਾਰੀ) ਅੱਲਾਹ ਦੀ ਬਰਾਬਰੀ ਦੂਜੀਆਂ ਚੀਜ਼ਾਂ ਨੂੰ ਦੇਣ ਬਾਰੇ ਕਹਿੰਦੇ ਹਨ—ਉਹ ਓਹਨਾਂ ਤੋਂ ਅਗਮ ਤੇ ਅਗੋਚਰ ਹੈ ।੪।

خَلَقَ الۡاِنۡسَانَ مِنۡ نُّطۡفَۃٍ فَاِذَا ہُوَ خَصِیۡمٌ مُّبِیۡنٌ ۝

ਉਸ ਨੇ ਮਨੁੱਖ ਨੂੰ ਇਕ (ਤੁਛ) ਰਕਤ-ਬਿੰਦ ਤੋਂ ਸਾਜਿਆ ਹੈ ਤੇ ਫੇਰ ਉਹ (ਮਨੁੱਖ ਅਚਣਚੇਤ ਆਪਣੇ ਆਪ ਨੂੰ ਇੰਨਾ ਵੱਡਾ ਸਮਝਣ ਲਗ ਪੈਂਦਾ ਹੈ ਕਿ ਸਾਡੇ ਬਾਰੇ) ਸਪਸ਼ਟ ਝਗੜਾਲੂ ਬਣ ਜਾਂਦਾ ਹੈ ।੫।

وَ الۡاَنۡعَامَ خَلَقَہَا ۚ لَکُمۡ فِیۡہَا دِفۡءٌ وَّ مَنَافِعُ وَ مِنۡہَا تَاۡکُلُوۡنَ ۝

ਅਤੇ ਸਾਰੇ ਪਸ਼ੂਆਂ ਨੂੰ (ਉਸੇ ਅੱਲਾਹ ਨੇ ਹੀ ਸਾਜਿਆ ਹੈ ਤੇ ਓਹਨਾਂ ਨੂੰ) ਅਜਿਹਾ ਬਣਾਇਆ ਹੈ ਕਿ ਓਹਨਾਂ ਵਿਚ ਤੁਹਾਡੇ ਲਈ ਗਰਮੀ ਦੇ ਸਾਧਨ ਹਨ ਤੇ (ਹੋਰ ਵੀ) ਕਈ ਲਾਭ ਹਨ, ਅਰਥਾਤ ਤੁਸੀਂ ਓਹਨਾਂ (ਦੇ ਮਾਸ) ਦਾ ਕੁਝ ਹਿੱਸਾ ਖਾ ਵੀ ਜਾਂਦੇ ਹੋ ।੬।

وَ لَکُمۡ فِیۡہَا جَمَالٌ حِیۡنَ تُرِیۡحُوۡنَ وَ حِیۡنَ تَسۡرَحُوۡنَ ۝

ਅਤੇ (ਇਸ ਤੋਂ ਛੁੱਟ) ਜਦ ਤੁਸੀਂ ਓਹਨਾਂ ਨੂੰ ਚਾਰ ਕੇ ਸ਼ਾਮ ਵੇਲੇ (ਓਹਨਾਂ ਦੇ ਟਿਕਾਣਿਆਂ ਵਲ) ਵਾਪਸ ਮੋੜਦੇ ਹੋ, ਤਾਂ ਉਸ ਵਿਚ ਇਕ ਕਿਸਮ ਦੀ ਸਜਾਵਟ ਦਾ ਸਾਧਨ ਹੁੰਦਾ ਹੈ। ਇਸੇ ਤਰ੍ਹਾਂ ਉਸ ਵੇਲੇ ਵੀ, ਜਦ ਕਿ ਤੁਸੀਂ ਓਹਨਾਂ ਨੂੰ (ਸਵੇਰ-ਵੇਲੇ) ਚੁੱਗਣ ਲਈ (ਆਜ਼ਾਦ) ਛੱਡਦੇ ਹੋ, ਤਾਂ (ਉਦੋਂ ਵੀ ਤੁਹਾਡੇ ਲਈ ਸਜਾਵਟ ਦਾ ਸਾਧਨ ਹੁੰਦਾ ਹੈ) ।੭।

وَ تَحۡمِلُ اَثۡقَالَکُمۡ اِلٰی بَلَدٍ لَّمۡ تَکُوۡنُوۡا بٰلِغِیۡہِ اِلَّا بِشِقِّ الۡاَنۡفُسِ ؕ اِنَّ رَبَّکُمۡ لَرَءُوۡفٌ رَّحِیۡمٌ ۝

ਅਤੇ ਓਹ ਤੁਹਾਡੇ ਭਾਰ ਢੋ ਢੋ ਕੇ (ਦੂਰ ਦੁਰੇਡੇ ਦੇ) ਸ਼ਹਿਰਾਂ ਤਕ ਵੀ ਲੈ ਜਾਂਦੇ ਹਨ, ਜਿੱਥੋਂ ਤਕ ਤੁਸੀਂ ਆਪਣੇ ਆਪ ਨੂੰ ਬਿਪਤਾ ਵਿਚ ਪਾਏ ਬਿਨਾਂ ਨਹੀਂ ਲੈ ਜਾ ਸਕਦੇ ਸੀ। ਬੇਸ਼ੱਕ ਤੁਹਾਡਾ ਸਾਜਨਹਾਰ ਤੇ ਪਾਲਨਹਾਰ ਵੱਡਾ ਪ੍ਰੇਮ ਕਰਨ ਵਾਲਾ ਤੇ ਕਿਰਪਾ-ਨਿਧਾਨ ਹੈ ।੮।

وَّالْخَيْلَ وَالْبِغَالَ وَالْحَمِيْرَ لِتَرْكَبُوْهَا وَزِيْنَةً ۭ وَيَخْلُقُ مَا لَا تَعْلَمُوْنَ ۝٨

ਅਤੇ ਉਸ ਨੇ ਘੋੜਿਆਂ, ਖਚਰਾਂ ਤੇ ਖੋਤਿਆਂ ਨੂੰ (ਵੀ) ਤੁਹਾਡੀ ਸਵਾਰੀ ਤੇ ਸਜਧਜ ਲਈ (ਸਾਜਿਆ ਹੈ) ਅਤੇ (ਅੱਗੋਂ ਵੀ ਉਹ ਤੁਹਾਡੇ ਵਾਸਤੇ ਸ਼ਵਾਰੀ ਦੇ ਹੋਰ ਕਈ ਸਾਧਨ[1])—ਜਿਨ੍ਹਾਂ ਨੂੰ ਤੁਸੀਂ (ਅਜੇ) ਨਹੀਂ ਜਾਣਦੇ—ਹੋਂਦ ਵਿਚ ਲਿਆਏਗਾ ।੮।

وَعَلَى اللّٰهِ قَصْدُ السَّبِيْلِ وَمِنْهَا جَاۗىِٕرٌ ۭ وَلَوْ شَاۗءَ لَهَدٰىكُمْ اَجْمَعِيْنَ ۝٩

ਅਤੇ (ਤੁਹਾਨੂੰ) ਧਰਮ ਦਾ ਸਿੱਧਾ ਮਾਰਗ (ਦੱਸਣਾ ਵੀ) ਅੱਲਾਹ ਦੇ ਹੀ ਜ਼ਿੰਮੇ ਹੈ ਅਤੇ (ਇਸ ਦੀ ਲੋੜ ਇਸ ਲਈ ਹੈ ਕਿ) ਓਹਨਾਂ (ਧਰਮ ਦੇ ਮਾਰਗਾਂ) ਵਿੱਚੋਂ ਕਈ ਵਿੰਗੇ-ਟੇਢੇ (ਹੁੰਦੇ) ਹਨ, ਪਰ ਜੇ ਉਹ (ਅੱਲਾਹ) ਆਪਣੀ ਇੱਛਾ (ਧੱਕੇ ਨਾਲ) ਲਾਗੂ ਕਰਨਾ ਚਾਹੁੰਦਾ, ਤਾਂ ਤੁਸਾਂ ਸਾਰਿਆਂ ਨੂੰ ਹੀ ਸੁਮਾਰਗ ਵਲ ਲਾ ਦਿੰਦਾ ।੧੦। (ਰਕੂਅ ੧)

هُوَ الَّذِيْٓ اَنْزَلَ مِنَ السَّمَاۗءِ مَاۗءً لَّكُمْ مِّنْهُ شَرَابٌ وَّمِنْهُ شَجَرٌ فِيْهِ تُسِيْمُوْنَ ۝١٠

(ਅੱਲਾਹ) ਉਹ ਹੈ, ਜਿਸ ਨੇ ਬੱਦਲਾਂ ਤੋਂ ਮੀਂਹ ਵਰ੍ਹਾਇਆ ਹੈ, ਉਸੇ ਵਿੱਚੋਂ ਹੀ ਤੁਹਾਨੂੰ ਪੀਣ ਵਾਸਤੇ ਪਾਣੀ (ਮਿਲਦਾ) ਹੈ, ਅਰਥਾਤ ਉਸੇ ਤੋਂ ਓਹ ਰੁੱਖ (ਉਪਜਦੇ ਹਨ), ਜਿਨ੍ਹਾਂ ਤੋਂ ਤੁਸੀਂ (ਪਸ਼ੂਆਂ ਨੂੰ) ਚਾਰਦੇ ਹੋ ।੧੧।

يُنْۢبِتُ لَكُمْ بِهِ الزَّرْعَ وَالزَّيْتُوْنَ وَالنَّخِيْلَ وَالْاَعْنَابَ وَمِنْ كُلِّ الثَّمَرٰتِ ۭ اِنَّ فِيْ ذٰلِكَ لَاٰيَةً لِّقَوْمٍ يَّتَفَكَّرُوْنَ ۝١١

ਉਹ ਇਸ ਰਾਹੀਂ ਤੁਹਾਡੇ ਲਈ ਖੇਤੀ, ਜ਼ੈਤੂਨ, ਖਜ਼ੂਰਾਂ ਦੇ ਰੁੱਖ, ਅੰਗੂਰਾਂ ਦੀਆਂ ਵੱਲਾਂ ਤੇ (ਹੋਰ) ਕਈ ਕਿਸਮ ਦੇ ਫਲ ਪੈਦਾ ਕਰਦਾ ਹੈ । ਓਹਨਾਂ ਲੋਕਾਂ ਲਈ, ਜੋ ਸੋਚ-ਵਿਚਾਰ ਤੋਂ ਕੰਮ ਲੈਂਦੇ ਹਨ, ਇਸ ਵਿਚ ਨਿਰਸੰਦੇਹ ਇਕ (ਸਪਸ਼ਟ) ਚਮਤਕਾਰ (ਵਿਦਮਾਨ) ਹੈ ।੧੨।

وَسَخَّرَ لَكُمُ الَّيْلَ وَالنَّهَارَ ۙ وَالشَّمْسَ وَالْقَمَرَ ۭ وَالنُّجُوْمُ مُسَخَّرٰتٌۢ بِاَمْرِهٖ ۭ اِنَّ فِيْ ذٰلِكَ لَاٰيٰتٍ

ਅਤੇ ਉਸ ਨੇ ਰਾਤ ਤੇ ਦਿਨ ਨੂੰ ਅਤੇ ਸੂਰਜ ਤੇ ਚੰਨ ਨੂੰ ਤੁਹਾਡੀ ਸੇਵਾ ਉੱਤੇ ਲਾਇਆ ਹੋਇਆ ਹੈ ਅਤੇ ਹੋਰ ਸਾਰੇ ਤਾਰੇ (ਵੀ) ਉਸ ਦੀ ਆਗਿਆ ਨਾਲ (ਤੁਹਾਡੀ) ਟਹਿਲ-ਸੇਵਾ ਕਮਾ ਰਹੇ ਹਨ ।

[1]ਇਸ ਆਇਤ ਵਿਚ ਰੇਲਾਂ, ਸਟੀਮਰ, ਜਹਾਜ਼ਾਂ ਤੇ ਹਵਾਈ ਜਹਾਜ਼, ਮੋਟਰਾਂ ਆਦਿ ਦੀ ਸਾਫ਼ ਤੌਰ ਤੇ ਪੇਸ਼ਗੋਈ ਵਰਣਨ ਹੈ ।

لِّقَوْمٍ يَّعْقِلُوْنَ ﴿١٣﴾

ਜੋ ਓਹਨਾਂ ਲੋਕਾਂ ਲਈ ਜੋ ਸੋਚ-ਵਿਚਾਰ ਤੋਂ ਕੰਮ ਲੈਂਦੇ ਹਨ, ਇਸ ਵਿਚ ਨਿਰਸੰਦੇਹ ਵੱਡੇ ਚਮਤਕਾਰ (ਵਿਦਮਾਨ) ਹਨ ।੧੩।

وَمَا ذَرَاَ لَكُمْ فِي الْاَرْضِ مُخْتَلِفًا اَلْوَانُهٗ ؕ اِنَّ فِيْ ذٰلِكَ لَاٰيَةً لِّقَوْمٍ يَّذَّكَّرُوْنَ ﴿١٤﴾

ਅਤੇ ਜੋ ਅੱਡ ਅੱਡ ਕਿਸਮ ਦੀਆਂ ਚੀਜ਼ਾਂ ਉਸ ਨੇ ਤੁਹਾਡੇ ਵਾਸਤੇ ਇਸ ਧਰਤੀ ਵਿਚ ਉਤਪੰਨ ਕੀਤੀਆਂ ਹੋਈਆਂ ਹਨ, (ਓਹ ਸਭ ਤੁਹਾਡੇ ਕੰਮ ਆ ਰਹੀਆਂ ਹਨ ।) ਓਹਨਾਂ (ਚੀਜ਼ਾਂ ਦੀ ਸਾਜਨਾ) ਵਿਚ (ਵੀ) ਓਹਨਾਂ ਲੋਕਾਂ ਲਈ ਜੋ ਸੋਚ-ਵਿਚਾਰ ਤੋਂ ਕੰਮ ਲੈਂਦੇ ਹਨ, ਨਿਰਸੰਦੇਹ ਇਕ ਚਮਤਕਾਰ (ਵਿਦਮਾਨ) ਹੈ ।੧੪।

وَهُوَ الَّذِيْ سَخَّرَ الْبَحْرَ لِتَاْكُلُوْا مِنْهُ لَحْمًا طَرِيًّا وَّتَسْتَخْرِجُوْا مِنْهُ حِلْيَةً تَلْبَسُوْنَهَا ۚ وَتَرَى الْفُلْكَ مَوَاخِرَ فِيْهِ وَلِتَبْتَغُوْا مِنْ فَضْلِهٖ وَلَعَلَّكُمْ تَشْكُرُوْنَ ﴿١٥﴾

ਉਸੇ ਨੇ ਹੀ ਸਮੁੰਦਰਾਂ ਨੂੰ ਵੀ (ਬਿਨਾਂ ਕਿਸੇ ਭਾੜੇ ਦੇ ਤੁਹਾਡੀ) ਸੇਵਾ ਉੱਤੇ ਲਾਇਆ ਹੋਇਆ ਹੈ; ਤਾਂ ਜੁ ਤੁਸੀਂ ਓਹਨਾਂ ਵਿੱਚੋਂ (ਮੱਛੀਆਂ ਦਾ) ਤਾਜ਼ਾ ਮਾਸ ਖਾ ਸਕੋ ਅਤੇ ਓਹਨਾਂ ਵਿੱਚੋਂ ਗਹਿਣਿਆਂ (ਦੇ ਸਾਧਨਾਂ ਨੂੰ) ਵੀ ਕੱਢ ਸਕੋ; ਜਿਨ੍ਹਾਂ ਨੂੰ ਤੁਸੀਂ ਪਾਉਂਦੇ ਹੋ । ਹੇ (ਸ੍ਰੋਤੇ !) ਤੂੰ ਓਹਨਾਂ ਵਿਚ ਬੇੜੀਆਂ ਨੂੰ ਪਾਣੀ ਚੀਰਦੇ (ਤੇ ਜ਼ੋਰ ਨਾਲ ਚਲਦਿਆਂ) ਵੇਖਦਾ ਹੈਂ । (ਜੋ ਇਸ ਲਈ ਚਲਦੀਆਂ ਹਨ ਕਿ ਤੁਸੀਂ ਸਮੁੰਦਰੀ ਸਫ਼ਰ ਕਰ ਸਕੋ), ਅਰਥਾਤ ਤੁਸੀਂ ਉਸ ਪ੍ਰਭੂ ਦੀ ਹੋਰ (ਵੀ) ਕਿਰਪਾ ਨੂੰ ਭਾਲ ਸਕੋ; ਤਾਂ ਜੁ ਤੁਸੀਂ (ਉਸ ਦਾ) ਧੰਨਵਾਦ ਕਰ ਸੱਕੋ ।੧੫।

وَاَلْقٰى فِي الْاَرْضِ رَوَاسِيَ اَنْ تَمِيْدَ بِكُمْ وَاَنْهٰرًا وَّسُبُلًا لَّعَلَّكُمْ تَهْتَدُوْنَ ﴿١٦﴾

ਅਰਥਾਤ ਉਸੇ ਨੇ ਹੀ ਧਰਤੀ ਵਿਚ (ਅਚਲ) ਪਹਾੜ ਬਣਾਏ ਹੋਏ ਹਨ; ਤਾਂ ਜੁ ਓਹ (ਚਲ ਕੇ) ਤੁਹਾਨੂੰ ਕਿਸੇ ਚੱਕਰ ਵਿਚ ਨਾ ਫਸਾ ਦੇਣ,(ਅਰਥਾਤ ਉਸੇ ਨੇ ਹੀ ਤੁਹਾਡੇ ਲਈ) ਕਈ ਦਰਯਾ (ਵਗਾਏ ਹੋਏ ਹਨ) ਤੇ ਕਈ (ਥਲਾਂ ਦੇ) ਰਾਹ (ਵੀ ਬਣਾਏ ਹੋਏ ਹਨ); ਤਾਂ ਜੁ ਤੁਸੀਂ (ਵੱਡੇ ਸੌਖ ਨਾਲ ਆਪਣੇ ਟਿਕਾਣੇ ਤਕ ਪੁੱਜਣ ਦਾ) ਰਾਹ ਪ੍ਰਾਪਤ ਕਰ ਸੱਕੋ ।੧੬।

وَعَلٰمٰتٍ ؕ وَبِالنَّجْمِ هُمْ يَهْتَدُوْنَ ﴿١٦﴾

ਅਤੇ (ਇਸ ਤੋਂ ਛੁੱਟ ਉਸ ਨੇ) ਕਈ ਹੋਰ ਚਿਹਨ-ਚੱਕਰ ਵੀ (ਸਥਾਪਨ ਕੀਤੇ ਹੋਏ ਹਨ) ਤੇ ਤਾਰਿਆਂ ਰਾਹੀਂ ਵੀ ਓਹ (ਲੋਕ) ਰਾਹ ਪ੍ਰਾਪਤ ਕਰਦੇ ਹਨ ।੧੭।

اَفَمَنْ يَّخْلُقُ كَمَنْ لَّا يَخْلُقُ ؕ اَفَلَا تَذَكَّرُوْنَ ﴿١٧﴾

ਸੋ (ਤੁਸੀਂ ਆਪ ਹੀ ਦੱਸੋ ਤਾਂ ਸਹੀ ਕਿ) ਕੀ ਜੋ ਰਚਨਹਾਰ ਹੈ, ਉਹ ਉਸ ਜਿਹਾ ਹੋ ਸਕਦਾ ਹੈ, ਜੋ (ਕੁਝ ਵੀ) ਰਚਨਾ ਰਚਾ ਨਹੀਂ ਸਕਦਾ । ਤੁਸੀਂ ਫੇਰ (ਵੀ) ਕਿਉਂ ਨਹੀਂ ਸਮਝਦੇ ? ।੧੮।

وَاِنْ تَعُدُّوْا نِعْمَةَ اللّٰهِ لَا تُحْصُوْهَا ؕ اِنَّ اللّٰهَ لَغَفُوْرٌ رَّحِيْمٌ ﴿١٨﴾

ਜੇ ਤੁਸੀਂ ਅੱਲਾਹ ਦੇ ਉਪਕਾਰ ਗਿਣਨ ਲੱਗੋ, ਤਾਂ ਤੁਸੀਂ (ਕਦੇ ਵੀ) ਓਹਨਾਂ ਦਾ ਅੰਤ ਨਹੀਂ ਪਾ ਸਕੋਗੇ । ਬੇਸ਼ੱਕ ਅੱਲਾਹ ਵੱਡਾ ਬਖ਼ਸ਼ਣਹਾਰ (ਤੇ) ਕਿਰਪਾ-ਨਿਧਾਨ ਹੈ ।੧੯।

وَاللّٰهُ يَعْلَمُ مَا تُسِرُّوْنَ وَمَا تُعْلِنُوْنَ ﴿١٩﴾

ਅਤੇ ਜੋ ਕੁਝ ਤੁਸੀਂ ਲੁਕਾਉਂਦੇ ਹੋ, ਜਾਂ ਪਰਗਟ ਕਰਦੇ ਹੋ, ਅੱਲਾਹ (ਸਭ) ਤੋਂ ਚੰਗੀ ਤਰ੍ਹਾਂ ਗਿਆਤ ਹੈ ।੨੦।

وَالَّذِيْنَ يَدْعُوْنَ مِنْ دُوْنِ اللّٰهِ لَا يَخْلُقُوْنَ شَيْـًٔا وَّهُمْ يُخْلَقُوْنَ ﴿٢٠﴾

ਅਤੇ ਓਹ ਲੋਕ ਅੱਲਾਹ ਤੋਂ ਛੁੱਟ ਜਿਨ੍ਹਾਂ (ਬਣਾਉਟੀ ਇਸ਼ਟਾਂ) ਦੀ ਪੂਜਾ ਕਰਦੇ ਹਨ, ਓਹ ਕੁਝ (ਵੀ) ਰਚਨਾ ਨਹੀਂ ਰਚਾ ਸਕਦੇ ਅਤੇ (ਇਸ ਤੋਂ ਵੀ ਵਧੀਕ ਇਹ ਗੱਲ ਹੈ ਕਿ) ਓਹ ਆਪ ਵੀ ਸਾਜੇ ਗਏ ਹਨ ।੨੧।

اَمْوَاتٌ غَيْرُ اَحْيَآءٍ ۚ وَمَا يَشْعُرُوْنَ ۙ اَيَّانَ يُبْعَثُوْنَ ﴿٢١﴾

ਓਹ (ਸਾਰੇ ਹੀ) ਨਿਰਜੀਵ ਹਨ, ਨਾ ਕਿ ਸੁਰਜੀਵ, ਅਰਥਾਤ ਓਹ (ਇਹ ਵੀ) ਨਹੀਂ ਜਾਣਦੇ ਕਿ ਓਹਨਾਂ ਨੂੰ (ਮੁੜ) ਕਦ ਉਠਾਇਆ ਜਾਏਗਾ ।੨੨।

(ਰਕੂਅ ੨)

اِلٰهُكُمْ اِلٰهٌ وَّاحِدٌ ۚ فَالَّذِيْنَ لَا يُؤْمِنُوْنَ بِالْاٰخِرَةِ قُلُوْبُهُمْ مُّنْكِرَةٌ وَّهُمْ مُّسْتَكْبِرُوْنَ ﴿٢٢﴾

(ਸੋ ਤੁਸੀਂ ਇਹ ਗੱਲ ਚੰਗੀ ਤਰ੍ਹਾਂ ਯਾਦ ਰੱਖੋ ਕਿ) ਤੁਹਾਡਾ ਇਸ਼ਟ ਇੱਕੋ ਇਕ (ਪ੍ਰਭੂ) ਹੀ ਹੈ ਅਤੇ ਜਿਨ੍ਹਾਂ ਲੋਕਾਂ ਨੂੰ ਕਿਆਮਤ ਤੇ ਨਿਸ਼ਚਾ ਨਹੀਂ ਹੈ, ਓਹਨਾਂ ਦੇ ਮਨ (ਸੱਚ ਤੋਂ) ਅਗਿਆਤ ਹਨ ਅਤੇ ਓਹ ਅਭਿਮਾਨ ਤੋਂ ਕੰਮ ਲੈ ਰਹੇ ਹਨ ।੨੩।

لَا جَرَمَ اَنَّ اللّٰهَ يَعْلَمُ مَا يُسِرُّوْنَ وَمَا يُعْلِنُوْنَ ۭ اِنَّهٗ لَا يُحِبُّ الْمُسْتَكْبِرِيْنَ ۝

ਇਹ ਪੱਕੀ ਗੱਲ ਹੈ ਕਿ ਜੋ ਕੁਝ ਓਹ ਲੋਕ ਗੁਪਤ (ਢੰਗ ਨਾਲ) ਕਰਦੇ ਹਨ, ਅੱਲਾਹ (ਉਸ ਦਾ ਵੀ) ਜਾਣਨਹਾਰ ਹੈ ਤੇ ਜੋ ਕੁਝ ਓਹ ਪਰਗਟ (ਢੰਗ ਨਾਲ) ਕਰਦੇ ਹਨ, ਉਸ ਦਾ ਵੀ ਅੱਲਾਹ ਜਾਣਨਹਾਰ ਹੈ। ਉਹ (ਪ੍ਰਭੂ) ਅਭਿਮਾਨੀਆਂ ਨੂੰ ਕਦੇ ਵੀ ਪਸੰਦ ਨਹੀਂ ਕਰਦਾ ।੨੪।

وَاِذَا قِيْلَ لَهُمْ مَّاذَآ اَنْزَلَ رَبُّكُمْ ۙ قَالُوْٓا اَسَاطِيْرُ الْاَوَّلِيْنَ ۝

ਅਤੇ ਜਦ ਓਹਨਾਂ ਨੂੰ ਇਹ ਕਿਹਾ ਜਾਂਦਾ ਹੈ (ਕਿ) ਉਹ (ਬਾਣੀ) ਜੋ ਤੁਹਾਡੇ ਸਾਜਨਹਾਰ ਤੇ ਪਾਲਨਹਾਰ ਨੇ ਉਤਾਰੀ ਹੈ, ਕੇਹੀ (ਸ਼ਾਨਦਾਰ) ਹੈ, ਤਾਂ ਓਹ ਇਹ ਕਹਿੰਦੇ ਹਨ (ਕਿ ਇਹ ਅੱਲਾਹ ਦੀ ਬਾਣੀ ਨਹੀਂ ਹੈ; ਸਗੋਂ) ਇਹ ਤਾਂ ਪਹਿਲੇ ਲੋਕਾਂ ਦੀਆਂ ਕਹਾਣੀਆਂ ਹਨ ।੨੫।

لِيَحْمِلُوْٓا اَوْزَارَهُمْ كَامِلَةً يَّوْمَ الْقِيٰمَةِ ۙ وَمِنْ اَوْزَارِ الَّذِيْنَ يُضِلُّوْنَهُمْ بِغَيْرِ عِلْمٍ ۭ اَلَا سَاۗءَ مَا يَزِرُوْنَ ۝ ع

(ਇਸ ਧੋਖੇਬਾਜ਼ੀ ਦਾ ਇਹ ਸਿੱਟਾ ਨਿਕਲੇਗਾ ਕਿ) ਓਹ ਕਿਆਮਤ ਦੇ ਦਿਹਾੜੇ ਆਪਣੇ ਭਾਰ ਵੀ (ਪੂਰੇ) ਪੂਰੇ ਚੁੱਕਣਗੇ ਅਤੇ ਏਹਨਾਂ ਅਗਿਆਨੀਆਂ ਦਾ ਭਾਰ ਵੀ ਓਹਨਾਂ ਨੂੰ ਹੀ ਚੁੱਕਣਾ ਪਏਗਾ, ਜਿਨ੍ਹਾਂ ਨੂੰ ਓਹ ਕੁਰਾਹੇ ਪਾ ਰਹੇ ਹਨ। ਸੁਣੋ ! ਜੋ ਭਾਰ ਓਹ ਚੁੱਕ ਰਹੇ ਹਨ, ਉਹ ਵੱਡਾ ਭੈੜਾ ਹੈ ।੨੬।

(ਰਕੂਅ ੩)

قَدْ مَكَرَ الَّذِيْنَ مِنْ قَبْلِهِمْ فَاَتَى اللّٰهُ بُنْيَانَهُمْ مِّنَ الْقَوَاعِدِ فَخَرَّ عَلَيْهِمُ السَّقْفُ مِنْ فَوْقِهِمْ وَاَتٰىهُمُ الْعَذَابُ مِنْ حَيْثُ لَا يَشْعُرُوْنَ ۝

ਜੋ ਲੋਕ ਓਹਨਾਂ ਤੋਂ ਪਹਿਲਾਂ ਸਨ, ਓਹਨਾਂ ਨੇ (ਵੀ ਆਪੋ ਆਪਣੇ ਸਮੇਂ ਦੇ ਨਬੀਆਂ ਦੇ ਵਿਰੁੱਧ) ਕਈ ਗੋਂਦਾਂ ਗੁੰਦੀਆਂ ਸਨ, ਜਿਨ੍ਹਾਂ ਦੇ ਸਿੱਟੇ ਵਿਚ ਅੱਲਾਹ ਓਹਨਾਂ ਦੀਆਂ (ਗੋਂਦਾਂ ਦੀਆਂ) ਇਮਾਰਤਾਂ ਦੀਆਂ ਨੀਂਹਾਂ ਵੱਲੋਂ—(ਓਹਨਾਂ ਨੂੰ ਨਸ਼ਟ ਕਰਨ ਲਈ) ਆਇਆ ਸੀ, ਜਿਸ ਕਰਕੇ ਓਹਨਾਂ ਉੱਤੇ ਛੱਤਾਂ ਆ ਡਿੱਗੀਆਂ ਸਨ, ਅਰਥਾਤ (ਉਸ ਦਾ ਇਹ) ਕਸ਼ਟ ਓਹਨਾਂ ਉੱਤੇ ਅਜਿਹੇ ਰਾਹ ਤੋਂ ਆਇਆ ਸੀ, ਜਿਸ ਨੂੰ ਓਹ ਜਾਣਦੇ ਵੀ ਨਹੀਂ ਸਨ ।੨੭।

ثُمَّ يَوْمَ الْقِيٰمَةِ يُخْزِيْهِمْ وَيَقُوْلُ اَيْنَ شُرَكَآءِيَ الَّذِيْنَ كُنْتُمْ تُشَآقُّوْنَ فِيْهِمْ ۭ قَالَ الَّذِيْنَ اُوْتُوا الْعِلْمَ اِنَّ الْخِزْيَ الْيَوْمَ وَالسُّوْۗءَ عَلَي الْكٰفِرِيْنَ ۝۲۷

ਫੇਰ ਉਹ ਕਿਆਮਤ ਦੇ ਦਿਹਾੜੇ ਓਹਨਾਂ ਨੂੰ ਹੀਣਾ ਕਰੇਗਾ ਤੇ ਇਹ ਕਹੇਗਾ ਕਿ (ਹੁਣ) ਕਿੱਥੇ ਹਨ (ਤੁਹਾਡੇ ਆਪੇ ਘੜੇ) ਮੇਰੇ ਓਹ ਸ਼ਰੀਕ, ਜਿਨ੍ਹਾਂ ਦੇ ਕਾਰਣ ਤੁਸੀਂ (ਮੇਰੇ ਨਬੀਆਂ ਨਾਲ) ਵੈਰ ਕਮਾਉਂਦੇ ਤੇ ਵਿਰੋਧ ਕਰਦੇ ਸੀ, (ਅਰਥਾਤ) ਜਿਨ੍ਹਾਂ ਨੂੰ ਇਸ ਦਾ ਗਿਆਨ ਦਿੱਤਾ ਗਿਆ ਹੈ, ਓਹ (ਉਸ ਸਮੇਂ) ਇਹ ਆਖਣਗੇ ਕਿ ਅੱਜ ਇਨਕਾਰੀਆਂ ਉੱਤੇ ਨਿਰਸੰਦੇਹ ਹੀਣਤਾ ਤੇ ਬਿਪਤਾ (ਆਉਣ ਵਾਲੀ) ਹੈ ।੨੮।

الَّذِيْنَ تَتَوَفّٰىهُمُ الْمَلٰۗىِٕكَةُ ظَالِمِيْٓ اَنْفُسِهِمْ ۠ فَاَلْقَوُا السَّلَمَ مَا كُنَّا نَعْمَلُ مِنْ سُوْۗءٍ ۭ بَلٰٓى اِنَّ اللّٰهَ عَلِيْمٌۢ بِمَا كُنْتُمْ تَعْمَلُوْنَ ۝۲۸

(ਓਹਨਾਂ ਇਨਕਾਰੀਆਂ ਉੱਤੇ) ਜਿਨ੍ਹਾਂ ਦੇ ਪ੍ਰਾਣਾਂ ਨੂੰ ਜਮਦੂਤ ਉਸ ਸਮੇਂ—ਜਦ ਕਿ ਓਹ ਆਪਣੇ ਆਪ ਉੱਤੇ ਜ਼ੁਲਮ ਕਮਾ ਰਹੇ ਹੁੰਦੇ ਹਨ—ਕੱਢਦੇ ਹਨ; ਤਾਂ ਓਹ (ਇਹ ਕਹਿ ਕੇ) ਸੁਲਹ ਦੀ ਅਭਿਲਾਖਾ ਕਰਦੇ ਹਨ (ਕਿ) ਅਸੀਂ ਤਾਂ ਕੋਈ (ਵੀ) ਬੁਰਾਈ (ਦਾ ਕੰਮ) ਨਹੀਂ ਕ਼ੀਤਾ ਕਰਦੇ ਸੀ । (ਤਾਂ ਓਹਨਾਂ ਨੂੰ ਇਹ ਕਿਹਾ ਜਾਏਗਾ ਕਿ) ਇਹ ਇਸ ਤਰ੍ਹਾਂ ਨਹੀਂ ਹੈ; ਸਗੋਂ (ਇਸ ਦੇ ਉੱਕਾ ਹੀ ਉਲਟ ਹੈ । ਯਾਦ ਰੱਖੋ ਕਿ) ਜੋ ਕੁਝ ਤੁਸੀਂ ਕਰਦੇ ਸੀ, ਅੱਲਾਹ ਉਸ ਦਾ ਜਾਣਨਹਾਰ ਹੈ ।੨੯।

فَادْخُلُوْٓا اَبْوَابَ جَهَنَّمَ خٰلِدِيْنَ فِيْهَا ۭ فَلَبِئْسَ مَثْوَى الْمُتَكَبِّرِيْنَ ۝۲۹

ਇਸ ਲਈ (ਹੁਣ) ਤੁਸੀਂ ਨਰਕ ਦੇ ਦਰਵਾਜ਼ਿਆਂ ਥਾਣੀਂ (ਉਸ ਵਿਚ ਲੰਮੇ ਸਮੇਂ ਦਾ ਟਿਕਾਣਾ ਬਣਾਉਂਦੇ ਹੋਏ) ਚਲੇ ਜਾਓ; ਕਿਉਂਕਿ ਅਭਿਮਾਨੀਆਂ ਦਾ ਟਿਕਾਣਾ ਵੱਡਾ ਭੈੜਾ (ਹੁੰਦਾ) ਹੈ ।੩੦।

وَقِيْلَ لِلَّذِيْنَ اتَّقَوْا مَاذَآ اَنْزَلَ رَبُّكُمْ ۭ قَالُوْا خَيْرًا ۭ لِلَّذِيْنَ اَحْسَنُوْا فِيْ هٰذِهِ الدُّنْيَا حَسَنَةٌ ۭ وَلَدَارُ

ਅਤੇ (ਜਦ) ਸੰਜਮੀਆਂ ਨੂੰ ਇਹ ਕਿਹਾ ਗਿਆ ਸੀ ਕਿ ਤੁਹਾਡੇ ਸਾਜਨਹਾਰ ਤੇ ਪਾਲਨਹਾਰ ਨੇ ਕੋਹੀ (ਸ਼ਾਨਦਾਰ ਬਾਣੀ) ਉਤਾਰੀ ਹੈ (ਤਾਂ) ਓਹਨਾਂ ਨੇ ਇਹ ਕਿਹਾ ਸੀ ਕਿ (ਹਾਂ, ਹਾਂ ਕੋਹੀ) ਸੋਹਣੀ (ਬਾਣੀ) ਹੈ । ਜੋ ਭਲੇ ਪੁਰਖ ਹਨ, ਓਹਨਾਂ ਲਈ ਇਸ ਲੋਕ (ਦੇ ਜੀਵਨ) ਵਿਚ (ਵੀ) ਭਲਾਈ (ਨੀਅਤ) ਹੈ

الْاٰخِرَةِ خَيْرٌ ۚ وَلَنِعْمَ دَارُ الْمُتَّقِيْنَ ﴿٣٠﴾

ਅਤੇ ਪਰਲੋਕ ਦਾ ਘਰ (ਤਾਂ ਓਹਨਾਂ ਵਾਸਤੇ) ਹੋਰ ਵੀ ਚੰਗਾ ਹੋਵੇਗਾ, ਅਰਥਾਤ ਸੰਜਮੀਆਂ ਦਾ ਘਰ ਤਾਂ ਨਿਰਸੰਦੇਹ ਵੱਡਾ ਚੰਗਾ (ਹੁੰਦਾ) ਹੈ ।੩੧।

جَنّٰتُ عَدْنٍ يَّدْخُلُوْنَهَا تَجْرِيْ مِنْ تَحْتِهَا الْاَنْهٰرُ لَهُمْ فِيْهَا مَا يَشَآءُوْنَ ۭ كَذٰلِكَ يَجْزِي اللّٰهُ الْمُتَّقِيْنَ ﴿٣١﴾

(ਉਹ ਘਰ) ਸਦਾ (ਦੇ ਵਾਸੇ) ਦੇ ਸਵਰਗ (ਹਨ), ਜਿਨ੍ਹਾਂ ਵਿਚ ਓਹ ਦਾਖ਼ਲ ਹੋਣਗੇ, ਓਹਨਾਂ (ਸਵਰਗਾਂ) ਹੇਠ ਨਹਿਰਾਂ ਵਗਦੀਆਂ ਹੋਣਗੀਆਂ, ਓਹਨਾਂ (ਸਵਰਗਾਂ) ਵਿਚ ਓਹ ਜੋ ਕੁਝ ਚਾਹੁਣਗੇ, ਓਹਨਾਂ ਨੂੰ ਪ੍ਰਾਪਤ ਹੋ ਜਾਇਆ ਕਰੇਗਾ । (ਯਾਦ ਰੱਖੋ ਕਿ) ਸੰਜਮੀਆਂ ਨੂੰ ਅੱਲਾਹ ਇਸੇ ਤਰ੍ਹਾਂ ਹੀ ਵਟਾਂਦਰਾ ਦਿਆ ਕਰਦਾ ਹੈ ।੩੨।

الَّذِيْنَ تَتَوَفّٰىهُمُ الْمَلٰۗىِٕكَةُ طَيِّبِيْنَ ۙ يَقُوْلُوْنَ سَلٰمٌ عَلَيْكُمُ ۙ ادْخُلُوا الْجَنَّةَ بِمَا كُنْتُمْ تَعْمَلُوْنَ ﴿٣٢﴾

(ਓਹਨਾਂ ਸੰਜਮੀਆਂ ਨੂੰ) ਜਿਨ੍ਹਾਂ ਦੇ ਪ੍ਰਾਣ ਫ਼ਰਿਸ਼ਤੇ ਉਸ ਹਾਲ ਵਿਚ ਕਿ ਓਹ ਨਿਰਮਲ ਹੁੰਦੇ ਹਨ, (ਇਹ) ਕਹਿੰਦੇ ਹੋਏ ਕੱਢਦੇ ਹਨ ਕਿ (ਹੁਣ) ਤੁਹਾਡੇ ਲਈ ਸਲਾਮਤੀ (ਹੀ ਸਲਾਮਤੀ) ਹੈ । (ਲਓ ਤੁਸੀਂ ਹੁਣ ਆਪਣੇ ਭਲੇ) ਕਰਮਾਂ ਦੇ ਵਟਾਂਦਰੇ ਵਿਚ ਸਵਰਗ ਵਿਚ ਚਲੇ ਜਾਓ ।੩੩।

هَلْ يَنْظُرُوْنَ اِلَّآ اَنْ تَاْتِيَهُمُ الْمَلٰۗىِٕكَةُ اَوْ يَاْتِيَ اَمْرُ رَبِّكَ ۭ كَذٰلِكَ فَعَلَ الَّذِيْنَ مِنْ قَبْلِهِمْ ۭ وَمَا ظَلَمَهُمُ اللّٰهُ وَلٰكِنْ كَانُوْٓا اَنْفُسَهُمْ يَظْلِمُوْنَ ﴿٣٣﴾

ਏਹ (ਇਨਕਾਰੀ ਲੋਕ) ਇਸ ਗੱਲ ਤੋਂ ਛੁੱਟ ਹੋਰ ਕਿਸ ਦੀ ਉਡੀਕ ਕਰ ਰਹੇ ਹਨ ਕਿ ਫ਼ਰਿਸ਼ਤੇ ਓਹਨਾਂ ਵਲ (ਅਰਸ਼ੀ ਦੰਡ ਲੈ ਕੇ) ਆਉਣ, ਜਾਂ ਤੇਰੇ ਸਾਜਨਹਾਰ ਤੇ ਪਾਲਨਹਾਰ ਦਾ (ਨਿਆਂ ਪੂਰਬਕ ਫ਼ੈਸਲਾ ਕਰਨ ਵਾਲਾ) ਹੁਕਮ ਆ ਜਾਏ । ਇਸੇ ਤਰ੍ਹਾਂ ਏਹਨਾਂ ਤੋਂ ਪਹਿਲੇ (ਜੁਗਾਂ ਵਿਚ) ਹੋਏ ਲੋਕਾਂ ਨੇ ਵੀ ਕੀਤਾ ਸੀ । ਅੱਲਾਹ ਨੇ ਓਹਨਾਂ ਉੱਤੇ ਕੋਈ ਜ਼ੁਲਮ ਨਹੀਂ ਕੀਤਾ ਸੀ; ਸਗੋਂ ਓਹ ਆਪ ਹੀ ਆਪਣੇ ਆਪ ਉੱਤੇ ਜ਼ੁਲਮ ਕੀਤਾ ਕਰਦੇ ਸਨ ।੩੪।

فَاَصَابَهُمْ سَيِّاٰتُ مَا عَمِلُوْا وَحَاقَ بِهِمْ مَّا كَانُوْا بِهٖ يَسْتَهْزِءُوْنَ ﴿٣٤﴾ ع ١٠

ਸੋ ਓਹਨਾਂ ਦੀਆਂ ਕਰਤੂਤਾਂ ਹੀ ਓਹਨਾਂ ਨੂੰ ਭਰ-ਨੀਆਂ ਪਈਆਂ ਸਨ, ਅਰਥਾਤ ਜਿਸ (ਦੰਡ ਦੀ ਖ਼ਬਰ) ਦਾ ਓਹ ਮਖ਼ੌਲ ਉਡਾਇਆ ਕਰਦੇ ਸਨ, ਉਸ ਨੇ ਓਹਨਾਂ ਨੂੰ ਘੇਰ ਲਿਆ ਸੀ (ਤੇ ਨਸ਼ਟ ਕਰ ਦਿੱਤਾ ਸੀ) ।੩੫। (ਰਕੂਅ ੪)

وَقَالَ الَّذِيْنَ اَشْرَكُوْا لَوْ شَآءَ اللّٰهُ مَا عَبَدْنَا مِنْ دُوْنِهٖ مِنْ شَيْءٍ نَّحْنُ وَلَآ اٰبَآؤُنَا وَلَا حَرَّمْنَا مِنْ دُوْنِهٖ مِنْ شَيْءٍ ؕ كَذٰلِكَ فَعَلَ الَّذِيْنَ مِنْ قَبْلِهِمْ ۚ فَهَلْ عَلَى الرُّسُلِ اِلَّا الْبَلٰغُ الْمُبِيْنُ ﴿٣٦﴾

ਅਤੇ ਜਿਨ੍ਹਾਂ ਲੋਕਾਂ ਨੇ ਅੱਲਾਹ ਦੀ ਬਰਾਬਰੀ ਦੂਜੀਆਂ ਚੀਜ਼ਾਂ ਨੂੰ ਦਿੱਤੀ ਹੋਈ ਹੈ, ਓਹ (ਇਹ ਵੀ) ਕਹਿੰਦੇ ਹਨ ਕਿ ਜੇ ਅੱਲਾਹ (ਏਹੋ ਹੀ) ਚਾਹੁੰਦਾ (ਕਿ ਉਸ ਤੋਂ ਛੁੱਟ ਕਿਸੇ ਹੋਰ ਵਿਅਕਤੀ ਦੀ ਪੂਜਾ ਨਾ ਕੀਤੀ ਜਾਏ), ਤਾਂ ਨਾ ਅਸੀਂ (ਹੀ) ਉਸ ਤੋਂ ਛੁੱਟ ਕਿਸੇ ਹੋਰ ਚੀਜ਼ ਦੀ ਪੂਜਾ ਕਰਦੇ ਤੇ ਨਾ ਹੀ ਸਾਡੇ ਪਿਉ-ਦਾਦੇ (ਹੀ) ਅਜਿਹਾ ਕਰ ਸਕਦੇ, ਅਰਥਾਤ ਨਾ (ਹੀ) ਅਸੀਂ ਉਸ ਦੇ (ਹੁਕਮ ਤੋਂ) ਬਿਨਾਂ ਕਿਸੇ ਚੀਜ਼ ਨੂੰ (ਆਪਣੇ ਆਪ) ਹਰਾਮ ਸਮਝਦੇ। ਜੋ (ਲੋਕ) ਓਹਨਾਂ ਤੋਂ ਪਹਿਲਾਂ (ਸੱਚਾਈ ਦੇ ਵੈਰੀ) ਸਨ, ਓਹਨਾਂ ਨੇ (ਵੀ) ਅਜਿਹਾ ਹੀ ਕੀਤਾ ਸੀ, ਭਲਾ (ਓਹ ਇੰਨਾ ਵੀ ਨਹੀਂ ਸੋਚਦੇ ਕਿ) ਰਸੂਲਾਂ ਦੇ ਜ਼ਿੰਮੇ (ਪ੍ਰਭੂ ਦਾ ਸੁਨੇਹਾ) ਲੋਕਾਂ ਤਕ ਪਹੁੰਚਾ ਦੇਣ ਤੋਂ ਛੁੱਟ (ਹੋਰ) ਕੋਈ ਜ਼ਿੰਮੇਦਾਰੀ ਨਹੀਂ (ਹੁੰਦੀ) ।੩੬।

وَلَقَدْ بَعَثْنَا فِيْ كُلِّ اُمَّةٍ رَّسُوْلًا اَنِ اعْبُدُوا اللّٰهَ وَاجْتَنِبُوا الطَّاغُوْتَ ۚ فَمِنْهُمْ مَّنْ هَدَى اللّٰهُ وَمِنْهُمْ مَّنْ حَقَّتْ عَلَيْهِ الضَّلٰلَةُ ؕ فَسِيْرُوْا فِي الْاَرْضِ فَانْظُرُوْا كَيْفَ كَانَ عَاقِبَةُ الْمُكَذِّبِيْنَ ﴿٣٧﴾

ਅਰਥਾਤ ਬੇਸ਼ੱਕ ਅਸੀਂ ਹਰੇਕ ਜਾਤੀ ਵਿਚ (ਕੋਈ ਨਾ ਕੋਈ) ਰਸੂਲ (ਇਹ ਹੁਕਮ ਦੇ ਕੇ) ਭੇਜਿਆ ਹੈ ਕਿ (ਹੇ ਲੋਕੋ !) ਤੁਸੀਂ ਅੱਲਾਹ ਦੀ ਹੀ ਬੰਦਗੀ ਕਰਦੇ ਰਿਹਾ ਕਰੋ ਅਤੇ ਹੱਦੋਂ ਟੱਪਣ ਵਾਲਿਆਂ[1] ਤੋਂ ਅੱਡ ਰਿਹਾ ਕਰੋ। ਇਸ ਤੇ ਓਹਨਾਂ ਵਿੱਚੋਂ ਕਈ (ਤਾਂ) ਅਜੇਹੇ (ਵੱਡੇ ਚੰਗੇ ਸਿਧ) ਹੋਏ ਸਨ ਕਿ ਅੱਲਾਹ ਨੇ ਓਹਨਾਂ ਨੂੰ ਸੁਮਾਰਗ ਵਲ ਲਾ ਦਿੱਤਾ ਸੀ, ਪਰ ਕਈ ਅਜੇਹੇ (ਹੋਏ ਸਨ) ਕਿ ਓਹਨਾਂ ਉੱਤੇ ਤਬਾਹੀ ਆ ਗਈ ਸੀ। ਸੋ ਤੁਸੀਂ (ਸਾਰੇ) ਜਗ ਦਾ ਰਟਨ ਕਰ ਕੇ ਵੇਖ ਲਓ ਕਿ ਸਾਡੇ ਨਬੀਆਂ ਦੇ ਨਿੰਦਕਾਂ ਦਾ ਕੇਹਾ (ਭਿਆਨਕ) ਅੰਤ ਹੋਇਆ ਸੀ ।੩੭।

[1]ਅਰਬੀ ਭਾਸ਼ਾ ਵਿਚ "ਤਾਗ਼ੂਤ" ਦਾ ਅਰਥ ਬਾਗ਼ੀ ਹੈ, ਅਰਥਾਤ ਜੋ ਲੋਕਾਂ ਨੂੰ ਭਲਾਈ ਦੇ ਮਾਰਗ ਤੋਂ ਹਟਾਉਣ ਦਾ ਜਤਨ ਕਰੇ।

اِنْ تَحْرِصْ عَلٰى هُدٰىهُمْ فَاِنَّ اللّٰهَ لَا يَهْدِىْ مَنْ يُّضِلُّ وَمَا لَهُمْ مِّنْ نّٰصِرِيْنَ ﴿٣٧﴾

(ਹੇ ਰਸੂਲ !) ਜੇ ਤੂੰ ਓਹਨਾਂ (ਲੋਕਾਂ) ਦੇ ਸੁਮਾਰਗ ਪ੍ਰਾਪਤ ਕਰਨ ਦਾ ਵੱਡਾ ਚਾਹਵਾਨ ਹੈਂ, ਤਾਂ (ਸਮਝ ਲੈ ਕਿ) ਜੋ ਲੋਕ (ਜਾਣ ਬੁਝ ਕੇ) ਦੂਜਿਆਂ ਨੂੰ ਕੁਰਾਹੇ ਪਾ ਰਹੇ ਹਨ, ਓਹਨਾਂ ਨੂੰ ਅੱਲਾਹ ਕਦੇ ਵੀ ਸੁਮਾਰਗ ਵਲ ਨਹੀਂ ਲਾਉਂਦਾ ਤੇ ਨਾ ਓਹਨਾਂ ਦਾ ਕੋਈ ਸਹਾਇਕ ਹੀ ਹੁੰਦਾ ਹੈ ।੩੮।

وَاَقْسَمُوْا بِاللّٰهِ جَهْدَ اَيْمَانِهِمْ لَا يَبْعَثُ اللّٰهُ مَنْ يَّمُوْتُ بَلٰى وَعْدًا عَلَيْهِ حَقًّا وَّلٰكِنَّ اَكْثَرَ النَّاسِ لَا يَعْلَمُوْنَ ﴿٣٨﴾

ਅਤੇ ਓਹਨਾਂ ਨੇ ਅੱਲਾਹ ਦੀਆਂ ਵੱਡੀਆਂ ਜ਼ੋਰਦਾਰ ਕਸਮਾਂ ਚੁੱਕੀਆਂ ਹੋਈਆਂ ਹਨ (ਕਿ) ਜੋ (ਪ੍ਰਾਣੀ) ਮਰ ਜਾਂਦਾ ਹੈ, ਅੱਲਾਹ ਉਸ ਨੂੰ ਮੁੜ (ਕਦੇ ਵੀ) ਸੁਰਜੀਤ ਨਹੀਂ ਕਰੇਗਾ । (ਪਰ ਅਸਲੀਅਤ) ਇਹ ਨਹੀਂ ਹੈ । ਇਹ ਤਾਂ (ਇਕ ਅਜਿਹਾ) ਬਚਨ ਹੈ ਕਿ ਜਿਸ ਦੇ (ਪੂਰਾ ਕਰਨ) ਦਾ ਉਹ (ਪ੍ਰਭੂ) ਜ਼ਿੰਮੇਵਾਰ ਹੈ । ਹਾਂ, ਵਧੇਰੇ ਲੋਕ ਇਸ (ਅਸਲੀਅਤ) ਨੂੰ ਨਹੀਂ ਜਾਣਦੇ ।੩੯।

لِيُبَيِّنَ لَهُمُ الَّذِىْ يَخْتَلِفُوْنَ فِيْهِ وَلِيَعْلَمَ الَّذِيْنَ كَفَرُوْٓا اَنَّهُمْ كَانُوْا كٰذِبِيْنَ ﴿٣٩﴾

(ਇਹ ਮੁੜ ਜੀਵਨ ਇਸ ਲਈ ਦਿੱਤਾ ਜਾਏਗਾ ਕਿ) ਤਾਂ ਜੁ ਓਹ ਓਹਨਾਂ ਉੱਤੇ ਇਸ (ਅਸਲੀਅਤ) ਨੂੰ ਪਰਗਟ ਕਰ ਸਕੇ, ਜਿਸ ਬਾਰੇ ਓਹ (ਅੱਜ ਕਲ) ਮਤਿਭੇਦ ਕਰ ਰਹੇ ਹਨ, ਅਰਥਾਤ ਜੋ ਲੋਕ ਇਨਕਾਰੀ ਹਨ, ਓਹਨਾਂ ਨੂੰ ਇਹ ਪਤਾ ਲਗ ਜਾਏ ਕਿ ਓਹ ਕੂੜਿਆਰ ਸਨ ।੪੦।

اِنَّمَا قَوْلُنَا لِشَىْءٍ اِذَآ اَرَدْنٰهُ اَنْ نَّقُوْلَ لَهٗ كُنْ فَيَكُوْنُ ﴿٤٠﴾

ਸਾਡਾ ਕੰਮ ਕਿਸੇ (**ਅਜਿਹਾ**) ਚੀਜ਼ ਬਾਰੇ ਜਿਸ (ਦੇ ਕਰਨ) ਦੀ ਅਸੀਂ ਇੱਛਾ ਕਰੀਏ, ਕੇਵਲ ਇਹ ਹੁੰਦਾ ਹੈ ਕਿ ਅਸੀਂ ਉਸ ਬਾਰੇ ਇਹ ਕਹਿ ਦਿੰਦੇ ਹਾਂ ਕਿ ਹੋ ਜਾ, ਤਾਂ ਉਹ ਹੋਂਦ ਵਿਚ ਆ ਜਾਂਦੀ ਹੈ ।੪੧।

(ਰਕੂਅ ੫)

وَالَّذِيْنَ هَاجَرُوْا فِى اللّٰهِ مِنْۢ بَعْدِ مَا ظُلِمُوْا لَنُبَوِّئَنَّهُمْ

ਅਤੇ ਜਿਨ੍ਹਾਂ ਲੋਕਾਂ ਨੇ, ਇਸ ਦੇ ਮਗਰੋਂ ਕਿ ਓਹਨਾਂ ਉੱਤੇ ਜ਼ੁਲਮ ਕੀਤਾ ਗਿਆ ਸੀ, ਅੱਲਾਹ ਵਾਸਤੇ ਦੇਸ-ਨਿਕਾਲਾ ਪਰਵਾਨ ਕੀਤਾ ਹੈ, (ਸਾਨੂੰ ਆਪਣੇ ਆਪ ਦੀ ਕਸਮ ਹੈ ਕਿ) ਅਸੀਂ ਓਹਨਾਂ ਨੂੰ ਜ਼ਰੂਰ ਇਸ ਲੋਕ ਵਿਚ ਚੰਗੀ ਥਾਂ ਦਿਆਂਗੇ ਅਤੇ (ਓਹਨਾਂ ਲਈ)

فِي الدُّنْيَا حَسَنَةً ۚ وَلَأَجْرُ الْآخِرَةِ أَكْبَرُ ۚ لَوْ كَانُوا يَعْلَمُونَ ﴿٤١﴾

ਪਰਲੋਕ ਦਾ ਵਟਾਂਦਰਾ ਤਾਂ ਹੋਰ ਵੀ ਚੰਗਾ ਹੋਵੇਗਾ। ਕਾਸ਼, ਇਹ (ਇਨਕਾਰੀ ਇਸ ਅਸਲੀਅਤ ਨੂੰ) ਸਮਝ ਜਾਂਦੇ ।੪੨।

الَّذِينَ صَبَرُوا وَعَلَىٰ رَبِّهِمْ يَتَوَكَّلُونَ ﴿٤٢﴾

ਜੋ ਲੋਕ (ਜ਼ੁਲਮਾਂ ਦਾ ਨਿਸ਼ਾਨਾ ਬਣ ਕੇ ਵੀ) ਦ੍ਰਿੜ੍ਹ ਵਿਸ਼ਵਾਸੀ ਰਹੇ ਹਨ, ਅਰਥਾਤ (ਜੋ ਸਦਾ ਹੀ) ਆਪਣੇ ਸਾਜਨਹਾਰ ਤੇ ਪਾਲਨਹਾਰ ਤੇ ਭਰੋਸਾ ਕਰਦੇ ਹਨ ।੪੩।

وَمَا أَرْسَلْنَا مِن قَبْلِكَ إِلَّا رِجَالًا نُّوحِي إِلَيْهِمْ ۚ فَاسْأَلُوا أَهْلَ الذِّكْرِ إِن كُنتُمْ لَا تَعْلَمُونَ ﴿٤٣﴾

ਅਤੇ ਅਸੀਂ ਤੈਥੋਂ ਪਹਿਲਾਂ (ਵੀ ਸਦਾ) ਪੁਰਖਾਂ ਨੂੰ ਹੀ ਆਪਣੇ ਰਸੂਲ ਥਾਪ ਕੇ ਭੇਜਿਆ ਕਰਦੇ ਸੀ (ਅਤੇ) ਅਸੀਂ ਓਹਨਾਂ ਉੱਤੇ ਅਕਾਸ਼ ਬਾਣੀ ਉਤਾਰਿਆ ਕਰਦੇ ਸੀ, ਅਰਥਾਤ (ਹੇ ਇਨਕਾਰੀਓ !) ਜੇ ਤੁਸੀਂ (ਇਸ ਅਸਲੀਅਤ ਤੋਂ) ਅਗਿਆਤ ਹੋ, ਤਾਂ ਉਸ (ਅੱਲਾਹ ਦੇ ਭੇਜੇ ਹੋਏ) ਉਪਦੇਸ਼ (ਨੂੰ ਮੰਨਣ) ਵਾਲਿਆਂ ਤੋਂ (ਹੀ) ਪੁੱਛ ਕੇ ਵੇਖ ਲਓ, (ਤਾਂ ਜੁ ਤੁਹਾਨੂੰ ਅਸਲੀਅਤ ਦਾ ਪਤਾ ਲਗ ਸਕੇ) ।੪੪।

بِالْبَيِّنَاتِ وَالزُّبُرِ ۗ وَأَنزَلْنَا إِلَيْكَ الذِّكْرَ لِتُبَيِّنَ لِلنَّاسِ مَا نُزِّلَ إِلَيْهِمْ وَلَعَلَّهُمْ يَتَفَكَّرُونَ ﴿٤٤﴾

ਅਸੀਂ ਓਹਨਾਂ ਨੂੰ ਸਪਸ਼ਟ ਚਮਤਕਾਰ ਤੇ (ਇਲਹਾਮੀ) ਲਿਖਤਾਂ ਦੇ ਕੇ (ਭੇਜਿਆ ਸੀ) ਅਤੇ ਤੇਰੇ ਉੱਤੇ ਅਸੀਂ ਇਹ (ਪੂਰਨ) ਉਪਦੇਸ਼ ਉਤਾਰਿਆ ਹੈ; ਤਾਂ ਜੁ ਤੂੰ ਸਾਰੇ ਲੋਕਾਂ ਨੂੰ ਉਹ (ਰੱਬੀ ਹੁਕਮ) ਜੋ (ਤੇਰੇ ਰਾਹੀਂ) ਓਹਨਾਂ ਵਲ ਉਤਾਰਿਆ ਗਿਆ ਹੈ, ਵਿਸਥਾਰ ਨਾਲ ਸੁਣਾ ਦੇ ਤੇ ਓਹ (ਇਸ ਤੇ) ਵੀਚਾਰ ਕਰ ਸਕਣ ।੪੫।

أَفَأَمِنَ الَّذِينَ مَكَرُوا السَّيِّئَاتِ أَن يَخْسِفَ اللَّهُ بِهِمُ الْأَرْضَ أَوْ يَأْتِيَهُمُ الْعَذَابُ مِنْ حَيْثُ لَا يَشْعُرُونَ ﴿٤٥﴾

ਸੋ ਕੀ ਜੋ ਲੋਕ (ਤੇਰੇ ਵਿਰੁਧ) ਭੈੜੀਆਂ ਗੋਂਦਾਂ ਗੁੰਦਦੇ ਚਲੇ ਆ ਰਹੇ ਹਨ, ਓਹ ਇਸ ਗੱਲੋਂ ਬਚੇ ਹੋਏ ਹਨ ਕਿ ਅੱਲਾਹ ਓਹਨਾਂ ਨੂੰ ਇਸ ਦੇਸ ਵਿਚ (ਹੀ) ਬੇਪਤ (ਤੇ ਹੀਣਾ) ਕਰ ਦੇਵੇ, ਜਾਂ ਉਹ ਕਸ਼ਟ (ਜਿਸ ਦੀ ਖ਼ਬਰ ਦਿੱਤੀ ਜਾ ਚੁੱਕੀ ਹੈ) ਓਹਨਾਂ ਉੱਤੇ (ਉਸ ਰਾਹੋਂ) ਆ ਜਾਏ, ਜਿਸ ਦਾ ਓਹਨਾਂ ਨੂੰ ਕੋਈ ਥਹੁ-ਪਤਾ ਹੀ ਨਹੀਂ ।੪੬।

اَوْ يَاْخُذَهُمْ فِيْ تَقَلُّبِهِمْ فَمَا هُمْ بِمُعْجِزِيْنَ ﴿٤٧﴾

ਜਾਂ ਉਹ ਓਹਨਾਂ ਨੂੰ ਸਫ਼ਰਾਂ ਵਿਚ ਹੀ ਨਸ਼ਟ ਕਰ ਦੇਵੇ । ਸੋ (ਓਹ ਇਹ ਯਾਦ ਰੱਖਣ ਕਿ) ਓਹ (ਅੱਲਾਹ ਨੂੰ ਏਹਨਾਂ ਗੱਲਾਂ ਦੇ ਪੂਰਾ ਕਰਨ ਤੋਂ ਕਦੇ ਵੀ) ਅਸਮਰਥ ਨਹੀਂ ਕਰ ਸਕਣਗੇ ।੪੭।

اَوْ يَاْخُذَهُمْ عَلٰى تَخَوُّفٍ ۚ فَاِنَّ رَبَّكُمْ لَرَءُوْفٌ رَّحِيْمٌ ﴿٤٨﴾

ਜਾਂ ਉਹ ਓਹਨਾਂ ਨੂੰ ਹੌਲੇ ਹੌਲੇ ਘਟਾ ਕੇ (ਉੱਕਾ ਹੀ) ਨਸ਼ਟ ਕਰ ਦੇਵੇ; ਕਿਉਂਕਿ ਤੁਹਾਡਾ ਸਾਜਨਹਾਰ ਤੇ ਪਾਲਨਹਾਰ (ਸ਼ਰਧਾਲੂਆਂ ਲਈ) ਵੱਡਾ ਮਿਹਰਬਾਨ (ਤੇ) ਕਿਰਪਾ-ਨਿਧਾਨ ਹੈ ।੪੮।

اَوَلَمْ يَرَوْا اِلٰى مَا خَلَقَ اللّٰهُ مِنْ شَيْءٍ يَّتَفَيَّؤُا ظِلٰلُهٗ عَنِ الْيَمِيْنِ وَالشَّمَآئِلِ سُجَّدًا لِّلّٰهِ وَهُمْ دٰخِرُوْنَ ﴿٤٩﴾

ਅਤੇ ਕੀ ਇਸ ਦੇ ਹੁੰਦਿਆਂ ਕਿ ਓਹ ਹੀਣੇ ਹੋ ਰਹੇ ਹਨ, ਓਹਨਾਂ ਨੇ (ਕਦੇ) ਅੱਲਾਹ ਦੇ ਹਜ਼ੂਰ (ਵੱਡੀ ਨਿਮਰਤਾ ਨਾਲ) ਝੁਕਦਿਆਂ ਹੋਇਆਂ—ਜੋ ਕੁਝ (ਵੀ) ਅੱਲਾਹ ਨੇ (ਓਹਨਾਂ ਵਾਸਤੇ) ਸਾਜਿਆ ਹੈ—ਡੂੰਘੀ ਨਜ਼ਰ ਨਾਲ ਨਹੀਂ ਵੇਖਿਆ ਕਿ ਉਸ ਦੇ ਪ੍ਰਛਾਵੇਂ ਸੱਜੇ ਪਾਸਿਓਂ ਤੇ ਉੱਤਰੀ ਪਾਸਿਓਂ ਇਧਰ ਓਧਰ ਹੋ ਰਹੇ ਹਨ । (ਸੋ ਇਸੇ ਤਰ੍ਹਾਂ ਹਜ਼ਰਤ "ਮੁਹੰਮਦ" ਸਾਹਿਬ ਦਾ ਪ੍ਰਭਾਵ ਵਧੇਗਾ ਤੇ ਓਹ ਇਨਕਾਰੀ ਹੀਣੇ[1] ਹੋ ਜਾਣਗੇ) ।੪੯।

وَلِلّٰهِ يَسْجُدُ مَا فِي السَّمٰوٰتِ وَمَا فِي الْاَرْضِ مِنْ دَآبَّةٍ وَّالْمَلٰٓئِكَةُ وَهُمْ لَا يَسْتَكْبِرُوْنَ ﴿٥٠﴾

ਅਤੇ ਸਾਰੇ ਅਕਾਸ਼ਾਂ ਵਿਚ (ਜੋ ਕੁਝ ਵੀ) ਹੈ, ਅਰਥਾਤ ਸਾਰੀ ਪ੍ਰਿਥਵੀ ਉੱਤੇ ਜਿੰਨੇ ਵੀ ਜੀਅ-ਜੰਤ (ਵਿਦਮਾਨ) ਹਨ ਤੇ (ਸਾਰੇ) ਫ਼ਰਿਸ਼ਤੇ ਵੀ ਅੱਲਾਹ ਦੀ ਹਜ਼ੂਰੀ ਹੀ ਝੁਕਦੇ ਰਹਿੰਦੇ ਹਨ, ਅਰਥਾਤ ਓਹ ਕਦੇ ਵੀ ਅਭਿਮਾਨ ਨਹੀਂ ਕਰਦੇ ।੫੦।

يَخَافُوْنَ رَبَّهُمْ مِّنْ فَوْقِهِمْ وَيَفْعَلُوْنَ مَا يُؤْمَرُوْنَ ﴿٥١﴾ ع

ਓਹ ਆਪਣੇ ਸਾਜਨਹਾਰ ਤੇ ਪਾਲਨਹਾਰ ਤੋਂ—ਜੋ ਓਹਨਾਂ ਉੱਤੇ ਪ੍ਰਬਲ ਹੈ—ਸਦਾ ਸਹਿਮੇ ਰਹਿੰਦੇ ਹਨ ਅਤੇ ਜਿਸ ਗੱਲ ਦਾ ਓਹਨਾਂ ਨੂੰ ਹੁਕਮ ਦਿੱਤਾ ਜਾਂਦਾ ਹੈ, ਓਹ (ਉਹੋ ਹੀ) ਕਰਦੇ ਰਹਿੰਦੇ ਹਨ ।੫੧।
(ਰਕੂਅ ੬)

---

[1]ਮੂਲ ਪਾਠ ਵਿਚ ਇਸ ਥਾ "ਵਹੁਮ ਦਾਖਿਰੂਨ" ਪਦ ਹਨ, ਅਰਥਾਤ ਇਨਕਾਰੀ ਹੀਣੇ ਹੋ ਜਾਣਗੇ । ਇਸ ਦਾ ਭਾਵ ਸਪਸ਼ਟ ਹੈ ਕਿ ਅੰਤ ਹਜ਼ਰਤ "ਮੁਹੰਮਦ" ਸਾਹਿਬ ਦਾ ਪ੍ਰਭਾਵ ਵਧੇਗਾ ਤੇ ਇਨਕਾਰੀ ਹੀਣੇ ਹੋ ਜਾਣਗੇ ।

وَقَالَ اللّٰهُ لَا تَتَّخِذُوْٓا اِلٰهَيْنِ اثْنَيْنِ ۚ اِنَّمَا هُوَ اِلٰهٌ وَّاحِدٌ ۚ فَاِيَّايَ فَارْهَبُوْنِ ﴿٥١﴾

ਅਤੇ ਅੱਲਾਹ ਨੇ (ਸਦਾ ਹਰੇਕ ਜਾਤੀ ਨੂੰ ਏਹੋ ਹੀ) ਫ਼ਰਮਾਇਆ ਹੈ (ਕਿ) ਤੁਸੀਂ ਦੋ ਇਸ਼ਟ ਨਾ ਬਣਾਇਆ ਕਰੋ। ਉਹ (ਸੱਚਾ ਇਸ਼ਟ) ਤਾਂ ਇੱਕੋ ਇਕ ਹੀ ਹੈ। ਸੋ ਤੁਸੀਂ ਮੈਥੋਂ ਹੀ ਡਰਦੇ ਰਿਹਾ ਕਰੋ। ਹਾਂ, ਹਾਂ, ਮੈਥੋਂ ਹੀ ਡਰਦੇ ਰਿਹਾ ਕਰੋ ।੫੨।

وَلَهٗ مَا فِي السَّمٰوٰتِ وَالْاَرْضِ وَلَهُ الدِّيْنُ وَاصِبًا ۭ اَفَغَيْرَ اللّٰهِ تَتَّقُوْنَ ﴿٥٢﴾

ਅਤੇ ਜੋ ਕੁਝ (ਵੀ) ਸਾਰੇ ਅਕਾਸ਼ਾਂ ਤੇ ਪਤਾਲਾਂ ਵਿਚ (ਵਿਦਮਾਨ) ਹੈ, ਉਹ ਸਭ ਉਸ ਦਾ ਹੀ ਹੈ ਅਤੇ ਆਗਿਆਕਾਰੀ ਸਦਾ ਉਸੇ ਦਾ ਹੀ ਅਧਿਕਾਰ ਹੈ। ਸੋ ਤੁਸੀਂ ਕਿਉਂ ਅੱਲਾਹ ਤੋਂ ਛੁੱਟ ਦੂਜੀਆਂ ਚੀਜ਼ਾਂ ਨੂੰ ਆਪਣੇ ਬਚਾਉ ਦਾ ਸਾਧਨ ਬਣਾਉਂਦੇ ਹੋ ? ।੫੩।

وَمَا بِكُمْ مِّنْ نِّعْمَةٍ فَمِنَ اللّٰهِ ثُمَّ اِذَا مَسَّكُمُ الضُّرُّ فَاِلَيْهِ تَجْــَٔرُوْنَ ﴿٥٣﴾

ਅਰਥਾਤ ਜੋ ਇਨਾਮ ਵੀ ਤੁਹਾਨੂੰ ਮਿਲਦਾ ਹੈ, ਉਹ ਅੱਲਾਹ ਵੱਲੋਂ (ਹੀ) ਹੁੰਦਾ ਹੈ। ਸੋ ਜਦ ਕਦੇ ਤੁਹਾਨੂੰ (ਕੋਈ ਤੰਗੀ ਆਉਂਦੀ ਹੈ, ਜਾਂ) ਦੁਖ ਪੁੱਜਦਾ ਹੈ, ਤਾਂ (ਉਸ ਸਮੇਂ ਵੀ) ਤੁਸੀਂ ਉਸ ਦੀ ਹਜ਼ੂਰੀ ਫ਼ਰਿਆਦ ਕਰਦੇ ਹੋ ।੫੪।

ثُمَّ اِذَا كَشَفَ الضُّرَّ عَنْكُمْ اِذَا فَرِيْقٌ مِّنْكُمْ بِرَبِّهِمْ يُشْرِكُوْنَ ﴿٥٤﴾

ਫੇਰ ਜਦ ਉਹ ਤੁਹਾਥੋਂ ਉਸ ਦੁਖ ਨੂੰ ਦੂਰ ਕਰ ਦਿੰਦਾ ਹੈ, ਤਾਂ ਤੁਹਾਡੇ ਵਿੱਚੋਂ ਕਈ ਲੋਕ ਝਟ (ਦੂਜਿਆਂ ਨੂੰ) ਆਪਣੇ ਸਾਜਨਹਾਰ ਤੇ ਪਾਲਨਹਾਰ ਦੀ ਬਰਾਬਰੀ ਦੇਣ ਲਗ ਪੈਂਦੇ ਹਨ ।੫੫।

لِيَكْفُرُوْا بِمَآ اٰتَيْنٰهُمْ ۭ فَتَمَتَّعُوْا ۣ فَسَوْفَ تَعْلَمُوْنَ ﴿٥٥﴾

ਜਿਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਜੋ ਕੁਝ ਅਸੀਂ ਓਹਨਾਂ ਨੂੰ ਦਿੱਤਾ ਹੁੰਦਾ ਹੈ, ਓਹ ਉਸ ਦੇ ਇਨਕਾਰੀ ਹੋ ਜਾਂਦੇ ਹਨ। ਚੰਗਾ, ਤੁਸੀਂ ਨਾਸ਼ਵਾਨ ਪਦਾਰਥਾਂ ਤੋਂ ਲਾਭ ਉਠਾ ਲਓ। (ਇਸ ਦਾ ਅੰਤ ਵੀ) ਤੁਹਾਨੂੰ ਛੇਤੀ ਹੀ ਮਲੂੰਮ ਹੋ ਜਾਏਗਾ ।੫੬।

وَيَجْعَلُوْنَ لِمَا لَا يَعْلَمُوْنَ نَصِيْبًا مِّمَّا رَزَقْنٰهُمْ ۭ

ਅਤੇ ਜੋ ਕੁਝ ਵੀ ਅਸੀਂ ਓਹਨਾਂ ਨੂੰ ਦਿੱਤਾ ਹੈ, ਉਸ ਵਿੱਚੋਂ ਓਹ ਇਕ ਹਿੱਸਾ (ਆਪਣੇ) ਓਹਨਾਂ (ਬਣਾਉਟੀ ਇਸ਼ਟ ਦੇਵਾ) ਲਈ ਵਖ ਕਰ ਦਿੰਦੇ ਹਨ, ਜਿਨ੍ਹਾਂ (ਦੀ ਅਸਲੀਅਤ) ਬਾਰੇ ਓਹਨਾਂ ਨੂੰ (ਕੁਝ ਵੀ) ਗਿਆਨ ਨਹੀਂ ਹੁੰਦਾ। ਅੱਲਾਹ ਦੀ ਕਸਮ !

تَاللّٰهِ لَتُسْـَٔلُنَّ عَمَّا كُنْتُمْ تَفْتَرُوْنَ ﴿٥٦﴾

ਜੋ ਕੁਝ ਤੁਸੀਂ (ਝੂਠ ਤੋਂ ਕੰਮ ਲੈ ਕੇ) ਆਪਣੇ ਪਾਸੋਂ ਘੜਤਾਂ ਘੜਦੇ ਹੋ, (ਇਕ ਦਿਨ) ਉਸ ਬਾਰੇ ਤੁਹਾਥੋਂ ਨਿਰਸੰਦੇਹ ਪੁਛਗਿਛ ਕੀਤੀ ਜਾਏਗੀ ।੫੭।

وَيَجْعَلُوْنَ لِلّٰهِ الْبَنٰتِ سُبْحٰنَهٗ ۙ وَلَهُمْ مَّا يَشْتَهُوْنَ ﴿٥٧﴾

ਅਰਥਾਤ ਓਹ ਲੋਕ ਅੱਲਾਹ ਦੇ ਮੱਥੇ ਧੀਆਂ ਮੜ੍ਹਦੇ ਹਨ, (ਚੇਤੇ ਰਹੇ ਕਿ) ਉਹ (ਅਜੇਹੀਆਂ ਗੱਲਾਂ ਤੋਂ) ਨਿਰਾਲਮ ਹੈ ਅਤੇ (ਸੁਆਦਲੀ ਗੱਲ ਇਹ ਹੈ ਕਿ) ਓਹਨਾਂ ਨੂੰ[1] ਉਹ ਕੁਝ ਪ੍ਰਾਪਤ ਹੈ, ਜੋ ਓਹ ਚਾਹੁੰਦੇ ਹਨ.(ਅਰਥਾਤ ਪੁੱਤਰ) ।੫੮।

وَاِذَا بُشِّرَ اَحَدُهُمْ بِالْاُنْثٰى ظَلَّ وَجْهُهٗ مُسْوَدًّا وَّهُوَ كَظِيْمٌ ﴿٥٨﴾

(ਅਤੇ ਇਸ ਦੇ ਟਾਕਰੇ ਤੇ ਓਹਨਾਂ ਦਾ ਆਪਣਾ ਇਹ ਹਾਲ ਹੈ ਕਿ) ਜਦ ਓਹਨਾਂ ਵਿੱਚੋਂ ਕਿਸੇ ਨੂੰ ਧੀ (ਦੇ ਜਨਮ) ਦੀ ਖ਼ਬਰ ਮਿਲਦੀ ਹੈ, ਤਾਂ ਉਸ ਦਾ ਮੂੰਹ ਕਾਲਾ ਹੋ ਜਾਂਦਾ ਹੈ ਅਤੇ ਉਸ ਨੂੰ ਵੱਡਾ ਰੋਹ ਚੜ੍ਹ ਜਾਂਦਾ ਹੈ ।੫੯।

يَتَوٰرٰى مِنَ الْقَوْمِ مِنْ سُوْٓءِ مَا بُشِّرَ بِهٖ ۭ اَيُمْسِكُهٗ عَلٰي هُوْنٍ اَمْ يَدُسُّهٗ فِي التُّرَابِ ۭ اَلَا سَاۗءَ مَا يَحْكُمُوْنَ ﴿٥٩﴾

(ਅਤੇ) ਜਿਸ ਗੱਲ ਦੀ ਉਸ ਨੂੰ ਖ਼ਬਰ ਦਿੱਤੀ ਜਾਂਦੀ ਹੈ, ਉਸ ਦੀ ਚਿੰਤਾ ਦੇ ਕਾਰਣ ਉਹ ਲੋਕਾਂ ਤੋਂ ਲੁਕਦਾ (ਫਿਰਦਾ) ਹੈ (ਤੇ ਇਹ ਸੋਚਦਾ ਹੈ ਕਿ) ਉਹ ਉਸ ਨੂੰ (ਭਵਿੱਖਤ ਵਿਚ ਹੋਣ ਵਾਲੀ) ਹੀਣਤਾ ਦੇ ਹੁੰਦਿਆਂ (ਜੀਉਂਦਿਆਂ) ਰਹਿਣ ਦੇਵੇ, ਜਾਂ ਉਸ ਨੂੰ ਕਿਸੇ ਟੋਏ ਵਿਚ ਦਬ ਦੇਵੇ । ਸੁਣੋ ! ਜੋ ਵੀਚਾਰ ਓਹ ਕਰਦੇ ਹਨ, ਉਹ ਬਹੁਤ ਹੀ ਭੈੜਾ ਹੈ ।੬੦।

لِلَّذِيْنَ لَا يُؤْمِنُوْنَ بِالْاٰخِرَةِ مَثَلُ السَّوْءِ ۚ وَلِلّٰهِ الْمَثَلُ الْاَعْلٰى ۭ وَهُوَ الْعَزِيْزُ الْحَكِيْمُ ﴿٦٠﴾ ع

ਜੋ ਲੋਕ ਕਿਆਮਤ ਦੇ ਇਨਕਾਰੀ ਹਨ, ਓਹਨਾਂ ਦਾ ਹਾਲ ਬਹੁਤ ਹੀ ਭੈੜਾ ਹੈ, ਅਰਥਾਤ ਹਰੇਕ ਉੱਚਾ ਗੁਣ (ਤੇ ਸ਼ਾਨ) ਅੱਲਾਹ ਦੀ ਹੀ ਹੈ ਅਤੇ ਉਹੋ ਹੀ ਵੱਡਾ ਬਲਵਾਨ ਤੇ ਯੁਕਤੀਮਾਨ ਹੈ ।੬੧। (ਰਕੂਅ ੭)

[1]ਅਰਥਾਤ—ਇਨਕਾਰੀਆਂ ਨੂੰ ।

وَلَوْ يُؤَاخِذُ اللّٰهُ النَّاسَ بِظُلْمِهِمْ مَّا تَرَكَ عَلَيْهَا مِنْ دَآبَّةٍ وَّلٰكِنْ يُّؤَخِّرُهُمْ اِلٰٓى اَجَلٍ مُّسَمًّى ۚ فَاِذَا جَآءَ اَجَلُهُمْ لَا يَسْتَاْخِرُوْنَ سَاعَةً وَّلَا يَسْتَقْدِمُوْنَ ﴿٦١﴾

ਅਤੇ ਜੇ ਅੱਲਾਹ (ਦੀ ਇਹ ਮਰਯਾਦਾ ਹੁੰਦੀ ਕਿ ਉਹ) ਲੋਕਾਂ ਨੂੰ ਓਹਨਾਂ ਦੇ ਜ਼ੁਲਮ (ਕਰ ਕੇ) ਛੇਤੀ ਹੀ ਫੜ ਲਵੇ (ਤੇ ਪਸਚਾਤਾਪ ਕਰਨ ਦੀ ਢਿਲ ਹੀ ਨਾ ਦੇਵੇ) ਤਾਂ ਉਹ ਇਸ (ਪ੍ਰਿਥਵੀ) ਉੱਤੇ ਕਿਸੇ ਵੀ ਜੀਵ ਨੂੰ (ਜੀਉਂਦਿਆਂ) ਨਾ ਛੱਡਦਾ, ਪਰ (ਉਸ ਦੀ ਇਹ ਮਰਯਾਦਾ ਹੈ ਕਿ) ਉਹ (ਸੁਧਾਰ ਲਈ) ਓਹਨਾਂ ਨੂੰ ਇਕ ਨੀਅਤ ਸਮੇਂ ਤਕ ਢਿਲ ਦਿੰਦਾ (ਚਲਾ ਜਾਂਦਾ) ਹੈ, ਸੋ ਜਦ ਓਹਨਾਂ (ਦੇ ਦੰਡ) ਦਾ ਸਮਾਂ ਆ ਜਾਂਦਾ ਹੈ, ਤਾਂ ਓਹ ਨਾ ਤਾਂ ਇਕ ਘੜੀ ਪਿੱਛੇ ਰਹਿ (ਕੇ ਬਚ) ਸਕਦੇ ਹਨ ਤੇ ਨਾ (ਉਸ ਤੋਂ) ਅੱਗੇ ਨਿਕਲ (ਕੇ ਹੀ ਬਚ) ਸਕਦੇ ਹਨ ।੬੨।

وَيَجْعَلُوْنَ لِلّٰهِ مَا يَكْرَهُوْنَ وَتَصِفُ اَلْسِنَتُهُمُ الْكَذِبَ اَنَّ لَهُمُ الْحُسْنٰى ۗ لَا جَرَمَ اَنَّ لَهُمُ النَّارَ وَاَنَّهُمْ مُّفْرَطُوْنَ ﴿٦٢﴾

ਅਤੇ ਓਹ ਅੱਲਾਹ ਦੇ ਵਾਸਤੇ ਉਹ ਚੀਜ਼ ਤਜਵੀਜ਼ ਕਰਦੇ ਹਨ, ਜਿਸ ਨੂੰ ਓਹ (ਆਪਣੇ ਲਈ) ਯੋਗ ਨਹੀਂ ਸਮਝਦੇ ਅਤੇ ਓਹਨਾਂ ਦੀਆਂ ਜ਼ਬਾਨਾਂ (ਵੱਡੀ ਦਲੇਰੀ ਨਾਲ) ਝੂਠ ਬੋਲਦੀਆਂ ਹਨ ਕਿ ਓਹਨਾਂ ਨੂੰ ਜ਼ਰੂਰ ਭਲਾਈ ਪ੍ਰਾਪਤ ਹੋ ਕੇ ਰਹੇਗੀ । ਇਹ ਗੱਲ ਅਟੱਲ ਹੈ ਕਿ ਓਹਨਾਂ ਦੇ ਵਾਸਤੇ (ਨਰਕਾਂ ਦੀ) ਅੱਗ ਦਾ (ਕਸ਼ਟ ਨੀਅਤ) ਹੈ ਅਤੇ ਇਹ ਕਿ ਓਹਨਾਂ ਨੂੰ (ਉਸ ਵਿਚ) ਲੰਮੇ ਸਮੇਂ ਲਈ ਛੱਡ ਦਿੱਤਾ ਜਾਏਗਾ ।੬੩।

تَاللّٰهِ لَقَدْ اَرْسَلْنَآ اِلٰٓى اُمَمٍ مِّنْ قَبْلِكَ فَزَيَّنَ لَهُمُ الشَّيْطٰنُ اَعْمَالَهُمْ فَهُوَ وَلِيُّهُمُ الْيَوْمَ وَلَهُمْ عَذَابٌ اَلِيْمٌ ﴿٦٣﴾

ਅੱਲਾਹ ਦੀ ਕਸਮ ! ਅਸੀਂ ਤੈਥੋਂ ਪਹਿਲੀਆਂ ਸਾਰੀਆਂ ਜਾਤੀਆਂ ਵਿਚ ਰਸੂਲ ਭੇਜੇ ਸਨ । ਫੇਰ ਓਹਨਾਂ ਨੂੰ "ਸ਼ੈਤਾਨ" ਨੇ ਓਹਨਾਂ ਦੇ ਕੁਕਰਮ ਸੋਹਣੇ ਕਰ ਕੇ ਦੱਸੇ ਸਨ । ਸੋ ਅੱਜ ਉਹੋ ਓਹਨਾਂ ਦਾ ਸੁਆਮੀ (ਬਣਿਆ ਹੋਇਆ) ਹੈ, ਅਰਥਾਤ (ਓਹ ਉਸ ਦੇ ਪਿੱਛੇ ਪਿੱਛੇ ਜਾ ਰਹੇ ਹਨ ।) ਉਹਨਾਂ ਲਈ ਅੱਜ ਘੋਰ ਕਸ਼ਟ (ਨੀਅਤ) ਹੈ ।੬੪।

وَمَآ اَنْزَلْنَا عَلَيْكَ الْكِتٰبَ اِلَّا لِتُبَيِّنَ لَهُمُ الَّذِى اخْتَلَفُوْا فِيْهِ ۙ وَهُدًى وَّ رَحْمَةً لِّقَوْمٍ يُّؤْمِنُوْنَ ﴿٦٥﴾

ਅਤੇ ਅਸੀਂ ਇਸ ਪੁਸਤਕ ਨੂੰ ਤੇਰੇ ਉੱਤੇ ਇਸੇ ਲਈ ਉਤਾਰਿਆ ਹੈ ਕਿ ਜਿਸ ਗੱਲ ਬਾਰੇ ਓਹ (ਪਰਸਪਰ) ਮਤਿਭੇਦ ਕਰਦੇ ਹਨ, ਉਸ (ਦੀ ਅਸਲੀਅਤ) ਨੂੰ (ਉਹ ਪੁਸਤਕ) ਓਹਨਾਂ ਉੱਤੇ ਪਰਗਟ ਕਰ ਦੇਵੇ। (ਇਸ ਤੋਂ ਛੁੱਟ) ਜੋ ਲੋਕ (ਇਸ ਤੇ) ਸ਼ਰਧਾ ਧਾਰਨ ਕਰ ਚੁੱਕੇ ਹਨ, ਓਹਨਾਂ ਵਾਸਤੇ ਇਹ (ਪੁਸਤਕ) ਸੁਮਾਰਗ ਤੇ ਮਿਹਰ (ਦਾ ਕਾਰਣ) ਸਿਧ ਹੋਵੇ ।੬੫।

وَاللّٰهُ اَنْزَلَ مِنَ السَّمَآءِ مَآءً فَاَحْيَا بِهِ الْاَرْضَ بَعْدَ مَوْتِهَا ؕ اِنَّ فِىْ ذٰلِكَ لَاٰيَةً لِّقَوْمٍ يَّسْمَعُوْنَ ﴿٦٦﴾

ਅਤੇ ਅੱਲਾਹ (ਹੀ) ਬੱਦਲਾਂ ਤੋਂ ਮੀਂਹ ਵਰ੍ਹਾਉਂਦਾ ਹੈ ਤੇ ਉਸ ਰਾਹੀਂ ਉਹ ਧਰਤੀ ਨੂੰ ਉਸ ਦੇ ਮੁਰਦਾ ਹੋ ਜਾਣ ਮਗਰੋਂ (ਮੁੜ ਨਵੇਂ ਸਿਰਿਓਂ) ਸੁਰਜੀਤ ਕਰਦਾ ਹੈ। ਜੋ ਲੋਕ (ਸੱਚੀ ਗੱਲ ਨੂੰ) ਸੁਣਦੇ (ਤੇ ਉਸ ਨੂੰ ਮੰਨਣ ਲਈ ਤਿਆਰ ਹੁੰਦੇ) ਹਨ, ਓਹਨਾਂ ਲਈ ਇਸ ਵਿਚ ਨਿਰਸੰਦੇਹ ਇਕ (ਵੱਡਾ) ਚਮਤਕਾਰ (ਵਿਦਮਾਨ) ਹੈ ।੬੬। (ਰਕੂਅ ੮)

وَاِنَّ لَكُمْ فِى الْاَنْعَامِ لَعِبْرَةً ؕ نُسْقِيْكُمْ مِّمَّا فِىْ بُطُوْنِهٖ مِنْۢ بَيْنِ فَرْثٍ وَّ دَمٍ لَّبَنًا خَالِصًا سَآئِغًا لِّلشّٰرِبِيْنَ ﴿٦٧﴾

ਅਤੇ ਤੁਹਾਡੇ ਲਈ ਪਸ਼ੂਆਂ ਵਿਚ (ਵੀ) ਨਿਰਸੰਦੇਹ ਸਿੱਖਿਆ ਪ੍ਰਾਪਤ ਕਰਨ ਦਾ ਸਾਧਨ (ਮੌਜੂਦ) ਹੈ। (ਕੀ ਤੁਸੀਂ ਇਹ ਵੇਖਦੇ ਨਹੀਂ ਕਿ) ਜੋ ਕੁਝ ਓਹਨਾਂ ਦੇ ਢਿੱਡਾਂ ਵਿਚ (ਗੰਦ ਆਦਿ ਭਰਿਆ) ਹੁੰਦਾ ਹੈ, ਉਸ ਵਿੱਚੋਂ, ਅਰਥਾਤ ਗੋਹੇ ਤੇ ਰਤ ਦੇ ਵਿਚਾਲਿਓਂ ਅਸੀਂ ਤੁਹਾਡੇ ਪੀਣ ਵਾਸਤੇ (ਪਵਿੱਤਰ ਤੇ) ਸਾਫ਼-ਸੁਥਰਾ (ਦੁਧ) ਕੱਢਦੇ ਹਾਂ, ਜੋ ਪੀਣ ਵਾਲਿਆਂ ਲਈ ਵੱਡਾ ਸੁਆਦਲਾ ਤੇ ਸੌਖੇ ਸੌਖ ਨਾਲ ਲਹਿਣ ਵਾਲਾ (ਹੁੰਦਾ) ਹੈ ।੬੭।

وَمِنْ ثَمَرٰتِ النَّخِيْلِ وَ الْاَعْنَابِ تَتَّخِذُوْنَ مِنْهُ سَكَرًا وَّ رِزْقًا حَسَنًا ؕ اِنَّ فِىْ ذٰلِكَ لَاٰيَةً لِّقَوْمٍ يَّعْقِلُوْنَ ﴿٦٨﴾

ਅਤੇ ਖਜੂਰਾਂ ਦੇ ਫਲਾਂ ਤੇ ਅੰਗੂਰਾਂ ਤੋਂ ਤੁਸੀਂ ਸ਼ਰਾਬ (ਵੀ) ਬਣਾਉਂਦੇ ਹੋ ਤੇ ਚੰਗਾ ਰਿਜ਼ਕ (ਵੀ ਪ੍ਰਾਪਤ ਕਰਦੇ ਹੋ।) ਜੋ ਬੁਧੀਵਾਨ ਹਨ, ਉਹਨਾਂ ਲਈ ਇਸ ਵਿਚ ਨਿਰਸੰਦੇਹ ਇਕ (ਵੱਡਾ) ਚਮਤਕਾਰ (ਵਿਦਮਾਨ) ਹੈ ।੬੮।

وَاَوْحٰى رَبُّكَ اِلَى النَّحْلِ اَنِ اتَّخِذِيْ مِنَ الْجِبَالِ بُيُوْتًا وَّمِنَ الشَّجَرِ وَمِمَّا يَعْرِشُوْنَ ﴿٦٨﴾

ਅਤੇ ਤੇਰੇ ਸਾਜਨਹਾਰ ਤੇ ਪਾਲਨਹਾਰ ਨੇ ਸ਼ਹਿਦ ਦੀ ਮੱਖੀ ਵਲ ਇਹ ਅਕਾਸ਼ ਬਾਣੀ ਕੀਤੀ ਸੀ ਕਿ ਤੂੰ ਪਹਾੜਾਂ ਤੇ ਰੁੱਖਾਂ ਵਿਚ ਅਤੇ ਜੋ (ਅੰਗੂਰਾਂ ਆਦਿ ਲਈ ਲੋਕ) ਟੱਟੀਆਂ (ਆਦਿ) ਬਣਾਉਂਦੇ ਹਨ, ਓਹਨਾਂ ਵਿਚ (ਆਪਣੇ) ਛੱਤੇ ਬਣਾ ।੬੯।

ثُمَّ كُلِيْ مِنْ كُلِّ الثَّمَرٰتِ فَاسْلُكِيْ سُبُلَ رَبِّكِ ذُلُلًا ؕ يَخْرُجُ مِنْۢ بُطُوْنِهَا شَرَابٌ مُّخْتَلِفٌ اَلْوَانُهٗ فِيْهِ شِفَآءٌ لِّلنَّاسِ ؕ اِنَّ فِيْ ذٰلِكَ لَاٰيَةً لِّقَوْمٍ يَّتَفَكَّرُوْنَ ﴿٦٩﴾

ਫੇਰ ਹਰ ਕਿਸਮ ਦੇ ਫਲਾਂ ਵਿੱਚੋਂ (ਥੋੜ੍ਹਾ ਥੋੜ੍ਹਾ ਲੈ ਕੇ) ਖਾਇਆ ਕਰ, ਅਰਥਾਤ ਆਪਣੇ ਸਾਜਨਹਾਰ ਤੇ ਪਾਲਨਹਾਰ ਦੇ (ਦੱਸੇ ਹੋਏ) ਢੰਗਾਂ ਉੱਤੇ—ਜੋ (ਤੇਰੇ ਲਈ) ਸੌਖੇ ਹਨ ਤੁਰਿਆ ਕਰ । ਏਹਨਾਂ (ਮੱਖੀਆਂ) ਦੇ ਢਿੱਡਾਂ ਵਿੱਚੋਂ (ਤੁਹਾਡੇ) ਪੀਣ ਲਈ ਇਕ ਚੀਜ਼[1] ਨਿਕਲਦੀ ਹੈ, ਜੋ ਅੱਡ ਅੱਡ ਰੰਗਾਂ ਦੀ ਹੁੰਦੀ ਹੈ (ਅਤੇ) ਉਸ ਵਿਚ ਲੋਕਾਂ ਵਾਸਤੇ ਅਰੋਗਤਾ (ਦਾ ਗੁਣ ਰੱਖਿਆ ਗਿਆ) ਹੈ । ਜੋ ਲੋਕ ਸੋਚ (ਵੀਚਾਰ) ਤੋਂ ਕੰਮ ਲੈਣਾ ਜਾਣਦੇ ਹਨ, ਓਹਨਾਂ ਲਈ ਇਸ ਵਿਚ ਨਿਰਸੰਦੇਹ ਕਈ ਚਮਤਕਾਰ (ਵਿਦਮਾਨ) ਹਨ ।੭੦।

وَاللّٰهُ خَلَقَكُمْ ثُمَّ يَتَوَفّٰىكُمْ ؕ وَمِنْكُمْ مَّنْ يُّرَدُّ اِلٰٓى اَرْذَلِ الْعُمُرِ لِكَيْ لَا يَعْلَمَ بَعْدَ عِلْمٍ شَيْـًٔا ؕ اِنَّ اللّٰهَ عَلِيْمٌ قَدِيْرٌ ﴿٧٠﴾

ਅਤੇ ਅੱਲਾਹ ਤੁਹਾਨੂੰ ਸਾਜਦਾ ਹੈ ਤੇ ਫੇਰ ਉਹ ਤੁਹਾਡੇ ਪ੍ਰਾਣ ਕੱਢਦਾ ਹੈ ਅਤੇ ਤੁਹਾਡੇ ਵਿੱਚੋਂ ਕਈ (ਆਦਮੀ) ਅਜੇਹੇ ਵੀ ਹੁੰਦੇ ਹਨ, ਕਿ ਓਹ ਆਯੂ ਦੀ ਵੱਡੀ ਭੈੜੀ ਹਾਲਤ (ਬ੍ਰਿਧ ਅਵਸਥਾ) ਵਲ ਮੋੜਾ ਖਾਂਦੇ ਹਨ, ਜਿਸ ਕਰ ਕੇ ਓਹ ਵਿਦਵਾਨ ਹੋਣ ਦੇ ਬਾਵਜੂਦ ਅਗਿਆਨੀ ਬਣ ਜਾਂਦੇ ਹਨ । ਬੇਸ਼ੱਕ ਅੱਲਾਹ ਵੱਡਾ ਜਾਣਨਹਾਰ ਤੇ (ਸਰਬ ਕਲਾ) ਸਮਰਥ ਹੈ ।੭੧। (ਰਕੂਅ ੯)

وَاللّٰهُ فَضَّلَ بَعْضَكُمْ عَلٰى بَعْضٍ فِى الرِّزْقِ ۚ فَمَا الَّذِيْنَ فُضِّلُوْا بِرَآدِّيْ رِزْقِهِمْ عَلٰى مَا مَلَكَتْ اَيْمَانُهُمْ

ਅਤੇ ਅੱਲਾਹ ਨੇ ਤੁਹਾਡੇ ਵਿੱਚੋਂ ਕਈਆਂ ਨੂੰ ਕਈਆਂ ਨਾਲੋਂ ਵਧੀਕ ਰੋਜ਼ੀ ਦਿੱਤੀ ਹੋਈ ਹੈ । ਸੋ ਜਿਨ੍ਹਾਂ ਲੋਕਾਂ ਨੂੰ ਇਹ ਵਿਸ਼ੇਸ਼ਤਾ ਦਿੱਤੀ ਗਈ ਹੈ, ਓਹ ਆਪਣੀ (ਪ੍ਰਾਪਤ ਹੋਈ) ਰੋਜ਼ੀ (ਕਿਸੇ ਹਾਲਤ ਵਿਚ ਵੀ) ਓਹਨਾਂ ਨੂੰ—ਜਿਨ੍ਹਾਂ ਉੱਤੇ ਓਹਨਾਂ ਦੇ ਸੱਜੇ ਹੱਥ ਅਧਿਕਾਰੀ ਹਨ— ਦੇਣ ਵਾਸਤੇ ਤਿਆਰ ਨਹੀਂ ਹਨ,

[1]ਅਰਥਾਤ—ਸ਼ਹਿਦ ।

فَهُمْ فِيهِ سَوَاءٌ ۚ أَفَبِنِعْمَةِ اللَّهِ يَجْحَدُونَ ﴿٧١﴾

ਜਿਸ ਦਾ ਸਿੱਟਾ ਇਹ ਹੈ ਕਿ ਓਹ ਇਸ ਵਿਚ ਬਰਾਬਰ (ਦੇ ਹਿੱਸੇਦਾਰ) ਬਣ ਜਾਣ। ਸੋ ਕੀ ਓਹ (ਇਸ ਅਸਲੀਅਤ ਨੂੰ ਜਾਣਨ ਦੇ ਬਾਵਜੂਦ) ਅੱਲਾਹ ਦੇ ਇਨਾਮ ਦਾ ਇਨਕਾਰ ਕਰਦੇ ਹਨ ।੭੨।

وَاللَّهُ جَعَلَ لَكُمْ مِنْ أَنْفُسِكُمْ أَزْوَاجًا وَجَعَلَ لَكُمْ مِنْ أَزْوَاجِكُمْ بَنِينَ وَحَفَدَةً وَرَزَقَكُمْ مِنَ الطَّيِّبَاتِ ۚ أَفَبِالْبَاطِلِ يُؤْمِنُونَ وَبِنِعْمَتِ اللَّهِ هُمْ يَكْفُرُونَ ﴿٧٢﴾

ਅਤੇ ਅੱਲਾਹ ਨੇ ਤੁਹਾਡੇ ਵਾਸਤੇ ਤੁਹਾਡੇ ਵਿੱਚੋਂ ਹੀ, (ਅਰਥਾਤ ਤੁਹਾਡੇ ਜੋਹੇ ਹਾਵ-ਭਾਵ ਰੱਖਣ ਵਾਲੀਆਂ) ਤੁਹਾਡੀਆਂ ਤੀਵੀਆਂ ਬਣਾਈਆਂ ਹਨ। (ਇਸ ਤੋਂ ਛੁੱਟ) ਉਸ ਨੇ ਤੁਹਾਡੀਆਂ ਤੀਵੀਆਂ ਵਿੱਚੋਂ ਤੁਹਾਡੇ ਵਾਸਤੇ ਪੁੱਤਰ-ਪੋਤਰੇ ਉਤਪੰਨ ਕੀਤੇ ਹਨ, ਅਰਥਾਤ ਉਸ ਨੇ ਤੁਹਾਨੂੰ ਸਾਰੇ (ਕਿਸਮ ਦੀਆਂ) ਸਾਫ-ਸੁਥਰੀਆਂ ਚੀਜ਼ਾਂ ਵਿੱਚੋਂ ਰਿਜ਼ਕ ਦਿੱਤਾ ਹੈ। ਕੀ (ਇਸ ਦੇ ਹੁੰਦਿਆਂ ਵੀ) ਓਹ ਇਕ ਨਾਸਵਾਨ ਚੀਜ਼ ਉੱਤੇ (ਤਾਂ) ਸ਼ਰਧਾ ਧਾਰਨ ਕਰਨਗੇ ਤੇ ਅੱਲਾਹ ਦੇ ਇਨਾਮਾਂ ਦਾ ਇਨਕਾਰ ਕਰ ਦੇਣਗੇ ।੭੩।

وَيَعْبُدُونَ مِنْ دُونِ اللَّهِ مَا لَا يَمْلِكُ لَهُمْ رِزْقًا مِنَ السَّمَاوَاتِ وَالْأَرْضِ شَيْئًا وَلَا يَسْتَطِيعُونَ ﴿٧٣﴾

ਅਰਥਾਤ ਓਹ ਅੱਲਾਹ ਦਾ ਤਿਆਗ ਕਰ ਕੇ ਅਜੇ-ਹੀਆਂ ਚੀਜ਼ਾਂ ਦੀ ਪੂਜਾ ਕਰਦੇ ਹਨ, ਜੋ ਸਾਰੇ ਅਕਾਸ਼ਾਂ ਤੇ ਪਤਾਲਾਂ ਵਿੱਚੋਂ ਓਹਨਾਂ ਨੂੰ ਕੁਝ ਵੀ ਦੇਣ ਦਾ ਅਧਿਕਾਰ ਨਹੀਂ ਰੱਖਦੀਆਂ ਤੇ ਨਾ (ਕਦੇ) ਰੱਖ ਸਕਦੀਆਂ ਹਨ ।੭੪।

فَلَا تَضْرِبُوا لِلَّهِ الْأَمْثَالَ ۚ إِنَّ اللَّهَ يَعْلَمُ وَأَنْتُمْ لَا تَعْلَمُونَ ﴿٧٤﴾

ਸੋ (ਹੇ ਮੁਸ਼ਰਿਕੋ !) ਤੁਸੀਂ ਅੱਲਾਹ ਬਾਰੇ (ਆਪਣੇ ਪਾਸੋਂ) ਗੱਲਾਂ ਨਾ ਘੜਿਆ ਕਰੋ। ਬੇਸ਼ੱਕ ਅੱਲਾਹ ਵੱਡਾ ਜਾਣਨਹਾਰ ਹੈ ਤੇ ਤੁਹਾਨੂੰ (ਕੁਝ ਵੀ) ਥਹੁ-ਪਤਾ ਨਹੀਂ ਹੈ ।੭੫।

ضَرَبَ اللَّهُ مَثَلًا عَبْدًا مَمْلُوكًا لَا يَقْدِرُ عَلَىٰ شَيْءٍ وَمَنْ رَزَقْنَاهُ مِنَّا رِزْقًا حَسَنًا فَهُوَ يُنْفِقُ مِنْهُ سِرًّا

ਅੱਲਾਹ (ਤੁਹਾਨੂੰ ਸਮਝਾਉਣ ਵਾਸਤੇ) ਇਕਅਜਿਹੇ ਪ੍ਰਾਣੀ ਦਾ ਹਾਲ ਵਰਣਨ ਕਰਦਾ ਹੈ, ਜੋ ਗ਼ੁਲਾਮ ਸੀ ਤੇ ਜੋ ਕਿਸੇ ਵੀ ਗੱਲ ਤੇ ਵੀ ਸਮਰਥ ਨਹੀਂ ਸੀ। (ਇਸ ਦੇ ਟਾਕਰੇ ਤੇ ਉਸ ਪ੍ਰਾਣੀ ਦਾ ਹਾਲ ਵੀ) ਜਿਸ ਨੂੰ ਅਸੀਂ ਆਪਣੇ ਪਾਸੋਂ ਚੰਗੀ ਰੋਜ਼ੀ ਦਿੱਤੀ ਹੋਈ ਸੀ ਅਤੇ ਉਹ ਗੁਪਤ (ਵੀ) ਤੇ ਪਰਗਟ (ਵੀ) ਉਸ ਵਿੱਚੋਂ (ਸਾਡੇ ਰਾਹ ਵਿਚ) ਖ਼ਰਚ ਕੀਤਾ ਕਰਦਾ ਸੀ।

وَجْهُهٗٓ اَهَلْ يَسْتَوِيْ هُوَ ۙ وَمَنْ يَّاْمُرُ بِالْعَدْلِ ۙ وَهُوَ عَلٰي صِرَاطٍ مُّسْتَقِيْمٍ ۝٧٦

ਕੀ ਏਹ ਦੋਵੇਂ (ਪ੍ਰਾਣੀ) ਇਕ ਸਮਾਨ ਹੋ ਸਕਦੇ ਹਨ ? (ਕਦੇ ਨਹੀਂ) ਹਰੇਕ ਉਪਮਾ ਦਾ ਅਧਿਕਾਰੀ ਅੱਲਾਹ ਹੀ ਹੈ, ਪਰ ਓਹਨਾਂ ਵਿੱਚੋਂ ਵਧੇਰੇ (ਲੋਕ) ਇਸ ਤੋਂ ਉੱਕੇ ਹੀ ਅਗਿਆਤ ਹਨ ।੭੬।

ਅਰਥਾਤ ਅੱਲਾਹ ਦੇ ਹੋਰ ਪ੍ਰਾਣੀਆਂ ਦਾ ਹਾਲ (ਵੀ) ਵਰਣਨ ਕਰਦਾ ਹੈ, ਜਿਨ੍ਹਾਂ ਵਿੱਚੋਂ ਇਕ (ਤਾਂ) ਗੂੰਗਾ ਸੀ, ਜੋ ਕਿਸੇ ਗੱਲ ਕਰਨ ਤੇ ਸਮਰਥ ਨਹੀਂ ਸੀ ਅਤੇ ਉਹ ਆਪਣੇ ਮਾਲਕ ਉੱਤੇ ਵਾਧੂ ਭਾਰ ਸੀ । (ਉਸ ਦਾ ਮਾਲਕ) ਉਸ ਨੂੰ ਜਿਧਰ ਵੀ ਭੇਜਦਾ ਸੀ, ਉਹ ਕੋਈ ਭਲਾਈ (ਕਮਾ ਕੇ) ਨਹੀਂ ਲਿਆਉਂਦਾ ਸੀ । (ਸੱ) ਕੀ ਉਹ (ਪ੍ਰਾਣੀ) ਤੇ ਉਹ (ਦੂਜਾ) ਪ੍ਰਾਣੀ, ਜੋ ਨਿਆਂ ਕਰਨ ਦਾ ਹੁਕਮ ਦਿੰਦਾ ਸੀ ਤੇ ਉਹ (ਆਪ ਵੀ) ਸੁਮਾਰਗ ਉੱਤੇ (ਚਲ ਰਿਹਾ) ਸੀ, ਆਪਸ ਵਿਚ ਇਕ ਸਮਾਨ ਹੋ ਸਕਦੇ ਹਨ ? ।੭੭।

(ਰਕੂਅ ੧੦)

وَلِلّٰهِ غَيْبُ السَّمٰوٰتِ وَالْاَرْضِ ۭ وَمَآ اَمْرُ السَّاعَةِ اِلَّا كَلَمْحِ الْبَصَرِ اَوْ هُوَ اَقْرَبُ ۭ اِنَّ اللّٰهَ عَلٰي كُلِّ شَيْءٍ قَدِيْرٌ ۝٧٧

ਅਤੇ ਸਾਰੇ ਅਕਾਸ਼ਾਂ ਤੇ ਪਤਾਲਾਂ ਦੀ ਹਰੇਕ ਗੁਪਤ ਗੱਲ ਦਾ ਗਿਆਨ ਅੱਲਾਹ ਨੂੰ ਹੀ (ਪ੍ਰਾਪਤ) ਹੈ ਅਤੇ ਉਸ (ਆਉਣ ਵਾਲੀ) ਘੜੀ (ਦੇ ਆਉਣ) ਦਾ ਮਾਮਲਾ ਤਾਂ ਅਜਿਹਾ ਹੀ ਹੈ, ਜਿਹਾ ਕਿ ਅੱਖ ਦਾ ਝਮਕਣਾ; ਸਗੋਂ ਉਹ—(ਇਸ ਤੋਂ ਵੀ) ਨੇੜੇ (ਦੇ ਸਮੇਂ ਵਿਚ ਹੋ ਜਾਣ ਵਾਲਾ ਹੈ ।) ਬੇਸ਼ੱਕ ਅੱਲਾਹ ਹਰੇਕ (ਇੱਛਤ) ਗੱਲ ਤੇ (ਪੂਰੀ ਤਰ੍ਹਾਂ) ਸਮਰਥ ਹੈ ।੭੮।

وَاللّٰهُ اَخْرَجَكُمْ مِّنْۢ بُطُوْنِ اُمَّهٰتِكُمْ لَا تَعْلَمُوْنَ شَيْـــًٔا ۙ وَّجَعَلَ لَكُمُ السَّمْعَ وَالْاَبْصَارَ وَالْاَفْـِٕدَةَ ۙ لَعَلَّكُمْ تَشْكُرُوْنَ ۝٧٨

ਅਤੇ ਅੱਲਾਹ ਨੇ ਤੁਹਾਨੂੰ ਤੁਹਾਡੀਆਂ ਮਾਵਾਂ ਦੇ ਗਰਭਾਂ ਤੋਂ ਇਸ ਹਾਲਤ ਵਿਚ ਉਤਪੰਨ ਕੀਤਾ ਹੈ ਕਿ ਤੁਸੀਂ ਕੁਝ ਵੀ ਨਹੀਂ ਜਾਣਦੇ ਸੀ, ਅਰਥਾਤ ਉਸ ਨੇ ਤੁਹਾਡੇ ਲਈ ਕੰਨ, ਅੱਖਾਂ ਤੇ ਦਿਲ ਪੈਦਾ ਕੀਤੇ ਹਨ; ਤਾਂ ਜੁ ਤੁਸੀਂ ਉਸ ਦਾ ਧੰਨਵਾਦ ਕਰ ਸਕੋ ।੭੯।

اَلَمْ يَرَوْا اِلَى الطَّيْرِ مُسَخَّرٰتٍ فِيْ جَوِّ السَّمَآءِ ۭ مَا يُمْسِكُهُنَّ اِلَّا اللّٰهُ ۭ اِنَّ فِيْ ذٰلِكَ لَاٰيٰتٍ لِّقَوْمٍ يُّؤْمِنُوْنَ ۝٧٩

ਕੀ ਓਹਨਾਂ ਨੇ ਓਹਨਾਂ ਪੰਛੀਆਂ ਨੂੰ (ਧਿਆਨ ਨਾਲ) ਨਹੀਂ ਵੇਖਿਆ ਸੀ, ਜੋ ਅਸੀਂ ਅਕਾਸ਼ ਵਿਚ ਤਾਰੇ ਲਾਏ ਹੋਏ ਹਨ । ਓਹਨਾਂ ਨੂੰ (ਤੁਹਾਡੇ ਉੱਤੇ ਡਿੱਗਣੋਂ ਤੇ ਨੱਚ ਨੱਚ ਖਾਣ ਤੋਂ)—ਅੱਲਾਹ ਤੋਂ ਛੁੱਟ ਹੋਰ ਕੋਈ ਵੀ ਨਹੀਂ ਰੋਕ ਰਿਹਾ, ਜੋ ਲੋਕ ਸ਼ਰਧਾਲੂ ਹਨ, ਓਹਨਾਂ ਲਈ ਇਸ ਵਿਚ ਨਿਰਸੰਦੇਹ ਕਈ ਚਮਤਕਾਰ (ਵਿਦਮਾਨ) ਹਨ ।੮੦।

وَاللّٰهُ جَعَلَ لَكُمْ مِّنْۢ بُيُوْتِكُمْ سَكَنًا وَّجَعَلَ لَكُمْ مِّنْ جُلُوْدِ الْاَنْعَامِ بُيُوْتًا تَسْتَخِفُّوْنَهَا يَوْمَ ظَعْنِكُمْ وَيَوْمَ اِقَامَتِكُمْ ۙ وَمِنْ اَصْوَافِهَا وَاَوْبَارِهَا وَاَشْعَارِهَآ اَثَاثًا وَّمَتَاعًا اِلٰى حِيْنٍ ۝٨٠

ਅਤੇ ਅੱਲਾਹ ਨੇ ਤੁਹਾਡੇ ਘਰਾਂ ਨੂੰ ਤੁਹਾਡੇ ਟਿਕਾਣੇ ਦਾ ਸਾਧਨ ਬਣਾਇਆ ਹੈ । ਉਸ ਨੇ ਪਸ਼ੂਆਂ ਦੀਆਂ ਖੱਲਾਂ ਤੋਂ (ਵੀ) ਤੁਹਾਡੇ ਲਈ ਘਰ ਬਣਾਏ ਹੋਏ ਹਨ, ਜੋ ਤੁਹਾਡੇ ਸਫ਼ਰ ਵਿਚ ਵੱਡੇ ਹਲਕੇ (ਫੁਲਕੇ) ਹੁੰਦੇ ਹਨ ਅਤੇ ਤੁਸੀਂ ਆਪਣੇ ਠਹਿਰਣ ਸਮੇਂ (ਵੀ ਓਹਨਾਂ ਤੋਂ ਵੱਡਾ ਲਾਭ ਪ੍ਰਾਪਤ ਕਰਦੇ ਹੋ) ਅਤੇ ਓਹਨਾਂ (ਪਸ਼ੂਆਂ) ਦੀਆਂ ਮਹੀਨ ਉੱਨਾਂ ਤੇ ਮੋਟੀਆਂ ਉੱਨਾਂ ਤੇ ਓਹਨਾਂ ਦੇ ਵਾਲਾਂ ਨੂੰ ਵੀ ਪੱਕੇ ਸਾਧਨ ਤੇ ਇਕ਼ ਸਮੇਂ ਤਕ ਆਰਜ਼ੀ ਸਾਧਨ (ਬਣਾਉਣ ਦਾ ਕਾਰਣ) ਬਣਾਇਆ ਹੈ ।੮੧।

وَاللّٰهُ جَعَلَ لَكُمْ مِّمَّا خَلَقَ ظِلٰلًا وَّجَعَلَ لَكُمْ مِّنَ الْجِبَالِ اَكْنَانًا وَّجَعَلَ لَكُمْ سَرَابِيْلَ تَقِيْكُمُ الْحَرَّ وَسَرَابِيْلَ تَقِيْكُمْ

ਅਤੇ ਅੱਲਾਹ ਨੇ ਜੋ ਕੁਝ ਸਾਜਿਆ ਹੈ, ਉਸ ਵਿਚ ਉਸ ਨੇ ਤੁਹਾਡੇ ਵਾਸਤੇ ਕਈ ਪੂਛਾਵੇਂ ਦੇਣ ਵਾਲੀਆਂ ਚੀਜ਼ਾਂ ਬਣਾਈਆਂ ਹਨ, (ਜਿਨ੍ਹਾਂ ਹੇਠ ਤੁਸੀਂ ਮੌਜਾਂ ਮਾਣਦੇ ਹੋ) ਅਤੇ ਪਹਾੜਾਂ ਵਿਚ ਵੀ ਤੁਹਾਡੇ ਲਈ ਓਟ ਦੀਆਂ ਥਾਵਾਂ ਬਣਾਈਆਂ ਹਨ, ਅਰਥਾਤ ਇਸ ਤੋਂ ਛੁੱਟ ਉਸ ਨੇ ਤੁਹਾਡੇ ਲਈ ਕਈ ਕਿਸਮ ਦੇ ਕੁੜਤੇ ਬਣਾਏ ਹਨ, ਜੋ ਤੁਹਾਨੂੰ ਗਰਮੀ[1] ਤੋਂ ਬਚਾਉਂਦੇ ਹਨ ਅਤੇ ਕਈ ਕੁੜਤੇ (ਸੰਜੋਆਂ) ਤੁਹਾਨੂੰ ਪਰਸਪਰ ਜੰਗ (ਦੀ ਸਖ਼ਤੀ) ਤੋਂ ਬਚਾਉਂਦੇ ਹਨ ।

[1]ਇੱਥੇ ਕੇਵਲ ਗਰਮੀ ਦਾ ਵਰਣਨ ਹੈ, ਪਰ ਅਰਬੀ ਭਾਸ਼ਾ ਦਾ ਇਹ ਮੁਹਾਵਰਾ ਹੈ ਕਿ ਅਜਿਹੇ ਸਮੇਂ ਜਦ ਯੋਗ ਸਮਝਿਆ ਜਾਏ, ਜ਼ਿੱਦ ਨੂੰ ਅਲੱਪ ਸਮਝ ਲੈਂਦੇ ਹਨ । ਸੋ ਇਸ ਨੇਮ ਅਨੁਸਾਰ ਇਸ ਆਇਤ ਦਾ ਇਹ ਅਰਥ ਹੋਵੇਗਾ ਕਿ ਉਸ ਨੇ ਉਹ ਕਪੜੇ ਵੀ ਬਣਾਏ ਹਨ, ਜੋ ਗਰਮੀ ਤੋਂ ਬਚਾਉਂਦੇ ਹਨ ਤੇ ਓਹ ਵੀ ਬਣਾਏ ਹਨ, ਜੋ ਸਰਦੀ ਤੋਂ ਬਚਾਉਂਦੇ ਹਨ ।

بَاْسَكُمْ ۚ كَذٰلِكَ يُتِمُّ نِعْمَتَهٗ عَلَيْكُمْ لَعَلَّكُمْ تُسْلِمُوْنَ ﴿٨٢﴾

ਇਸੇ ਤਰ੍ਹਾਂ ਉਹ ਤੁਹਾਡੇ ਉੱਤੇ ਆਪਣੇ (ਆਤਮਕ) ਇਨਾਮ ਨੂੰ ਵੀ ਪੂਰਨ ਕਰਦਾ ਹੈ; ਤਾਂ ਜੁ ਤੁਸੀਂ (ਉਸ ਦੇ) ਪੂਰਨ ਆਗਿਆਕਾਰੀ ਬਣ ਸਕੋ ।੮੨।

فَاِنْ تَوَلَّوْا فَاِنَّمَا عَلَيْكَ الْبَلٰغُ الْمُبِيْنُ ﴿٨٣﴾

ਸੋ ਜੇ ਓਹ (ਹੁਣ ਵੀ) ਬੇਮੁਖ ਹੋ ਜਾਣ, ਤਾਂ (ਉਸ ਦੇ ਕਾਰਣ ਹੇ ਨਬੀ ਤੇਰੇ ਸਿਰ ਕੋਈ ਦੋਸ਼ ਨਹੀਂ ਹੋਵੇਗਾ; ਕਿਉਂਕਿ) ਤੇਰੇ ਜ਼ਿੰਮੇ ਤਾਂ ਕੇਵਲ ਵਿਸਥਾਰ ਨਾਲ ਪਹੁੰਚਾ ਦੇਣਾ ਹੀ ਹੈ ।੮੩।

يَعْرِفُوْنَ نِعْمَتَ اللّٰهِ ثُمَّ يُنْكِرُوْنَهَا وَاَكْثَرُهُمُ الْكٰفِرُوْنَ ﴿٨٤﴾ ع ١١

ਓਹ ਅੱਲਾਹ ਦੇ (ਇਸ) ਇਨਾਮ ਨੂੰ (ਚੰਗੀ ਤਰ੍ਹਾਂ) ਪਛਾਣਦੇ ਹਨ, (ਪਰ) ਫੇਰ (ਵੀ) ਇਸ ਦਾ ਇਨਕਾਰ ਕਰ ਰਹੇ ਹਨ ਅਤੇ ਓਹਨਾਂ ਵਿੱਚੋਂ ਵਧੇਰੇ ਲੋਕ ਤਾਂ ਪੱਕੇ ਇਨਕਾਰੀ ਹਨ ।੮੪। (ਰਕੂਅ ੧੧)

وَيَوْمَ نَبْعَثُ مِنْ كُلِّ اُمَّةٍ شَهِيْدًا ثُمَّ لَا يُؤْذَنُ لِلَّذِيْنَ كَفَرُوْا وَلَا هُمْ يُسْتَعْتَبُوْنَ ﴿٨٥﴾

ਅਤੇ (ਉਹ ਸਮਾਂ ਵੀ ਯਾਦ ਕਰੋ), ਜਦ ਕਿ ਅਸੀਂ ਹਰੇਕ ਜਾਤੀ—ਵਿੱਚੋਂ ਇਕ ਗਵਾਹ ਖੜਾ ਕਰਾਂਗੇ । ਸੋ (ਉਸ ਸਮੇਂ) ਓਹਨਾਂ ਲੋਕਾਂ ਨੂੰ—ਜਿਨ੍ਹਾਂ ਨੇ ਇਨਕਾਰ (ਦਾ ਢੰਗ ਧਾਰਨ) ਕੀਤਾ ਸੀ, (ਕੋਈ ਬਹਾਨਾ ਬਣਾਉਣ ਜਾਂ ਪਸਚਾਤਾਪ ਕਰਨ ਦੀ) ਆਗਿਆ ਨਹੀਂ ਦਿੱਤੀ ਜਾਏਗੀ ਤੇ ਨਾ (ਹੀ) ਓਹਨਾਂ ਦਾ ਕੋਈ ਬਹਾਨਾ ਪਰਵਾਨ ਕੀਤਾ ਜਾਏਗਾ ।੮੫।

وَاِذَا رَاَ الَّذِيْنَ ظَلَمُوا الْعَذَابَ فَلَا يُخَفَّفُ عَنْهُمْ وَلَا هُمْ يُنْظَرُوْنَ ﴿٨٦﴾

ਅਤੇ ਜੋ ਲੋਕ ਜ਼ੁਲਮ ਕਮਾਉਂਦੇ ਸਨ, ਓਹ ਜਦ ਉਸ ਆਉਣ ਵਾਲੇ ਕਸ਼ਟ ਨੂੰ ਵੇਖਣਗੇ, ਤਾਂ ਉਸ ਸਮੇਂ ਨਾ ਤਾਂ ਉਹ ਕਸ਼ਟ ਓਹਨਾਂ ਤੋਂ ਹੌਲਾ ਕੀਤਾ ਜਾਏਗਾ ਤੇ ਨਾ ਹੀ ਓਹਨਾਂ ਨੂੰ ਕੋਈ ਢਿਲ ਦਿੱਤੀ ਜਾਏਗੀ ।੮੬।

وَاِذَا رَاَ الَّذِيْنَ اَشْرَكُوْا شُرَكَآءَهُمْ قَالُوْا رَبَّنَا

ਜਿਨ੍ਹਾਂ ਲੋਕਾਂ ਨੇ ਦੂਜੀਆਂ ਚੀਜ਼ਾਂ ਨੂੰ (ਅੱਲਾਹ ਦੀ) ਬਰਾਬਰੀ ਦਿੱਤੀ ਹੋਈ ਸੀ, ਜਦ ਓਹ ਏਹਨਾਂ ਆਪਣੇ (ਘੜੇ ਹੋਏ)[1] ਸ਼ਰੀਕਾਂ ਨੂੰ ਵੇਖਣਗੇ, ਤਾਂ ਇਹ ਕਹਿਣਗੇ

[1]ਮੂਲ ਪਾਠ ਵਿਚ ਕੇਵਲ ''ਸ਼ੁਰਾਕਾਅਹੁਮ'' ਕਿਹਾ ਗਿਆ ਹੈ, ਪਰ ਚੂੰਕਿ ਕੁਰਾਨ ਸਰੀਫ ਨੇ ਹੀ ਇਹ ਦੱਸਿਆ ਹੈ ਕਿ ਪ੍ਰਭੂ ਦਾ ਕੋਈ ਸ਼ਰੀਕ ਨਹੀਂ; ਇਸ ਲਈ ਅਸੀਂ ''ਆਪਣੇ ਘੜੇ ਹੋਏ'' ਦੇ ਪਦ ਵਧਾ ਦਿੱਤੇ ਹਨ, ਜੋ ਕੁਰਾਨ ਸ਼ਰੀਫ ਦੇ ਭਾਵ ਅਨੁਸਾਰ ਠੀਕ ਹਨ ।

هٰٓؤُلَآءِ شُرَكَآؤُنَا الَّذِيْنَ كُنَّا نَدْعُوْا مِنْ دُوْنِكَ ۚ فَاَلْقَوْا اِلَيْهِمُ الْقَوْلَ اِنَّكُمْ لَكٰذِبُوْنَ ۝٨٦

ਕਿ ਹੇ ਸਾਡੇ ਸਾਜਨਹਾਰ ਤੇ ਪਾਲਨਹਾਰ ! ਏਹ ਸਾਡੇ (ਘੜੇ ਹੋਏ) ਇਸਟ ਹਨ, ਜਿਨ੍ਹਾਂ ਨੂੰ ਅਸੀਂ ਤੈਥੋਂ ਛੁੱਟ ਪੂਜਿਆ ਕਰਦੇ ਸੀ। ਇਸ ਤੇ ਓਹ (ਘੜੇ ਹੋਏ ਸ਼ਰੀਕ ਛੇਤੀ ਨਾਲ) ਓਹਨਾਂ ਨੂੰ ਇਹ ਕਹਿਣਗੇ ਕਿ ਬੇਸ਼ੱਕ ਤੁਸੀਂ ਝੂਠੇ ਹੋ ।੮੭।

وَاَلْقَوْا اِلَى اللّٰهِ يَوْمَئِذِ ِالسَّلَمَ وَضَلَّ عَنْهُمْ مَّا كَانُوْا يَفْتَرُوْنَ ۝٨٧

ਅਤੇ (ਉਸ ਦਿਨ) ਓਹ (ਜ਼ਾਲਮ ਛੇਤੀ ਨਾਲ) ਅੱਲਾਹ ਦੇ ਹਜ਼ੂਰ (ਆਪਣੀ) ਆਗਿਆਕਾਰੀ ਪਰਗਟ ਕਰਨ ਦਾ ਜਤਨ ਕਰਨਗੇ, ਅਰਥਾਤ ਓਹਨਾਂ ਨੂੰ ਉਹ (ਸਭ ਕੁਝ) ਭੁਲ-ਭੁਲਾ ਜਾਏਗਾ, ਜਿਸ ਨੂੰ ਓਹ ਆਪਣੇ ਕੋਲੋਂ ਘੜਿਆ ਕਰਦੇ ਸਨ ।੮੮।

اَلَّذِيْنَ كَفَرُوْا وَصَدُّوْا عَنْ سَبِيْلِ اللّٰهِ زِدْنٰهُمْ عَذَابًا فَوْقَ الْعَذَابِ بِمَا كَانُوْا يُفْسِدُوْنَ ۝٨٨

ਜੋ ਲੋਕ (ਆਪ ਵੀ) ਇਨਕਾਰੀ ਹਨ ਤੇ (ਦੂਜਿਆਂ ਨੂੰ ਵੀ) ਅੱਲਾਹ ਦੇ ਮਾਰਗ ਤੋਂ ਰੋਕਦੇ ਹਨ ਓਹਨਾਂ ਨੂੰ ਅਸੀਂ ਇਸ ਕਸ਼ਟ ਤੋਂ ਵਧ ਕੇ ਇਕ ਹੋਰ ਕਸ਼ਟ ਦਿਆਂਗੇ; ਕਿਉਂਕਿ ਓਹ (ਸਦਾ) ਫ਼ਸਾਦ ਮਚਾਉਂਦੇ ਸਨ ।੮੯।

وَيَوْمَ نَبْعَثُ فِيْ كُلِّ اُمَّةٍ شَهِيْدًا عَلَيْهِمْ مِّنْ اَنْفُسِهِمْ وَجِئْنَا بِكَ شَهِيْدًا عَلٰى هٰٓؤُلَآءِ ۭ وَنَزَّلْنَا عَلَيْكَ الْكِتٰبَ تِبْيَانًا لِّكُلِّ شَيْءٍ وَّهُدًى وَّرَحْمَةً وَّبُشْرٰى لِلْمُسْلِمِيْنَ ۝٨٩ ع ١٢

ਅਤੇ ਉਹ ਸਮਾਂ ਵੀ ਯਾਦ ਕਰੋ ਜਦ ਕਿ ਅਸੀਂ ਹਰੇਕ ਜਾਤੀ ਵਿਚ ਓਹਨਾਂ ਦੇ ਵਿਰੁਧ ਓਹਨਾਂ ਵਿੱਚੋਂ ਹੀ ਇਕ ਗਵਾਹ ਖੜਾ ਕਰਾਂਗੇ। (ਹੇ ਰਸੂਲ !) ਤੈਨੂੰ ਓਹਨਾਂ (ਸਾਰਿਆਂ) ਦੇ ਵਿਰੁਧ ਗਵਾਹ ਬਣਾ ਕੇ ਲਿਆਵਾਂਗੇ ਅਤੇ ਅਸੀਂ ਇਹ ਪੁਸਤਕ ਹਰੇਕ ਗੱਲ ਨੂੰ ਵਿਸਥਾਰ ਨਾਲ ਵਰਣਨ ਕਰਨ ਲਈ ਤੇ (ਸਾਰੇ ਲੋਕਾਂ ਦੀ) ਅਗਵਾਈ ਲਈ ਤੇ (ਓਹਨਾਂ ਉੱਤੇ) ਮਿਹਰ ਕਰਨ ਲਈ ਅਰਥਾਤ ਪੂਰਨ ਆਗਿਆਕਾਰੀ ਧਾਰਨ ਕਰਨ ਵਾਲਿਆਂ ਲਈ ਖ਼ੁਸ਼ਖਬਰੀ ਦੇਣ ਵਾਸਤੇ ਉਤਾਰੀ ਹੈ ।੯੦। (ਰਕੂਅ ੧੨)

اِنَّ اللّٰهَ يَاْمُرُ بِالْعَدْلِ وَالْاِحْسَانِ وَاِيْتَآئِ ذِي

ਬੇਸ਼ੱਕ ਅੱਲਾਹ ਇਨਸਾਫ਼, ਤੇ ਉਪਕਾਰ ਦਾ, ਅਰਥਾਤ (ਓਪਰਿਆਂ ਨੂੰ ਵੀ) ਸੰਬੰਧੀਆਂ ਵਾਂਗ (ਜਾਣਨ ਦਾ ਤੇ ਉਸੇ ਤਰ੍ਹਾਂ ਸਹਾਇਤਾ) ਕਰਨ ਦਾ ਉਪਦੇਸ਼ ਦਿੰਦਾ ਹੈ,

الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ ﴿٩٠﴾

ਅਤੇ (ਹਰੇਕ ਕਿਸਮ ਦੀ) ਨਿਰਲੱਜਤਾ, ਅਯੋਗ ਗੱਲਾਂ ਤੇ ਬਗ਼ਾਵਤ ਕਰਨ ਤੋਂ ਰੋਕਦਾ ਹੈ। ਉਹ ਤੁਹਾਨੂੰ ਉਪਦੇਸ਼ ਦਿੰਦਾ ਹੈ; ਤਾਂ ਜੁ ਤੁਸੀਂ ਸਮਝ ਸਕੋ ।੯੧।

وَاَوْفُوْا بِعَهْدِ اللّٰهِ اِذَا عٰهَدْتُّمْ وَلَا تَنْقُضُوا الْاَيْمَانَ بَعْدَ تَوْكِيْدِهَا وَقَدْ جَعَلْتُمُ اللّٰهَ عَلَيْكُمْ كَفِيْلًا ۭ اِنَّ اللّٰهَ يَعْلَمُ مَا تَفْعَلُوْنَ ﴿٩١﴾

ਅਤੇ (ਇਹ ਚਾਹੀਦਾ ਹੈ ਕਿ) ਤੁਸੀਂ ਅੱਲਾਹ (ਨਾਲ ਕੀਤੇ) ਆਪਣੇ ਪ੍ਰਣ ਨੂੰ ਜਦ ਕਿ ਤੁਸੀਂ (ਉਸ ਨਾਲ) ਕੋਈ ਪ੍ਰਣ ਕੀਤਾ ਹੋਵੇ, ਪੂਰਾ ਕਰੋ ਅਤੇ ਆਪਣੀਆਂ ਕਸਮਾਂ ਨੂੰ ਪੱਕਾ ਕਰਨ ਦੇ ਮਗਰੋਂ ਜਦ ਕਿ ਤੁਸੀਂ ਅੱਲਾਹ ਨੂੰ (ਉਸ ਦੀਆਂ ਕਸਮਾਂ ਖਾ ਕੇ) ਆਪਣਾ ਜ਼ਾਮਨ ਬਣਾ ਲਿਆ ਹੋਵੇ, ਕਦੇ ਨਾ ਤੋੜੋ । ਤੁਸੀਂ ਜੋ ਕੁਝ ਵੀ ਕਰਦੇ ਹੋ, ਬੇਸ਼ੱਕ ਅੱਲਾਹ ਉਸ ਦਾ ਜਾਣਨਹਾਰ ਹੈ ।੯੨।

وَلَا تَكُوْنُوْا كَالَّتِيْ نَقَضَتْ غَزْلَهَا مِنْۢ بَعْدِ قُوَّةٍ اَنْكَاثًا ۭ تَتَّخِذُوْنَ اَيْمَانَكُمْ دَخَلًۢا بَيْنَكُمْ اَنْ تَكُوْنَ اُمَّةٌ هِىَ اَرْبٰى مِنْ اُمَّةٍ ۭ اِنَّمَا يَبْلُوْكُمُ اللّٰهُ بِهٖ ۭ وَلَيُبَيِّنَنَّ لَكُمْ يَوْمَ الْقِيٰمَةِ مَا كُنْتُمْ فِيْهِ تَخْتَلِفُوْنَ ﴿٩٢﴾

ਅਰਥਾਤ ਤੁਸੀਂ ਉਸ ਤੀਵੀਂ ਵਾਂਗ ਨਾ ਬਣੋ, ਜਿਸ ਨੇ ਆਪਣੇ ਕੱਤੇ ਹੋਏ ਸੂਤ ਨੂੰ ਉਸ ਦੇ ਪੱਕੇ ਹੋ ਜਾਣ ਮਗ਼ਰੋਂ ਤੋੜ ਕੇ ਤਾਰ ਤਾਰ ਕਰ ਦਿੱਤਾ ਸੀ; (ਤਾਂ ਜੁ) ਤੁਸੀਂ ਆਪਣੀਆਂ ਕਸਮਾਂ ਨੂੰ ਪਰਸਪਰ ਧੋਖੇ ਦੁਆਰਾ ਆਪਸ ਵਿਚ ਰਸੂਖ ਵਧਾਉਣ ਦਾ ਸਾਧਨ ਬਣਾ ਸਕੋ; ਇਸ ਡਰ ਨਾਲ ਕਿ ਕੋਈ ਜਾਤੀ ਕਿਸੇ ਦੂਜੀ ਜਾਤੀ ਦੇ ਟਾਕਰੇ ਤੇ ਵਧੇਰੇ ਬਲਵਾਨ ਨਾ ਹੋ ਜਾਏ । ਅੱਲਾਹ ਤਾਂ ਕੇਵਲ ਇਸ ਸਮੇਂ ਤੁਹਾਨੂੰ ਏਹਨਾਂ (ਹੁਕਮਾਂ) ਦੁਆਰਾ ਪਰਖ ਰਿਹਾ ਹੈ ਅਤੇ ਕਿਆਮਤ ਦੇ ਦਿਹਾੜੇ ਉਹ ਤੁਹਾਡੇ ਉੱਤੇ ਸਾਰੀ ਅਸਲੀਅਤ ਪਰਗਟ ਕਰ ਦੇਵੇਗਾ[1] ।੯੩।

وَلَوْ شَآءَ اللّٰهُ لَجَعَلَكُمْ اُمَّةً وَّاحِدَةً وَّلٰكِنْ يُّضِلُّ

ਜੇ ਅੱਲਾਹ ਆਪਣੀ ਮਰਜ਼ੀ (ਹੀ) ਮਨਵਾਉਣੀ ਚਾਹੁੰਦਾ, ਤਾਂ ਉਹ ਤੁਹਾਨੂੰ (ਸਾਰਿਆਂ ਨੂੰ) ਇੱਕੋ ਹੀ ਸੰਗਤ ਬਣਾ ਦਿੰਦਾ, ਪਰ (ਉਸ ਨੇ ਅਜਿਹਾ ਨਹੀਂ ਕੀਤਾ; ਸਗੋਂ) ਜੋ ਪ੍ਰਾਣੀ (ਕੁਰਾਹੇ ਜਾਣਾ) ਪਸੰਦ ਕਰਦਾ ਹੈ, ਉਸ ਨੂੰ ਉਹ ਕੁਰਾਹੇ ਪਾ ਦਿੰਦਾ ਹੈ ।

[1]ਅਰਥਾਤ—ਸੱਚ ਝੂਠ ਦਾ ਭੇਦ ਤੁਹਾਡੇ ਤੇ ਸਪਸ਼ਟ ਹੋ ਜਾਏਗਾ ।

مَنْ يَّشَآءُ وَيَهْدِيْ مَنْ يَّشَآءُ ؕ وَلَتُسْـَٔلُنَّ عَمَّا كُنْتُمْ تَعْمَلُوْنَ ﴿٩٣﴾

ਅਤੇ ਜਿਹੜਾ ਪ੍ਰਾਣੀ (ਸੁਮਾਰਗ ਦਾ) ਚਾਹਵਾਨ ਹੁੰਦਾ ਹੈ, ਉਸ ਨੂੰ ਉਹ ਸੁਮਾਰਗ ਵਲ ਲਾ ਦਿੰਦਾ ਹੈ ਅਤੇ ਜੋ ਕੁਝ ਤੁਸੀਂ ਕਮਾਈ ਕਰਦੇ ਹੋ, ਉਸ ਬਾਰੇ (ਕਿਆਮਤ ਦੇ ਦਿਹਾੜੇ) ਤੁਹਾਥੋਂ ਪੁਛਗਿਛ ਕੀਤੀ ਜਾਏਗੀ ।੯੪।

وَلَا تَتَّخِذُوْۤا اَيْمَانَكُمْ دَخَلًۢا بَيْنَكُمْ فَتَزِلَّ قَدَمٌۢ بَعْدَ ثُبُوْتِهَا وَتَذُوْقُوا السُّوْٓءَ بِمَا صَدَدْتُّمْ عَنْ سَبِيْلِ اللّٰهِ ۚ وَلَكُمْ عَذَابٌ عَظِيْمٌ ﴿٩٥﴾

ਅਤੇ ਤੁਸੀਂ ਆਪਣੀਆਂ ਕਸਮਾਂ ਨੂੰ ਆਪਸ ਵਿਚ ਛਹੋਬ ਕਰਨ ਦਾ ਸਾਧਨ ਨਾ ਬਣਾਓ । ਨਹੀਂ ਤਾਂ (ਤੁਹਾਡੇ ਪੈਰ (ਪੱਕਿਆਈ ਨਾਲ) ਜੰਮ ਜਾਣ ਤੋਂ ਮਗਰੋਂ (ਮੁਤ) ਤਿਲਕ ਜਾਣਗੇ ਅਤੇ ਤੁਹਾਡਾ ਝਿਆਨਕ ਅੰਤ ਹੋਵੇਗਾ; ਕਿਉਂਕਿ ਤੁਸੀਂ ਹੀ (ਇਸ ਤਰ੍ਹਾਂ ਦੂਜਿਆਂ ਲੋਕਾਂ ਨੂੰ ਵੀ) ਅੱਲਾਹ ਦੇ ਮਾਰਗ ਤੋਂ ਰੋਕਣ ਦਾ ਕਾਰਣ ਬਣੋਗੇ ਅਤੇ ਤੁਹਾਨੂੰ ਵੱਡਾ ਦੰਡ ਮਿਲੇਗਾ ।੯੫।

وَلَا تَشْتَرُوْا بِعَهْدِ اللّٰهِ ثَمَنًا قَلِيْلًا ؕ اِنَّمَا عِنْدَ اللّٰهِ هُوَ خَيْرٌ لَّكُمْ اِنْ كُنْتُمْ تَعْلَمُوْنَ ﴿٩٦﴾

ਅਤੇ ਤੁਸੀਂ ਅੱਲਾਹ ਦੇ (ਨਾਲ ਕੀਤੇ) ਪ੍ਰਣਾਂ ਦੇ ਵਟਾਂਦਰੇ ਵਿਚ ਤੁਛ ਮੁੱਲ (ਰੱਖਣ ਵਾਲੀ ਵਸਤੂ) ਕਦੇ ਨਾ ਲਓ । ਜੇ ਤੁਸੀਂ ਸਿਆਣੇ ਹੋ, ਤਾਂ ਸਮਝ ਜਾਓ ਕਿ ਜੋ ਕੁਝ ਅੱਲਾਹ ਕੋਲ ਹੈ, ਉਹ ਨਿਰਸੰਦੇਹ ਤੁਹਾਡੇ ਵਾਸਤੇ (ਉਸ ਤੋਂ ਕਈ ਗੁਣਾਂ) ਵਧੀਕ ਚੰਗਾ ਹੈ ।੯੬।

مَا عِنْدَكُمْ يَنْفَدُ ۚ وَمَا عِنْدَ اللّٰهِ بَاقٍ ؕ وَلَنَجْزِيَنَّ الَّذِيْنَ صَبَرُوْۤا اَجْرَهُمْ بِاَحْسَنِ مَا كَانُوْا يَعْمَلُوْنَ ﴿٩٦﴾

ਜੋ ਕੁਝ ਤੁਹਾਡੇ ਕੋਲ ਹੈ, ਉਹ (ਅੰਤ) ਨਿਖੁੱਟ ਜਾਏਗਾ ਅਤੇ ਜੋ ਕੁਝ ਅੱਲਾਹ ਕੋਲ ਹੈ, ਉਹ (ਸਦਾ) ਸਲਾਮਤ ਰਹੇਗਾ ਅਤੇ (ਸਾਨੂੰ ਆਪਣੇ ਆਪ ਦੀ ਕਸਮ ਹੈ ਕਿ) ਜੋ ਲੋਕ ਦ੍ਰਿੜ੍ਹ ਰਹਿਣਗੇ ਅਸੀਂ ਨਿਰਸੰਦੇਹ ਓਹਨਾਂ ਨੂੰ ਓਹਨਾਂ ਦੇ ਸ਼ੁਭ ਕਰਮਾਂ ਦਾ ਵਟਾਂਦਰਾ ਦਿਆਂਗੇ ।੯੭।

مَنْ عَمِلَ صَالِحًا مِّنْ ذَكَرٍ اَوْ اُنْثٰى وَهُوَ مُؤْمِنٌ فَلَنُحْيِيَنَّهٗ حَيٰوةً طَيِّبَةً ۚ وَلَنَجْزِيَنَّهُمْ اَجْرَهُمْ بِاَحْسَنِ مَا كَانُوْا يَعْمَلُوْنَ ﴿٩٧﴾

ਜੋ ਪ੍ਰਾਣੀ ਸ਼ਰਧਾਲੂ ਹੋਣ ਦੀ ਹਾਲਤ ਵਿਚ ਯਥਾਯੋਗ ਤੇ ਯਥਾਸਕਤ ਸੁਭ ਕਰਮ ਕਰੇਗਾ, ਉਹ ਭਾਵੇਂ ਮਰਦ ਹੋਵੇ ਤੇ ਭਾਵੇਂ ਤੀਵੀਂ, ਅਸੀਂ ਓਹਨਾਂ ਸਾਰਿਆਂ ਨੂੰ ਨਿਰਸੰਦੇਹ ਇਕ ਪਵਿੱਤਰ ਜੀਵਨ ਦਿਆਂਗੇ, ਅਰਥਾਤ ਅਸੀਂ ਓਹਨਾਂ ਨੂੰ—(ਓਹਨਾਂ ਦੇ ਸਾਰੇ ਸੁਭ ਕਰਮਾਂ ਅਨੁਸਾਰ) ਵਟਾਂਦਰਾ ਦਿਆਂਗੇ ।੯੮।

فَإِذَا قَرَأْتَ الْقُرْآنَ فَاسْتَعِذْ بِاللَّهِ مِنَ الشَّيْطَانِ الرَّجِيمِ ﴿٩٨﴾

(ਹੇ ਸੂਤੇ !) ਜਦ ਤੂੰ ਕੁਰਾਨ ਪੜ੍ਹਨ ਲੱਗੇਂ, ਤਾਂ ਫਿਟਕਾਰੇ ਹੋਏ "ਸ਼ੈਤਾਨ" (ਦੀ ਹਰੇਕ ਸ਼ਰਾਰਤ) ਤੋਂ ਬਚਣ ਲਈ ਅੱਲਾਹ ਦੀ ਪਨਾਹ ਮੰਗ (ਲਿਆ ਕਰ) ।੯੮।

إِنَّهُ لَيْسَ لَهُ سُلْطَانٌ عَلَى الَّذِينَ آمَنُوا وَعَلَى رَبِّهِمْ يَتَوَكَّلُونَ ﴿٩٩﴾

(ਸੱਚੀ)[1] ਗੱਲ ਨਿਰਸੰਦੇਹ ਏਹੋ ਹੈ ਕਿ ਜੋ ਲੋਕ ਸ਼ਰਧਾਲੂ ਹਨ ਅਤੇ ਆਪਣੇ ਸਾਜਨਹਾਰ ਤੇ ਪਾਲਨਹਾਰ(ਦੀ ਓਟ) ਤੇ ਭਰੋਸਾ ਰੱਖਦੇ ਹਨ, ਓਹਨਾਂ ਤੇ ਉਸ "ਸ਼ੈਤਾਨ" ਦਾ ਕੋਈ ਵਸ ਨਹੀਂ ਚਲ ਸਕਦਾ ।੧੦੦।

إِنَّمَا سُلْطَانُهُ عَلَى الَّذِينَ يَتَوَلَّوْنَهُ وَالَّذِينَ هُمْ بِهِ مُشْرِكُونَ ﴿١٠٠﴾ ع

ਉਸ ਦਾ ਵਸ ਤਾਂ ਕੇਵਲ ਓਹਨਾਂ ਲੋਕਾਂ ਉੱਤੇ ਹੀ ਚਲਦਾ ਹੈ, ਜੋ ਉਸ ਨਾਲ ਮਿੱਤਰਤਾ ਰੱਖਦੇ ਹਨ, ਅਰਥਾਤ ਜੋ ਉਸ ਦੀ ਪ੍ਰੇਰਨਾ ਨਾਲ ਦੂਜੀਆਂ ਚੀਜ਼ਾਂ ਨੂੰ ਅੱਲਾਹ ਦੀ ਬਰਾਬਰੀ ਦਿੰਦੇ ਹਨ ।੧੦੧।

(ਰਕੂਅ ੧੩)

وَإِذَا بَدَّلْنَا آيَةً مَكَانَ آيَةٍ وَاللَّهُ أَعْلَمُ بِمَا يُنَزِّلُ قَالُوا إِنَّمَا أَنْتَ مُفْتَرٍ بَلْ أَكْثَرُهُمْ لَا يَعْلَمُونَ ﴿١٠١﴾

ਅਤੇ ਜਦ ਅਸੀਂ ਕਿਸੇ ਆਇਤ ਦੀ ਥਾਂ ਕੋਈ ਹੋਰ ਆਇਤ ਉਤਾਰਦੇ ਹਾਂ—ਤਾਂ (ਇਸ ਵਿਚ ਕੀ ਸ਼ੱਕ ਹੈ ਕਿ) ਅੱਲਾਹ ਜੋ ਕੁਝ ਉਤਾਰਦਾ ਹੈ, ਉਸ ਦੀ (ਲੋੜ) ਦਾ ਉਹ (ਸਭ ਤੋਂ) ਵਧੀਕ ਜਾਣਨਹਾਰ ਹੁੰਦਾ ਹੈ, ਪਰ (ਇਸ ਸਮੇਂ ਵਿਰੋਧੀ ਲੋਕ) ਇਹ ਕਹਿੰਦੇ ਹਨ ਕਿ ਤੂੰ ਪਖੰਡੀ ਹੈਂ, (ਪਰ ਅਸਲੀਅਤ ਇਹ ਨਹੀਂ); ਸਗੋਂ ਓਹਨਾਂ ਵਿੱਚੋਂ ਵਧੇਰੇ ਲੋਕ ਅਗਿਆਨੀ ਹਨ ।੧੦੨।

قُلْ نَزَّلَهُ رُوحُ الْقُدُسِ مِنْ رَبِّكَ بِالْحَقِّ لِيُثَبِّتَ الَّذِينَ آمَنُوا وَهُدًى وَبُشْرَى لِلْمُسْلِمِينَ ﴿١٠٢﴾

ਤੂੰ (ਅਜੇਹੇ ਇਤਰਾਜ਼ ਕਰਨ ਵਾਲੇ ਨੂੰ) ਇਹ ਕਹਿ ਦੇ ਕਿ ਇਸ ਨੂੰ "ਰੂਹੁੱਲ ਕੁਦਸ" ਨੇ ਤੇਰੇ ਸਾਜਨਹਾਰ ਤੇ ਪਾਲਨਹਾਰ ਵੱਲੋਂ ਸੱਚਾਈ (ਤੇ ਯੁਕਤੀ) ਨਾਲ ਉਤਾਰਿਆ ਹੈ; ਤਾਂ ਜੁ ਜਿਨ੍ਹਾਂ ਲੋਕਾਂ ਨੇ ਸ਼ਰਧਾ ਧਾਰਨ ਕਰ ਲਈ ਹੈ, ਓਹਨਾਂ ਨੂੰ ਉਹ (ਸ਼ਰਧਾ ਉੱਤੇ) ਸਦਾ ਵਾਸਤੇ ਦ੍ਰਿੜ੍ਹ ਕਰ ਦੇਵੇ ਅਤੇ (ਇਸ ਤੋਂ ਛੁੱਟ) ਉਸ ਨੇ ਆਗਿਆਕਾਰੀਆਂ ਦੀ (ਹੋਰ) ਅਗਵਾਈ ਕਰਨ ਲਈ ਤੇ (ਓਹਨਾਂ ਨੂੰ) ਖ਼ੁਸ਼ਖ਼ਬਰੀਆਂ ਦੇਣ ਲਈ (ਇਸ ਨੂੰ ਉਤਾਰਿਆ ਹੈ) ।੧੦੩।

---

[1] ਕੋਸ਼ ਅਨੁਸਾਰ ਇਸ ਦੇ ਅਰਥ "ਸੱਚੀ ਗੱਲ ਏਹੋ ਹੀ ਹੈ" ਠੀਕ ਹਨ ।

وَلَقَدْ نَعْلَمُ اَنَّهُمْ يَقُوْلُوْنَ اِنَّمَا يُعَلِّمُهٗ بَشَرٌ ؕ لِسَانُ الَّذِىْ يُلْحِدُوْنَ اِلَيْهِ اَعْجَمِىٌّ وَّهٰذَا لِسَانٌ عَرَبِىٌّ مُّبِيْنٌ ﴿١٠٣﴾

ਅਤੇ ਅਸੀਂ ਨਿਰਸੰਦੇਹ ਇਸ ਦੇ ਜਾਣਨਹਾਰ ਹਾਂ ਕਿ ਓਹ ਇਹ ਕਹਿੰਦੇ ਹਨ (ਕਿ ਇਹ ਅਕਾਸ਼ ਬਾਣੀ ਨਹੀਂ ਹੈ; ਸਗੋਂ) ਇਸ ਨੂੰ ਇਕ ਬੰਦਾ[1] (ਇਹ ਗੱਲਾਂ) ਸਿਖਾਉਂਦਾ ਹੈ, (ਪਰ ਓਹ ਇਹ ਨਹੀਂ ਸੋਚਦੇ ਕਿ) ਜਿਸ ਬੰਦੇ ਵਲ ਓਹ (ਇਹ) ਸੰਕੇਤ ਕਰਦੇ ਹਨ, ਉਸ ਦੀ ਭਾਸ਼ਾ (ਅਰਬੀ ਨਹੀਂ ਹੈ; ਸਗੋਂ) ਓਪਰੀ ਬੋਲੀ ਹੈ ਅਤੇ (ਇਹ ਕੁਰਾਨੀ ਬੋਲੀ ਤਾਂ ਖ਼ੂਬ) ਸਪਸ਼ਟ (ਕਰ ਕੇ ਦੱਸਣ ਵਾਲੀ) ਅਰਬੀ ਭਾਸ਼ਾ ਹੈ ।੧੦੪।

اِنَّ الَّذِيْنَ لَا يُؤْمِنُوْنَ بِاٰيٰتِ اللّٰهِ ۙ لَا يَهْدِيْهِمُ اللّٰهُ وَلَهُمْ عَذَابٌ اَلِيْمٌ ﴿١٠٤﴾

ਜੋ ਲੋਕ ਅੱਲਾਹ ਦੇ ਚਮਤਕਾਰਾਂ ਉੱਤੇ ਸ਼ਰਧਾ ਧਾਰਨ ਨਹੀਂ ਕਰਦੇ, ਅੱਲਾਹ ਓਹਨਾਂ ਨੂੰ ਸੁਮਾਰਗ ਵਲ ਨਹੀਂ ਲਾਇਆ ਕਰਦਾ ਅਤੇ ਓਹਨਾਂ ਵਾਸਤੇ ਘੋਰ ਕਸ਼ਟ (ਨੀਅਤ) ਹੈ ।੧੦੫।

اِنَّمَا يَفْتَرِى الْكَذِبَ الَّذِيْنَ لَا يُؤْمِنُوْنَ بِاٰيٰتِ اللّٰهِ ۚ وَاُولٰٓئِكَ هُمُ الْكٰذِبُوْنَ ﴿١٠٥﴾

ਪਖੰਡ ਤਾਂ ਓਹ ਲੋਕ ਹੀ ਕੀਤਾ ਕਰਦੇ ਹਨ, ਜੋ ਅੱਲਾਹ ਦੇ ਚਮਤਕਾਰਾਂ ਉੱਤੇ ਸ਼ਰਧਾ ਧਾਰਨ ਨਹੀਂ ਕਰਦੇ, ਅਰਥਾਤ ਉਹੋ ਹੀ ਵੱਡੇ ਕੂੜਿਆਰ ਹੁੰਦੇ ਹਨ ।੧੦੬।

مَنْ كَفَرَ بِاللّٰهِ مِنْۢ بَعْدِ اِيْمَانِهٖۤ اِلَّا مَنْ اُكْرِهَ وَقَلْبُهٗ مُطْمَئِنٌّۢ بِالْاِيْمَانِ وَلٰكِنْ مَّنْ شَرَحَ بِالْكُفْرِ صَدْرًا فَعَلَيْهِمْ غَضَبٌ مِّنَ اللّٰهِ ۚ وَلَهُمْ عَذَابٌ عَظِيْمٌ ﴿١٠٦﴾

ਜੋ ਲੋਕ ਸ਼ਰਧਾ ਧਾਰਨ ਕਰਨ ਮਗਰੋਂ ਅੱਲਾਹ ਦਾ ਇਨਕਾਰ ਕਰਦੇ ਹਨ, ਛੁੱਟ ਓਹਨਾਂ ਦੇ, ਜਿਨ੍ਹਾਂ ਨੂੰ (ਇਨਕਾਰ ਕਰਨ ਤੇ) ਮਜਬੂਰ ਕੀਤਾ ਗਿਆ ਹੈ ਤੇ ਓਹਨਾਂ ਦਾ ਮਨ ਸ਼ਰਧਾ ਉੱਤੇ ਸੰਤੁਸ਼ਟ ਹੈ । (ਓਹਨਾਂ ਉੱਤੇ ਕੋਈ ਦੋਸ਼ ਨਹੀਂ ਆਏਗਾ) । ਹਾਂ, ਓਹ ਲੋਕ ਜਿਨ੍ਹਾਂ ਨੇ (ਆਪਣਾ) ਮਨ ਇਨਕਾਰ ਵਾਸਤੇ ਖੋਲ੍ਹ ਦਿੱਤਾ ਹੈ, ਓਹਨਾਂ ਉੱਤੇ ਅੱਲਾਹ ਦੀ (ਵੱਡੀ) ਕਰੋਪੀ ਹੋਵੇਗੀ, ਅਰਥਾਤ ਓਹਨਾਂ ਲਈ ਵੱਡਾ ਕਸ਼ਟ (ਨੀਅਤ) ਹੈ ।੧੦੭।

ذٰلِكَ بِاَنَّهُمُ اسْتَحَبُّوا الْحَيٰوةَ الدُّنْيَا عَلَى الْاٰخِرَةِ ۙ وَ

ਅਤੇ ਇਹ ਇਸ ਕਰਕੇ ਹੋਵੇਗਾ ਕਿ ਓਹਨਾਂ ਨੇ ਇਸ ਮਾਤਲੋਕ ਦੇ ਜੀਵਨ ਨਾਲ ਪਿਆਰ ਕਰਕੇ ਉਸ ਨੂੰ ਪਰਲੋਕ ਉੱਤੇ ਵਿਸ਼ੇਸ਼ਤਾ ਦੇ ਦਿੱਤੀ ਸੀ ।

[1]ਇਸ ਦੇ ਵਿਸਥਾਰ ਲਈ ਵੇਖੋ ''ਤਫ਼ਸੀਰਿ ਕਬੀਰ'' (ਮਹਾਂ ਭਾਸ਼) ਦੀ ਜਿਲਦ ੩, ਪੰਨਾ ੭੩ ।

اَنَّ اللّٰهَ لَا يَهْدِى الْقَوْمَ الْكٰفِرِيْنَ ﴿١٠٨﴾

(ਇਸ ਤੋਂ ਛੁੱਟ ਇਸ ਕਰਕੇ ਵੀ ਕਿ) ਅੱਲਾਹ ਇਨਕਾਰ ਕਰਨ ਵਾਲਿਆਂ ਨੂੰ ਕਦੇ ਸੁਮਾਰਗ ਵਲ ਨਹੀਂ ਲਾਇਆ ਕਰਦਾ ।੧੦੮।

اُولٰٓئِكَ الَّذِيْنَ طَبَعَ اللّٰهُ عَلٰى قُلُوْبِهِمْ وَسَمْعِهِمْ وَ اَبْصَارِهِمْ ۚ وَاُولٰٓئِكَ هُمُ الْغٰفِلُوْنَ ﴿١٠٩﴾

ਏਹ ਓਹ ਲੋਕ ਹਨ, ਜਿਨ੍ਹਾਂ ਦੇ (ਇਨਕਾਰ ਦੇ ਕਾਰਣ) ਓਹਨਾਂ ਦੇ ਦਿਲਾਂ ਉੱਤੇ, ਕੰਨਾਂ ਉੱਤੇ ਤੇ ਅੱਖਾਂ ਉੱਤੇ ਅੱਲਾਹ ਨੇ ਮੋਹਰ ਲਾ ਦਿੱਤੀ ਹੈ, ਅਰਥਾਤ ਏਹੋ ਲੋਕ ਹੀ ਵੱਡੇ ਬੇਖ਼ਬਰ ਹਨ ।੧੦੯।

لَا جَرَمَ اَنَّهُمْ فِى الْاٰخِرَةِ هُمُ الْخٰسِرُوْنَ ﴿١١٠﴾

(ਅਤੇ) ਇਸ ਵਿਚ ਕੋਈ ਸੰਦੇਹ ਨਹੀਂ ਕਿ ਓਹ ਪਰਲੋਕ ਵਿਚ (ਸਭ ਤੋਂ) ਵਧੀਕ ਘਾਟਾ ਪਾਉਣ ਵਾਲੇ ਹੋਣਗੇ ।੧੧੦।

ثُمَّ اِنَّ رَبَّكَ لِلَّذِيْنَ هَاجَرُوْا مِنْۢ بَعْدِ مَا فُتِنُوْا ثُمَّ جٰهَدُوْا وَصَبَرُوْٓا ۙ اِنَّ رَبَّكَ مِنْۢ بَعْدِهَا لَغَفُوْرٌ رَّحِيْمٌ ﴿١١١﴾ ع ١٤

ਅਤੇ ਤੇਰਾ ਸਾਜਨਹਾਰ ਤੇ ਪਾਲਨਹਾਰ ਓਹਨਾਂ ਲੋਕਾਂ ਲਈ ਜੋ ਕਲੇਸ਼ ਵਿਚ ਫਸ ਜਾਣ ਮਗਰੋਂ ਹਿਜਰਤ ਕਰ ਗਏ ਸਨ ਤੇ ਫੇਰ ਓਹਨਾਂ ਨੇ ਧਰਮ ਯੁੱਧ ਵੀ ਕੀਤਾ ਸੀ ਅਤੇ (ਆਪਣੇ ਪ੍ਰਣ ਉੱਤੇ) ਦ੍ਰਿੜ੍ਹ ਰਹੇ ਸਨ । (ਹਾਂ) ਤੇਰਾ ਸਾਜਨਹਾਰ ਤੇ ਪਾਲਨਹਾਰ ਇਸ (ਸ਼ਰਤ ਨੂੰ ਪੂਰਾ ਕਰਨ) ਮਗਰੋਂ (ਓਹਨਾਂ ਵਾਸਤੇ) ਵੱਡਾ ਬਖ਼ਸ਼ਣਹਾਰ ਤੇ ਕਿਰਪਾ-ਨਿਧਾਨ (ਸਿੱਧ) ਹੋਵੇਗਾ ।੧੧੧। (ਰਕੂਅ ੧੪)

يَوْمَ تَاْتِىْ كُلُّ نَفْسٍ تُجَادِلُ عَنْ نَّفْسِهَا وَتُوَفّٰى كُلُّ نَفْسٍ مَّا عَمِلَتْ وَهُمْ لَا يُظْلَمُوْنَ ﴿١١٢﴾

(ਅਤੇ ਇਸ ਫਲ ਦਾ ਪਤਾ ਉਸ ਦਿਨ ਲੱਗੇਗਾ) ਜਦ ਕਿ ਹਰੇਕ ਪ੍ਰਾਣੀ ਆਪਣੇ ਆਪ ਬਾਰੇ ਝਗੜਦਾ ਹੋਇਆ ਆਏਗਾ ਤੇ ਹਰੇਕ ਪ੍ਰਾਣੀ ਨੇ ਜੋ ਕੁਝ ਕਮਾਈ ਕੀਤੀ ਹੋਵੇਗੀ, (ਉਸ ਦਾ ਵਟਾਂਦਰਾ) ਉਸ ਨੂੰ ਪੂਰਾ ਪੂਰਾ ਦਿੱਤਾ ਜਾਏਗਾ, ਅਰਥਾਤ ਓਹਨਾਂ ਉੱਤੇ (ਕੋਈ) ਜ਼ੁਲਮ ਨਹੀਂ ਕੀਤਾ ਜਾਏਗਾ ।੧੧੨।

وَضَرَبَ اللّٰهُ مَثَلًا قَرْيَةً كَانَتْ اٰمِنَةً مُّطْمَئِنَّةً

ਅਤੇ ਅੱਲਾਹ (ਤੁਹਾਨੂੰ ਸਮਝਾਉਣ ਲਈ) ਇਕ ਨਗਰੀ[1] ਦਾ ਹਾਲ ਵਰਣਨ ਕਰਦਾ ਹੈ, ਜਿਸ ਨੂੰ (ਹਰ ਤਰ੍ਹਾਂ ਦਾ) ਅਮਨ ਤੇ ਸ਼ਾਂਤੀ ਪ੍ਰਾਪਤ ਸੀ ।

[1]ਇਸ ਥਾ ਇਸ ਨਗਰੀ ਦਾ ਭਾਵ "ਮਕਾ" ਹੈ । ਕੁਰਾਨ ਸਰੀਫ ਵਿਚ ਇਸ ਬਾਰੇ ਭੂਤਕਾਲ ਦੀ ਕਿਰਿਆ ਵਰਤੀ ਗਈ ਹੈ, ਪਰ ਕਈ ਵਾਰ ਕਿਸੇ ਪੱਕੀ ਗੱਲ ਨੂੰ ਵਰਣਨ ਕਰਨ ਲਈ ਅਰਬੀ ਭਾਸਾ ਤੇ ਮੁਹਾਸ ਕਰਕੇ ਕੁਰਾਨ ਸਰੀਫ ਵਿਚ ਭੂਤਕਾਲ ਦੀ ਕਿਰਿਆ ਹੀ ਵਰਤੀ ਜਾਂਦੀ ਹੈ । ਇਸੇ ਤਰ੍ਹਾਂ ਇੱਥੇ ਹੋਇਆ ਹੈ ।

يَأْتِيهَا رِزْقُهَا رَغَدًا مِّن كُلِّ مَكَانٍ فَكَفَرَتْ بِأَنْعُمِ اللَّهِ فَأَذَاقَهَا اللَّهُ لِبَاسَ الْجُوعِ وَالْخَوْفِ بِمَا كَانُوا يَصْنَعُونَ ﴿١١٣﴾

ਹਰ ਪਾਸਿਓਂ ਉਸ ਦਾ ਰਿਜ਼ਕ ਉਸ ਨੂੰ ਖੁਲ੍ਹਾ ਡੁਲ੍ਹਾ ਪੁੱਜਦਾ ਸੀ। ਫੇਰ (ਵੀ) ਉਸ (ਦੇ ਵਸਨੀਕਾਂ) ਨੇ ਅੱਲਾਹ ਦੇ ਇਨਾਮਾਂ ਦੀ ਨਾਸ਼ੁਕਰੀ ਕੀਤੀ ਸੀ। ਉਸ (ਦੀ ਇਸ ਨਾਸ਼ੁਕਰੀ) ਦੇ ਕਾਰਣ ਅੱਲਾਹ ਨੇ ਉਸ (ਦੇ ਵਸਨੀਕਾਂ) ਉੱਤੇ ਓਹਨਾਂ ਦੀਆਂ (ਭੈੜੀਆਂ) ਕਰਤੂਤਾਂ ਸਦਕਾ ਭੁੱਖ ਤੇ[1] ਸਹਿਮ ਦੇ ਬਸਤਰ ਉਤਾਰੇ ਸਨ ।੧੧੩।

وَلَقَدْ جَاءَهُمْ رَسُولٌ مِّنْهُمْ فَكَذَّبُوهُ فَأَخَذَهُمُ الْعَذَابُ وَهُمْ ظَالِمُونَ ﴿١١٤﴾

ਅਤੇ ਬੇਸ਼ੱਕ ਓਹਨਾਂ ਵਲ ਓਹਨਾਂ ਵਿੱਚੋਂ ਹੀ (ਸਾਡਾ) ਇਕ ਰਸੂਲ ਆ ਚੁੱਕਾ ਹੈ, ਪਰ ਓਹਨਾਂ ਨੇ ਉਸ ਦੀ (ਵੱਡੀ) ਨਿੰਦਾ ਕੀਤੀ ਸੀ, ਜਿਸ ਤੇ ਉਸੇ ਹਾਲ ਵਿਚ ਕਿ ਓਹ ਜ਼ੁਲਮ ਕਮਾ ਰਹੇ ਸਨ, (ਸਾਡੇ) ਕਸ਼ਟ ਨੇ ਓਹਨਾਂ ਨੂੰ ਆ ਦਬੋਚਿਆ ਸੀ ।੧੧੪।

فَكُلُوا مِمَّا رَزَقَكُمُ اللَّهُ حَلَالًا طَيِّبًا وَاشْكُرُوا نِعْمَتَ اللَّهِ إِن كُنتُمْ إِيَّاهُ تَعْبُدُونَ ﴿١١٥﴾

ਸੋ ਜੋ ਸਾਫ਼-ਸੁਥਰੀਆਂ ਤੇ ਹਲਾਲ (ਧਨ) ਅੱਲਾਹ ਨੇ ਤੁਹਾਨੂੰ ਦਿੱਤਾ ਹੈ, ਤੁਸੀਂ ਉਸ ਵਿੱਚੋਂ ਖਾਓ, ਅਰਥਾਤ ਅੱਲਾਹ ਦੇ ਇਨਾਮ ਦਾ, ਜੇ ਤੁਸੀਂ ਉਸ ਦੀ ਬੰਦਗੀ ਕਰਦੇ ਹੋ, ਤਾਂ ਧੰਨਵਾਦ ਕਰੋ ।੧੧੫।

إِنَّمَا حَرَّمَ عَلَيْكُمُ الْمَيْتَةَ وَالدَّمَ وَلَحْمَ الْخِنزِيرِ وَمَا أُهِلَّ لِغَيْرِ اللَّهِ بِهِ ۖ فَمَنِ اضْطُرَّ غَيْرَ بَاغٍ وَلَا

ਉਸ ਨੇ ਤੁਹਾਡੇ ਉੱਤੇ ਕੇਵਲ ਮੁਰਦਾਰ, ਰਤ ਤੇ ਸੂਰ ਦਾ ਮਾਸ ਅਤੇ (ਹਰੇਕ ਉਹ) ਚੀਜ਼, ਜਿਸ ਤੇ ਅੱਲਾਹ ਤੋਂ ਛੁੱਟ ਕਿਸੇ ਹੋਰ ਦਾ ਨਾਂ ਲਿਆ ਗਿਆ ਹੋਵੇ, ਹਰਾਮ ਕੀਤੀ ਹੈ ਅਤੇ ਜੋ ਕੋਈ (ਪ੍ਰਾਣੀ) ਏਹਨਾਂ ਵਿੱਚੋਂ (ਕਿਸੇ ਚੀਜ਼ ਦੇ ਖਾਣ ਤੇ) ਮਜਬੂਰ ਹੋ ਜਾਏ; ਹਾਂ, ਉਹ (ਸ਼ਰੀਅਤ ਦਾ) ਬਾਗ਼ੀ ਨਾ ਹੋਵੇ,

---

[1]ਮੂਲ ਪਾਠ ਵਿਚ ''ਅੱਜ਼ਾਕਾ'' ਪਦ ਵਰਤਿਆ ਗਿਆ ਹੈ, ਜਿਸ ਦਾ ਅਰਥ ''ਚੱਖਣਾ'' ਹੈ, ਪਰ ਇਹ ਪਦ ਅਰਬੀ ਭਾਸ਼ਾ ਵਿਚ ਲਿਬਾਸ (ਬਸਤਰਾ) ਲਈ ਤੇ ਭੋਜਨ ਲਈ ਵੀ ਵਰਤਿਆ ਜਾਂਦਾ ਹੈ। ਇਕ ਪ੍ਰਸਿਧ ਕਵੀ ਦਾ ਕਥਨ ਹੈ :—

ਕਾਲੁੱਕਿਰਾਹ ਸੈਅਨ ਨੁਜ਼ਿਦ ਲਕਾ ਤੱਬਖਾਹੁ
ਕੁਲਤੁ ਇਤਬਖੂਲੀ ਹੁੱਬਾਤਨ ਵ ਕਮੀਸਾ।

ਅਰਥਾਤ—ਓਹਨਾਂ ਨੇ ਇਹ ਕਿਹਾ ਕਿ ਅਸੀਂ ਤੇਰੇ ਲਈ ਕੀ ਪਕਾਈਏ। ਮੈਂ ਕਿਹਾ ਕਿ ਕੱਟ ਤੇ ਕੁੜਤਾ ਮੈਨੂੰ ਪਕਾ ਕੇ ਦਿਓ। ਇਸੇ ਮੁਹਾਵਰੇ ਨੂੰ ਮੁਖ ਰੱਖ ਕੇ ਅਸੀਂ ਇਸ ਟੀਕੇ ਵਿਚ ਬਸਤਰ ਅਰਥ ਕੀਤਾ ਹੈ; ਤਾਂ ਜੁ ਚੱਖਣ ਦਾ ਭਾਵ ਵੀ ਪਰਗਟ ਹੋ ਜਾਏ ਤੇ ਬਸਤਰ ਦਾ ਪਦ ਵੀ ਕਾਇਮ ਰਹੇ।

لَاعَادٍ فَإِنَّ اللّٰهَ غَفُوْرٌ رَّحِيْمٌ ﴿١١٩﴾

ਤੇ ਨਾ ਹੱਦੋਂ ਟੱਪਣ ਵਾਲਾ ਹੀ ਹੋਵੇ, ਤਾਂ (ਯਾਦ ਰਹੇ ਕਿ) ਬੇਸ਼ੱਕ ਅੱਲਾਹ ਵੱਡਾ ਬਖ਼ਸ਼ਣਹਾਰ ਤੇ ਕਿਰਪਾ-ਨਿਧਾਨ ਹੈ ।੧੧੯।

وَلَا تَقُوْلُوْا لِمَا تَصِفُ اَلْسِنَتُكُمُ الْكَذِبَ هٰذَا حَلٰلٌ وَّهٰذَا حَرَامٌ لِّتَفْتَرُوْا عَلَى اللّٰهِ الْكَذِبَ ۚ اِنَّ الَّذِيْنَ يَفْتَرُوْنَ عَلَى اللّٰهِ الْكَذِبَ لَا يُفْلِحُوْنَ ﴿١١٦﴾

ਅਤੇ ਆਪਣੀਆਂ ਜ਼ਬਾਨਾਂ ਦੇ ਝੂਠੇ ਬਿਆਨ ਦੇ ਕਾਰਣ (ਇਹ) ਨਾ ਆਖੋ ਕਿ ਇਹ ਹਲਾਲ ਹੈ ਤੇ ਉਹ ਹਰਾਮ ਹੈ । (ਤਾਂ ਜੁ ਅਜਿਹਾ ਨਾ ਹੋਵੇ) ਕਿ ਤੁਸੀਂ ਅੱਲਾਹ ਉੱਤੇ ਕੂੜ ਘੜਨ ਵਾਲੇ ਬਣ ਜਾਓ । ਬੇਸ਼ੱਕ ਜੋ ਅੱਲਾਹ ਉੱਤੇ ਕੂੜ ਘੜਦੇ ਹਨ, ਓਹ ਕਦੇ ਵੀ ਸਫਲ ਨਹੀਂ ਹੋਇਆ ਕਰਦੇ ।੧੧੭।

مَتَاعٌ قَلِيْلٌ ۖ وَّلَهُمْ عَذَابٌ اَلِيْمٌ ﴿١١٧﴾

(ਇਹ ਮਾਤ ਲੋਕ) ਤੁੱਛ ਤੇ ਨਾਸਵਾਨ ਸਾਧਨ ਹੈ, ਅਰਥਾਤ (ਇਸ ਝੂਠ ਦੇ ਸਿੱਟੇ ਵਿਚ) ਓਹਨਾਂ ਵਾਸਤੇ ਘੋਰ ਕਸ਼ਟ (ਨੀਅਤ) ਹੈ । (ਸੋ ਤੁਹਾਨੂੰ ਇਸ ਤੋਂ ਬਚਣ ਦਾ ਜਤਨ ਕਰਨਾ ਚਾਹੀਦਾ ਹੈ) ।੧੧੮।

وَعَلَى الَّذِيْنَ هَادُوْا حَرَّمْنَا مَا قَصَصْنَا عَلَيْكَ مِنْ قَبْلُ ۚ وَمَا ظَلَمْنٰهُمْ وَلٰكِنْ كَانُوْٓا اَنْفُسَهُمْ يَظْلِمُوْنَ ﴿١١٨﴾

ਅਤੇ ਜੋ ਯਹੂਦੀ ਸਨ, ਓਹਨਾਂ ਉੱਤੇ (ਵੀ) ਅਸੀਂ ਇਸ ਤੋਂ ਪਹਿਲਾਂ ਓਹ (ਸਾਰੀਆਂ) ਚੀਜ਼ਾਂ ਹਰਾਮ ਕੀਤੀਆਂ ਸਨ, ਜਿਨ੍ਹਾਂ ਦਾ ਵਰਣਨ ਅਸੀਂ ਤੇਰੇ ਅੱਗੇ ਕੀਤਾ ਹੈ ਅਤੇ ਅਸੀਂ (ਓਹਨਾਂ ਨੂੰ ਇਹ ਹੁਕਮ ਦੇ ਕੇ) ਓਹਨਾਂ ਉੱਤੇ ਕੋਈ ਜ਼ੁਲਮ ਨਹੀਂ ਕੀਤਾ ਸੀ; ਸਗੋਂ ਓਹ ਆਪ ਹੀ (ਓਹਨਾਂ ਦੀ ਅਵੱਗਿਆ ਕਰ ਕੇ) ਆਪਣੇ ਆਪ ਉੱਤੇ ਜ਼ੁਲਮ ਕੀਤਾ ਕਰਦੇ ਸਨ ।੧੧੯।

ثُمَّ اِنَّ رَبَّكَ لِلَّذِيْنَ عَمِلُوا السُّوْٓءَ بِجَهَالَةٍ ثُمَّ تَابُوْا مِنْ بَعْدِ ذٰلِكَ وَاَصْلَحُوْٓا ۙ اِنَّ رَبَّكَ مِنْ بَعْدِهَا لَغَفُوْرٌ رَّحِيْمٌ ﴿١١٩﴾ ع

ਸੋ (ਇਹ ਚੇਤੇ ਰਹੇ ਕਿ) ਜਿਨ੍ਹਾਂ ਲੋਕਾਂ ਨੇ ਬੇਖ਼ਬਰੀ ਦੀ ਹਾਲਤ ਵਿਚ (ਸੁਤੇ ਸਿਧ ਕੋਈ) ਬੁਰਾਈ ਕੀਤੀ ਹੈ (ਤੇ) ਫੇਰ ਉਸ ਤੋਂ ਮਗਰੋਂ (ਉਸ ਬਾਰੇ) ਪਸ਼ਚਾ-ਤਾਪ ਕੀਤਾ ਹੈ, ਅਰਥਾਤ (ਆਪਣੀ ਉਸ ਭੁੱਲ ਦੀ) ਸੋਧਨਾ (ਵੀ) ਕਰ ਲਈ ਹੈ, ਤਾਂ ਬੇਸ਼ੱਕ ਤੇਰਾ ਸਾਜਨਹਾਰ ਤੇ ਪਾਲਨਹਾਰ ਓਹਨਾਂ (ਸ਼ਰਤਾਂ ਨੂੰ ਪੂਰਨ ਕਰਨ) ਤੇ ਵੱਡਾ ਬਖ਼ਸ਼ਣਹਾਰ ਤੇ ਕਿਰਪਾ-ਨਿਧਾਨ ਹੋਵੇਗਾ ।੧੨੦। (ਰਕੂਅ ੧੫)

إِنَّ إِبْرٰهِيمَ كَانَ أُمَّةً قَانِتًا لِّلَّهِ حَنِيفًا ۖ وَلَمْ يَكُ مِنَ الْمُشْرِكِينَ ﴿١٢٠﴾

ਬੇਸ਼ੱਕ "ਇਬਰਾਹੀਮ" (ਹਰੇਕ) ਭਲਾਈ ਦਾ ਸਰੂਪ ਸੀ। (ਉਹ) ਅੱਲਾਹ ਵਾਸਤੇ ਵੱਡੀ ਨਿਮਰਤਾ ਧਾਰਨ ਕਰਨ ਵਾਲਾ ਸੀ (ਅਤੇ) ਪ੍ਰਭੂ ਦੀ ਆਗਿਆਕਾਰੀ ਲਈ ਸਦਾ ਤਤਪਰ ਰਹਿੰਦਾ ਸੀ, ਅਰਥਾਤ ਉਹ ਮੁਸ਼ਰਿਕਾਂ ਵਿੱਚੋਂ ਨਹੀਂ ਸੀ।੧੨੧।

شَاكِرًا لِّأَنْعُمِهِ ۚ اجْتَبَاهُ وَهَدَاهُ إِلَىٰ صِرَاطٍ مُّسْتَقِيمٍ ﴿١٢١﴾

(ਉਹ) ਉਸ ਦੇ[1] ਇਨਾਮਾਂ ਦਾ ਧੰਨਵਾਦੀ ਸੀ। ਉਸ (ਦੇ ਸਾਜਨਹਾਰ ਤੇ ਪਾਲਨਹਾਰ) ਨੇ ਉਸ ਨੂੰ ਵਡਿਆਇਆ ਹੋਇਆ ਸੀ, ਅਰਥਾਤ ਸਿੱਧੇ ਮਾਰਗ ਵਲ ਉਸ ਦੀ ਅਗਵਾਈ ਕੀਤੀ ਸੀ।੧੨੨।

وَآتَيْنَاهُ فِي الدُّنْيَا حَسَنَةً ۖ وَإِنَّهُ فِي الْآخِرَةِ لَمِنَ الصَّالِحِينَ ﴿١٢٢﴾

ਅਤੇ ਅਸੀਂ ਉਸ ਨੂੰ ਇਸ ਲੋਕ ਵਿਚ (ਵੀ ਵੱਡੀ) ਸਫਲਤਾ ਬਖਸ਼ੀ ਸੀ ਤੇ ਪਰਲੋਕ ਵਿਚ (ਵੀ) ਉਹ ਨਿਰਸੰਦੇਹ ਭਲੇ ਪੁਰਖਾਂ ਵਿੱਚੋਂ (ਹੀ) ਹੋਵੇਗਾ।੧੨੩।

ثُمَّ أَوْحَيْنَا إِلَيْكَ أَنِ اتَّبِعْ مِلَّةَ إِبْرٰهِيمَ حَنِيفًا ۖ وَمَا كَانَ مِنَ الْمُشْرِكِينَ ﴿١٢٣﴾

ਅਤੇ (ਹੇ ਰਸੂਲ!) ਅਸੀਂ ਤੈਨੂੰ ਅਕਾਸ਼ ਬਾਣੀ ਰਾਹੀਂ ਇਹ ਹੁਕਮ ਦਿੱਤਾ ਹੈ ਕਿ (ਸਾਡੀ) ਪੂਰਨ ਆਗਿਆਕਾਰੀ ਤੇ ਸਦਾ ਅਸਥਿਰ ਰਹਿਣ ਵਾਲੀ "ਇਬਰਾਹੀਮ" ਦੀ ਮਰਯਾਦਾ ਦੀ ਪੈਰਵੀ ਕਰ ਅਤੇ (ਹੇ "ਮੱਕੇ" ਦੇ ਵਸਨੀਕੋ! ਤੁਸੀਂ ਜਾਣਦੇ ਹੋ ਕਿ) ਉਹ ਮੁਸ਼ਰਿਕਾਂ ਵਿੱਚੋਂ ਨਹੀਂ ਸੀ।੧੨੪।

إِنَّمَا جُعِلَ السَّبْتُ عَلَى الَّذِينَ اخْتَلَفُوا فِيهِ ۚ وَإِنَّ رَبَّكَ لَيَحْكُمُ بَيْنَهُمْ يَوْمَ الْقِيٰمَةِ فِيمَا كَانُوا فِيهِ يَخْتَلِفُونَ ﴿١٢٤﴾

"ਸਬਤ" (ਦੀ ਬਿਪਤਾ) ਓਹਨਾਂ ਲੋਕਾਂ ਤੇ ਹੀ ਪਾਈ ਗਈ ਸੀ, ਜਿਨ੍ਹਾਂ ਨੇ ਇਸ ਬਾਰੇ ਮਤਿਭੇਦ ਕੀਤਾ ਸੀ, ਅਰਥਾਤ ਬੇਸ਼ੱਕ ਤੇਰਾ ਸਾਜਨਹਾਰ ਤੇ ਪਾਲਨਹਾਰ ਇਸ ਬਾਰੇ—ਜਿਸ ਵਿਚ ਓਹ ਮਤਿਭੇਦ ਕਰਦੇ ਸਨ, ਕਿਆਮਤ ਦੇ ਦਿਹਾੜੇ ਫ਼ੈਸਲਾ ਕਰੇਗਾ।੧੨੫।

ادْعُ إِلَىٰ سَبِيلِ رَبِّكَ بِالْحِكْمَةِ وَالْمَوْعِظَةِ الْحَسَنَةِ

ਅਤੇ (ਹੇ ਰਸੂਲ!) ਤੂੰ (ਲੋਕਾਂ ਨੂੰ) ਯੁਕਤੀ ਤੇ ਸੋਹਣੇ ਉਪਦੇਸ਼ਾਂ ਰਾਹੀਂ ਆਪਣੇ ਸਾਜਨਹਾਰ ਤੇ ਪਾਲਨਹਾਰ ਦੇ ਮਾਰਗ ਵਲ ਸੱਦਾ ਦੇ, ਅਰਥਾਤ ਉਸ ਢੰਗ ਨਾਲ, ਜੋ ਸਭ ਤੋਂ ਚੰਗਾ ਹੋਵੇ, ਓਹਨਾਂ ਨਾਲ ਓਹਨਾਂ ਦੇ ਮਤਿਭੇਦਾਂ ਬਾਰੇ ਵੀਚਾਰ-ਚਰਚਾ ਕਰ।

[1] ਅਰਥਾਤ—ਅੱਲਾਹ ਦੇ।

وَجَادِلْهُمْ بِالَّتِيْ هِيَ اَحْسَنْ ۭ اِنَّ رَبَّكَ هُوَ اَعْلَمُ بِمَنْ ضَلَّ عَنْ سَبِيْلِهٖ وَهُوَ اَعْلَمُ بِالْمُهْتَدِيْنَ ۝١٢٥

ਬੇਸ਼ੱਕ ਤੇਰਾ ਸਾਜਨਹਾਰ ਤੇ ਪਾਲਨਹਾਰ ਓਹਨਾਂ ਦਾ (ਵੀ) ਜੋ ਉਸ ਦੇ ਮਾਰਗ ਤੋਂ ਭਟਕ ਗਏ ਹਨ, ਸਭ ਤੋਂ ਵਧੀਕ ਜਾਣਨਹਾਰ ਹੈ ਅਤੇ ਓਹਨਾਂ ਦਾ ਵੀ ਜੋ ਸੁਮਾਰਗ ਤੇ ਚਲ ਰਹੇ ਹਨ ।੧੨੬।

وَاِنْ عَاقَبْتُمْ فَعَاقِبُوْا بِمِثْلِ مَا عُوْقِبْتُمْ بِهٖ ۭ وَلَىِٕنْ صَبَرْتُمْ لَهُوَ خَيْرٌ لِّلصّٰبِرِيْنَ ۝١٢٦

ਅਤੇ ਜੇ ਤੁਸੀਂ (ਵਧੀਕੀ ਕਰਨ ਵਾਲਿਆਂ ਨੂੰ) ਕੋਈ ਦੰਡ ਦੇਣ ਲੱਗੋ, ਤਾਂ ਜਿੰਨੀ ਤੁਹਾਡੇ ਉੱਤੇ ਵਧੀਕੀ ਕੀਤੀ ਗਈ ਹੈ, ਤੁਸੀਂ ਉੱਨਾ (ਹੀ) ਦੰਡ ਦੇ ਸਕਦੇ ਹੋ ਅਤੇ (ਸਾਨੂੰ ਆਪਣੇ ਆਪ ਦੀ ਕਸਮ ਹੈ) ਜੇ ਤੁਸੀਂ ਸਬਰ ਕਰ ਸਕੋ, ਤਾਂ ਸਬਰ ਕਰਨ ਵਾਲਿਆਂ ਦੇ ਹੱਕ ਵਿਚ ਇਹ (ਸਬਰ ਕਰਨਾ) ਵੱਡੀ ਚੰਗੀ ਗੱਲ ਹੋਵੇਗੀ ।੧੨੭।

وَاصْبِرْ وَمَا صَبْرُكَ اِلَّا بِاللّٰهِ وَلَا تَحْزَنْ عَلَيْهِمْ وَلَا تَكُ فِيْ ضَيْقٍ مِّمَّا يَمْكُرُوْنَ ۝١٢٧

ਅਤੇ (ਹੇ ਰਸੂਲ !) ਤੂੰ ਸਦਾ ਸਬਰ ਤੋਂ ਕੰਮ ਲਿਆ ਕਰ ਅਤੇ ਤੇਰਾ (ਇਹ) ਸਬਰ ਕਰਨਾ ਅੱਲਾਹ (ਦੀ ਸਹਾਇਤਾ) ਨਾਲ ਹੀ (ਸੰਬੰਧਤ) ਹੈ ਅਤੇ ਤੂੰ ਓਹਨਾਂ (ਲੋਕਾਂ ਦੀ ਹਾਲਤ) ਬਾਰੇ ਕੋਈ ਚਿੰਤਾ ਨਾ ਕਰ, ਅਰਥਾਤ ਜੋ ਗੋਂਦਾਂ ਓਹ ਗੁੰਦ ਰਹੇ ਹਨ, ਓਹਨਾਂ ਦੇ ਕਾਰਣ ਤੂੰ ਕੋਈ ਦੁਖ ਅਨੁਭਵ ਨਾ ਕਰ ।੧੨੮।

اِنَّ اللّٰهَ مَعَ الَّذِيْنَ اتَّقَوْا وَّالَّذِيْنَ هُمْ مُّحْسِنُوْنَ ۝١٢٨ ع ١٦

ਅਤੇ (ਇਹ ਵੀ ਸਦਾ ਯਾਦ ਰੱਖ ਕਿ) ਬੇਸ਼ੱਕ ਅੱਲਾਹ ਓਹਨਾਂ ਲੋਕਾਂ ਦੇ ਅੰਗ-ਸੰਗ ਹੁੰਦਾ ਹੈ, ਜੋ ਸੰਜਮੀ ਹੁੰਦੇ ਹਨ ਤੇ ਉਪਕਾਰ (ਦਾ ਢੰਗ ਧਾਰਨ) ਕਰਦੇ ਹਨ ।੧੨੯। (ਰਕੂਅ ੧੬)



(੧੭) ਸੂਰਤ ਬਨੀ ਇਸਰਾਈਲ

{ ਇਹ ਸੂਰਤ ਹਿਜਰਤ ਤੋਂ ਪਹਿਲਾਂ-ਮੱਕੇ-ਉਤਰੀ ਸੀ । ਇਸ ਦੀਆਂ ਬਿਸਮਿੱਲਾ ਸਣੇ ੧੧੨ ਆਇਤਾਂ ਤੇ ੧੨ ਰਕੂਅ ਹਨ । }

بِسْمِ اللّٰهِ الرَّحْمٰنِ الرَّحِيْمِ ①

(ਮੈਂ) ਅਤਿ ਦਿਆਲੂ ਤੇ ਕਿਰਪਾਲੂ ਅੱਲਾਹ ਦਾ ਨਾਂ ਲੈ ਕੇ (ਅਰੰਭ ਕਰਦਾ ਹਾਂ) ।੧।

سُبْحٰنَ الَّذِيْٓ اَسْرٰى بِعَبْدِهٖ لَيْلًا مِّنَ الْمَسْجِدِ الْحَرَامِ اِلَى الْمَسْجِدِ الْاَقْصَا الَّذِيْ بٰرَكْنَا حَوْلَهٗ لِنُرِيَهٗ مِنْ اٰيٰتِنَا ؕ اِنَّهٗ هُوَ السَّمِيْعُ الْبَصِيْرُ ②

(ਮੈਂ) ਉਸ (ਪ੍ਰਭੂ) ਦੀ ਪਵਿੱਤਰਤਾ (ਵਰਣਨ ਕਰਦਾ ਹਾਂ), ਜੋ ਰਾਤੋ-ਰਾਤ ਆਪਣੇ ਬੰਦੇ ਨੂੰ (ਇਸ) ਸਤਿਕਾਰਯੋਗ ਮਸੀਤ ਤੋਂ (ਉਸ) ਦੂਰ ਵਾਲੀ ਮਸੀਤ ਤਕ—ਜਿਸ ਦੇ ਆਲੇ ਦੁਆਲੇ ਨੂੰ (ਵੀ) ਅਸੀਂ ਬਰਕਤ ਦਿੱਤੀ ਹੋਈ ਸੀ, (ਇਸ ਲਈ) ਲੈ ਗਿਆ ਸੀ ਕਿ ਅਸੀਂ ਉਸ ਨੂੰ ਆਪਣੇ ਕੁਝ ਚਮਤਕਾਰ ਦੱਸ ਸਕੀਏ । ਬੇਸ਼ੱਕ ਉਹੋ (ਪ੍ਰਭੂ ਹੀ) ਹੈ, ਜੋ (ਆਪਣੇ ਭਗਤ-ਜਨਾਂ ਦੀਆਂ ਅਰਜੋਈਆਂ ਦਾ) ਸੁਣਨਹਾਰ ਤੇ (ਓਹਨਾਂ ਦੇ ਹਾਲ-ਚਾਲ ਦਾ) ਵੇਖਣਹਾਰ ਹੈ ।੨।

وَاٰتَيْنَا مُوْسَى الْكِتٰبَ وَجَعَلْنٰهُ هُدًى لِّبَنِيْٓ اِسْرَآءِيْلَ اَلَّا تَتَّخِذُوْا مِنْ دُوْنِيْ وَكِيْلًا ③

ਅਤੇ ਅਸੀਂ "ਮੂਸਾ" ਨੂੰ ਪੁਸਤਕ, (ਅਰਥਾਤ ਤੌਰੇਤ) ਦਿੱਤੀ ਸੀ ਅਤੇ ਉਸ ਨੂੰ ਅਸੀਂ ਇਸਰਾਈਲ ਕੁਲ ਦੇ ਲੋਕਾਂ ਵਾਸਤੇ ਸੁਮਾਰਗ (ਦਾ ਸਾਧਨ) ਬਣਾਇਆ ਸੀ, (ਅਰਥਾਤ ਉਸ ਵਿਚ ਓਹਨਾਂ ਲਈ ਇਹ ਹੁਕਮ ਦਿੱਤਾ ਸੀ ਕਿ) ਤੁਸੀਂ ਮੈਥੋਂ ਛੁੱਟ (ਹੋਰ) ਕਿਸੇ ਨੂੰ ਵੀ (ਆਪਣਾ) ਕਾਰਜ-ਸਾਧਕ ਨਾ ਬਣਾਉਣਾ ।੩।

ذُرِّيَّةَ مَنْ حَمَلْنَا مَعَ نُوحٍ ۚ إِنَّهُ كَانَ عَبْدًا شَكُورًا ﴿٣﴾

(ਅਤੇ ਇਹ ਵੀ ਕਿਹਾ ਸੀ ਕਿ ਹੇ) ਓਹਨਾਂ ਲੋਕਾਂ ਦੀ ਬੰਸ, ਜਿਨ੍ਹਾਂ ਨੂੰ ਅਸੀਂ "ਨੂਹ" ਦੇ ਨਾਲ (ਬੇੜੀ ਤੇ) ਸਵਾਰ ਕਰਾਇਆ ਸੀ, (ਯਾਦ ਰੱਖੋ ਕਿ) ਉਹ (ਨੂਹ) ਨਿਰਸੰਦੇਹ ਸਾਡਾ ਅਤਿ ਧੰਨਵਾਦੀ ਬੰਦਾ ਸੀ । (ਸੋ ਤੁਸੀਂ ਵੀ ਧੰਨਵਾਦ ਕਰਦੇ ਰਿਹਾ ਕਰੋ) ।੪।

وَقَضَيْنَا إِلَىٰ بَنِي إِسْرَائِيلَ فِي الْكِتَابِ لَتُفْسِدُنَّ فِي الْأَرْضِ مَرَّتَيْنِ وَلَتَعْلُنَّ عُلُوًّا كَبِيرًا ﴿٤﴾

ਅਤੇ ਅਸੀਂ ਇਸ ਪੁਸਤਕ ਵਿਚ ਇਸਰਾਈਲ ਕੁਲ ਦੇ ਲੋਕਾਂ ਨੂੰ ਇਹ ਗੱਲ (ਸਪਸ਼ਟ ਤੌਰ ਤੇ) ਪੁਚਾ ਦਿੱਤੀ ਸੀ ਕਿ ਤੁਸੀਂ ਨਿਰਸੰਦੇਹ ਦੇਸ ਵਿਚ ਦੋ ਵਾਰ ਫ਼ਸਾਦ ਮਚਾਉਗੇ, ਅਰਥਾਤ ਤੁਸੀਂ ਨਿਰਸੰਦੇਹ ਵੱਡੀ ਬਗ਼ਾਵਤ ਕਰੋਗੇ ।੫।

فَإِذَا جَاءَ وَعْدُ أُولَاهُمَا بَعَثْنَا عَلَيْكُمْ عِبَادًا لَنَا أُولِي بَأْسٍ شَدِيدٍ فَجَاسُوا خِلَالَ الدِّيَارِ ۚ وَكَانَ وَعْدًا مَفْعُولًا ﴿٥﴾

ਅਤੇ ਜਦ ਏਹਨਾਂ ਦੋ (ਵਾਰ ਦੇ ਫ਼ਸਾਦਾਂ) ਵਿੱਚੋਂ ਪਹਿਲੀ (ਵਾਰ) ਦਾ ਬਚਨ (ਪੂਰਾ ਹੋਣ) ਦਾ ਸਮਾਂ ਆਇਆ ਸੀ, ਤਾਂ ਅਸੀਂ ਕਈ ਆਪਣੇ ਅਜੇਹੇ ਬੰਦਿਆਂ ਨੂੰ (ਤੁਹਾਡਾ ਸਿਰ ਕੁਚਲਣ ਵਾਸਤੇ) ਤੁਹਾਡੇ ਉੱਤੇ (ਭਾਰੂ ਕਰ ਕੇ) ਖੜਾ ਕਰ ਦਿੱਤਾ ਸੀ, ਜੋ ਵੱਡੇ ਜੋਧੇ ਸਨ[1] ਅਤੇ ਓਹ ਤੁਹਾਡੇ ਘਰਾਂ ਵਿਚ ਜਾ ਵੜੇ ਸਨ, ਅਰਥਾਤ ਇਹ ਬਚਨ (ਹਰ ਹਾਲਤ ਵਿਚ) ਪੂਰਾ ਹੋ ਕੇ ਰਹਿਣ ਵਾਲਾ ਸੀ ।੬।

ثُمَّ رَدَدْنَا لَكُمُ الْكَرَّةَ عَلَيْهِمْ وَأَمْدَدْنَاكُمْ بِأَمْوَالٍ وَبَنِينَ وَجَعَلْنَاكُمْ أَكْثَرَ نَفِيرًا ﴿٦﴾

(ਇਸ ਤੋਂ ਮਗਰੋਂ) ਅਸੀਂ[2] ਤੁਹਾਨੂੰ (ਫੇਰੀ ਉੱਤੇ) ਹੱਲਾ ਬੋਲਣ ਦਾ ਬਲ ਦਿੱਤਾ ਸੀ, ਅਰਥਾਤ ਅਸੀਂ ਧਨ-ਪਦਾਰਥ ਤੇ ਸੰਤਾਨ ਦੁਆਰਾ ਤੁਹਡੀ ਸਹਾਇਤਾ ਕੀਤੀ ਸੀ ਅਤੇ ਅਸੀਂ ਤੁਹਾਨੂੰ ਜੱਥੇ ਦੇ ਲਿਹਾਜ਼ ਨਾਲ ਵੀ (ਪਹਿਲਾਂ ਤੋਂ) ਵਧੀਕ ਕਰ ਦਿੱਤਾ ਸੀ ।੭।

---

[1]ਇਹ "ਬਾਬਲ" ਦੇ ਬਾਦਸ਼ਾਹ "ਬਨੂਕਦ ਨਜ਼ਰ" ਦੇ ਹੱਲੇ ਦਾ ਵਰਣਨ ਹੈ । ਉਸ ਨੇ "ਫ਼ਲਸਤੀਨ" ਉੱਤੇ ਹੱਲਾ ਬੋਲ ਕੇ "ਸਦਕਿਆਹ" ਨੂੰ ਹਾਰ ਦਿੱਤੀ ਸੀ ਅਤੇ ਉਸ ਦੀਆਂ ਅੱਖਾਂ ਕੱਢ ਦਿੱਤੀਆਂ ਸਨ । (ਵੇਖੋ ੨ ਸਲਾਤੀਨ ਬਾਬ ੨੫)

[2]ਇਸ ਥਾਂ "ਮੇਦ" ਤੇ "ਫਾਰਸ" ਦੇ ਬਾਦਸ਼ਾਹ ਦਾ ਵਰਣਨ ਹੈ, ਜਿਸ ਨੇ "ਬਾਬਲ" ਤੇ ਹਮਲਾ ਕੀਤਾ ਸੀ ਤੇ "ਬਨੂਕਦ ਨਜ਼ਰ" ਦੇ ਘਰਾਣੇ ਨੂੰ ਨਸ਼ਟ ਕਰ ਦਿੱਤਾ ਸੀ । ਇਸਰਾਈਲ ਦੇ ਲੋਕਾਂ ਨਾਲ ਗੁਪਤ ਸੰਧੀਨਾਮਾ ਕਰ ਲਿਆ ਸੀ ਤੇ ਮਗਰੋਂ ਇਸ ਬਚਨ ਅਨੁਸਾਰ "ਨਹਮੀਆਹ" ਨਬੀ ਰਾਹੀਂ ਫੇਰ "ਬੈਤੁਲ ਮਕੱਦਸ" ਨੂੰ ਵਸਾਇਆ ਸੀ ।

اِنْ اَحْسَنْتُمْ اَحْسَنْتُمْ لِاَنْفُسِكُمْ ۖ وَاِنْ اَسَاْتُمْ فَلَهَا ۚ فَاِذَا جَآءَ وَعْدُ الْاٰخِرَةِ لِيَسُوْٓءٗا وُجُوْهَكُمْ وَلِيَدْخُلُوا الْمَسْجِدَ كَمَا دَخَلُوْهُ اَوَّلَ مَرَّةٍ وَّلِيُتَبِّرُوْا مَا عَلَوْا تَتْبِيْرًا ۝

(ਸੁਣੋ !) ਜੇ ਹੁਣ ਤੁਸੀਂ ਸ਼ੁਭ-ਕਰਮੀ ਬਨੋਗੇ, ਤਾਂ ਸ਼ੁਭ ਕਰਮੀ ਬਣ ਕੇ ਆਪਣੇ ਆਪ ਨੂੰ ਹੀ ਲਾਭ ਪੁਚਾਉਗੇ ਅਤੇ ਜੇ ਤੁਸੀਂ ਕੁਕਰਮ ਕਰੋਗੇ, ਤਾਂ (ਵੀ) ਆਪਣੇ ਆਪ ਲਈ (ਹੀ ਭੈੜਾ ਕਰੋਗੇ)। ਫੇਰ ਜਦ ਦੂਜੀ ਵਾਰ ਬਚਨ[1] (ਪੂਰਾ ਹੋਣ ਦਾ ਸਮਾਂ) ਆਇਆ ਸੀ, ਤਾਂ ਜੁ ਓਹ (ਤੁਹਾਡੇ ਵੈਰੀ) ਤੁਹਾਡੇ ਪਤਿਵੰਤੇ ਲੋਕਾਂ ਨਾਲ ਅਯੋਗ ਵਰਤਾਉ ਕਰਨ ਤੇ (ਇਸੇ ਤਰ੍ਹਾਂ) ਮਸੀਤ ਵਿਚ ਦਾਖ਼ਲ ਹੋਣ, ਜਿਸ ਤਰ੍ਹਾਂ ਕਿ ਪਹਿਲਾਂ ਦਾਖ਼ਲ ਹੋਏ ਸਨ, ਅਰਥਾਤ ਜਿਸ ਚੀਜ਼ ਉੱਤੇ ਅਧਿਕਾਰ ਜਮਾਉਣ, ਉਸ ਨੂੰ ਉੱਕਾ ਹੀ ਨਸ਼ਟ ਕਰ ਦੇਣ, (ਤਾਂ ਇਹ ਗੱਲ ਵੀ ਪੂਰੀ ਹੋ ਗਈ ਸੀ) ।੮।

عَسٰى رَبُّكُمْ اَنْ يَّرْحَمَكُمْ ۚ وَاِنْ عُدْتُّمْ عُدْنَا ۘ وَجَعَلْنَا جَهَنَّمَ لِلْكٰفِرِيْنَ حَصِيْرًا ۝

(ਹੁਣ ਵੀ) ਕੋਈ ਦੂਰ ਨਹੀਂ; (ਸਗੋਂ ਸੰਭਵ ਹੈ) ਕਿ ਤੁਹਾਡਾ ਸਾਜਨਹਾਰ ਤੇ ਪਾਲਨਹਾਰ[2] ਤੁਹਾਡੇ ਉੱਤੇ ਮਿਹਰ ਕਰ ਦੇਵੇ, ਪਰ ਜੇ ਤੁਸੀਂ (ਫੇਰ ਆਪਣੇ ਇਸੇ ਹੀ ਭੈੜੇ ਪਾਸੇ ਵਲ) ਪਰਤ ਗਏ ਤਾਂ ਅਸੀਂ ਆਪਣੇ ਦੰਡ ਵਲ) ਮੁੜ ਪਵਾਂਗੇ ਅਤੇ (ਇਹ ਸਦਾ ਯਾਦ ਰੱਖੋ ਕਿ) ਨਰਕ ਨੂੰ ਅਸੀਂ ਇਨਕਾਰੀਆਂ ਵਾਸਤੇ ਬੰਦੀ-ਖ਼ਾਨਾ ਬਣਾਇਆ ਹੋਇਆ ਹੈ ।੯।

اِنَّ هٰذَا الْقُرْاٰنَ يَهْدِيْ لِلَّتِيْ هِيَ اَقْوَمُ وَيُبَشِّرُ الْمُؤْمِنِيْنَ الَّذِيْنَ يَعْمَلُوْنَ الصّٰلِحٰتِ اَنَّ لَهُمْ اَجْرًا كَبِيْرًا ۝

ਬੇਸ਼ੱਕ ਇਹ ਕੁਰਾਨ ਉਸ (ਮਾਰਗ) ਵਲ ਅਗਵਾਈ ਕਰਦਾ ਹੈ, ਜੋ ਸਭ ਤੋਂ ਵਧੀਕ ਠੀਕ ਹੈ ਅਤੇ ਸ਼ਰਧਾਲੂਆਂ ਨੂੰ ਜੋ (ਯਥਾਯੋਗ ਤੇ ਯਥਾਸ਼ਕਤ) ਸ਼ੁਭ ਕਰਮ ਕਰਦੇ ਹਨ, ਇਹ ਖ਼ੁਸ਼ਖ਼ਬਰੀ ਦਿੰਦਾ ਹੈ ਕਿ ਓਹਨਾਂ ਵਾਸਤੇ (ਬਹੁਤ) ਵੱਡਾ ਫਲ (ਨੀਅਤ) ਹੈ ।੧੦।

---

[1]ਇਸ ਤਬਾਹੀ ਦੇ ਦੂਜੇ ਬਚਨ ਦਾ ਭਾਵ "ਰੂਮ" ਦੇ ਸ਼ਹਿਜ਼ਾਦਾ "ਟਾਇਟਸ" ਦਾ ਹਮਲਾ ਹੈ, ਜਿਸ ਨੇ ਇਸ ਲਈ "ਫ਼ਲਸਤੀਨ" ਤੇ ਹਮਲਾ ਕੀਤਾ ਸੀ ਕਿ ਉਸ ਨੂੰ ਇਹ ਦੱਸਿਆ ਗਿਆ ਸੀ ਕਿ ਯਹੂਦੀ ਰੂਮੀ ਸਰਕਾਰ ਦੇ ਵਿਰੁਧ ਬਗ਼ਾਵਤ ਕਰਨ ਦੇ ਚਾਹਵਾਨ ਹਨ। ਇਹ ਹਜ਼ਰਤ "ਈਸਾ" ਜੀ ਦੀ ਸਲੀਬ ਦੀ ਘਟਨਾ ਤੋਂ ਸੱਤਰ ਸਾਲ ਮਗਰੋਂ ਦੀ ਹੈ। (ਵੇਖੋ ਇਨਸਾਈਕਲੋ ਪੀਡੀਆ ਬ੍ਰਟੈਨਿਕਾ "ਜਿਊ" ਅੱਖਰ ਤੇ ਹਿਸਟੋਰੀਅਨਜ਼ ਹਿਸਟਰੀਜ਼ ਹਿਸਟਰੀ ਆਫ਼ ਦੀ ਵਰਲਡ) ਉਸ ਸਮੇਂ "ਟਾਇਟਸ" ਨੇ "ਬੈਤੁਲ ਮਕੱਦਸ" ਦਾ ਵੱਡਾ ਅਪਮਾਨ ਕੀਤਾ ਸੀ ਤੇ ਮਸੀਤ ਵਿਚ ਸੂਰ ਦੀ ਬਲੀ ਦਿੱਤੀ ਸੀ।

[2]ਅਰਥਾਤ—ਯਹੂਦ ਦਾ।

وَ اَنَّ الَّذِیۡنَ لَا یُؤۡمِنُوۡنَ بِالۡاٰخِرَۃِ اَعۡتَدۡنَا لَہُمۡ عَذَابًا اَلِیۡمًا ﴿۱۱﴾

ਅਰਥਾਤ ਇਹ (ਕੁਰਾਨ) ਇਹ (ਵੀ ਕਹਿੰਦਾ ਹੈ) ਕਿ ਜੋਹੜੇ ਲੋਕ ਕਿਆਮਤ ਤੇ ਸ਼ਰਧਾ ਨਹੀਂ ਰੱਖਦੇ, ਓਹਨਾਂ ਵਾਸਤੇ ਅਸੀਂ ਘੋਰ ਕਸ਼ਟ ਤਿਆਰ ਕੀਤਾ ਹੋਇਆ ਹੈ ।੧੧। (ਰਕੂਅ ੧)

وَ یَدۡعُ الۡاِنۡسَانُ بِالشَّرِّ دُعَآءَہٗ بِالۡخَیۡرِ ؕ وَ کَانَ الۡاِنۡسَانُ عَجُوۡلًا ﴿۱۲﴾

ਅਤੇ ਮਨੁੱਖ ਬੁਰਾਈ ਨੂੰ (ਉਸੇ ਜੋਸ਼ ਨਾਲ) ਸੱਦਾ ਦਿੰਦਾ ਹੈ, ਜਿਸ ਜੋਸ਼ ਨਾਲ ਕਿ ਅੱਲਾਹ[1] ਉਸ ਨੂੰ, (ਅਰਥਾਤ ਮਨੁੱਖ ਨੂੰ) ਭਲਾਈ ਵਲ ਸੱਦਾ ਦਿੰਦਾ ਹੈ ਅਤੇ ਮਨੁੱਖ ਵੱਡਾ ਹੀ ਕਾਹਲਾ (ਸਿਧ ਹੋਇਆ) ਹੈ ।੧੨।

وَ جَعَلۡنَا الَّیۡلَ وَ النَّہَارَ اٰیَتَیۡنِ فَمَحَوۡنَاۤ اٰیَۃَ الَّیۡلِ وَ جَعَلۡنَاۤ اٰیَۃَ النَّہَارِ مُبۡصِرَۃً لِّتَبۡتَغُوۡا فَضۡلًا مِّنۡ رَّبِّکُمۡ وَ لِتَعۡلَمُوۡا عَدَدَ السِّنِیۡنَ وَ الۡحِسَابَ ؕ وَ کُلَّ شَیۡءٍ فَصَّلۡنٰہُ تَفۡصِیۡلًا ﴿۱۳﴾

ਅਤੇ ਅਸੀਂ ਰਾਤ ਤੇ ਦਿਨ ਦੋ ਨਿਸ਼ਾਨ ਬਣਾਏ ਹਨ । ਸੋ ਰਾਤ ਵਾਲੇ ਨਿਸ਼ਾਨ ਦੇ ਪ੍ਰਭਾਵ ਨੂੰ ਤਾਂ ਅਸੀਂ ਮਿਟਾ ਦਿੱਤਾ ਹੈ[2] ਅਤੇ ਦਿਨ ਵਾਲੇ ਨਿਸ਼ਾਨ ਨੂੰ ਅਸੀਂ ਪ੍ਰਕਾਸ਼ ਕਰਨ ਵਾਲਾ ਬਣਾ ਦਿੱਤਾ ਹੈ; ਤਾਂ ਜੁ ਤੁਸੀਂ ਆਪਣੇ ਸਾਜਨਹਾਰ ਤੇ ਪਾਲਨਹਾਰ ਦੀ ਮਿਹਰ ਦੀ ਢੂੰਡ ਕਰ ਸਕੋ ਅਤੇ (ਵੱਡੇ ਸੋਖ ਨਾਲ) ਵਰ੍ਹਿਆਂ ਦੀ ਗਿਣਤੀ ਤੇ ਲੇਖਾ ਮਲੂਮ ਕਰ ਸਕੋ ਅਤੇ ਅਸੀਂ ਹਰੇਕ ਚੀਜ਼ ਨੂੰ ਵਿਸਥਾਰ ਨਾਲ ਵਰਣਨ ਕਰ ਦਿੱਤਾ ਹੈ ।੧੩।

وَ کُلَّ اِنۡسَانٍ اَلۡزَمۡنٰہُ طٰٓئِرَہٗ فِیۡ عُنُقِہٖ ؕ وَ نُخۡرِجُ لَہٗ یَوۡمَ الۡقِیٰمَۃِ کِتٰبًا یَّلۡقٰىہُ مَنۡشُوۡرًا ﴿۱۴﴾

ਅਤੇ ਅਸੀਂ ਹਰੇਕ ਮਨੁੱਖ ਦੇ ਗਲ਼ ਨਾਲ ਉਸ ਦਾ ਕਰਤੂਤਨਾਮਾ[3] ਬੰਨ੍ਹ ਦਿੱਤਾ ਹੈ, ਅਰਥਾਤ ਅਸੀਂ ਕਿਆਮਤ ਦੇ ਦਿਹਾੜੇ ਉਸ (ਦੇ ਕਰਮਾਂ) ਦੀ ਵਹੀ[4] ਕੱਢ ਕੇ ਉਸ ਦੇ ਅੱਗੇ ਧਰ ਦਿਆਂਗੇ, ਜਿਸ ਨੂੰ ਉਹ (ਉੱਕੀ ਹੀ) ਖੁਲ੍ਹੀ ਹੋਈ ਵੇਖੇਗਾ ।੧੪।

---

[1]ਮੂਲ ਪਾਠ ਵਿਚ ਇਸ ਥਾਂ ਪੜਨਾਂਵ ਵਰਤਿਆ ਗਿਆ ਹੈ, ਪਰ ਅਸੀਂ ਭਾਵ ਨੂੰ ਸ਼ਪਸ਼ਟ ਕਰਨ ਲਈ ਪੜਨਾਂਵ ਦੀ ਥਾਂ ਨਾਂਵ ਦੀ ਵਰਤੋਂ ਕੀਤੀ ਹੈ ।

[2]ਅਰਥਾਤ—ਹਨੇਰਾ ਬਣਾਇਆ ਹੈ ।

[3]ਮੂਲ ਪਾਠ ਵਿਚ ਇਹ ਪਦ ਹਨ ਕਿ ਹਰੇਕ ਪ੍ਰਾਣੀ ਦੇ ਗਲ਼ ਨਾਲ ਉਸ ਦਾ ਪੰਛੀ ਬੰਨ੍ਹਿਆ ਹੋਇਆ ਹੈ ਅਤੇ ਕੋਸ਼ ਇਹ ਦੱਸਦੇ ਹਨ ਕਿ ਪੰਛੀ ਦਾ ਭਾਵ ਉਹ ਕਰਮ ਵੀ ਹੁੰਦਾ ਹੈ, ਜਿਸ ਦੀ ਮਨੁੱਖ ਨੂੰ ਆਦਤ ਪੈ ਜਾਂਦੀ ਹੈ; ਇਸ ਲਈ ਅਸੀਂ ਟੀਕੇ ਵਿਚ ''ਤਾਇਰ'' ਦਾ ਅਰਥ ''ਕਰਮ'' ਕੀਤਾ ਹੈ ਅਤੇ ਗਲ਼ ਨਾਲ ਕਰਮ ਬੰਨ੍ਹਣ ਦਾ ਇਹ ਭਾਵ ਹੈ ਕਿ ਉਹ ਉਸ ਦੇ ਫਲ ਤੋਂ ਬਚ ਨਹੀਂ ਸਕਦਾ ਤੇ ਹਰੇਕ ਨੂੰ ਉਸ ਦੀਆਂ ਕਰਣੀਆਂ ਜ਼ਰੂਰ ਭਰਨੀਆਂ ਪੈਣਗੀਆਂ ।

[4]ਇਸ ਪਦ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਕੁਰਾਨ ਸ਼ਰੀਫ਼ ਵਿਚ ''ਤਾਇਰ'' ਪਦ ''ਕਰਮ'' ਦਾ ਭਾਵ ਹੀ ਪਰਗਟ ਕਰਦਾ ਹੈ ।

اِقْرَاْ كِتٰبَكَ ؕ كَفٰى بِنَفْسِكَ الْيَوْمَ عَلَيْكَ حَسِيْبًا ۝١٥

(ਅਤੇ ਉਸ ਨੂੰ ਇਹ ਕਿਹਾ ਜਾਏਗਾ ਕਿ) ਆਪਣੀ ਵਹੀ (ਆਪ ਹੀ) ਪੜ੍ਹ (ਕੇ ਵੇਖ ਲੈ) । ਅੱਜ ਤੇਰਾ ਆਪਣਾ ਮਨ ਹੀ ਤੇਰਾ ਲੇਖਾ ਲੈਣ ਲਈ ਕਾਫ਼ੀ ਹੈ ।੧੫।

مَنِ اهْتَدٰى فَاِنَّمَا يَهْتَدِىْ لِنَفْسِهٖ ۚ وَمَنْ ضَلَّ فَاِنَّمَا يَضِلُّ عَلَيْهَا ؕ وَلَا تَزِرُ وَازِرَةٌ وِّزْرَ اُخْرٰى ؕ وَمَا كُنَّا مُعَذِّبِيْنَ حَتّٰى نَبْعَثَ رَسُوْلًا ۝١٦

(ਸੋ ਇਹ ਯਾਦ ਰੱਖੋ ਕਿ) ਜੋ ਪ੍ਰਾਣੀ ਸੁਮਾਰਗ ਨੂੰ ਪਰਵਾਨ ਕਰੇਗਾ, ਉਸ ਦਾ ਸੁਮਾਰਗ ਵਲ ਆਉਣਾ ਉਸ ਦੇ ਆਪਣੇ ਹੀ ਭਲੇ ਲਈ ਹੋਵੇਗਾ ਅਤੇ ਜਿਹੜਾ ਪ੍ਰਾਣੀ (ਇਸ ਸੁਮਾਰਗ ਦਾ ਤਿਆਗ ਕਰ ਕੇ) ਕੁਮਾਰਗ ਵਲ ਲੱਗੇਗਾ, ਉਸ ਦਾ ਕੁਮਾਰਗ ਵਲ ਲਗਣਾ ਉਸ ਦੇ (ਆਪਣੇ ਆਪ ਦੇ) ਵਿਰੁਧ ਹੀ ਹੋਵੇਗਾ, ਅਰਥਾਤ ਕੋਈ ਭਾਰ ਚੁੱਕਣ ਵਾਲਾ[1] ਪ੍ਰਾਣੀ ਕਿਸੇ ਦੂਜੇ ਦਾ ਭਾਰ ਨਹੀਂ ਚੁੱਕ ਸਕੇਗਾ ਅਤੇ ਅਸੀਂ (ਕਿਸੇ ਜਾਤੀ) ਉੱਤੇ ਕਦੇ ਵੀ ਕੋਈ ਕਸ਼ਟ ਨਹੀਂ ਭੇਜਦੇ, ਜਦ ਤਕ ਕਿ (ਓਹਨਾਂ ਵਲ) ਕੋਈ ਰਸੂਲ ਨਾ ਭੇਜ ਦੇਈਏ ।੧੬।

وَاِذَآ اَرَدْنَآ اَنْ نُّهْلِكَ قَرْيَةً اَمَرْنَا مُتْرَفِيْهَا فَفَسَقُوْا فِيْهَا فَحَقَّ عَلَيْهَا الْقَوْلُ فَدَمَّرْنٰهَا تَدْمِيْرًا ۝١٧

ਅਤੇ ਜਦ ਅਸੀਂ ਕਿਸੇ ਨਗਰੀ ਨੂੰ ਨਸ਼ਟ ਕਰਨ ਦੀ ਇੱਛਾ ਕਰਦੇ ਹਾਂ, ਤਾਂ (ਪਹਿਲਾਂ) ਅਸੀਂ ਉਸ ਦੇ ਸਿਰਕਢ ਲੋਕਾਂ ਨੂੰ (ਭਲਾਈ ਦਾ)[2] ਹੁਕਮ ਦਿੰਦੇ ਹਾਂ, ਜਿਸ ਤੇ ਓਹ (ਉਲਟਾ) ਉਸ (ਨਗਰੀ) ਵਿਚ ਅਵੱਗਿਆ ਕਰਨ ਤੇ ਲਕ ਬੰਨ੍ਹ ਲੈਂਦੇ ਹਨ । ਤਦ ਉਸ ਨਗਰੀ ਬਾਰੇ ਸਾਡਾ ਬਚਨ ਪੂਰਾ ਹੋ ਜਾਂਦਾ ਹੈ, ਅਰਥਾਤ ਅਸੀਂ ਉਸ ਨੂੰ ਪੂਰੀ ਤਰ੍ਹਾਂ ਨਸ਼ਟ ਕਰ ਦਿੰਦੇ ਹਾਂ ।੧੭।

---

[1]ਅਰਥਾਤ—ਕੋਈ ਪ੍ਰਾਣੀ ਜਿਸ ਤੋਂ ਪੁਛਗਿਛ ਕੀਤੀ ਜਾਏਗੀ, ਦੂਜੇ ਦੀ ਥਾਂ ਉੱਤਰ ਨਹੀਂ ਦੇ ਸਕੇਗਾ । (ਵਿਸਥਾਰ ਲਈ ਵੇਖੋ ਸੂਰਤ ਅਲ ਅਨਆਮ ਆਇਤ ੧੬੫ ਦੀ ਟੂਕ) ।

[2]ਇਸ ਆਇਤ ਦਾ ਟੀਕਾ ਹੁਣ ਤਕ ਸਾਰੇ ਹੀ ਟੀਕਾਕਾਰਾਂ ਨੇ ਵੱਡਾ ਅਸ਼ੁਧ ਕੀਤਾ ਹੈ, ਪਰ ਹਜ਼ਰਤ "ਅੱਬਾਸ" ਦੀ ਇਕ ਰਵਾਇਤ ਵਿਚ ਇਸ ਦਾ ਠੀਕ ਠੀਕ ਭਾਵ ਵਰਣਨ ਹੈ । ਜਿਸ ਨਾਲ ਸਾਰੇ ਸ਼ੰਕੇ ਨਵਿਰਤ ਹੋ ਜਾਂਦੇ ਹਨ । (ਵੇਖੋ ਬਹਿਰਿ ਮੁਹੀਤ ਜਿਲਦ ੬ ਪੰਨਾ ੧੭) ਅਸੀਂ ਉਸੇ ਦੇ ਅਧਾਰ ਤੇ ਇਹ ਟੀਕਾ ਕੀਤਾ ਹੈ ।

وَكَمْ اَهْلَكْنَا مِنَ الْقُرُوْنِ مِنْۢ بَعْدِ نُوْحٍ ؕ وَكَفٰى بِرَبِّكَ بِذُنُوْبِ عِبَادِهٖ خَبِيْرًۢا بَصِيْرًا ﴿١٨﴾

ਅਤੇ (ਇਸੇ ਹੀ ਨੇਮ ਅਨੁਸਾਰ) ਅਸੀਂ "ਨੂਹ" (ਦੀ ਜਾਤੀ ਨੂੰ ਅਤੇ ਉਸ) ਤੋਂ ਮਗਰੋਂ (ਅੱਗੇ ਪਿੱਛੇ) ਹੋਰ ਵੀ ਬਹੁਤ ਸਾਰੀਆਂ ਨਸਲਾਂ ਨੂੰ ਨਸ਼ਟ ਕਰ ਦਿੱਤਾ ਹੈ ਅਤੇ ਤੇਰਾ ਸਾਜਨਹਾਰ ਤੇ ਪਾਲਨਹਾਰ ਆਪਣੇ ਬੰਦਿਆਂ ਦੇ ਸਾਰੇ ਪਾਪਾਂ ਦਾ ਵੱਡਾ ਖ਼ਬਰਦਾਰ ਤੇ ਜਾਣਨਹਾਰ ਹੈ ।੧੮।

مَنْ كَانَ يُرِيْدُ الْعَاجِلَةَ عَجَّلْنَا لَهٗ فِيْهَا مَا نَشَآءُ لِمَنْ نُّرِيْدُ ثُمَّ جَعَلْنَا لَهٗ جَهَنَّمَ ۚ يَصْلٰىهَا مَذْمُوْمًا مَّدْحُوْرًا ﴿١٩﴾

ਜੋ ਪ੍ਰਾਣੀ (ਕੇਵਲ) ਮਾਇਆ ਦਾ ਚਾਹਵਾਨ ਹੁੰਦਾ ਹੈ, ਅਸੀਂ ਅਜੇਹੇ ਲੋਕਾਂ ਨੂੰ ਇਸ ਮਾਤ-ਲੋਕ ਵਿਚ ਕੁਝ ਛੇਤੀ ਵਾਲਾ (ਮਾਇਕ ਲਾਭ) ਦੇ ਦਿੰਦੇ ਹਾਂ ਇਸ ਤੋਂ ਮਗਰੋਂ ਉਸ ਲਈ ਨਰਕ (ਦਾ ਕਸ਼ਟ) ਨੀਅਤ ਕਰ ਦਿੰਦੇ ਹਾਂ, ਜਿਸ ਵਿਚ ਉਹ ਫਿਟਕਾਰਿਆ ਹੋਇਆ ਅਤੇ ਧਿੱਕਾਰਿਆ ਹੋਇਆ ਧੱਕਿਆ ਜਾਂਦਾ ਹੈ ।੧੯।

وَمَنْ اَرَادَ الْاٰخِرَةَ وَسَعٰى لَهَا سَعْيَهَا وَهُوَ مُؤْمِنٌ فَاُولٰٓئِكَ كَانَ سَعْيُهُمْ مَّشْكُوْرًا ﴿٢٠﴾

ਅਤੇ ਜੋ[1] ਪ੍ਰਾਣੀ ਸ਼ਰਧਾ ਦੀ ਹਾਲਤ ਵਿਚ ਪਰਲੋਕ ਦੀ ਇੱਛਾ ਕਰਦੇ ਹਨ ਤੇ ਉਸ ਦੀ ਪ੍ਰਾਪਤੀ ਲਈ ਉਸ ਦੇ ਅਨੁਕੂਲ ਹੀ ਜਤਨ (ਵੀ) ਕਰਦੇ ਹਨ, ਤਾਂ (ਯਾਦ ਰੱਖੋ ਕਿ) ਅਜੇਹੇ ਲੋਕਾਂ ਦੇ ਜਤਨਾਂ ਦਾ ਹੀ ਮੁੱਲ ਪਾਇਆ ਜਾਏਗਾ ।੨੦।

كُلًّا نُّمِدُّ هٰٓؤُلَآءِ وَهٰٓؤُلَآءِ مِنْ عَطَآءِ رَبِّكَ ؕ وَمَا كَانَ عَطَآءُ رَبِّكَ مَحْظُوْرًا ﴿٢١﴾

ਅਸੀਂ ਸਾਰਿਆਂ ਦੀ ਹੀ ਸਹਾਇਤਾ ਕਰਦੇ ਹਾਂ, ਓਹਨਾਂ (ਧਰਮੀਆਂ) ਦੀ (ਵੀ) ਅਤੇ ਏਹਨਾਂ (ਅਧਰਮੀਆਂ) ਦੀ ਵੀ ਅਤੇ (ਇਹ ਸਹਾਇਤਾ) ਤੇਰੇ ਸਾਜਨਹਾਰ ਤੇ ਪਾਲਨਹਾਰ ਦੀ ਦੇਣ (ਕਿਸੇ ਖ਼ਾਸ ਧੜੇ ਤੋਂ) ਰੋਕੀ ਨਹੀਂ ਜਾ ਸਕਦੀ ।੨੧।

اُنْظُرْ كَيْفَ فَضَّلْنَا بَعْضَهُمْ عَلٰى بَعْضٍ ؕ وَلَلْاٰخِرَةُ اَكْبَرُ دَرَجٰتٍ وَّاَكْبَرُ تَفْضِيْلًا ﴿٢٢﴾

ਵੇਖ ! ਕਿਸ ਤਰ੍ਹਾਂ ਅਸੀਂ (ਸੰਸਾਰੀ ਸਾਧਨਾਂ ਦੇ ਲਿਹਾਜ਼ ਨਾਲ) ਓਹਨਾਂ ਵਿੱਚੋਂ ਕਈਆਂ ਨੂੰ ਕਈਆਂ ਤੇ ਵਿਸ਼ੇਸ਼ਤਾ ਦਿੱਤੀ ਹੋਈ ਹੈ ਅਤੇ ਪਰਲੋਕ (ਦਾ ਜੀਵਨ) ਤਾਂ (ਹੋਰ ਵੀ) ਵੱਡੇ ਦਰਜੇ ਵਾਲਾ ਤੇ ਵਧੇਰੇ ਵਿਸ਼ੇਸ਼ਤਾ ਵਾਲਾ (ਜੀਵਨ) ਹੋਵੇਗਾ ।੨੨।

---

[1]ਅਰਬੀ ਭਾਸ਼ਾ ਵਿਚ "ਮਨ" ਪਦ ਇਕਵਚਨ ਤੇ ਬਹੁਵਚਨ ਦੋਹਾਂ ਵਾਸਤੇ ਵਰਤਿਆ ਜਾਂਦਾ ਹੈ । ਅਸੀਂ ਇੱਥੇ ਇਸ ਦਾ ਅਰਥ ਬਹੁਵਚਨ ਹੀ ਕੀਤਾ ਹੈ ।

لَا تَجْعَلْ مَعَ اللّٰهِ اِلٰهًا اٰخَرَ فَتَقْعُدَ مَذْمُوْمًا مَّخْذُوْلًا ﴿۲۳﴾

ਬਸ. (ਹੇ ਸੁੱਤੇ !) ਤੂੰ ਅੱਲਾਹ ਦੇ ਨਾਲ ਕਿਸੇ ਹੋਰ ਦੂਜੇ ਨੂੰ ਇਸ਼ਟ ਦੇਵ ਨਾ ਬਣਾ । ਨਹੀਂ ਤਾਂ ਤੂੰ ਦੋਸ਼ੀ ਬਣ ਕੇ ਪ੍ਰਭੂ ਦੀ ਸਹਾਇਤਾ ਤੋਂ ਸੱਖਣਾ ਰਹਿ ਜਾਏਂਗਾ ।੨੩। (ਰਕੂਅ ੨)

وَ قَضٰى رَبُّكَ اَلَّا تَعْبُدُوْۤا اِلَّاۤ اِيَّاهُ وَ بِالْوَالِدَيْنِ اِحْسَانًا ؕ اِمَّا يَبْلُغَنَّ عِنْدَكَ الْكِبَرَ اَحَدُهُمَاۤ اَوْ كِلٰهُمَا فَلَا تَقُلْ لَّهُمَاۤ اُفٍّ وَّ لَا تَنْهَرْهُمَا وَ قُلْ لَّهُمَا قَوْلًا كَرِيْمًا ﴿۲۴﴾

ਤੇਰੇ ਸਾਜਨਹਾਰ ਤੇ ਪਾਲਨਹਾਰ ਨੇ (ਇਸ ਗੱਲ ਦਾ) ਵੱਡੀ ਕਰੜਾਈ ਨਾਲ ਹੁਕਮ ਦਿੱਤਾ ਹੈ ਕਿ ਤੁਸੀਂ ਉਸ ਤੋਂ ਛੁੱਟ ਕਿਸੇ ਹੋਰ ਦੀ ਪੂਜਾ ਨਾ ਕੀਤਾ ਕਰੋ (ਅਤੇ ਆਪਣੇ) ਮਾਪਿਆਂ ਨਾਲ ਚੰਗਾ ਵਰਤਾਉ ਕੀਤਾ ਕਰੋ । ਜੇ ਓਹਨਾਂ ਦੋਹਾਂ ਵਿੱਚੋਂ ਕਿਸੇ ਇਕ ਉੱਤੇ ਜਾਂ ਦੋਹਾਂ ਉੱਤੇ—ਤੇਰੇ ਜੀਉਂਦਿਆਂ—ਬੁਢੇਪਾ ਆ ਜਾਏ, ਤਾਂ ਓਹਨਾਂ ਨੂੰ (ਓਹਨਾਂ ਦੀ ਕਿਸੇ ਗੱਲੋਂ ਗੁੱਸੇ ਹੋ ਕੇ) ਉਫ਼[1] ਵੀ ਨਾ ਆਖਿਆ ਕਰੋ ਤੇ ਨਾ ਓਹਨਾਂ ਨੂੰ ਕੋਈ ਝਿੜਕ (ਹੀ ਮਾਰਿਆ ਕਰੋ), ਅਰਥਾਤ ਓਹਨਾਂ ਨਾਲ (ਸਦਾ) ਨਿਮਰਤਾ ਭਰੀ ਗੱਲ-ਕਥ ਕੀਤਾ ਕਰੋ ।੨੪।

وَ اخْفِضْ لَهُمَا جَنَاحَ الذُّلِّ مِنَ الرَّحْمَةِ وَ قُلْ رَّبِّ ارْحَمْهُمَا كَمَا رَبَّيٰنِيْ صَغِيْرًا ﴿۲۵﴾

ਅਤੇ ਮਿਹਰ ਦੇ ਹਾਵ-ਭਾਵ ਨਾਲ ਓਹਨਾਂ ਅੱਗੇ ਅਧੀਨਗੀ ਭਰਿਆ ਰਵਈਆ ਧਾਰਨ ਕੀਤਾ ਕਰੋ ਅਤੇ (ਓਹਨਾਂ ਵਾਸਤੇ ਅਰਦਾਸਾਂ ਕਰਨ ਸਮੇਂ) ਇਹ ਕਿਹਾ ਕਰੋ ਕਿ (ਹੇ) ਮੇਰੇ ਸਾਜਨਹਾਰ ਤੇ ਪਾਲਨ-ਹਾਰ ! ਏਹਨਾਂ ਉੱਤੇ ਮਿਹਰ ਕਰ; ਕਿਉਂਕਿ ਏਹਨਾਂ ਨੇ ਮੇਰੇ (ਬਚਪਨ) ਸਮੇਂ ਮੇਰੀ ਪਾਲਨਾ ਕੀਤੀ ਸੀ ।੨੫।

رَبُّكُمْ اَعْلَمُ بِمَا فِيْ نُفُوْسِكُمْ ؕ اِنْ تَكُوْنُوْا صٰلِحِيْنَ فَاِنَّهٗ كَانَ لِلْاَوَّابِيْنَ غَفُوْرًا ﴿۲۶﴾

ਤੁਹਾਡਾ ਸਾਜਨਹਾਰ ਤੇ ਪਾਲਨਹਾਰ ਜੋ ਕੁਝ (ਵੀ) ਤੁਹਾਡੇ ਮਨਾਂ ਵਿਚ ਹੈ, ਉਸ ਦਾ (ਸਭ ਤੋਂ ਵਧੀਕ) ਜਾਣਨਹਾਰ ਹੈ । ਜੇ ਤੁਸੀਂ ਭਲੇ (ਪੁਰਖ) ਬਣੋਗੇ, ਤਾਂ (ਇਹ ਯਾਦ ਰੱਖੋ ਕਿ) ਉਹ ਮੁੜ ਮੁੜ ਝੁਕਣ ਵਾਲਿਆਂ ਲਈ ਵੱਡਾ ਬਖ਼ਸ਼ਣਹਾਰ ਹੈ ।੨੯।

---

[1]ਇਸ ਆਇਤ ਤੋਂ ਇਹ ਸਿਧ ਹੁੰਦਾ ਹੈ ਕਿ ਕੁਰਾਨ ਸ਼ਰੀਫ਼ ਵਿਚ ਕਈ ਥਾਈਂ ਹਜ਼ਰਤ ਮੁਹੰਮਦ ਸਾਹਿਬ ਜੀ ਨੂੰ ਸੰਬੋਧਨ ਕੀਤਾ ਜਾਂਦਾ ਹੈ, ਪਰ ਉਸ ਦਾ ਭਾਵ ਆਪ ਦੇ ਸਾਰੇ ਸੰਚਾਲੀ ਹੁੰਦੇ ਹਨ । ਕਿਉਂਕਿ ਇਹ ਹੁਕਮ ਮਾਤਾ-ਪਿਤਾ ਨਾਲ ਚੰਗਾ ਵਰਤਾਉ ਕਰਨ ਬਾਰੇ ਹੈ, ਪਰ ਆਪ ਦੇ ਪਿਤਾ ਤਾਂ ਆਪ ਦੇ ਜਨਮ ਲੈਣ ਤੋਂ ਵੀ ਕੁਝ ਦਿਨ ਪਹਿਲਾਂ ਚੜ੍ਹਾਈ ਕਰ ਗਏ ਸਨ ਤੇ ਆਪ ਦੀ ਮਾਤਾ ਜੀ ਦਾ ਆਪ ਦੇ ਬਚਪਨ ਵਿਚ ਹੀ ਚਲਾਣਾ ਹੋ ਗਿਆ ਸੀ ।

وَ اٰتِ ذَا الْقُرْبٰى حَقَّهٗ وَ الْمِسْكِيْنَ وَ ابْنَ السَّبِيْلِ وَ لَا تُبَذِّرْ تَبْذِيْرًا ﴿٢٦﴾

ਅਤੇ ਨੇੜੇ ਦੇ ਸੰਬੰਧੀਆਂ, ਨਿਰਧਨਾਂ ਤੇ ਮੁਸਾਫ਼ਰਾਂ ਦੇ ਹੱਕ ਅਦਾ ਕਰਦੇ ਰਿਹਾ ਕਰੋ ਅਤੇ ਫ਼ਜ਼ੂਲ-ਖ਼ਰਚੀ ਕਿਸੇ ਰੰਗ ਵਿਚ (ਵੀ) ਨਾ ਕੀਤਾ ਕਰੋ ।੨੭।

اِنَّ الْمُبَذِّرِيْنَ كَانُوْٓا اِخْوَانَ الشَّيٰطِيْنِ ۭ وَ كَانَ الشَّيْطٰنُ لِرَبِّهٖ كَفُوْرًا ﴿٢٧﴾

ਫ਼ਜ਼ੂਲ-ਖ਼ਰਚੀ ਕਰਨ ਵਾਲੇ ਲੋਕ ਨਿਰਸੰਦੇਹ ਸ਼ੈਤਾਨ ਦੇ ਭਰਾ ਹੁੰਦੇ ਹਨ ਅਤੇ ਸ਼ੈਤਾਨ ਆਪਣੇ ਸਾਜਨਹਾਰ ਤੇ ਪਾਲਨਹਾਰ ਦਾ ਵੱਡਾ ਹੀ ਅਕ੍ਰਿਤਘਣ ਹੈ ।੨੮।

وَ اِمَّا تُعْرِضَنَّ عَنْهُمُ ابْتِغَآءَ رَحْمَةٍ مِّنْ رَّبِّكَ تَرْجُوْهَا فَقُلْ لَّهُمْ قَوْلًا مَّيْسُوْرًا ﴿٢٨﴾

ਅਤੇ ਜੇ ਤੂੰ ਆਪਣੇ ਸਾਜਨਹਾਰ ਤੇ ਪਾਲਨਹਾਰ ਵੱਲੋਂ ਕਿਸੇ ਮਿਹਰ ਦੀ ਢੂੰਡ ਵਿਚ—ਜਿਸ ਦੀ ਤੈਨੂੰ ਆਸ ਹੋਵੇ—ਓਹਨਾਂ (ਸੰਬੰਧੀਆਂ) ਤੋਂ ਲਾਂਭੇ ਹੋ ਜਾਏਂ,[1] ਤਾਂ (ਇਸ ਸੂਰਤ ਵਿਚ ਤੇਰਾ ਲਾਂਭੇ ਹੋਣਾ ਯੋਗ ਹੋਵੇਗਾ, ਪਰ) ਫੇਰ ਵੀ ਤੂੰ ਓਹਨਾਂ ਨਾਲ ਪ੍ਰੇਮ-ਮਈ ਢੰਗ ਨਾਲ ਬਚਨ-ਬਿਲਾਸ ਕਰਦਾ ਰਹੀਂ ।੨੯।

وَ لَا تَجْعَلْ يَدَكَ مَغْلُوْلَةً اِلٰى عُنُقِكَ وَ لَا تَبْسُطْهَا كُلَّ الْبَسْطِ فَتَقْعُدَ مَلُوْمًا مَّحْسُوْرًا ﴿٢٩﴾

ਅਤੇ ਤੂੰ ਨਾ (ਤਾਂ ਕੰਜੂਸੀ ਨਾਲ) ਆਪਣੇ ਹੱਥ ਬੰਨ੍ਹ ਕੇ ਆਪਣੇ ਗਲ ਵਿਚ ਪਾ ਲੈ ਤੇ ਨਾ (ਫ਼ਜ਼ੂਲ-ਖ਼ਰਚੀ ਵਿਚ ਪੈ ਕੇ) ਓਹਨਾਂ ਨੂੰ ਉੱਕਾ ਹੀ ਖੋਲ੍ਹ ਦੇ । ਨਹੀਂ ਤਾਂ, ਤੂੰ (ਜਾਂ ਤਾਂ) ਘ੍ਰਿਣਾ ਦਾ ਨਿਸ਼ਾਨਾ ਬਣ ਕੇ (ਤੇ ਜਾਂ ਫਿਰ) ਥੱਕ ਕੇ ਬੈਠ ਜਾਵੇਂਗਾ !੩੦।

اِنَّ رَبَّكَ يَبْسُطُ الرِّزْقَ لِمَنْ يَّشَآءُ وَ يَقْدِرُ ۭ اِنَّهٗ كَانَ بِعِبَادِهٖ خَبِيْرًۢا بَصِيْرًا ﴿٣٠﴾ ع

ਬੇਸ਼ੱਕ ਤੇਰਾ ਸਾਜਨਹਾਰ ਤੇ ਪਾਲਨਹਾਰ (ਜਿਸ ਨੂੰ ਚਾਹੁੰਦਾ ਹੈ) ਖੁਲ੍ਹੀ ਡੁਲ੍ਹੀ ਰੋਜ਼ੀ ਦਿੰਦਾ ਹੈ ਤੇ (ਜਿਸ ਨੂੰ ਚਾਹੁੰਦਾ ਹੈ ਕੁੱਖ-ਨੰਗ ਦੀ) ਤੰਗੀ ਦੇ ਦਿੰਦਾ ਹੈ । ਬੇਸ਼ੱਕ ਉਹ ਆਪਣੇ ਬੰਦਿਆਂ ਦੇ ਹਾਲ-ਚਾਲ ਦਾ ਜਾਣਨਹਾਰ (ਤੇ) ਵੇਖਣਹਾਰ ਹੈ ।੩੧। (ਰਕੂਅ ੩)

---

[1]ਅਰਥਾਤ—ਤੇਰਾ ਆਪਣੇ ਸਾਕਾਂ-ਸੰਬੰਧੀਆਂ ਤੋਂ ਲਾਂਭੇ ਹੋਣਾ ਕਿਸੇ ਕੰਜੂਸੀ ਦੇ ਅਧਾਰ ਤੇ ਨਾ ਹੋਵੇ; ਸਗੋਂ ਇਸ ਲਈ ਹੋਵੇ ਕਿ ਮੈਂ ਪ੍ਰਭੂ ਤੋਂ ਖ਼ੁਸ਼ਹਾਲੀ ਮੰਗ ਰਿਹਾ ਹਾਂ ਅਤੇ ਮੈਨੂੰ ਆਸ ਹੈ ਕਿ ਉਹ ਮੈਨੂੰ ਛੇਤੀ ਹੀ ਪ੍ਰਾਪਤ ਹੋ ਜਾਏਗੀ, ਉਸ ਸਮੇਂ ਤਕ ਮੈਂ ਮਜਬੂਰ ਹੋ ਕੇ ਵੱਡੇ ਦੁਖ ਨਾਲ ਲਾਂਭੇ ਹੋ ਰਿਹਾ ਹਾਂ ।

وَلَا تَقْتُلُوْٓا اَوْلَادَكُمْ خَشْيَةَ اِمْلَاقٍ ۚ نَحْنُ نَرْزُقُهُمْ وَاِيَّاكُمْ ۚ اِنَّ قَتْلَهُمْ كَانَ خِطْاً كَبِيْرًا ﴿٣٢﴾

ਅਤੇ ਤੁਸੀਂ ਗ਼ਰੀਬੀ ਤੋਂ ਭੈ-ਭੀਤ ਹੋ ਕੇ ਆਪਣੀ ਬੰਸ ਦਾ ਘਾਤ ਕਦੇ ਨਾ ਕਰਨਾ। (ਓਹਨਾਂ ਨੂੰ ਵੀ) ਅਸੀਂ ਹੀ ਰਿਜ਼ਕ ਦਿਆਂਗੇ ਤੇ ਤੁਹਾਨੂੰ ਵੀ (ਅਸੀਂ ਹੀ ਰਿਜ਼ਕ ਦਿੰਦੇ ਹਾਂ।) ਓਹਨਾਂ ਦਾ ਘਾਤ ਕਰਨਾ ਨਿਰਸੰਦੇਹ (ਵੱਡੀ) ਭੁੱਲ ਹੈ ।੩੨।

وَلَا تَقْرَبُوا الزِّنٰٓى اِنَّهٗ كَانَ فَاحِشَةً ۭ وَسَاۗءَ سَبِيْلًا ﴿٣٢﴾

ਅਤੇ ਵਿਭਚਾਰ ਦੇ ਲਾਗੇ (ਵੀ) ਨਾ ਜਾਓ। ਬੇਸ਼ੱਕ ਉਹ ਇਕ ਸਪਸ਼ਟ ਨਿਰਲੱਜਤਾ ਦਾ ਕੰਮ ਹੈ ਅਤੇ ਬਹੁਤ ਹੀ ਭੈੜਾ ਮਾਰਗ ਹੈ ।੩੩।

وَلَا تَقْتُلُوا النَّفْسَ الَّتِيْ حَرَّمَ اللّٰهُ اِلَّا بِالْحَقِّ ۭ وَمَنْ قُتِلَ مَظْلُوْمًا فَقَدْ جَعَلْنَا لِوَلِيِّهٖ سُلْطٰنًا فَلَا يُسْرِفْ فِّي الْقَتْلِ ۭ اِنَّهٗ كَانَ مَنْصُوْرًا ﴿٣٣﴾

ਅਤੇ ਜਿਸ ਜਿੰਦ ਨੂੰ (ਮਾਰਨਾ) ਅੱਲਾਹ ਨੇ ਵਿਵਰਜਿਤ ਕੀਤਾ ਹੋਇਆ ਹੈ, ਉਸ ਨੂੰ (ਕਾਨੂੰਨੀ) ਹੱਕ ਪ੍ਰਾਪਤ ਹੋਣ ਤੋਂ ਬਿਨਾਂ ਕਤਲ ਨਾ ਕਰਨਾ। ਜੋ ਪ੍ਰਾਣੀ ਬੇਗੁਨਾਹ ਮਾਰਿਆ ਜਾਏ, ਉਸ ਦੇ ਵਾਰਸਾਂ ਨੂੰ ਅਸੀਂ (ਬਦਲਾ ਲੈਣ ਦਾ) ਅਧਿਕਾਰ ਦਿੱਤਾ ਹੈ। ਸੋ (ਉਸ ਲਈ ਇਹ ਉਪਦੇਸ਼ ਕੀਤਾ ਗਿਆ ਹੈ ਕਿ) ਓਹ (ਕਾਤਲ ਨੂੰ) ਕਤਲ ਕਰਨ ਸਮੇਂ (ਸਾਡੀ ਨੀਅਤ ਕੀਤੀ) ਹੱਦ ਤੋਂ ਅੱਗੇ ਨਾ ਵਧਣ, (ਜੇ ਓਹ ਹੱਦ ਦੇ ਅੰਦਰ ਰਹਿਣਗੇ), ਤਾਂ ਨਿਰਸੰਦੇਹ ਓਹਨਾਂ ਨੂੰ (ਸਾਡੀ) ਸਹਾਇਤਾ ਪ੍ਰਾਪਤ ਹੋ ਜਾਏਗੀ ।੩੪।

وَلَا تَقْرَبُوْا مَالَ الْيَتِيْمِ اِلَّا بِالَّتِيْ هِيَ اَحْسَنُ حَتّٰى يَبْلُغَ اَشُدَّهٗ ۚ وَاَوْفُوْا بِالْعَهْدِ ۚ اِنَّ الْعَهْدَ كَانَ مَسْـُٔوْلًا ﴿٣٤﴾

ਅਤੇ ਤੁਸੀਂ ਉਸ ਢੰਗ ਤੋਂ ਛੁੱਟ ਜੋ (ਅਨਾਥ ਦੇ ਹੱਕ ਵਿਚ) ਵਧੇਰੇ ਚੰਗਾ ਹੋਵੇ—(ਕਿਸੇ ਹੋਰ ਅਯੋਗ ਢੰਗ ਨਾਲ) ਅਨਾਥ ਦੇ ਧਨ-ਪਦਾਰਥ ਦੇ ਲਾਗੇ ਨਾ ਜਾਓ। ਇੱਥੋਂ ਤਕ ਕਿ ਓਹ ਆਪਣੀ ਪੱਕੀ ਆਯੂ ਨੂੰ ਪੁੱਜ ਜਾਣ, ਅਰਥਾਤ (ਤੁਸੀਂ ਆਪਣੇ) ਪ੍ਰਣ ਨੂੰ ਪੂਰਾ ਕੀਤਾ ਕਰੋ; (ਕਿਉਂਕਿ) ਹਰੇਕ ਪ੍ਰਣ ਬਾਰੇ ਨਿਰਸੰਦੇਹ (ਇਕ ਨਾ ਇਕ ਦਿਨ) ਪੁਛਗਿਛ ਕੀਤੀ ਜਾਏਗੀ ।੩੫।

وَاَوْفُوا الْكَيْلَ اِذَا كِلْتُمْ وَزِنُوْا بِالْقِسْطَاسِ الْمُسْتَقِيْمِ ۚ ذٰلِكَ خَيْرٌ وَّاَحْسَنُ تَاْوِيْلًا ﴿٣٦﴾

ਅਤੇ ਜਦ ਤੁਸੀਂ (ਕਿਸੇ ਨੂੰ ਕੁਝ) ਮਿਣ ਕੇ ਦੇਣ ਲੱਗੋ, ਤਾਂ ਮਿਣਤੀ ਪੂਰੀ ਦਿਆ ਕਰੋ ਅਤੇ (ਜਦ ਤੋਲ ਕੇ ਦੇਣ ਲੱਗੋ, ਤਾਂ ਵੀ) ਤਕੜੀ ਦੀ ਡੰਡੀ ਸਿੱਧੀ ਰੱਖ ਕੇ ਤੋਲਿਆ ਕਰੋ । ਇਹ ਗੱਲ ਸਭ ਨਾਲੋਂ ਚੰਗੀ ਹੈ ਅਤੇ ਸਿੱਟੇ ਦੇ ਲਿਹਾਜ਼ ਨਾਲ ਵੀ ਵੱਡੀ ਲਾਭਦਾਇਕ ਹੈ ।੩੬।

وَلَا تَقْفُ مَا لَيْسَ لَكَ بِهٖ عِلْمٌ ۭ اِنَّ السَّمْعَ وَالْبَصَرَ وَالْفُؤَادَ كُلُّ اُولٰۗىِٕكَ كَانَ عَنْهُ مَسْـُٔوْلًا ﴿٣٦﴾

ਅਤੇ (ਹੇ ਸੂਤੇ !) ਜਿਸ ਗੱਲ ਦਾ ਤੈਨੂੰ ਪਤਾ ਨਾ ਹੋਵੇ, ਉਸ ਦੇ ਪਿੱਛੇ ਨਾ ਲੱਗਿਆ ਕਰ; (ਕਿਉਂਕਿ) ਕੰਨ, ਅੱਖ ਤੇ ਦਿਲ, ਏਹਨਾਂ ਸਭਨਾਂ ਬਾਰੇ (ਤੇਥੋਂ) ਪੁਛਗਿਛ ਕੀਤੀ ਜਾਏਗੀ ।੩੭।

وَلَا تَمْشِ فِي الْاَرْضِ مَرَحًا ۚ اِنَّكَ لَنْ تَخْرِقَ الْاَرْضَ وَلَنْ تَبْلُغَ الْجِبَالَ طُوْلًا ﴿٣٧﴾

ਅਤੇ ਧਰਤੀ ਉੱਤੇ ਆਕੜ ਕੇ ਨਾ ਤੁਰਿਆ ਕਰੋ; ਕਿਉਂਕਿ ਨਾ ਤਾਂ ਇਸ ਤਰ੍ਹਾਂ ਤੂੰ ਦੇਸ ਦਾ ਅੰਤ[1] ਪਾ ਸਕਦਾ ਹੈਂ ਤੇ ਨਾ ਤੂੰ (ਇਸ ਤਰ੍ਹਾਂ ਆਪਣੀ ਜਾਤੀ ਦੇ) ਸਿਰਕਢ ਸਰਦਾਰਾਂ[2] ਦੀ ਉੱਚੀ ਪਦਵੀ ਨੂੰ ਪ੍ਰਾਪਤ ਹੋ ਸਕਦਾ ਹੈਂ ।੩੮।

كُلُّ ذٰلِكَ كَانَ سَيِّئُهٗ عِنْدَ رَبِّكَ مَكْرُوْهًا ﴿٣٨﴾

ਏਹਨਾਂ (ਹੁਕਮਾਂ) ਵਿੱਚੋਂ ਹਰੇਕ (ਕਰਤਵ) ਦੀ ਭੈੜੀ ਸੂਰਤ ਤੇਰੇ ਸਾਜਨਹਾਰ ਤੇ ਪਾਲਨਹਾਰ ਦੇ ਨਜ਼ਦੀਕ ਵੱਡੀ ਅਯੋਗ ਹੈ ।੩੯।

ذٰلِكَ مِمَّآ اَوْحٰٓى اِلَيْكَ رَبُّكَ مِنَ الْحِكْمَةِ ۭ وَلَا تَجْعَلْ مَعَ اللّٰهِ اِلٰهًا اٰخَرَ فَتُلْقٰى فِيْ جَهَنَّمَ مَلُوْمًا مَّدْحُوْرًا ﴿٣٩﴾

ਇਹ (ਸ਼ਾਨਦਾਰ ਸਿੱਖਿਆ) ਉਸ (ਗਿਆਨ ਤੇ) ਯੁਕਤੀ ਦਾ (ਇਕ ਅੰਗ) ਹੈ, ਜੋ ਤੇਰੇ ਸਾਜਨਹਾਰ ਤੇ ਪਾਲਨਹਾਰ ਨੇ ਅਕਾਸ਼ ਬਾਣੀ ਰਾਹੀਂ ਤੇਰੇ ਉੱਤੇ ਉਤਾਰੀ ਹੈ ਅਤੇ ਤੂੰ ਅੱਲਾਹ ਨਾਲ ਕੋਈ ਹੋਰ ਇਸ਼ਟ-ਦੇਵ ਨਾ ਬਣਾਵੀਂ, ਨਹੀਂ ਤਾਂ ਤੂੰ (ਵੀ) ਘ੍ਰਿਣਾ ਦਾ ਨਿਸ਼ਾਨਾ ਬਣ ਕੇ ,(ਅਰਥਾਤ) ਧਿੱਕਾਰਿਆ ਜਾ ਕੇ ਨਰਕਗਾਮੀ ਹੋ ਜਾਏਂਗਾ ।੪੦।

---

[1]ਮੂਲ ਪਾਠ ਵਿਚ ''ਤਖਰਿਕਾ'' ਹੈ ਤੇ ਇਸ ਦਾ ਅਰਥ ਪਾੜ ਪਾਉਣਾ ਵੀ ਹੈ ਤੇ ਦੇਸ ਦੇ ਅੰਤ ਤਕ ਪੁੱਜਣਾ ਵੀ ਹੈ ।

[2]ਕੁਰਾਨ ਸ਼ਰੀਫ਼ ਵਿਚ ਇਸ ਥਾਂ ''ਜਿਬਾਲ'' ਪਦ ਦੀ ਵਰਤੋਂ ਕੀਤੀ ਗਈ ਹੈ ਅਸੀਂ ਇਸ ਦਾ ਅਰਥ ''ਸਿਰਕਢ ਸਰਦਾਰ'' ਕੀਤਾ ਹੈ; ਕਿਉਂਕਿ ਇਹ ਵੀ ਕੋਸ਼ ਤੋਂ ਸਿੱਧ ਹੈ । ਇਸ ਦਾ ਭਾਵ ਇਹ ਹੈ ਕਿ ਕੇਵਲ ਆਕੜ ਕੇ ਤੁਰਿਆਂ ਨਾ ਤਾਂ ਕੋਈ ਮਨੁੱਖ ਦੇਸ ਦੇ ਲੋਕਾਂ ਦੀ ਪਕੜ ਤੋਂ ਬਚ ਸਕਦਾ ਹੈ ਤੇ ਨਾ ਵੱਡਾ ਵਿਦਵਾਨ ਜਾਂ ਸਿਰਕਢ ਸਰਦਾਰ ਹੀ ਬਣ ਸਕਦਾ ਹੈ ।

اَفَاَصْفٰىكُمْ رَبُّكُمْ بِالْبَنِيْنَ وَاتَّخَذَ مِنَ الْمَلٰٓئِكَةِ اِنَاثًا ۭ اِنَّكُمْ لَتَقُوْلُوْنَ قَوْلًا عَظِيْمًا ۝۴۰

ਕੀ ਤੁਹਾਡੇ ਸਾਜਨਹਾਰ ਤੇ ਪਾਲਨਹਾਰ ਨੇ ਤੁਹਾਨੂੰ ਪੁੱਤਰਾਂ ਵਾਸਤੇ ਚੁਣ ਲਿਆ ਹੋਇਆ ਹੈ ਤੇ (ਆਪ) ਉਸ ਨੇ ਕਈ ਫ਼ਰਿਸ਼ਤਿਆਂ ਨੂੰ (ਆਪਣੀਆਂ) ਧੀਆਂ ਥਾਪ ਲਿਆ ਹੈ ? ਬੇਸ਼ੱਕ ਤੁਸੀਂ (ਇਹ) ਵੱਡੀ (ਭਿਆਨਕ) ਗੱਲ ਕਹਿੰਦੇ ਹੋ ।੪੧। (ਰਕੂਅ ੪)

وَلَقَدْ صَرَّفْنَا فِيْ هٰذَا الْقُرْاٰنِ لِيَذَّكَّرُوْا ۭ وَمَا يَزِيْدُهُمْ اِلَّا نُفُوْرًا ۝۴۱

ਅਤੇ ਅਸੀਂ ਇਸ ਕੁਰਾਨ ਵਿਚ (ਹਰੇਕ ਗੱਲ ਨੂੰ) ਇਸ ਲਈ ਮੁੜ ਮੁੜ ਵਰਣਨ ਕਰ ਦਿੱਤਾ ਹੈ ਕਿ (ਲੋਕ ਇਸ ਤੋਂ) ਸਿੱਖਿਆ ਪ੍ਰਾਪਤ ਕਰਨ, ਪਰ ਇਸ ਦੇ ਬਾਵਜੂਦ ਉਹ (ਕੁਰਾਨ) ਓਹਨਾਂ ਨੂੰ (ਹੈਰਾਨੀ ਤੇ) ਘ੍ਰਿਣਾ ਵਿਚ ਹੀ ਵਧਾ ਰਿਹਾ ਹੈ ।੪੨।

قُلْ لَّوْ كَانَ مَعَهٗٓ اٰلِهَةٌ كَمَا يَقُوْلُوْنَ اِذًا لَّابْتَغَوْا اِلٰى ذِي الْعَرْشِ سَبِيْلًا ۝۴۲

ਤੂੰ (ਓਹਨਾਂ ਨੂੰ) ਇਹ ਆਖ ਕਿ ਜੇ ਓਹਨਾਂ ਦੇ ਕਥਨ ਅਨੁਸਾਰ ਉਸ (ਪ੍ਰਭੂ) ਦੇ ਨਾਲ (ਕੋਈ) ਹੋਰ ਇਸ਼ਟ ਵੀ ਹੁੰਦੇ, ਤਾਂ ਇਸ ਸੂਰਤ ਵਿਚ ਓਹ (ਮੁਸ਼ਰਿਕ ਓਹਨਾਂ ਇਸ਼ਟ ਦੇਵਾਂ ਦੀ ਸਹਾਇਤਾ ਨਾਲ) ਅਰਸ਼ਾਂ ਵਾਲੇ (ਪ੍ਰਭੂ) ਤਕ (ਪੁੱਜਣ ਦਾ) ਕੋਈ ਰਾਹ ਜ਼ਰੂਰ[1] ਲੱਭ ਲੈਂਦੇ ।੪੩।

سُبْحٰنَهٗ وَتَعٰلٰى عَمَّا يَقُوْلُوْنَ عُلُوًّا كَبِيْرًا ۝۴۳

ਓਹ ਏਹਨਾਂ (ਮੁਸ਼ਰਿਕਾਂ) ਦੀਆਂ ਸ਼ਿਰਕ ਦੀਆਂ ਗੱਲਾਂ ਤੋਂ ਨਿਰਾਲਮ ਹੈ ਅਤੇ ਅਗਮ-ਅਗੋਚਰ ਹੈ ।੪੪।

تُسَبِّحُ لَهُ السَّمٰوٰتُ السَّبْعُ وَالْاَرْضُ وَمَنْ فِيْهِنَّ ۭ وَاِنْ مِّنْ شَيْءٍ اِلَّا يُسَبِّحُ بِحَمْدِهٖ وَلٰكِنْ لَّا تَفْقَهُوْنَ تَسْبِيْحَهُمْ ۭ اِنَّهٗ كَانَ حَلِيْمًا غَفُوْرًا ۝۴۴

ਸਤ ਅਕਾਸ਼ ਤੇ ਪਤਾਲ, ਅਰਥਾਤ ਜੋ ਜੀਅ-ਜੰਤ ਏਹਨਾਂ ਵਿਚ (ਵਸਦੇ) ਹਨ, ਉਸੇ ਦਾ ਸਿਮਰਨ ਕਰਦੇ ਹਨ ਅਤੇ (ਇਸ ਜੱਗ ਦੀ) ਹਰੇਕ ਚੀਜ਼ ਉਸ ਦੀ ਉਪਮਾ ਕਰਦੀ ਹੋਈ (ਉਸ ਦਾ) ਸਿਮਰਨ ਕਰਦੀ ਹੈ, ਪਰ ਸ਼ੱਕ ਕਿ ਤੁਸੀਂ ਓਹਨਾਂ (ਚੀਜ਼ਾਂ) ਦੇ ਸਿਮਰਨ ਨੂੰ ਨਹੀਂ ਸਮਝ ਸਕਦੇ । ਬੇਸ਼ੱਕ ਉਹ ਵੇਖ ਕੇ ਅਣਡਿਠ ਕਰਨ ਵਾਲਾ (ਤੇ) ਬਖ਼ਸ਼ਣਹਾਰ ਹੈ ।੪੫।

[1]ਅਰਥਾਤ—ਓਹ ਤਾਂ ਇਹ ਕਹਿੰਦੇ ਹਨ ਕਿ ਅਸੀਂ ਪ੍ਰਭੂ ਦੇ ਨਾਲ ਦੂਜੀਆਂ ਚੀਜ਼ਾਂ ਦੀ ਪੂਜਾ ਇਸ ਲਈ ਕਰਦੇ ਹਾਂ ਕਿ ਅਸੀਂ ਪ੍ਰਭੂ ਦੇ ਨਿਕਟ-ਵਰਤੀ ਬਣ ਜਾਈਏ । (ਵੇਖੋ ਜ਼ੁਮਰ ਰ: ੧) ਜੇ ਓਹਨਾਂ ਦਾ ਇਹ ਕਥਨ ਠੀਕ ਹੈ, ਤਾਂ ਫੇਰ ਓਹ ਪ੍ਰਭੂ ਦੇ ਨਿਕਟ-ਵਰਤੀ ਕਿਉਂ ਨਹੀਂ ਬਣ ਜਾਂਦੇ ।

وَاِذَا قَرَاْتَ الْقُرْاٰنَ جَعَلْنَا بَيْنَكَ وَبَيْنَ الَّذِيْنَ لَا يُؤْمِنُوْنَ بِالْاٰخِرَةِ حِجَابًا مَّسْتُوْرًا ۙ﴿۴۶﴾

ਅਤੇ ਜਦ ਤੂੰ ਕੁਰਾਨ ਪੜ੍ਹਦਾ ਹੈਂ, ਤਾਂ (ਉਸ ਸਮੇਂ) ਅਸੀਂ ਤੇਰੇ ਵਿਚਾਲੇ ਤੇ ਓਹਨਾਂ ਦੇ ਵਿਚਾਲੇ, ਜੋ ਪਰਲੋਕ ਦੇ ਸ਼ਰਧਾਲੂ ਨਹੀਂ ਹਨ, ਇਕ ਸੂਖਮ (ਸਾਧਾਰਨ ਨਜ਼ਰਾਂ ਤੋਂ ਗੁਪਤ) ਪੜਦਾ ਪਾ ਦਿੰਦੇ ਹਾਂ ।੪੬।

وَّجَعَلْنَا عَلٰى قُلُوْبِهِمْ اَكِنَّةً اَنْ يَّفْقَهُوْهُ وَفِيْٓ اٰذَانِهِمْ وَقْرًا ؕ وَاِذَا ذَكَرْتَ رَبَّكَ فِى الْقُرْاٰنِ وَحْدَهٗ وَلَّوْا عَلٰٓى اَدْبَارِهِمْ نُفُوْرًا ﴿۴۷﴾

ਅਤੇ ਅਸੀਂ ਓਹਨਾਂ ਦੇ ਮਨਾਂ ਉੱਤੇ ਵੀ ਕਈ ਪੜਦੇ ਪਾ ਦਿੰਦੇ ਹਾਂ, ਤਾਂ ਜੁ ਓਹ ਇਸ (ਸੱਚਾਈ ਨੂੰ) ਨਾ ਸਮਝ[1] ਸਕਣ, ਅਰਥਾਤ ਓਹਨਾਂ ਦੇ ਕੰਨ ਵੀ ਬੋਲੇ ਹਨ ਅਤੇ ਜਦ ਤੂੰ ਕੁਰਾਨ ਵਿਚ ਆਪਣੇ ਸਾਜਨਹਾਰ ਤੇ ਪਾਲਨਹਾਰ ਨੂੰ—ਜੋ ਇੱਕੋ ਇਕ ਹੈ—ਯਾਦ ਕਰਦਾ ਹੈਂ, ਤਾਂ ਓਹ (ਵੱਡੀ) ਘ੍ਰਿਣਾ ਨਾਲ (ਤੇਰੇ ਵੱਲੋਂ) ਮੂੰਹ ਮੋੜ ਕੇ ਚਲੇ ਜਾਂਦੇ ਹਨ ।੪੭।

نَحْنُ اَعْلَمُ بِمَا يَسْتَمِعُوْنَ بِهٖٓ اِذْ يَسْتَمِعُوْنَ اِلَيْكَ وَاِذْ هُمْ نَجْوٰٓى اِذْ يَقُوْلُ الظّٰلِمُوْنَ اِنْ تَتَّبِعُوْنَ اِلَّا رَجُلًا مَّسْحُوْرًا ﴿۴۸﴾

ਅਤੇ ਜਦ ਓਹ (ਵੇਖਣ ਨੂੰ) ਤੇਰੀਆਂ ਗੱਲਾਂ ਸੁਣ ਰਹੇ ਹੁੰਦੇ ਹਨ, ਤਾਂ ਜਿਸ ਮਨੋਰਥ ਲਈ ਓਹ ਤੇਰੀਆਂ ਗੱਲਾਂ ਸੁਣ ਰਹੇ ਹੁੰਦੇ ਹਨ, ਅਸੀਂ ਉਸ ਦੀ ਅਸਲੀਅਤ ਦੇ ਜਾਣਨਹਾਰ ਹਾਂ । ਇਸ ਤੋਂ ਛੁੱਟ ਜਦ ਓਹ ਪਰਸਪਰ ਕਾਨਾ-ਫੂਸੀਆਂ ਕਰ ਰਹੇ ਹੁੰਦੇ ਹਨ, ਤਾਂ (ਉਸ ਦਾ ਵੀ ਸਾਨੂੰ ਗਿਆਨ ਹੁੰਦਾ ਹੈ ਅਤੇ) ਜਦ ਓਹ ਜ਼ਾਲਮ ਆਪਸ ਵਿਚ (ਇਕ ਦੂਜੇ ਨੂੰ) ਇਹ ਕਹਿ ਰਹੇ ਹੁੰਦੇ ਹਨ (ਕਿ) ਤੁਸੀਂ ਇਕ ਧੋਖਾ ਖਾਧੇ ਹੋਏ ਬੰਦੇ ਦੇ ਪਿੱਛੇ ਤੁਰ ਰਹੇ ਹੋ । (ਤਾਂ ਉਸ ਸਮੇਂ ਵੀ ਅਸੀਂ ਸੁਣ ਰਹੇ ਹੁੰਦੇ ਹਾਂ) ।੪੮।

اُنْظُرْ كَيْفَ ضَرَبُوْا لَكَ الْاَمْثَالَ فَضَلُّوْا فَلَا يَسْتَطِيْعُوْنَ سَبِيْلًا ﴿۴۹﴾

ਵੇਖ ! ਓਹਨਾਂ ਨੇ ਤੇਰੇ ਬਾਰੇ ਕਿਸ ਤਰ੍ਹਾਂ ਗੱਲਾਂ ਘੜੀਆਂ ਹੋਈਆਂ ਹਨ, ਜਿਸ ਦੇ ਸਿੱਟੇ ਵਿਚ ਓਹ ਕੁਰਾਹੀਏ ਹੋ ਗਏ ਹਨ ਤੇ (ਹੁਣ) ਓਹਨਾਂ ਨੂੰ (ਸੁਮਾਰਗ ਪ੍ਰਾਪਤ ਕਰਨ ਦਾ) ਕੋਈ ਰਾਹ ਨਹੀਂ ਲੱਭਦਾ ।੪੯।

---

[1]ਅਰਥਾਤ—ਚੂੰਕਿ ਓਹਨਾਂ ਦੇ ਮਨਾਂ ਵਿਚ ਵੱਡੀ ਮੈਲ ਭਰੀ ਪਈ ਹੈ; ਇਸ ਲਈ ਅਸੀਂ ਓਹਨਾਂ ਨੂੰ ਇਸਲਾਮ ਵਿਚ ਪ੍ਰਵੇਸ ਕਰਨ ਤੋਂ ਰੋਕਦੇ ਹਾਂ; ਤਾਂ ਜੁ ਓਹਨਾਂ ਦੇ ਕੁਕਰਮਾਂ ਸਦਕਾ ਇਸਲਾਮ ਬਦਨਾਮ ਨਾ ਹੋਵੇ । "ਨਾ" ਪਦ ਅਸੀਂ ਇਸ ਲਈ ਵਧਾਇਆ ਹੈ ਕਿ ਅਰਬੀ ਭਾਸ਼ਾ ਦੇ ਨੇਮ ਅਨੁਸਾਰ ਲੋੜ ਅਨੁਸਾਰ "ਅਨ" ਦੇ ਮਗਰੋਂ "ਲਾ" ਅਰਥਾਤ "ਨਾ" ਪਦ ਮਹਜ਼ੂਫ਼ ਸਮਝ ਲਿਆ ਜਾਂਦਾ ਹੈ ।

وَقَالُوْٓا ءَاِذَا كُنَّا عِظَامًا وَّرُفَاتًا ءَاِنَّا لَمَبْعُوْثُوْنَ خَلْقًا جَدِيْدًا ۝٤٩

ਅਤੇ ਓਹ ਇਹ ਵੀ ਕਹਿੰਦੇ ਹਨ (ਕਿ) ਕੀ ਜਦ ਅਸੀਂ (ਮਰ ਕੇ) ਹੱਡੀਆਂ ਹੋ ਜਾਵਾਂਗੇ ਤੇ ਕੁਝ ਸਮੇਂ ਮਗਰੋਂ ਗਲ-ਸੜ ਕੇ ਹੱਡੀਆਂ ਦਾ (ਵੀ) ਚੂਰਾ ਬਣ ਜਾਏਗਾ (ਤਾਂ ਸਾਨੂੰ ਮੁੜ ਨਵੇਂ ਸਿਰਿਓਂ ਸੁਰਜੀਤ ਕੀਤਾ ਜਾਏਗਾ ? ਤੇ) ਕੀ ਸੱਚਮੁਚ ਸਾਨੂੰ ਕਿਸੇ ਨਵੀਂ ਰਚਨਾ ਦੀ ਹਾਲਤ ਵਿਚ ਉਠਾਇਆ ਜਾਏਗਾ ? ।੫੦।

قُلْ كُوْنُوْا حِجَارَةً اَوْ حَدِيْدًا ۝٥٠
اَوْ خَلْقًا مِّمَّا يَكْبُرُ فِيْ صُدُوْرِكُمْ ۚ فَسَيَقُوْلُوْنَ
مَنْ يُّعِيْدُنَا ۭ قُلِ الَّذِيْ فَطَرَكُمْ اَوَّلَ مَرَّةٍ ۚ
فَسَيُنْغِضُوْنَ اِلَيْكَ رُءُوْسَهُمْ وَيَقُوْلُوْنَ مَتٰى
هُوَ ۭ قُلْ عَسٰٓى اَنْ يَّكُوْنَ قَرِيْبًا ۝٥١

ਤੂੰ (ਓਹਨਾਂ ਨੂੰ) ਇਹ ਕਹਿ ਦੇ (ਕਿ) ਭਾਵੇਂ ਤੁਸੀਂ ਪੱਥਰ ਬਣ ਜਾਓ ਤੇ ਭਾਵੇਂ ਲੋਹਾ, ਜਾਂ ਕੋਈ ਹੋਰ ਅਜਿਹੀ ਰਚਨਾ —ਜੋ ਤੁਹਾਡੇ ਮਨਾਂ ਵਿਚ ਏਹਨਾਂ ਤੋਂ ਵੀ ਵਧੀਕ ਕਰੜੀ ਭਾਸਦੀ ਹੋਵੇ । (ਤਾਂ ਵੀ ਤੁਹਾਨੂੰ ਮੁੜ ਸੁਰਜੀਤ ਕੀਤਾ ਜਾਏਗਾ) । (ਇਹ ਸੁਣ ਕੇ) ਓਹ ਜ਼ਰੂਰ ਇਹ ਕਹਿਣਗੇ (ਕਿ) ਕੌਣ ਸਾਨੂੰ ਮੁੜ (ਸੁਰਜੀਤ ਕਰ ਕੇ ਹੋਂਦ ਵਿਚ) ਲਿਆਏਗਾ ? ਤੂੰ (ਓਹਨਾਂ ਨੂੰ) ਇਹ ਆਖ (ਕਿ) ਉਹੋ (ਪ੍ਰਭੂ) ਜਿਸ ਨੇ ਤੁਹਾਨੂੰ ਪਹਿਲੀ ਵਾਰ ਸਾਜਿਆ ਸੀ । ਇਸ ਤੇ ਓਹ ਵੱਡੀ ਹੈਰਾਨੀ ਨਾਲ ਤੁਹਾਡੇ ਵਲ (ਵੇਖਦੇ ਹੋਏ) ਸਿਰ ਹਿਲਾਉਣਗੇ ਤੇ ਇਹ ਕਹਿਣਗੇ ਕਿ ਇਹ (ਸੁਰਜੀਤ ਕਰਨ ਦਾ ਕਰਤਵ) ਕਦ ਹੋਵੇਗਾ ? (ਜਦ ਓਹ ਅਜਿਹਾ ਕਹਿਣ, ਤਾਂ) ਤੂੰ (ਓਹਨਾਂ ਨੂੰ) ਇਹ ਆਖ ਕਿ ਸੰਭਵ ਹੈ ਕਿ ਉਹ ਸਮਾਂ ਹੁਣ ਨੇੜੇ (ਆ ਢੁੱਕਾ[1] ਹੈ) ।੫੧-੫੨।

يَوْمَ يَدْعُوْكُمْ فَتَسْتَجِيْبُوْنَ بِحَمْدِهٖ وَتَظُنُّوْنَ اِنْ

(ਇਹ ਬਚਨ[2] ਉਸ ਦਿਨ ਪੂਰਾ ਹੋਵੇਗਾ), ਜਦ ਕਿ ਓਹ ਤੁਹਾਨੂੰ ਸਾਰਿਆਂ ਨੂੰ ਸੱਦੇਗਾ ਤੇ ਤੁਸੀਂ ਉਸ ਦੀ ਸਿਫ਼ਤ-ਸਲਾਹ ਕਰਦੇ ਹੋਏ, ਉਸ ਦੀ ਆਗਿਆ ਦਾ ਪਾਲਨ ਕਰੋਗੇ (ਤੇ ਛੇਤੀ ਹੀ ਉਸ ਦੀ ਹਜ਼ੂਰੀ

[1]ਇਸ ਤੋਂ ਪਤਾ ਲਗਦਾ ਹੈ ਕਿ ਇਹ ਆਇਤ ਸੰਸਾਰਕ ਤਬਾਹੀ ਤੇ ਉਸ ਦੇ ਬਾਦ ਦੇ ਜੀਵਨ ਬਾਰੇ ਹੈ; ਕਿਉਂਕਿ ਪਰਲੋਕ ਦੇ ਜੀਵਨ ਬਾਰੇ ਤਾਂ ਇਨਕਾਰੀ ਸਮਝ ਹੀ ਨਹੀਂ ਸਕਦੇ ਸਨ ਕਿ ਉਸ ਦਾ ਸਮਾਂ ਨੇੜੇ ਆ ਗਿਆ ਹੈ, ਅਰਥਾਤ ਨਾ ਅਜੇ ਹੱਡੀਆਂ ਬਣ ਕੇ ਚੂਰਾ ਹੋਣ ਦਾ ਹੀ ਸਮਾਂ ਆਇਆ ਸੀ । ਸੋ ਇਸ ਦਾ ਭਾਵ ਇਸੇ ਜਗ਼ ਦੀ ਰਾਜਸੀ ਜਾਂ ਕੌਮੀ ਮੌਤ ਤੇ ਮੁੜ ਸੁਰਜੀਤ ਹੋਣਾ ਹੈ ।

[2]ਇੱਥੇ ਅਸਲ ਵਿਚ ਅਰਥਾਂ ਦਾ ਇਸਲਾਮ ਵਿਚ ਪ੍ਰਵੇਸ਼ ਕਰ ਕੇ ਮੁੜ ਸੁਰਜੀਤ ਹੋਣ ਤੇ ਉੱਨਤੀ ਪ੍ਰਾਪਤ ਕਰਨ ਦਾ ਵਰਣਨ ਹੈ ।

لَبِثْتُمْ اِلَّا قَلِيْلًا ﴿۵۳﴾

ਵਿਚ ਹਾਜ਼ਰ ਹੋ ਜਾਓਗੇ) ਅਤੇ ਤੁਸੀਂ ਇਹ ਸਮਝ ਰਹੇ ਹੋਵੋਗੇ ਕਿ ਤੁਸੀਂ (ਇਸ ਸੰਸਾਰ ਵਿਚ) ਥੋੜ੍ਹਾ ਜਿਹਾ ਸਮਾਂ ਹੀ ਠਹਿਰੇ ਸੀ ।੫੩। (ਰਕੂਅ ੫)

وَقُلْ لِّعِبَادِيْ يَقُوْلُوا الَّتِيْ هِيَ اَحْسَنُ اِنَّ الشَّيْطٰنَ يَنْزَغُ بَيْنَهُمْ اِنَّ الشَّيْطٰنَ كَانَ لِلْاِنْسَانِ عَدُوًّا مُّبِيْنًا ﴿۵۴﴾

ਅਤੇ ਤੂੰ ਮੇਰੇ ਬੰਦਿਆਂ ਨੂੰ ਇਹ ਕਹਿ ਦੇ (ਕਿ) ਓਹ ਉਹੋ ਗੱਲ ਕਿਹਾ ਕਰਨ, (ਜੋ ਸਭ ਤੋਂ) ਚੰਗੀ ਹੋਵੇ; (ਕਿਉਂਕਿ) ਨਿਰਸੰਦੇਹ ਸ਼ੈਤਾਨ ਓਹਨਾਂ ਵਿਚਾਲੇ ਫ਼ਸਾਦ ਪਾਉਂਦਾ ਰਹਿੰਦਾ ਹੈ। ਬੇਸ਼ੱਕ ਸ਼ੈਤਾਨ ਮਨੁੱਖ ਦਾ ਸਪਸ਼ਟ ਵੈਰੀ ਹੈ ।੫੪।

رَبُّكُمْ اَعْلَمُ بِكُمْ اِنْ يَّشَاْ يَرْحَمْكُمْ اَوْ اِنْ يَّشَاْ يُعَذِّبْكُمْ وَمَآ اَرْسَلْنٰكَ عَلَيْهِمْ وَكِيْلًا ﴿۵۵﴾

ਤੁਹਾਡਾ ਸਾਜਨਹਾਰ ਤੇ ਪਾਲਨਹਾਰ ਤੁਹਾਨੂੰ (ਸਭ ਤੋਂ) ਵਧੀਕ ਜਾਣਦਾ ਹੈ। ਜੇ ਉਹ ਚਾਹੇਗਾ, ਤਾਂ ਤੁਹਾਡੇ ਉੱਤੇ ਮਿਹਰ ਕਰੇਗਾ ਤੇ ਜੇ ਉਹ ਚਾਹੇਗਾ, ਤਾਂ ਤੁਹਾਨੂੰ ਕਸ਼ਟ ਦੇਵੇਗਾ, ਅਰਥਾਤ (ਹੇ ਰਸੂਲ !) ਅਸੀਂ ਤੈਨੂੰ ਓਹਨਾਂ ਦਾ ਜ਼ਿੰਮੇਵਾਰ ਬਣਾ ਕੇ ਨਹੀਂ ਭੇਜਿਆ ਹੈ ।੫੫।

وَرَبُّكَ اَعْلَمُ بِمَنْ فِي السَّمٰوٰتِ وَالْاَرْضِ وَلَقَدْ فَضَّلْنَا بَعْضَ النَّبِيّٖنَ عَلٰى بَعْضٍ وَّاٰتَيْنَا دَاوٗدَ زَبُوْرًا ﴿۵۶﴾

ਅਤੇ ਜੋ (ਜੀਅ-ਜੰਤ ਵੀ) ਸਾਰੇ ਅਕਾਸ਼ਾਂ ਤੇ ਪਤਾਲਾਂ ਵਿਚ (ਵਸਦੇ) ਹਨ, ਓਹਨਾਂ ਨੂੰ ਤੁਹਾਡਾ ਸਾਜਨਹਾਰ ਤੇ ਪਾਲਨਹਾਰ (ਸਭ ਤੋਂ) ਵਧੀਕ ਜਾਣਦਾ ਹੈ ਅਤੇ ਅਸੀਂ ਨਿਰਸੰਦੇਹ ਨਬੀਆਂ ਵਿੱਚੋਂ ਕਈਆਂ ਨੂੰ ਦੂਜੇ ਕਈ ਨਬੀਆਂ ਉੱਤੇ ਵਿਸ਼ੇਸ਼ਤਾ ਦਿੱਤੀ ਹੈ, ਅਰਥਾਤ "ਦਾਊਦ" ਨੂੰ (ਵੀ) ਅਸੀਂ "ਜ਼ਬੂਰ" ਦਿੱਤੀ ਸੀ[1] ।੫੬।

قُلِ ادْعُوا الَّذِيْنَ زَعَمْتُمْ مِّنْ دُوْنِهٖ فَلَا يَمْلِكُوْنَ

ਤੂੰ (ਓਹਨਾਂ ਨੂੰ) ਇਹ ਆਖ ਕਿ ਜਿਨ੍ਹਾਂ ਲੋਕਾਂ ਬਾਰੇ ਤੁਹਾਡਾ ਇਹ ਵੀਚਾਰ ਹੈ ਕਿ (ਓਹ) ਉਸ (ਪ੍ਰਭੂ) ਤੋਂ ਛੁੱਟ ਇਸ਼ਟ-ਦੇਵ ਹਨ, ਓਹਨਾਂ ਨੂੰ (ਆਪਣੀ ਸਹਾਇਤਾ ਲਈ) ਸੱਦ ਲਓ ।

[1]ਕਈ ਲੋਕ "ਜ਼ਬੂਰ"ਨੂੰ ਇਕ ਸਰੀਅਤ ਪਰਗਟ ਕਰਦੇ ਹਨ, ਪਰ ਕੋਸ਼ ਅਨੁਸਾਰ ਜ਼ਬੂਰ ਦਾ ਅਰਥ ਟੋਟਾ ਵੀ ਹੈ। ਸੋ "ਜ਼ਬੂਰ"ਦਾ ਅਸਲ ਭਾਵ ਛੋਟੇ ਛੋਟੇ ਟੋਟਿਆਂ ਵਿਚ ਕੁਝ ਉਪਦੇਸ਼ ਵਰਣਨ ਕਰਨਾ ਹੈ ਅਤੇ "ਜ਼ਬੂਰ"ਦਾ ਪਾਠ ਕੀਤਿਆਂ ਸਾਫ਼ ਪਤਾ ਲਗ ਜਾਂਦਾ ਹੈ ਕਿ ਉਹ ਇਕਅਜਿਹੀ ਹੀ ਪੁਸਤਕ ਹੈ।

كَشْفَ الضُّرِّ عَنْكُمْ وَلَا تَحْوِيلًا ﴿٥٦﴾

(ਤਾਂ ਤੁਹਾਨੂੰ ਪਤਾ ਲਗ ਜਾਏਗਾ ਕਿ) ਓਹ (ਤੁਹਾਡੀ ਕਿਸੇ) ਬਿਪਤਾ ਨੂੰ ਦੂਰ ਕਰਨ ਤੇ ਸਮਰਥ ਨਹੀਂ ਹਨ ਅਤੇ ਨਾ ਹੀ (ਤੁਹਾਡੀ) ਦਸ਼ਾ ਵਿਚ ਕੋਈ ਵਟਾਉ-ਸਟਾਉ ਪੈਦਾ ਕਰਨ ਦੀ (ਸੱਤਾ ਰੱਖਦੇ ਹਨ) ।੫੭।

أُولَٰئِكَ الَّذِينَ يَدْعُونَ يَبْتَغُونَ إِلَىٰ رَبِّهِمُ الْوَسِيلَةَ أَيُّهُمْ أَقْرَبُ وَيَرْجُونَ رَحْمَتَهُ وَيَخَافُونَ عَذَابَهُ ۚ إِنَّ عَذَابَ رَبِّكَ كَانَ مَحْذُورًا ﴿٥٧﴾

ਓਹ ਲੋਕ ਜਿਨ੍ਹਾਂ ਦੀ ਪੂਜਾ ਕਰਦੇ ਹਨ[1], ਓਹ ਵੀ ਆਪਣੇ ਸਾਜਨਹਾਰ ਤੇ ਪਾਲਨਹਾਰ ਦੇ ਨਿਕਟ-ਵਰਤੀ ਬਣਨ ਦਾ ਕੋਈ ਸਾਧਨ ਢੂੰਡ ਰਹੇ ਹਨ, (ਅਰਥਾਤ ਓਹ ਇਹ ਵੇਖਦੇ ਰਹਿੰਦੇ ਹਨ ਕਿ ਕੌਣ (ਪ੍ਰਭੂ ਦੇ) ਵਧੇਰੇ ਨੇੜੇ ਹੈ ? (ਤਾਂ ਜੁ ਅਸੀਂ ਉਸ ਤੋਂ ਸਹਾਇਤਾ ਪ੍ਰਾਪਤ ਕਰ ਸਕੀਏ) । ਓਹ ਸਦਾ ਹੀ ਉਸ ਦੀ ਮਿਹਰ ਦੇ ਆਸਵਾਨ ਰਹਿੰਦੇ ਹਨ ਅਤੇ ਓਹਨਾਂ ਨੂੰ ਉਸ ਦੇ ਕਸ਼ਟ ਦਾ ਵੱਡਾ ਸਹਿਮ ਰਹਿੰਦਾ ਹੈ । ਬੇਸ਼ੱਕ ਤੇਰੇ ਸਾਜਨਹਾਰ ਤੇ ਪਾਲਨਹਾਰ ਦਾ ਕਸ਼ਟ ਅਜਿਹਾ ਹੈ ਕਿ ਜਿਸ ਤੋਂ ਸਹਿਮ ਜਾਈਦਾ ਹੈ । ੫੮।

وَإِن مِّن قَرْيَةٍ إِلَّا نَحْنُ مُهْلِكُوهَا قَبْلَ يَوْمِ الْقِيَامَةِ أَوْ مُعَذِّبُوهَا عَذَابًا شَدِيدًا ۚ كَانَ ذَٰلِكَ فِي الْكِتَابِ مَسْطُورًا ﴿٥٨﴾

ਅਤੇ (ਸਾਰੀ ਧਰਤੀ ਉੱਤੇ[2]) ਕੋਈ ਅਜਿਹੀ ਨਗਰੀ ਨਹੀਂ (ਹੋਵੇਗੀ), ਜਿਸ ਨੂੰ ਅਸੀਂ ਕਿਆਮਤ ਦੇ ਦਿਹਾੜੇ ਤੋਂ ਪਹਿਲਾਂ ਨਸ਼ਟ ਨਾ ਕਰ ਦੇਈਏ, ਜਾਂ ਉਸ ਨੂੰ ਕਰੜਾ ਕਸ਼ਟ ਦੇ ਦੇਈਏ । ਇਹ ਗੱਲ (ਪ੍ਰਭੂ ਨੇ ਪਹਿਲਾਂ ਤੋਂ ਹੀ) ਆਪਣੇ ਭਾਣੇ ਵਿਚ ਲਿਖੀ ਹੋਈ ਹੈ ।੫੯।

وَمَا مَنَعَنَا أَن نُّرْسِلَ بِالْآيَاتِ إِلَّا أَن كَذَّبَ بِهَا

(ਕੀ) ਸਾਨੂੰ ਚਮਤਕਾਰ ਭੇਜਣ ਵਿਚ ਇਸ ਤੋਂ ਛੁੱਟ ਕੋਈ ਹੋਰ ਰੋਕ ਪੈਦਾ ਹੋ ਸਕਦੀ ਹੈ ਕਿ ਪਹਿਲੇ ਲੋਕਾਂ ਨੇ (ਓਹਨਾਂ ਚਮਤਕਾਰਾਂ ਦੀ) ਨਿੰਦਾ ਕੀਤੀ ਸੀ,

---

[1]ਪਤਾ ਲਗਦਾ ਹੈ ਕਿ ਇਸ ਥਾਂ ਬਣਾਉਟੀ ਇਸ਼ਟ-ਦੇਵਾਂ ਦਾ ਭਾਵ ਓਹ ਨਬੀ ਜਾਂ ਫ਼ਰਿਸ਼ਤੇ ਹਨ, ਜਿਨ੍ਹਾਂ ਨੂੰ ਮੁਸ਼ਰਿਕ ਲੋਕ ਪ੍ਰਭੂ ਦੀ ਬਰਾਬਰੀ ਦਿੰਦੇ ਹਨ । ਨਹੀਂ ਤਾਂ ਮੂਰਤੀਆਂ ਜਾਂ ਹੋਰਲੇ ਦਰਜੇ ਦੇ ਲੋਕਾਂ ਉੱਤੇ ਇਹ ਆਇਤ ਕਿਸੇ ਤਰ੍ਹਾਂ ਵੀ ਨਹੀਂ ਘਟ ਸਕਦੀ ।

[2]ਇਸ ਥਾਂ ਇਹ ਪੇਸ਼ਗੋਈ ਵਰਣਨ ਕੀਤੀ ਗਈ ਹੈ ਕਿ ਅੰਤਲੇ ਜੁਗ ਵਿਚ ਸਾਰੇ ਜਗ ਉੱਤੇ ਵੱਡਾ ਕਸ਼ਟ ਆਏਗਾ ਤੇ ਹਜ਼ਰਤ "ਈਸਾ" ਜੀ ਦੇ ਕਥਨ ਅਨੁਸਾਰ ਕੌਮਾਂ, ਕੌਮਾਂ ਉੱਤੇ ਚੜ੍ਹਾਈਆਂ ਕਰਨਗੀਆਂ ਅਤੇ ਕੁਰਾਨ ਸ਼ਰੀਫ ਦੇ ਕਥਨ ਅਨੁਸਾਰ ਬਿਪਤਾ ਤੇ ਬਿਪਤਾ ਆਏਗੀ ਤੇ ਇਸ ਤਰ੍ਹਾਂ ਲਗਾਤਾਰ ਆਏਗੀ ਕਿ ਮਨੁੱਖ ਹੈਰਾਨ ਹੋ ਜਾਏਗਾ (ਸੂਰਤ ਨਾਜ਼ਿਆਤ ਆਇਤ ੭ ਤੇ ੮)

الْاَوَّلُوْنَ ۭ وَاٰتَيْنَا ثَمُوْدَ النَّاقَةَ مُبْصِرَةً فَظَلَمُوْا بِهَا ۭ وَمَا نُرْسِلُ بِالْاٰيٰتِ اِلَّا تَخْوِيْفًا ۝۵۹

(ਅਰਥਾਤ ਓਹਨਾਂ ਤੋਂ ਕੋਈ ਲਾਭ ਪ੍ਰਾਪਤ ਨਹੀਂ ਕੀਤਾ ਸੀ, ਪਰ ਇਹ ਕੋਈ ਕਾਰਣ ਚਮਤਕਾਰ ਭੇਜਣ ਤੋਂ ਰੁਕਣ ਦਾ ਨਹੀਂ ਹੋ ਸਕਦਾ ?) ਸੋ (ਜਦ) ਅਸੀਂ "ਸਮੂਦ" (ਦੀ ਜਾਤੀ) ਨੂੰ ਇਕ ਊਂਠਨੀ ਇਕ ਸਪਸ਼ਟ ਚਮਤਕਾਰ ਦੇ ਤੌਰ ਤੇ ਦਿੱਤੀ ਸੀ, ਤਾਂ ਓਹਨਾਂ ਨੇ ਉਸ ਤੇ ਜ਼ੁਲਮ ਕੀਤਾ ਸੀ ਅਤੇ ਅਸੀਂ ਚਮਤਕਾਰ (ਭੈੜੇ ਅੰਤ ਤੋਂ) ਡਰਾਉਣ ਲਈ ਹੀ ਭੇਜਿਆ ਕਰਦੇ ਹਾਂ ।੬੦।

وَاِذْ قُلْنَا لَكَ اِنَّ رَبَّكَ اَحَاطَ بِالنَّاسِ ۭ وَمَا جَعَلْنَا الرُّءْيَا الَّتِيْٓ اَرَيْنٰكَ اِلَّا فِتْنَةً لِّلنَّاسِ وَالشَّجَرَةَ الْمَلْعُوْنَةَ فِي الْقُرْاٰنِ ۭ وَنُخَوِّفُهُمْ ۙ فَمَا يَزِيْدُهُمْ اِلَّا طُغْيَانًا كَبِيْرًا ۝۶۰

ਅਤੇ ਜਦ ਅਸੀਂ ਤੈਨੂੰ ਇਹ ਕਿਹਾ ਸੀ (ਕਿ) ਤੁਹਾਡਾ ਸਾਜਨਹਾਰ ਤੇ ਪਾਲਨਹਾਰ ਓਹਨਾਂ ਲੋਕਾਂ ਨੂੰ ਜ਼ਰੂਰ ਨਸ਼ਟ (ਕਰ ਦੇਣ ਦਾ ਫ਼ੈਸਲਾ) ਕਰ ਚੁੱਕਾ ਹੈ, (ਤਾਂ ਵੀ ਓਹਨਾਂ ਨੇ ਕੋਈ ਲਾਭ ਪ੍ਰਾਪਤ ਨਹੀਂ ਕੀਤਾ ਸੀ) ਅਤੇ ਜੋ ਸੁਪਨਾ ਅਸੀਂ ਤੈਨੂੰ ਵਿਖਾਇਆ ਸੀ, ਉਸ ਨੂੰ (ਵੀ) ਅਤੇ ਉਸ ਰੁੱਖ[1] ਨੂੰ (ਵੀ)[2], ਜਿਸ ਨੂੰ ਕੁਰਾਨ ਵਿਚ ਫਿਟਕਾਰਿਆ ਹੋਇਆ ਪਰਗਟ ਕੀਤਾ ਗਿਆ ਹੈ, ਅਸੀਂ ਕੇਵਲ ਲੋਕਾਂ ਵਾਸਤੇ ਪਰਖ ਦਾ ਸਾਧਨ ਬਣਾਇਆ ਹੈ ਅਤੇ (ਇਸ ਦੇ ਹੁੰਦਿਆਂ ਕਿ) ਅਸੀਂ ਓਹਨਾਂ ਨੂੰ ਡਰਾਉਂਦੇ ਹੀ (ਚਲੇ ਜਾਂਦੇ ਹਾਂ) ਫੇਰ (ਵੀ) ਉਹ, (ਅਰਥਾਤ ਸਾਡਾ ਡਰਾਉਣਾ) ਓਹਨਾਂ ਨੂੰ ਇਕ ਵੱਡੀ ਵਧੀਕੀ ਵਲ ਹੀ ਵਧਾ ਰਿਹਾ ਹੈ ।੬੧। (ਰਕੂਅ ੬)

---

[1]"ਸ਼ਜਾਰਾ" ਪਦ ਦਾ ਭਾਵ ਘਰਾਣਾ ਰੇ ਜਾਤੀ ਵੀ ਹੁੰਦਾ ਹੈ। ਸੋ ਘਰਾਣੇ ਦੇ ਸਿਲਸਿਲੇ ਨੂੰ "ਸ਼ਜਰਾਦਿ-ਨਸਬ" (ਬੰਸਾਵਲੀ ਨਾਮਾ) ਕਹਿੰਦੇ ਹਨ। ਕੋਸ਼ਾਂ ਵਿਚ ਵੀ "ਸ਼ਜਰਾਦਿ-ਨਸਬ" ਦੇ ਅਰਥ ਘਰਾਣਾ ਹੀ ਕੀਤੇ ਹਨ, ਨਾ ਕਿ ਕੇਵਲ ਰੁੱਖ ਦੇ। ਚੂੰਕਿ ਕੁਰਾਨ ਸ਼ਰੀਫ਼ ਵਿਚ ਯਹੂਦੀਆਂ ਦੀ ਜਾਤੀ ਉੱਤੇ ਫਿਟਕਾਰ ਪਾਈ ਗਈ ਹੈ, ਇਸ ਲਈ ਇੱਥੇ ਵੀ ਓਹਨਾਂ ਦਾ ਹੀ ਵਰਣਨ ਹੈ।

[2]ਇਸ ਥਾਂ ਸੁਪਨੇ ਤੇ ਇਕ ਫਿਟਕਾਰੇ ਹੋਏ ਰੁੱਖ ਦਾ ਇਕੋ ਥਾਂ ਵਰਣਨ ਕੀਤਾ ਗਿਆ ਹੈ ਇਸ ਤੋਂ ਭਾਵ ਸਪਸ਼ਟ ਹੋ ਜਾਂਦਾ ਹੈ; ਕਿਉਂਕਿ ਸੁਪਨਾ ਇਸੇ ਸੂਰਤ ਵਿਚ "ਇਸਰਾ" ਦੇ ਪ੍ਰਸੰਗ ਵਿਚ ਵਰਣਨ ਕੀਤਾ ਗਿਆ ਹੈ ਅਤੇ "ਇਸਰਾ" ਆਪ ਦਾ ਉਹ ਕਸ਼ਫ਼ੀ ਸਫ਼ਰ ਸੀ, ਜੋ "ਫ਼ਲਸਤੀਨ" ਵਾਲੇ ਪਾਸੇ ਹੋਇਆ ਸੀ, ਜੋ ਯਹੂਦੀਆਂ ਦਾ ਅਸਥਾਨ ਸੀ। ਸੋ ਫਿਟਕਾਰੇ ਹੋਏ ਰੁੱਖ ਦਾ ਭਾਵ ਯਹੂਦੀ ਹੀ ਹਨ। ਸੋ ਦੋਹਾਂ ਦੇ ਇਕ ਥਾਂ ਵਰਣਨ ਹੋਣ ਕਰਕੇ ਇਕ ਨੇ ਦੂਜੇ ਦੀ ਵਿਆਖਿਆ ਕਰ ਦਿੱਤੀ ਹੈ।

وَاِذْ قُلْنَا لِلْمَلٰٓئِكَةِ اسْجُدُوْا لِاٰدَمَ فَسَجَدُوْٓا اِلَّآ اِبْلِيْسَ ؕ قَالَ ءَاَسْجُدُ لِمَنْ خَلَقْتَ طِيْنًا ﴿۶۲﴾

ਅਤੇ (ਓਹ ਸਮਾਂ ਯਾਦ ਕਰੋ) ਜਦ ਕਿ ਅਸੀਂ (ਸਾਰੇ) ਫ਼ਰਿਸ਼ਤਿਆਂ ਨੂੰ ਇਹ ਕਿਹਾ ਸੀ (ਕਿ) ਤੁਸੀਂ "ਆਦਮ" ਦੇ ਨਾਲ (ਰਲ ਕੇ) ਮੱਥਾ ਟੇਕੋ, ਤਾਂ ਓਹਨਾਂ ਨੇ (ਇਸ ਹੁਕਮ ਅਨੁਸਾਰ "ਆਦਮ" ਨਾਲ ਰਲ ਕੇ) ਮੱਥਾ ਟੇਕ ਦਿੱਤਾ ਸੀ, ਪਰ "ਇਬਲੀਸ" ਨੇ ਨਹੀਂ (ਟੇਕਿਆ ਸੀ), ਉਸ ਨੇ (ਵੱਡੇ ਅਭਿਮਾਨ ਨਾਲ) ਇਹ ਕਿਹਾ ਸੀ (ਕਿ) ਕੀ ਮੈਂ ਉਸ (ਬੰਦੇ) ਨਾਲ (ਰਲ ਕੇ) ਮੱਥਾ ਟੇਕਾਂ, ਜਿਸ ਨੂੰ ਤੂੰ ਚਿੱਕੜ ਵਿੱਚੋਂ ਸਾਜਿਆ ਹੈ ।੬੨।

قَالَ اَرَءَيْتَكَ هٰذَا الَّذِىْ كَرَّمْتَ عَلَىَّ لَئِنْ اَخَّرْتَنِ اِلٰى يَوْمِ الْقِيٰمَةِ لَاَحْتَنِكَنَّ ذُرِّيَّتَهٗٓ اِلَّا قَلِيْلًا ﴿۶۳﴾

(ਇਸ ਤੋਂ ਛੁੱਟ) ਉਸ ਨੇ ਇਹ ਵੀ ਕਿਹਾ ਸੀ (ਕਿ ਹੇ ਅੱਲਾਹ ਤੂੰ ਹੀ ਮੈਨੂੰ) ਇਹ ਦਸ (ਕਿ ਕੀ) ਇਹ (ਮੇਰਾ ਆਗੂ ਬਣ ਸਕਦਾ ਹੈ), ਜਿਸ ਨੂੰ ਤੂੰ ਮੇਰੇ ਉੱਤੇ ਵਿਸ਼ੇਸ਼ਤਾ ਦਿੱਤੀ ਹੈ । ਜੇ ਤੂੰ ਮੈਨੂੰ ਕਿਆਮਤ ਦੇ ਦਿਹਾੜੇ ਤਕ ਢਿਲ ਦੇ ਦਿੱਤੀ, ਤਾਂ (ਮੈਨੂੰ ਤੇਰੀ ਹੀ ਕਸਮ ਹੈ ਕਿ) ਮੈਂ ਇਸ ਦੀ (ਸਾਰੀ) ਬੰਸ ਨੂੰ ਆਪਣੇ ਅਧੀਨ ਕਰ ਲਵਾਂਗਾ । ਛੁੱਟ ਉਹਨਾਂ ਥੋੜ੍ਹੇ ਜੇਹੇ ਲੋਕਾਂ ਦੇ (ਜਿਨ੍ਹਾਂ ਨੂੰ ਤੂੰ ਆਪ ਬਚਾ ਲਵੇਂ) ।੬੩।

قَالَ اذْهَبْ فَمَنْ تَبِعَكَ مِنْهُمْ فَاِنَّ جَهَنَّمَ جَزَآؤُكُمْ جَزَآءً مَّوْفُوْرًا ﴿۶۴﴾

(ਅੱਲਾਹ ਨੇ) ਇਹ ਕਿਹਾ ਸੀ ਕਿ ਚਲ (ਦੂਰ ਹੋ ਜਾ), ਕਿਉਂਕਿ ਤੇਰਾ ਵੀ ਤੇ ਓਹਨਾਂ ਵਿੱਚੋਂ—ਤੇਰੇ ਪਿਛਲਗਾਂ ਦਾ ਵੀ ਟਿਕਾਣਾ ਨਰਕ ਹੈ (ਅਤੇ ਇਹ) ਪੂਰਾ ਪੂਰਾ ਵਟਾਂਦਰਾ (ਹੈ) ।੬੪।

وَاسْتَفْزِزْ مَنِ اسْتَطَعْتَ مِنْهُمْ بِصَوْتِكَ وَاَجْلِبْ عَلَيْهِمْ بِخَيْلِكَ وَرَجِلِكَ وَشَارِكْهُمْ فِى الْاَمْوَالِ

ਅਤੇ (ਅਸੀਂ ਇਹ ਵੀ ਕਿਹਾ ਸੀ ਕਿ ਜਾ), ਏਹਨਾਂ ਵਿੱਚੋਂ ਜਿਸ ਉੱਤੇ ਤੇਰਾ ਵਸ ਚੱਲੇ, ਉਸ ਨੂੰ ਆਪਣੀ ਆਵਾਜ਼ ਨਾਲ ਧੋਖਾ ਦੇ ਕੇ (ਆਪਣੇ ਵਲ) ਸੱਦੀਂ ਅਤੇ ਆਪਣੇ ਸਵਾਰਾਂ ਤੇ ਪਿਆਦਿਆਂ ਨੂੰ ਵੀ ਏਹਨਾਂ ਉੱਤੇ ਚੜ੍ਹਾ ਲਿਆਈਂ ਤੇ (ਏਹਨਾਂ ਦੇ) ਧਨ-ਪਦਾਰਥਾਂ ਤੇ ਸੰਤਾਨਾਂ ਵਿਚ ਏਹਨਾਂ ਦਾ ਭਾਈਵਾਲ ਬਣ ਜਾਈਂ,

وَالْاَوْلَادِ وَعِدْهُمْ ؕ وَمَا يَعِدُهُمُ الشَّيْطٰنُ اِلَّا غُرُوْرًا ﴿٦٥﴾

ਅਰਥਾਤ ਏਹਨਾਂ ਨਾਲ (ਝੂਠੇ) ਬਚਨ ਕਰਦਾ ਰਹੀਂ (ਤੇ ਫੇਰ ਆਪਣੇ ਜਤਨਾਂ ਦਾ ਸਿੱਟਾ ਵੇਖ ਲਈਂ) ਅਤੇ ਸ਼ੈਤਾਨ ਜੋ ਬਚਨ ਵੀ ਦਿੰਦਾ ਹੈ, ਉਹ ਧੋਖੇ ਦੀ ਇੱਛਾ ਨਾਲ ਦਿੰਦਾ ਹੈ ।੬੫।

اِنَّ عِبَادِیْ لَيْسَ لَكَ عَلَيْهِمْ سُلْطٰنٌ ۚ وَكَفٰى بِرَبِّكَ وَكِيْلًا ﴿٦٦﴾

ਜੋ ਮੇਰੇ ਭਗਤ-ਜਨ ਹਨ, ਓਹਨਾਂ ਉੱਤੇ ਕਦੇ ਵੀ ਤੇਰਾ ਵਸ ਨਹੀਂ (ਚਲ ਸਕੇਗਾ) ਅਤੇ (ਹੇ ਮੇਰੇ ਬੰਦੇ !) ਤੇਰਾ ਸਾਜਨਹਾਰ ਤੇ ਪਾਲਨਹਾਰ ਕਾਰਜ ਸਾਧਕ ਹੋ ਕੇ (ਤੇਰੇ ਵਾਸਤੇ) ਕਾਫ਼ੀ ਹੈ ।੬੬।

رَبُّكُمُ الَّذِیْ يُزْجِیْ لَكُمُ الْفُلْكَ فِی الْبَحْرِ لِتَبْتَغُوْا مِنْ فَضْلِهٖ ؕ اِنَّهٗ كَانَ بِكُمْ رَحِيْمًا ﴿٦٧﴾

(ਅਤੇ ਹੇ ਮੇਰੇ ਭਗਤ-ਜਨੋ !) ਤੁਹਾਡਾ ਸਾਜਨਹਾਰ ਤੇ ਪਾਲਨਹਾਰ (ਤਾਂ) ਉਹ ਹੈ, ਜੋ ਤੁਹਾਡੇ ਵਾਸਤੇ ਸਮੁੰਦਰਾਂ ਵਿਚ ਬੇੜੀਆਂ ਚਲਾਉਂਦਾ ਹੈ; ਤਾਂ ਜੁ ਤੁਸੀਂ ਉਸ ਦੀ ਕਿਰਪਾ ਦੀ ਢੂੰਡ ਕਰ ਸਕੋ । ਬੇਸ਼ੱਕ ਉਹ ਤੁਹਾਡੇ ਉੱਤੇ ਵੱਡਾ ਕਿਰਪਾਲੂ ਹੈ ।੬੭।

وَاِذَا مَسَّكُمُ الضُّرُّ فِی الْبَحْرِ ضَلَّ مَنْ تَدْعُوْنَ اِلَّاۤ اِيَّاهُ ۚ فَلَمَّا نَجّٰىكُمْ اِلَى الْبَرِّ اَعْرَضْتُمْ ؕ وَكَانَ الْاِنْسَانُ كَفُوْرًا ﴿٦٨﴾

ਅਤੇ ਜਦ ਸਮੁੰਦਰਾਂ ਵਿਚ (ਹੜ੍ਹ ਆਉਣ ਦੇ ਕਾਰਣ) ਤੁਹਾਡੇ ਉੱਤੇ ਕੋਈ ਬਿਪਤਾ ਆਉਂਦੀ ਹੈ, ਤਾਂ ਉਸ ਤੋਂ ਛੁੱਟ (ਹੋਰ ਸਾਰੇ ਇਸ਼ਟ ਦੇਵ) ਜਿਨ੍ਹਾਂ ਦੀ ਤੁਸੀਂ ਪੂਜਾ ਕਰਦੇ ਰਹਿੰਦੇ ਹੋ, ਤੁਹਾਨੂੰ ਵਿਸਰ ਜਾਂਦੇ ਹਨ । ਸੋ ਜਦ ਉਹ ਤੁਹਾਨੂੰ ਬਚਾ ਕੇ ਤੁਹਾਡੀ ਬੇੜੀ ਕਿਨਾਰੇ ਲਾ ਦਿੰਦਾ ਹੈ, ਤਾਂ ਤੁਸੀਂ (ਉਸ ਨੂੰ) ਉੱਕਾ ਹੀ ਭੁੱਲ ਜਾਂਦੇ ਹੋ, ਅਰਥਾਤ ਮਨੁੱਖ ਵੱਡਾ ਅਕ੍ਰਿਤਘਣ ਹੈ ।੬੮।

اَفَاَمِنْتُمْ اَنْ يَّخْسِفَ بِكُمْ جَانِبَ الْبَرِّ اَوْ يُرْسِلَ عَلَيْكُمْ حَاصِبًا ثُمَّ لَا تَجِدُوْا لَكُمْ وَكِيْلًا ﴿٦٩﴾

ਕੀ ਤੁਸੀਂ ਫੇਰ (ਇਹ ਸਮਝ ਲੈਂਦੇ ਹੋ ਕਿ ਤੁਸੀਂ) ਇਸ ਗੱਲ ਤੋਂ ਬੇਪਰਵਾਹ ਹੋ ਕਿ ਉਹ (ਜਾਂ ਤਾਂ) ਤੁਹਾਨੂੰ ਥਲ ਦੇ ਕਿਨਾਰੇ ਤੇ (ਧਰਤੀ ਵਿਚ) ਧਸਾ ਦੇਵੇ, ਜਾਂ ਤੁਹਾਡੇ ਉੱਤੇ ਖਿੰਗਰਾਂ ਪੱਥਰਾਂ ਦਾ ਮੀਂਹ ਵਰ੍ਹਾ ਦੇਵੇ । ਫੇਰ ਤੁਸੀਂ ਆਪਣਾ ਕੋਈ ਕਾਰਜ-ਸਾਧਕ ਨਹੀਂ ਵੇਖੋਗੇ ।੬੯।

اَمْ اَمِنْتُمْ اَنْ يُّعِيْدَكُمْ فِيْهِ تَارَةً اُخْرٰى فَيُرْسِلَ عَلَيْكُمْ قَاصِفًا مِّنَ الرِّيْحِ فَيُغْرِقَكُمْ بِمَا كَفَرْتُمْ ثُمَّ لَا تَجِدُوْا لَكُمْ عَلَيْنَا بِهٖ تَبِيْعًا ۝

ਜਾਂ ਤੁਸੀਂ ਇਸ ਗੱਲ ਤੋਂ ਬੇਪਰਵਾਹ ਹੋ ਕਿ ਉਹ ਤੁਹਾਨੂੰ (ਮੁੜ) ਦੂਜੀ ਵਾਰ ਉਸ (ਸਮੁੰਦਰ) ਵਿਚ ਲੈ ਜਾਵੇ ਅਤੇ ਤੁਹਾਡੇ ਉੱਤੇ ਇਕ ਤੇਜ਼ ਅਨ੍ਹੇਰੀ ਦਾ ਝੱਖੜ ਝੁਲਾ ਦੇਵੇ, ਅਰਥਾਤ ਤੁਹਾਡੇ ਇਨਕਾਰ ਦੇ ਕਾਰਣ ਤੁਹਾਨੂੰ ਡੋਬ ਦੇਵੇ। ਸੋ ਇਸ (ਕਸ਼ਟ) ਸਮੇਂ ਸਾਡੇ ਵਿਰੁਧ ਤੁਹਾਨੂੰ ਕੋਈ ਸਹਾਇਕ ਨਹੀਂ ਮਿਲ ਸਕੇਗਾ ।੭੦।

وَلَقَدْ كَرَّمْنَا بَنِيْٓ اٰدَمَ وَحَمَلْنٰهُمْ فِي الْبَرِّ وَالْبَحْرِ وَرَزَقْنٰهُمْ مِّنَ الطَّيِّبٰتِ وَفَضَّلْنٰهُمْ عَلٰى كَثِيْرٍ مِّمَّنْ خَلَقْنَا تَفْضِيْلًا ۝ ع

ਅਤੇ ਅਸੀਂ ਮਨੁੱਖ ਜਾਤੀ ਨੂੰ (ਵੱਡਾ) ਮਾਣ ਬਖ਼ਸ਼ਿਆ ਹੋਇਆ ਹੈ, ਅਰਥਾਤ ਓਹਨਾਂ ਵਾਸਤੇ ਜਲ ਤੇ ਥਲ ਵਿਚ ਸਵਾਰੀ ਦਾ ਪ੍ਰਬੰਧ ਕੀਤਾ (ਹੋਇਆ) ਹੈ ਅਤੇ ਓਹਨਾਂ ਨੂੰ ਸਾਫ਼-ਸੁਥਰੀਆਂ ਚੀਜ਼ਾਂ ਵਿੱਚੋਂ ਰਿਜ਼ਕ ਦਿੱਤਾ ਹੋਇਆ ਹੈ, ਅਰਥਾਤ ਅਸੀਂ ਜਿੰਨੀ ਵੀ ਰਚਨਾ ਰਚਾਈ ਹੋਈ ਹੈ, ਉਸ ਵਿੱਚੋਂ ਬਹੁਤਿਆਂ ਉੱਤੇ ਅਸੀਂ ਇਸ (ਮਨੁੱਖ ਜਾਤੀ) ਨੂੰ ਸਰਦਾਰੀ ਦਿੱਤੀ ਹੋਈ ਹੈ ।੭੧। (ਰਕੂਅ ੭)

يَوْمَ نَدْعُوْا كُلَّ اُنَاسٍۢ بِاِمَامِهِمْ ۚ فَمَنْ اُوْتِيَ كِتٰبَهٗ بِيَمِيْنِهٖ فَاُولٰٓئِكَ يَقْرَءُوْنَ كِتٰبَهُمْ وَلَا يُظْلَمُوْنَ فَتِيْلًا ۝

ਅਤੇ (ਉਹ ਸਮਾਂ ਯਾਦ ਕਰੋ) ਜਦ ਕਿ ਅਸੀਂ ਹਰੇਕ ਧੜੇ ਨੂੰ ਆਪਣੇ ਆਗੂ ਸਣੇ ਸੱਦਾਂਗੇ। ਜਿਨ੍ਹਾਂ ਦੇ ਸੱਜੇ ਹੱਥ ਵਿਚ ਓਹਨਾਂ (ਦੇ ਕਰਣੀਨਾਮੇ) ਦੀ ਵਹੀ ਹੋਵੇਗੀ, ਓਹ (ਵੱਡੇ ਚਾਉ ਨਾਲ) ਆਪਣੀ ਵਹੀ ਵਾਚਣਗੇ ਅਤੇ ਓਹਨਾਂ ਉੱਤੇ ਰਤਾ ਭਰ (ਵੀ) ਜ਼ੁਲਮ ਨਹੀਂ ਕੀਤਾ ਜਾਏਗਾ ।੭੨।

وَمَنْ كَانَ فِيْ هٰذِهٖٓ اَعْمٰى فَهُوَ فِي الْاٰخِرَةِ اَعْمٰى وَاَضَلُّ سَبِيْلًا ۝

ਅਤੇ ਜੋ ਇਸ (ਲੋਕ) ਵਿਚ ਅੰਨ੍ਹਾ ਰਹੇਗਾ, ਉਹ ਪਰਲੋਕ ਵਿਚ (ਵੀ) ਅੰਨ੍ਹਾ ਹੀ ਹੋਵੇਗਾ। (ਇਸੇ ਤਰ੍ਹਾਂ) ਉਹ ਆਪਣੀ ਰਹਿਤ-ਬਹਿਤ ਵਿਚ ਸਭ ਤੋਂ ਵਧੀਕ ਭਟਕਿਆ ਹੋਇਆ ਹੋਵੇਗਾ ।੭੩।

وَاِنْ كَادُوْا لَيَفْتِنُوْنَكَ عَنِ الَّذِيْٓ اَوْحَيْنَآ اِلَيْكَ

ਅਤੇ ਇਹ (ਵੱਡਾ) ਨੇੜੇ ਸੀ ਕਿ ਅਸੀਂ ਇਸ (ਬਾਣੀ) ਰਾਹੀਂ, ਜੋ ਅਸੀਂ ਤੇਰੇ ਉੱਤੇ ਅਕਾਸ਼ ਬਾਣੀ ਦੁਆਰਾ ਉਤਾਰੀ ਹੈ, ਓਹ ਤੈਨੂੰ ਕਿਸੇ (ਵੱਡੀ ਤੋਂ ਵੱਡੀ) ਬਿਪਤਾ ਵਿਚ ਫਸਾ ਦਿੰਦੇ;

لِتَفْتَرِيَ عَلَيْنَا غَيْرَهٗ ۖ وَاِذًا لَّاتَّخَذُوْكَ خَلِيْلًا ۝

ਤਾਂ ਜੁ ਤੂੰ (ਓਹਨਾਂ ਦੇ ਭਉ ਕਰ ਕੇ) ਇਸ (ਬਾਣੀ) ਤੋਂ ਛੁੱਟ ਕੋਈ ਹੋਰ(ਬਾਣੀ ਆਪਣੇ ਪਾਸੋਂ) ਘੜ ਕੇ ਸਾਡੇ ਮੱਥੇ ਮੜ੍ਹ ਦਿੰਦਾ, ਅਰਥਾਤ (ਜੇ ਤੂੰ ਅਜੇਹਾ ਕਰਨ ਦਾ ਜਤਨ ਕਰਦਾ, ਤਾਂ) ਇਸ ਸੂਰਤ ਵਿਚ ਓਹ ਤੈਨੂੰ ਨਿਰਸੰਦੇਹ ਆਪਣਾ (ਵੱਡਾ) ਮਿੱਤਰ ਬਣਾ ਲੈਂਦੇ ।੭੪।

وَلَوْلَآ اَنْ ثَبَّتْنٰكَ لَقَدْ كِدْتَّ تَرْكَنُ اِلَيْهِمْ شَيْـًٔا قَلِيْلًا ۝

(ਅਤੇ) ਜੇ ਅਸੀਂ ਤੈਨੂੰ (ਕੁਰਾਨ ਦੇ ਕੇ) ਦ੍ਰਿੜ੍ਹਤਾ ਨਾ ਬਖ਼ਸ਼ ਚੁੱਕੇ ਹੁੰਦੇ, ਤਾਂ ਫੇਰ ਵੀ (ਏਹੋ ਹੀ ਹੁੰਦਾ ਕਿ) ਤੂੰ (ਅਕਾਸ਼ ਬਾਣੀ ਤੋਂ ਬਿਨਾਂ ਵੀ) ਓਹਨਾਂ ਨਾਲ ਬਹੁਤ ਘਟ ਗੱਲਾਂ ਕਰਦਾ, (ਪਰ ਹੁਣ ਤਾਂ ਅਕਾਸ਼ ਬਾਣੀ ਨੇ ਤੈਨੂੰ ਸਿੱਧਾ ਮਾਰਗ ਦਸ ਦਿੱਤਾ ਹੈ) ।੭੫।

اِذًا لَّاَذَقْنٰكَ ضِعْفَ الْحَيٰوةِ وَضِعْفَ الْمَمَاتِ ثُمَّ لَا تَجِدُ لَكَ عَلَيْنَا نَصِيْرًا ۝

ਅਤੇ ਜੇ (ਜਿਹਾ ਕਿ ਓਹਨਾਂ ਦਾ ਵੀਚਾਰ ਹੈ ਕਿ ਤੂੰ ਪਖੰਡ ਕਰਨ ਵਾਲਾ ਹੁੰਦਾ) ਤਾਂ ਇਸ ਸੂਰਤ ਵਿਚ ਅਸੀਂ ਤੈਨੂੰ ਜੀਵਨ ਦਾ ਵੱਡਾ ਕਸ਼ਟ ਅਤੇ ਮੌਤ ਦਾ ਵੱਡਾ ਕਸ਼ਟ ਦਿੰਦੇ, (ਅਰਥਾਤ) ਫੇਰ ਤੇਰਾ ਸਾਡੇ ਟਾਕਰੇ ਤੇ ਕੋਈ (ਵੀ) ਸਹਾਇਕ ਨਾ ਹੁੰਦਾ ।੭੬।

وَاِنْ كَادُوْا لَيَسْتَفِزُّوْنَكَ مِنَ الْاَرْضِ لِيُخْرِجُوْكَ مِنْهَا وَاِذًا لَّا يَلْبَثُوْنَ خِلٰفَكَ اِلَّا قَلِيْلًا ۝

ਅਤੇ ਬੇਸ਼ੱਕ ਓਹ ਤੈਨੂੰ ਦੇਸ-ਨਿਕਾਲਾ ਦੇਣ ਦੇ ਅੱਡ ਅੱਡ ਹੀਲੇ ਕਰ ਰਹੇ ਹਨ; ਤਾਂ ਜੁ ਤੈਨੂੰ ਡਰਾ ਧਮਕਾ ਕੇ ਦੇਸ-ਨਿਕਾਲਾ ਦੇ ਦੇਣ, ਪਰ (ਜੇ ਅਜਿਹਾ ਹੋ ਗਿਆ), ਤਾਂ ਓਹ (ਆਪ ਵੀ) ਤੇਰੇ ਮਗਰੋਂ ਬਹੁਤ ਥੋੜ੍ਹਾ ਸਮਾਂ ਹੀ (ਸੁਰੱਖਿਅਤ) ਰਹਿ ਸਕਣਗੇ,(ਅਰਥਾਤ ਛੇਤੀ ਹੀ ਨਸ਼ਟ ਹੋ ਜਾਣਗੇ) ।੭੭।

سُنَّةَ مَنْ قَدْ اَرْسَلْنَا قَبْلَكَ مِنْ رُّسُلِنَا وَلَا تَجِدُ لِسُنَّتِنَا تَحْوِيْلًا ۝ ع ۸

ਇਹ ਵਰਤਾਉ ਸਾਡੇ ਉਸ ਵਰਤਾਉ ਦੇ ਅਨੁਕੂਲ ਹੋਵੇਗਾ, ਜੋ ਅਸੀਂ ਤੈਥੋਂ ਪਹਿਲੇ (ਬੀਤ ਚੁੱਕੇ) ਆਪਣੇ ਰਸੂਲਾਂ (ਦੀਆਂ ਜਾਤੀਆਂ) ਨਾਲ ਕੀਤਾ ਸੀ ਅਤੇ ਤੂੰ ਸਾਡੀ ਇਸ ਮਰਯਾਦਾ ਵਿਚ ਕਦੇ ਕੋਈ ਫ਼ਰਕ ਨਹੀਂ ਵੇਖੇਂਗਾ ।੭੮। (ਰਕੂਅ ੮)

اَقِمِ الصَّلٰوةَ لِدُلُوْكِ الشَّمْسِ اِلٰى غَسَقِ الَّيْلِ وَ قُرْاٰنَ الْفَجْرِ اِنَّ قُرْاٰنَ الْفَجْرِ كَانَ مَشْهُوْدًا ﴿۷۹﴾

ਤੂੰ ਸੂਰਜ ਦੇ ਢਲਣ (ਸਮੇਂ) ਤੋਂ ਲੈ ਕੇ ਰਾਤ ਦੇ ਚੰਗੀ ਤਰ੍ਹਾਂ ਅੰਨ੍ਹੇਰੇ ਹੋ ਜਾਣ (ਦੇ ਸਮੇਂ) ਤਕ (ਅੱਡ ਅੱਡ ਸਮਿਆਂ ਵਿਚ) ਨਿਮਾਜ਼ ਸੁਆਰ ਕੇ ਪੜ੍ਹਿਆ ਕਰ, ਅਰਥਾਤ ਸਵੇਰ ਵੇਲੇ (ਕੁਰਾਨ) ਵੀ (ਜ਼ਰੂਰ) ਪੜ੍ਹਿਆ ਕਰ। ਸਵੇਰ ਵੇਲੇ ਦਾ (ਕੁਰਾਨ) ਪੜ੍ਹਨਾ ਨਿਰਸੰਦੇਹ (ਪ੍ਰਭੂ ਦੇ ਹਜ਼ੂਰ) ਪਰਵਾਨ ਹੋਣ ਵਾਲਾ (ਇਕ) ਸ਼ੁਭ ਕਰਮ ਹੈ ।੭੯।

وَ مِنَ الَّيْلِ فَتَهَجَّدْ بِهٖ نَافِلَةً لَّكَ ۖ عَسٰۤى اَنْ يَّبْعَثَكَ رَبُّكَ مَقَامًا مَّحْمُوْدًا ﴿۸۰﴾

ਅਤੇ ਰਾਤ ਸਮੇਂ ਵੀ ਤੂੰ ਇਸ (ਕੁਰਾਨ) ਦਾਹੀਂ ਕੁਝ ਸੌਂ ਲੈਣ ਮਗਰੋਂ ਜਾਗਾ ਕੀਤਾ ਕਰ। ਇਹ ਤੇਰੇ ਉੱਤੇ ਇਕ ਵਾਧੂ ਇਨਾਮ ਹੈ। (ਇਸ ਤਰ੍ਹਾਂ) ਸੰਭਵ ਹੈ ਕਿ ਤੇਰਾ ਸਾਜਨਹਾਰ ਤੇ ਪਾਲਨਹਾਰ ਤੈਨੂੰ ਉਪਮਾ ਵਾਲੇ ਅਸਥਾਨ ਤੇ ਪੁਚਾ ਦੇਵੇ ।੮੦।

وَ قُلْ رَّبِّ اَدْخِلْنِيْ مُدْخَلَ صِدْقٍ وَّ اَخْرِجْنِيْ مُخْرَجَ صِدْقٍ وَّ اجْعَلْ لِّيْ مِنْ لَّدُنْكَ سُلْطٰنًا نَّصِيْرًا ﴿۸۱﴾

ਅਤੇ ਤੂੰ ਇਹ ਕਹਿ ਦੇ (ਕਿ) ਹੇ ਮੇਰੇ ਸਾਜਨਹਾਰ ਤੇ ਪਾਲਨਹਾਰ ! ਮੈਨੂੰ ਚੰਗੇ ਢੰਗ ਨਾਲ[1] (ਦੁਬਾਰਾ "ਮੱਕੇ" ਵਿਚ) ਦਾਖ਼ਲ ਕਰਨਾ[2] ਅਤੇ ਚੰਗੇ ਢੰਗ ਨਾਲ ਹੀ (ਮੱਕੇ ਤੋਂ) ਕੱਢਣਾ, ਅਰਥਾਤ ਤੂੰ ਆਪਣੀ ਹਜ਼ੂਰੀਓਂ ਮੇਰਾ ਕੋਈ ਸਹਾਇਕ (ਤੇ) ਗਵਾਹ[3] ਨੀਅਤ ਕਰਨਾ ।੮੧।

وَ قُلْ جَآءَ الْحَقُّ وَ زَهَقَ الْبَاطِلُ ؕ اِنَّ الْبَاطِلَ كَانَ زَهُوْقًا ﴿۸۲﴾

ਅਤੇ ਤੂੰ ਸਾਰੇ ਲੋਕਾਂ ਨੂੰ ਇਹ ਕਹਿ ਦੇ (ਕਿ ਬਸ ਹੁਣ) ਸੱਚ ਪਰਗਟ ਹੋ ਗਿਆ ਹੈ ਤੇ ਕੂੜ ਨਿਖੁੱਟ ਗਿਆ ਹੈ, ਅਰਥਾਤ ਕੂੜ ਤਾਂ ਹੈ ਹੀ ਨਿਖੁੱਟਣ ਵਾਲਾ ।੮੨।

---

[1]ਇਹ "ਸਿਦਕਿਨ" ਪਦ ਦਾ ਅਰਥ ਹੈ। ਇਸ ਦਾ ਭਾਵ ਗੁਪਤ ਤੇ ਖ਼ਰਗਟ ਤੌਰ ਤੇ ਚੰਗੀ ਗੱਲ ਹੈ।

[2]ਭਾਵੇਂ ਹਜ਼ਰਤ ਮੁਹੰਮਦ ਸਾਹਿਬ ਜੀ ਮਹਾਰਾਜ ਪਹਿਲਾਂ "ਮੱਕੇ" ਤੋਂ ਨਿਕਲੇ ਸਨ ਤੇ ਮਗਰੋਂ "ਮਦੀਨੇ" ਗਏ ਸਨ, ਪਰ ਅੱਲਾਹ ਨੇ ਇੱਥੇ ਪਹਿਲਾਂ ਦਾਖ਼ਲ ਹੋਣ ਦਾ ਵਰਣਨ ਕੀਤਾ ਹੈ ਤੇ ਮਗਰੋਂ ਨਿਕਲਣ ਦਾ। ਇੱਥੇ ਦਾਖ਼ਲ ਹੋਣ ਦਾ ਭਾਵ "ਮਦੀਨੇ" ਵਿਚ ਦਾਖ਼ਲ ਹੋਣਾ ਨਹੀਂ ਹੈ; ਸਗੋਂ "ਮੱਕੇ" ਨੂੰ ਜਿੱਤ ਕੇ ਦੁਬਾਰਾ "ਮੱਕੇ" ਆਉਣਾ ਹੈ। ਇਸ ਤਰ੍ਹਾਂ ਅੱਲਾਹ ਨੇ ਹਜ਼ਰਤ ਮੁਹੰਮਦ ਸਾਹਿਬ ਨੂੰ ਉਸ ਚਿੰਤਾ ਤੋਂ ਬਚਾ ਲਿਆ ਸੀ, ਜੋ "ਮੱਕਾ" ਤਿਆਗਣ ਕਰਕੇ ਆਪ ਨੂੰ ਹੋ ਸਕਦੀ ਸੀ, ਅਰਥਾਤ "ਮੱਕੇ" ਦਾ ਤਿਆਗ ਕਰਨ ਸਮੇਂ ਹੀ ਅਜੇਹੀ ਅਕਾਸ਼ ਬਾਣੀ ਉਤਾਰ ਦਿੱਤੀ ਸੀ, ਜਿਸ ਵਿਚ ਇਸ ਗੱਲ ਦਾ ਇਸ਼ਾਰਾ ਕੀਤਾ ਗਿਆ ਸੀ ਕਿ ਤੁਸੀਂ ਮੁੜ "ਮੱਕੇ" ਵਿਚ ਆਉਗੇ।

[3]ਇਸ ਆਇਤ ਵਿਚ ਹਜ਼ਰਤ "ਅਬੂ ਬਕਰ" ਜੀ ਵਲ ਇਸ਼ਾਰਾ ਕੀਤਾ ਗਿਆ ਹੈ ਤੇ ਇਹ ਅਰਦਾਸ ਸਿਖਾਈ ਗਈ ਹੈ ਕਿ ਹੇ ਅੱਲਾਹ ਮੈਨੂੰ ਆਪਣੀ ਹਜ਼ੂਰੀਓਂ ਕੋਈ ਸੱਚਾਈ ਦਾ ਸਹਾਇਕ ਤੇ ਗਵਾਹ ਬਖ਼ਸ਼ ਦੇਣਾ।

وَ نُنَزِّلُ مِنَ الْقُرْاٰنِ مَا هُوَ شِفَآءٌ وَّ رَحْمَةٌ لِّلْمُؤْمِنِيْنَ ۙ وَ لَا يَزِيْدُ الظّٰلِمِيْنَ اِلَّا خَسَارًا ﴿٨٣﴾

ਅਤੇ ਅਸੀਂ ਕੁਰਾਨ ਵਿਚ ਹੌਲੇ ਹੌਲੇ ਉਹ (ਸਿੱਖਿਆ) ਉਤਾਰ ਰਹੇ ਹਾਂ, ਜੋ ਸ਼ਰਧਾਲੂਆਂ ਲਈ (ਤਾਂ) ਅਰੋਗਤਾ ਤੇ ਮਿਹਰ (ਦਾ ਵੱਡਾ ਕਾਰਣ) ਹੈ ਅਤੇ ਜ਼ਾਲਮਾਂ ਨੂੰ ਕੇਵਲ ਘਾਟੇ ਵਿਚ ਹੀ ਵਧਾਉਂਦੀ ਹੈ ।੮੩।

وَ اِذَاۤ اَنْعَمْنَا عَلَى الْاِنْسَانِ اَعْرَضَ وَ نَاٰ بِجَانِبِهٖ ۚ وَ اِذَا مَسَّهُ الشَّرُّ كَانَ يَـُٔوْسًا ﴿٨٤﴾

ਅਤੇ ਜਦ ਅਸੀਂ ਕਿਸੇ ਮਨੁੱਖ ਤੇ ਕੋਈ ਇਨਾਮ ਕਰਦੇ ਹਾਂ, ਤਾਂ ਉਹ ਬੇਮੁੱਖ ਹੋ ਜਾਂਦਾ ਹੈ ਤੇ ਆਪਣੇ ਆਪ ਨੂੰ (ਇਸ ਤੋਂ) ਦੂਰ ਕਰ ਲੈਂਦਾ ਹੈ,ਅਰਥਾਤ ਜਦ ਉਸ ਤੇ ਕੋਈ ਬਿਪਤਾ ਆਉਂਦੀ ਹੈ, ਤਾਂ ਉਹ ਅਤਿ ਨਿਰਾਸ ਹੋ ਜਾਂਦਾ ਹੈ ।੮੪।

قُلْ كُلٌّ يَّعْمَلُ عَلٰى شَاكِلَتِهٖ ؕ فَرَبُّكُمْ اَعْلَمُ بِمَنْ هُوَ اَهْدٰى سَبِيْلًا ﴿٨٤﴾ ع ٩

ਤੂੰ (ਓਹਨਾਂ ਨੂੰ) ਇਹ ਆਖ ਕਿ (ਸਾਡੇ ਵਿੱਚੋਂ) ਹਰੇਕ (ਧੜਾ) ਆਪਣੇ (ਆਪਣੇ) ਢੰਗ ਅਨੁਸਾਰ ਵਰਤੋਂ ਕਰ ਰਿਹਾ ਹੈ । (ਸੋ ਆਪਣੇ ਪ੍ਰਭੂ ਉੱਤੇ ਹੀ ਫ਼ੈਸਲਾ ਛੱਡ ਦਿਓ; ਕਿਉਂਕਿ) ਤੁਹਾਡਾ ਸਾਜਨਹਾਰ ਤੇ ਪਾਲਨਹਾਰ ਉਸ ਦਾ ਵੱਤਾ ਜਾਣਨਹਾਰ ਹੈ, ਜੋ ਸਿੱਧੇ ਮਾਰਗ ਉੱਤੇ ਚਲ ਰਿਹਾ ਹੈ, (ਇਸ ਲਈ) ਉਸ ਦਾ ਫ਼ੈਸਲਾ ਸੱਚੇ ਦੀ ਸੱਚਾਈ ਨੂੰ ਜ਼ਰੂਰ ਸਪਸ਼ਟ ਕਰ ਦੇਵੇਗਾ ।੮੫। (ਰਕੂਅ ੯)

وَ يَسْـَٔلُوْنَكَ عَنِ الرُّوْحِ ؕ قُلِ الرُّوْحُ مِنْ اَمْرِ رَبِّيْ وَ مَاۤ اُوْتِيْتُمْ مِّنَ الْعِلْمِ اِلَّا قَلِيْلًا ﴿٨٥﴾

ਓਹ ਤੇਰੇ ਪਾਸੋਂ ਜੀਵ-ਆਤਮਾ ਬਾਰੇ ਪੁੱਛਦੇ ਹਨ, ਤੂੰ (ਓਹਨਾਂ ਨੂੰ) ਇਹ ਆਖ (ਕਿ) ਜੀਵ-ਆਤਮਾ ਮੇਰੇ ਸਾਜਨਹਾਰ ਤੇ ਪਾਲਨਹਾਰ ਦੇ ਹੁਕਮ ਦੁਆਰਾ (ਹੋਂਦ ਵਿਚ ਆਈ) ਹੈ ਅਤੇ ਤੁਹਾਨੂੰ (ਉਸ ਬਾਰੇ) ਬਹੁਤ ਥੋੜ੍ਹਾ ਗਿਆਨ ਪ੍ਰਾਪਤ ਹੈ ।੮੬।

وَ لَئِنْ شِئْنَا لَنَذْهَبَنَّ بِالَّذِيْۤ اَوْحَيْنَاۤ اِلَيْكَ ثُمَّ لَا تَجِدُ لَكَ بِهٖ عَلَيْنَا وَكِيْلًا ﴿٨٦﴾

ਅਤੇ ਜੇ ਅਸੀਂ ਚਾਹੀਏ, ਤਾਂ ਨਿਰਸੰਦੇਹ ਅਸੀਂ ਜੋ (ਰੱਬੀ-ਬਾਣੀ) ਤੇਰੇ ਉੱਤੇ ਅਕਾਸ਼ ਬਾਣੀ (ਰਾਹੀਂ) ਉਤਾਰੀ ਹੈ, ਉਸ ਨੂੰ (ਜਗ ਤੋਂ) ਉਠਾ ਲਈਏ । ਸੋ ਤੈਨੂੰ ਇਸ ਗੱਲ ਵਿਚ ਸਾਡੇ ਵਿਰੁਧ ਕੋਈ ਵੀ ਕਾਰਜ ਸਾਧਕ ਨਹੀਂ ਮਿਲ ਸਕੇਗਾ ।੮੭।

اِلَّا رَحْمَةً مِّنْ رَّبِّكَ اِنَّ فَضْلَهٗ كَانَ عَلَيْكَ كَبِيْرًا ۝۸۷

ਛੁੱਟ ਇਸ ਦੇ ਕਿ ਤੇਰੇ ਸਾਜਨਹਾਰ ਤੇ ਪਾਲਨਹਾਰ ਦੀ (ਖਾਸ) ਮਿਹਰ ਹੋ ਜਾਏ, (ਜੋ ਉਸ ਨੂੰ ਵਾਪਸ ਮੋੜ ਲਿਆਏ, ਪਰ ਇਹ ਕੁਰਾਨ ਮਿਟ ਨਹੀਂ ਸਕਦਾ; ਕਿਉਂਕਿ) ਤੇਰੇ ਉੱਤੇ ਤੇਰੇ ਸਾਜਨਹਾਰ ਤੇ ਪਾਲਨਹਾਰ ਦੀ (ਵੱਡੀ) ਮਿਹਰ ਹੈ ।੮੮।

قُلْ لَّئِنِ اجْتَمَعَتِ الْاِنْسُ وَالْجِنُّ عَلٰٓى اَنْ يَّاْتُوْا بِمِثْلِ هٰذَا الْقُرْاٰنِ لَا يَاْتُوْنَ بِمِثْلِهٖ وَلَوْ كَانَ بَعْضُهُمْ لِبَعْضٍ ظَهِيْرًا ۝۸۸

ਤੂੰ (ਓਹਨਾਂ ਨੂੰ) ਇਹ ਕਹਿ ਦੇ ਕਿ ਜੇ ਸਾਰੇ ਮਨੁੱਖ (ਵੀ) ਤੇ ਜਿੰਨ[1] (ਵੀ) ਇਸ ਕੁਰਾਨ ਦੀ ਉਦਾਹਰਣ ਲਿਆਉਣ ਲਈ ਇਕੱਤਰ ਹੋ ਜਾਣ, ਤਾਂ (ਫੇਰ ਵੀ) ਓਹ ਇਸ ਦੀ ਉਦਾਹਰਣ ਲਿਆਉਣ ਤੋ ਸਮਰਥ ਨਹੀਂ ਹੋ ਸਕਣਗੇ; ਭਾਵੇਂ ਓਹ ਸਾਰੇ ਹੀ ਇਕ ਦੂਜੇ ਦੇ ਸਹਾਇਕ (ਹੀ ਕਿਉਂ ਨਾ) ਬਣ ਜਾਣ ।੮੯।

وَلَقَدْ صَرَّفْنَا لِلنَّاسِ فِيْ هٰذَا الْقُرْاٰنِ مِنْ كُلِّ مَثَلٍ فَاَبٰٓى اَكْثَرُ النَّاسِ اِلَّا كُفُوْرًا ۝۸۹

ਅਤੇ ਬੇਸੱਕ ਅਸੀਂ ਇਸ ਕੁਰਾਨ ਵਿਚ ਹਰੇਕ (ਜ਼ਰੂਰੀ ਤੇ ਲੁੜੀਂਦੀ) ਗੱਲ ਨੂੰ ਅੱਡ ਅੱਡ ਢੰਗਾਂ ਨਾਲ ਵਰਣਨ ਕਰ ਦਿੱਤਾ ਹੈ। ਸੋ ਫੇਰ (ਵੀ) ਵਧੇਰੇ ਲੋਕਾਂ ਨੇ ਇਸ ਬਾਰੇ (ਇਨਕਾਰ ਦਾ ਰਾਹ ਅਪਨਾਉਣ) ਤੋਂ ਛੁੱਟ ਹਰ ਇਕ ਗੱਲ ਦਾ ਇਨਕਾਰ ਕਰ ਦਿੱਤਾ ਹੈ ।੯੦।

وَقَالُوْا لَنْ نُّؤْمِنَ لَكَ حَتّٰى تَفْجُرَ لَنَا مِنَ الْاَرْضِ يَنْۢبُوْعًا ۝۹۰

ਅਤੇ ਓਹ (ਇਹ ਵੀ) ਆਖਦੇ ਹਨ (ਕਿ) ਅਸੀਂ ਕਦੇ ਵੀ ਤੇਰੀ (ਕੋਈ) ਗੱਲ ਨਹੀਂ ਮੰਨਾਂਗੇ, ਜਦ ਤਕ (ਇਹ ਨਾ ਹੋਵੇ ਕਿ) ਤੂੰ ਧਰਤੀ ਵਿੱਚੋਂ ਸਾਡੇ ਲਈ ਕੋਈ ਸੋਮਾ ਜਾਰੀ ਕਰ ਦੇਵੇਂ ।੯੧।

اَوْ تَكُوْنَ لَكَ جَنَّةٌ مِّنْ نَّخِيْلٍ وَّعِنَبٍ فَتُفَجِّرَ الْاَنْهٰرَ خِلٰلَهَا تَفْجِيْرًا ۝۹۱

ਜਾਂ ਤੇਰਾ ਖਜੂਰਾਂ ਤੇ ਅੰਗੂਰਾਂ ਦਾ ਕੋਈ ਬਾਗ਼ ਹੋਵੇ ਤੇ ਉਸ ਵਿਚ (ਕਈ ਵੱਡੀਆਂ ਵੱਡੀਆਂ) ਨਹਿਰਾਂ ਵਗਾ ਦੇਵੇਂ ।੯੨।

[1]ਵੇਖੋ ਸੂਰਤ ਅਨਆਮ ਆਇਤ ੧੨੯ ।

اَوْ تُسْقِطَ السَّمَآءَ كَمَا زَعَمْتَ عَلَيْنَا كِسَفًا اَوْ تَاْتِيَ بِاللّٰهِ وَالْمَلٰٓئِكَةِ قَبِيْلًا ﴿٩٣﴾

ਜਾਂ ਜਿਹਾ ਕਿ ਤੇਰਾ ਦਾਅਵਾ ਹੈ ਕਿ ਤੂੰ ਸਾਡੇ ਉੱਤੇ ਅਕਾਸ਼ ਦੇ ਟੋਟੇ ਸੁੱਟ ਦੇਵੇਂ[1], ਜਾਂ ਅੱਲਾਹ ਤੇ ਸਾਰੇ ਫ਼ਰਿਸ਼ਤਿਆਂ ਨੂੰ (ਸਾਡੇ) ਸਾਹਮਣੇ ਲਿਆ ਕੇ ਖੜਾ ਕਰ ਦੇਵੇਂ ।੯੩।

اَوْ يَكُوْنَ لَكَ بَيْتٌ مِّنْ زُخْرُفٍ اَوْ تَرْقٰى فِي السَّمَآءِ ۭ وَلَنْ نُّؤْمِنَ لِرُقِيِّكَ حَتّٰى تُنَزِّلَ عَلَيْنَا كِتٰبًا نَّقْرَؤُهٗ ۭ قُلْ سُبْحَانَ رَبِّيْ هَلْ كُنْتُ اِلَّا بَشَرًا رَّسُوْلًا ﴿٩٤﴾

ਜਾਂ ਤੇਰਾ ਸੋਨੇ ਦਾ ਕੋਈ ਘਰ ਹੋਵੇ, ਜਾਂ ਤੂੰ ਅਕਾਸ਼ ਉੱਤੇ ਚੜ੍ਹ ਜਾਏਂ ਅਤੇ ਅਸੀਂ ਤੇਰੇ ਅਕਾਸ਼[2] ਉੱਤੇ ਚੜ੍ਹ ਜਾਣ ਤੇ ਵੀ ਸ਼ਰਧਾ ਧਾਰਨ ਨਹੀਂ ਕਰਾਂਗੇ; ਜਦ ਤਕ ਕਿ ਤੂੰ (ਉੱਤੇ ਜਾ ਕੇ) ਸਾਡੇ ਲਈ ਕੋਈ ਪੁਸਤਕ (ਨਾ) ਲਿਆਏਂ, ਜਿਸ ਨੂੰ ਅਸੀਂ (ਆਪ) ਪੜ੍ਹ ਕੇ ਵੇਖ ਲਈਏ। ਤੂੰ (ਓਹਨਾਂ ਨੂੰ) ਇਹ ਆਖ (ਕਿ) ਮੇਰਾ ਸਾਜਨਹਾਰ ਤੇ ਪਾਲਨਹਾਰ (ਅਜੇਹੀਆਂ ਨਿਰਮੂਲ ਗੱਲਾਂ ਤੋਂ) ਨਿਰਾਲਮ ਹੈ। ਮੈਂ (ਤਾਂ) ਕੇਵਲ ਇਕ ਮਨੁੱਖ-ਰਸੂਲ ਹਾਂ[3]। (ਅਕਾਸ਼ ਤੇ ਨਹੀਂ ਚੜ੍ਹ ਸਕਦਾ) ।੯੪। (ਰਕੂਅ ੧੮)

وَمَا مَنَعَ النَّاسَ اَنْ يُّؤْمِنُوْٓا اِذْ جَاۗءَهُمُ الْهُدٰٓى اِلَّآ اَنْ قَالُوْٓا اَبَعَثَ اللّٰهُ بَشَرًا رَّسُوْلًا ﴿٩٥﴾

ਅਤੇ ਓਹਨਾਂ ਲੋਕਾਂ ਨੂੰ ਇਸ ਸੁਮਾਰਗ ਤੇ ਜੋ ਓਹਨਾਂ ਵਲ ਆਇਆ ਹੈ, ਸ਼ਰਧਾ ਧਾਰਨ ਕਰਨ ਤੋਂ ਕੇਵਲ ਇਸ ਗੱਲ ਨੇ ਰੋਕਿਆ ਹੈ ਕਿ ਓਹ (ਆਪਣੇ ਮਨਾਂ ਵਿਚ) ਇਹ ਸੋਚਦੇ ਹਨ (ਕਿ) ਅੱਲਾਹ ਨੇ ਇਕ ਮਨੁੱਖ ਨੂੰ ਕਿਉਂ ਰਸੂਲ ਬਣਾ ਕੇ ਭੇਜਿਆ ਹੈ ? ।੯੫।

قُلْ لَّوْ كَانَ فِي الْاَرْضِ مَلٰٓئِكَةٌ يَّمْشُوْنَ مُطْمَىِٕنِّيْنَ

ਤੂੰ (ਓਹਨਾਂ ਨੂੰ) ਇਹ ਆਖ (ਕਿ) ਜੇ ਇਸ ਧਰਤੀ ਉੱਤੇ ਫ਼ਰਿਸ਼ਤੇ (ਵਸਦੇ) ਹੁੰਦੇ, ਜੋ ਇਸ ਧਰਤੀ ਤੇ ਵੱਡੇ ਸੁਖ ਨਾਲ ਤੁਰਦੇ-ਫਿਰਦੇ ਹੁੰਦੇ,

---

[1]ਇਸ ਦੀ ਵਿਆਖਿਆ ਸੂਰਤ ਸਬਾ ਦੀ ਆਇਤ ੧੦ ਤੋਂ ਹੋ ਜਾਂਦੀ ਹੈ; ਜਿਸ ਤੋਂ ਪਤਾ ਲਗਦਾ ਹੈ ਕਿ ਇਸ ਦਾ ਭਾਵ ਕਸ਼ਟ ਹੈ।

[2]ਇਸ ਤੋਂ ਸਾਫ਼ ਸਿਧ ਹੋ ਜਾਂਦਾ ਹੈ ਕਿ ਮਿਅਰਾਜ ਸਰੀਫ਼ ਦਾ ਚਮਤਕਾਰ ਵੀ ਇਨਕਾਰੀਆਂ ਲਈ ਕਾਫ਼ੀ ਨਹੀਂ ਸੀ। ਓਹ ਇਸ ਤੇ ਜ਼ੋਰ ਦਿੰਦੇ ਸਨ ਕਿ ਅਸੀਂ ਅਕਾਸ਼ ਉੱਤੇ ਜਾਣਾ ਤਦ ਮੰਨਾਂਗੇ, ਜੇ ਉਥੋਂ ਇਕ ਪੁਸਤਕ ਵੀ ਆਪ ਲੈ ਕੇ ਆਉਣ, ਜਿਸ ਨੂੰ ਓਹ ਆਪ ਪੜ੍ਹ ਕੇ ਵੇਖਣ। ਨਹੀਂ ਤਾਂ, ਐਵੇਂ ਕਹਿ ਦੇਣਾ ਕਿ ਮੈਂ ਅਕਾਸ਼ ਤੇ ਗਿਆ ਸੀ, ਓਹਨਾਂ ਲਈ ਕਾਫ਼ੀ ਨਹੀਂ ਹੋਵੇਗਾ।

[3]ਇਸ ਦਾ ਭਾਵ ਸਪਸ਼ਟ ਹੈ ਕਿ ਕੋਈ ਮਨੁੱਖ-ਰਸੂਲ ਅਕਾਸ਼ ਤੇ ਨਹੀਂ ਜਾ ਸਕਦਾ। ਹੈਰਾਨੀ ਹੈ ਕਿ ਮੁਸਲਮਾਨਾਂ ਨੇ ਇਸ ਦੇ ਬਾਵਜੂਦ ਹਜ਼ਰਤ "ਈਸਾ" ਦਾ ਅਕਾਸ਼ ਤੇ ਜਾਣਾ ਮੰਨ ਲਿਆ ਹੋਇਆ ਹੈ; ਹਾਲਾਂਕਿ ਕੁਰਾਨ ਸ਼ਰੀਫ਼ ਅਨੁਸਾਰ ਉਹ ਇਕ ਮਨੁੱਖ-ਰਸੂਲ ਹੀ ਸਨ।

لَنَزَّلْنَا عَلَيْهِمْ مِّنَ السَّمَآءِ مَلَكًا رَّسُوْلًا ﴿٩٦﴾

ਤਾਂ (ਇਸ ਸੂਰਤ ਵਿਚ) ਅਸੀਂ ਜ਼ਰੂਰ ਓਹਨਾਂ ਉੱਤੇ ਅਕਾਸ਼ ਤੋਂ ਕਿਸੇ ਫ਼ਰਿਸ਼ਤੇ ਨੂੰ (ਹੀ) ਰਸੂਲ ਬਣਾ ਕੇ ਉਤਾਰਦੇ ।੯੬।

قُلْ كَفٰى بِاللّٰهِ شَهِيْدًا بَيْنِيْ وَ بَيْنَكُمْ ؕ اِنَّهٗ كَانَ بِعِبَادِهٖ خَبِيْرًا بَصِيْرًا ﴿٩٦﴾

ਤੂੰ (ਓਹਨਾਂ ਨੂੰ) ਇਹ ਆਖ ਕਿ ਮੇਰੇ ਤੇ ਤੁਹਾਡੇ ਵਿਚਾਲੇ ਗਵਾਹ ਦੇ ਤੌਰ ਤੇ ਅੱਲਾਹ ਹੀ ਕਾਫ਼ੀ ਹੈ । ਉਹ ਆਪਣੇ ਭਗਤ-ਜਨਾਂ ਦਾ ਜਾਣਨਹਾਰ (ਤੇ) ਵੇਖਣਹਾਰ ਹੈ ।੯੭।

وَ مَنْ يَّهْدِ اللّٰهُ فَهُوَ الْمُهْتَدِ ۚ وَ مَنْ يُّضْلِلْ فَلَنْ تَجِدَ لَهُمْ اَوْلِيَآءَ مِنْ دُوْنِهٖ ؕ وَ نَحْشُرُهُمْ يَوْمَ الْقِيٰمَةِ عَلٰى وُجُوْهِهِمْ عُمْيًا وَّ بُكْمًا وَّ صُمًّا ؕ مَاْوٰىهُمْ جَهَنَّمُ ؕ كُلَّمَا خَبَتْ زِدْنٰهُمْ سَعِيْرًا ﴿٩٧﴾

ਅਤੇ ਅੱਲਾਹ ਜਿਸ ਨੂੰ ਸੁਮਾਰਗ ਵਲ ਲਾਉਂਦਾ ਹੈ, ਉਹੋ ਹੀ ਸੁਮਾਰਗ ਵਲ ਲਗਦਾ ਹੈ ਅਤੇ ਜਿਸ ਨੂੰ ਉਹ ਕੁਮਾਰਗ ਵਲ ਲਾਉਂਦਾ ਹੈ ਤੂੰ ਉਸ (ਅੱਲਾਹ) ਦੇ ਟਾਕਰੇ ਤੇ ਉਸ ਦਾ ਕੋਈ ਸਹਾਇਕ ਨਹੀਂ ਵੇਖ ਸਕੇਂਗਾ ਅਤੇ ਕਿਆਮਤ ਦੇ ਦਿਹਾੜੇ ਅਸੀਂ ਓਹਨਾਂ ਨੂੰ ਓਹਨਾਂ ਦੇ ਮਨੋਰਥਾਂ (ਤੇ ਨੀਅਤਾਂ) ਅਨੁਸਾਰ ਅੰਨ੍ਹੇ, ਗੂੰਗੇ ਤੇ ਬੋਲੇ ਹੋਣ ਦੀ ਹਾਲਤ ਵਿਚ ਇਕੱਤਰ ਕਰਾਂਗੇ । ਓਹਨਾਂ ਦਾ ਟਿਕਾਣਾ ਨਰਕ-ਕੁੰਡ ਹੋਵੇਗਾ ਤੇ ਜਦ ਉਹ (ਨਰਕ ਰਤਾ) ਠੰਢਾ ਹੋਵੇਗਾ, ਤਾਂ ਓਹਨਾਂ ਉੱਤੇ ਕਸ਼ਟ ਹੋਰ ਵੀ ਵਧਾ ਦਿੱਤਾ ਜਾਏਗਾ (ਜੋ ਕਸ਼ਟ ਕਿ) ਭੜਕਣ ਵਾਲੀ ਅੱਗ ਦਾ ਹੋਵੇਗਾ ।੯੮।

ذٰلِكَ جَزَآؤُهُمْ بِاَنَّهُمْ كَفَرُوْا بِاٰيٰتِنَا وَ قَالُوْٓا ءَاِذَا كُنَّا عِظَامًا وَّ رُفَاتًا ءَاِنَّا لَمَبْعُوْثُوْنَ خَلْقًا جَدِيْدًا ﴿٩٨﴾

ਇਹ (ਅੱਗ) ਓਹਨਾਂ (ਦੇ ਕਰਮਾਂ) ਦਾ ਵਟਾਂਦਰਾ ਹੋਵੇਗਾ; ਕਿਉਂਕਿ ਓਹਨਾਂ ਨੇ ਸਾਡੇ ਚਮਤਕਾਰਾਂ ਦਾ ਇਨਕਾਰ ਕੀਤਾ ਸੀ ਤੇ ਇਹ ਕਿਹਾ ਸੀ ਕਿ ਕੀ ਜਦ ਅਸੀਂ (ਮਰ ਕੇ) ਹੱਡੀਆਂ ਤੇ ਚੂਰਾ ਚੂਰਾ ਹੋ ਜਾਵਾਂਗੇ, (ਤਾਂ ਸਾਨੂੰ ਮੁੜ ਸੁਰਜੀਤ ਕੀਤਾ ਜਾਏਗਾ ? ਅਤੇ) ਕੀ ਸਚਮੁੱਚ ਸਾਨੂੰ ਇਕ ਨਵੀਂ ਰਚਨਾ ਦੀ ਸ਼ਕਲ ਦੇ ਕੇ ਉਠਾਇਆ ਜਾਏਗਾ ? ।੯੯।

اَوَلَمۡ يَرَوۡا اَنَّ اللّٰهَ الَّذِىۡ خَلَقَ السَّمٰوٰتِ وَالۡاَرۡضَ قَادِرٌ عَلٰٓى اَنۡ يَّخۡلُقَ مِثۡلَهُمۡ وَجَعَلَ لَهُمۡ اَجَلًا لَّا رَيۡبَ فِيۡهِ ؕ فَاَبَى الظّٰلِمُوۡنَ اِلَّا كُفُوۡرًا ۝

ਕੀ ਓਹ ਲੋਕ (ਅਜੇ ਤਕ) ਇਹ ਨਹੀਂ ਸਮਝ ਸਕੇ ਕਿ ਉਹ (ਵਿਅਕਤੀ) ਜਿਸ ਨੇ ਇਹ ਸਾਰੇ ਅਕਾਸ਼ ਤੇ ਪਤਾਲ ਸਾਜੇ ਹਨ, ਇਸ ਗੱਲ ਤੇ ਵੀ ਸਮਰਥ ਹੈ ਕਿ ਓਹਨਾਂ ਜੇਹੇ (ਹੋਰ ਲੋਕ) ਸਾਜ ਦੇਵੇ ਅਤੇ ਇਸ ਵਿਚ ਕੋਈ ਸੰਦੇਹ ਨਹੀਂ ਹੈ ਕਿ ਉਸ ਨੇ ਓਹਨਾਂ ਵਾਸਤੇ ਇਕ ਮਿਆਦ ਨੀਅਤ ਕਰ ਦਿੱਤੀ ਹੋਈ ਹੈ। ਫੇਰ (ਵੀ) ਏਹਨਾਂ ਜ਼ਾਲਮਾਂ ਨੇ ਅਕ੍ਰਿਤ-ਘਣਤਾ ਦਾ ਰਾਹ ਫੜਿਆ ਹੋਇਆ ਹੈ ।੧੦੦।

قُلۡ لَّوۡ اَنۡتُمۡ تَمۡلِكُوۡنَ خَزَآئِنَ رَحۡمَةِ رَبِّىۡۤ اِذًا لَّاَمۡسَكۡتُمۡ خَشۡيَةَ الۡاِنۡفَاقِ ؕ وَكَانَ الۡاِنۡسَانُ قَتُوۡرًا ۝ ع

ਤੂੰ (ਓਹਨਾਂ ਨੂੰ) ਇਹ ਕਹਿ ਦੇ (ਕਿ) ਜੇ ਤੁਸੀਂ ਮੇਰੇ ਸਾਜਨਹਾਰ ਤੇ ਪਾਲਨਹਾਰ ਦੀ ਮਿਹਰ ਦੇ (ਅਟੁੱਟ) ਭੰਡਾਰਾਂ ਦੇ (ਵੀ) ਮਾਲਕ ਬਣ ਜਾਂਦੇ, ਤਾਂ (ਵੀ) ਤੁਸੀਂ (ਓਹਨਾਂ ਦੇ) ਮੁੱਕ ਜਾਣ ਦੇ ਭਉ ਨਾਲ (ਓਹਨਾਂ ਨੂੰ) ਰੋਕੀ ਹੀ ਰੱਖਦੇ ਅਤੇ ਮਨੁੱਖ ਵੱਡਾ ਹੀ ਕੰਜੂਸ ਹੈ ।੧੦੧।(ਰਕੂਅ ੧੧)

وَلَقَدۡ اٰتَيۡنَا مُوۡسٰى تِسۡعَ اٰيٰتٍۢ بَيِّنٰتٍ فَسۡـَٔـلۡ بَنِىۡۤ اِسۡرَآءِيۡلَ اِذۡ جَآءَهُمۡ فَقَالَ لَهٗ فِرۡعَوۡنُ اِنِّىۡ لَاَظُنُّكَ يٰمُوۡسٰى مَسۡحُوۡرًا ۝

ਅਤੇ ਅਸੀਂ "ਮੂਸਾ" ਨੂੰ ਪਰਗਟ[1] ਚਮਤਕਾਰ ਦਿੱਤੇ ਸਨ। ਸੋ ਤੂੰ ਇਸਰਾਈਲ ਕੁਲ ਦੇ ਲੋਕਾਂ ਤੋਂ (ਓਹਨਾਂ ਦਾ ਹਾਲ) ਪੁੱਛ, ਜਦ ਕਿ ਉਹ (ਮੂਸਾ) ਓਹਨਾਂ (ਮਿਸਰੀਆਂ) ਵਲ ਗਿਆ ਸੀ, ਤਾਂ "ਫ਼ਿਰਾਊਨ" ਨੇ ਉਸ ਨੂੰ ਇਹ ਕਿਹਾ ਸੀ (ਕਿ) ਹੇ "ਮੂਸਾ"! ਮੈਂ ਬੇਸ਼ੱਕ ਤੈਨੂੰ ਧੋਖਾ ਖਾਧਾ ਸਮਝਦਾ ਹਾਂ ।੧੦੨।

قَالَ لَقَدۡ عَلِمۡتَ مَاۤ اَنۡزَلَ هٰٓؤُلَآءِ اِلَّا رَبُّ السَّمٰوٰتِ وَالۡاَرۡضِ بَصَآئِرَ ۚ وَاِنِّىۡ لَاَظُنُّكَ يٰفِرۡعَوۡنُ مَثۡبُوۡرًا ۝

ਉਸ ਨੇ ਇਹ ਉੱਤਰ ਦਿੱਤਾ ਸੀ (ਕਿ) ਤੈਨੂੰ ਨਿਰ-ਸੰਦੇਹ ਇਹ ਪਤਾ ਲਗ ਚੁੱਕਾ ਹੈ ਕਿ ਏਹਨਾਂ (ਚਮਤਕਾਰਾਂ) ਨੂੰ ਸਾਰੇ ਅਕਾਸ਼ਾਂ ਤੇ ਪਤਾਲਾਂ ਦੇ ਸਾਜਨਹਾਰ ਤੇ ਪਾਲਨਹਾਰ ਨੇ ਚਾਨਣਾ ਦੇਣ ਵਾਲੇ ਬਣਾ ਕੇ ਉਤਾਰਿਆ ਹੈ ਅਤੇ ਹੇ "ਫ਼ਿਰਾਊਨ"! ਮੈਂ ਤੇਰੇ ਬਾਰੇ ਯਕੀਨ ਰੱਖਦਾ ਹਾਂ ਕਿ ਤੂੰ (ਆਪਣੇ ਭੈੜੇ ਇਰਾਦਿਆਂ ਵਿਚ) ਨਿਹਫਲ ਰਹੇਂਗਾ ।੧੦੩।

[1]ਵਿਸਥਾਰ ਲਈ ਵੇਖੋ ਸੂਰਤ ਇਅਰਾਫ਼ ਦੀ ਆਇਤ ੧੦੪ ਦੀ ਟੂਕ ।

فَأَرَادَ أَن يَسْتَفِزَّهُم مِّنَ الْأَرْضِ فَأَغْرَقْنَاهُ وَمَن مَّعَهُ جَمِيعًا ﴿١٠٤﴾

ਇਸ ਤੇ ਉਸ ("ਫ਼ਿਰਾਊਨ" ਨੇ ਓਹਨਾਂ ("ਮੂਸਾ" ਤੇ ਉਸ ਦੀ ਜਾਤੀ) ਨੂੰ ਦੇਸ-ਨਿਕਾਲਾ ਦੇਣ ਦੀ ਇੱਛਾ ਕਰ ਲਈ ਸੀ। ਇਸ ਦਾ ਸਿੱਟਾ ਇਹ ਨਿਕਲਿਆ ਸੀ ਕਿ ਅਸੀਂ ਉਸ ਨੂੰ ਤੇ ਉਸ ਦੇ ਸਾਰੇ ਸਾਥੀਆਂ ਨੂੰ ਡੋਬ ਦਿੱਤਾ ਸੀ ।੧੦੪।

وَقُلْنَا مِن بَعْدِهِ لِبَنِي إِسْرَائِيلَ اسْكُنُوا الْأَرْضَ فَإِذَا جَاءَ وَعْدُ الْآخِرَةِ جِئْنَا بِكُمْ لَفِيفًا ﴿١٠٥﴾

ਅਤੇ ਉਸ ਦੇ (ਡੁੱਬ ਮਰਨ) ਮਗਰੋਂ ਇਸਰਾਈਲ ਕੁਲ ਦੇ ਲੋਕਾਂ ਨੂੰ ਅਸੀਂ ਇਹ ਆਖ ਦਿੱਤਾ ਸੀ (ਕਿ) ਤੁਸੀਂ ਇਸ (ਨੀਅਤ) ਦੇਸ[1] ਵਿਚ (ਜਾ ਕੇ ਸੁੱਖ ਨਾਲ) ਵੱਸੋ। ਫੇਰ ਜਦ (ਮੁਸਲਮਾਨਾਂ ਲਈ) ਦੂਜੀ ਵਾਰ[2] (ਕਸ਼ਟ) ਦਾ ਬਚਨ ਪੂਰਾ ਹੋਣ ਦਾ ਸਮਾਂ ਆਏਗਾ, ਤਾਂ ਅਸੀਂ ਤੁਸਾਂ ਸਭਨਾਂ ਨੂੰ ਇਕੱਤਰ ਕਰ ਕੇ ਉੱਥੋਂ[3] ਲੈ ਆਵਾਂਗੇ ।੧੦੫।

وَبِالْحَقِّ أَنزَلْنَاهُ وَبِالْحَقِّ نَزَلَ ۗ وَمَا أَرْسَلْنَاكَ إِلَّا مُبَشِّرًا وَنَذِيرًا ﴿١٠٦﴾

ਅਤੇ ਇਸ ਕੁਰਾਨ ਨੂੰ ਅਸੀਂ ਸੱਚਾਈ (ਤੇ ਯੁਕਤੀ) ਨਾਲ ਹੀ ਉਤਾਰਿਆ ਹੈ, ਅਰਥਾਤ ਇਹ ਸੱਚਾਈ (ਤੇ ਯੁਕਤੀ) ਨਾਲ ਹੀ ਉਤਰਿਆ ਹੈ ਅਤੇ ਅਸੀਂ ਤੈਨੂੰ ਕੇਵਲ ਖ਼ੁਸ਼ਖ਼ਬਰੀ ਦੇਣ ਵਾਲਾ (ਤੇ) ਕਸ਼ਟ ਤੋਂ ਡਰਾਉਣ ਵਾਲਾ (ਰਸੂਲ) ਬਣਾ ਕੇ ਭੇਜਿਆ ਹੈ ।੧੦੬।

وَقُرْآنًا فَرَقْنَاهُ لِتَقْرَأَهُ عَلَى النَّاسِ عَلَىٰ مُكْثٍ وَنَزَّلْنَاهُ تَنزِيلًا ﴿١٠٧﴾

ਅਤੇ ਅਸੀਂ (ਇਸ ਨੂੰ) ਕੁਰਾਨ ਬਣਾਇਆ ਹੈ ਤੇ ਇਸ ਦੇ ਕਈ ਭਾਗ ਬਣਾਏ ਹਨ; (ਅਰਥਾਤ ਸੂਰਤਾਂ ਬਣਾਈਆਂ ਹਨ) ਤਾਂ ਜੁ ਤੂੰ ਇਸ ਨੂੰ (ਵੱਡੇ ਸੋਖ ਨਾਲ ਤੇ) ਹੌਲੇ ਹੌਲੇ ਲੋਕਾਂ ਨੂੰ ਪੜ੍ਹ ਕੇ ਸੁਣਾ ਸਕੇਂ, ਅਰਥਾਤ ਅਸੀਂ ਇਸ ਨੂੰ ਥੋੜ੍ਹਾ ਥੋੜ੍ਹਾ ਕਰ ਕੇ ਉਤਾਰਿਆ ਹੈ ।੧੦੭।

---

[1]ਅਰਥਾਤ—"ਫ਼ਲਸਤੀਨ" ਵਿਚ ।

[2]ਪਹਿਲਾ "ਵਾਅਦੱਲ ਆਖ਼ਿਰਾਤਿ" ਦੇ ਪਦ ਆ ਚੁੱਕੇ ਹਨ । ਏਹ ਯਹੂਦੀਆਂ ਬਾਰੇ ਸਨ । ਇਸ ਦੇ ਮਗਰੋਂ ਚੂੰਕਿ ਦੂਜੀ ਵਾਰ "ਵਾਅਦੱਲ ਆਖ਼ਿਰਾਤਿ" ਦੇ ਪਦ ਆਏ ਹਨ । ਇਸ ਤੋਂ ਸਾਫ਼ ਪਤਾ ਲਗਦਾ ਹੈ ਕਿ ਏਹ ਹੋਰ ਕੋਈ ਬਚਨ ਹੈ ਅਤੇ ਏਹ ਮੁਸਲਮਾਨਾਂ ਬਾਰੇ ਹੀ ਹੋ ਸਕਦਾ ਹੈ । ਸੋ ਅਸੀਂ ਮੁਸਲਮਾਨਾਂ ਦਾ ਪਦ ਬਰੈਕਟਾ ਵਿਚ ਦਿੱਤਾ ਹੈ । ਇਹ ਭਾਵ ਕਈ ਪਹਿਲੇ ਭਾਸ਼ਕਾਰਾਂ ਨੇ ਵੀ ਪਰਗਟ ਕੀਤਾ ਹੈ । (ਵੇਖੋ ਫ਼ਤਹੁੱਲ ਬਿਆਨ ਜੋ ਅਸਲ ਵਿਚ ਅਲੱਾਮਾ ਸ਼ੂਕਾਫ਼ੀ ਦੀ ਰਚਨਾ ਹੈ ।)

[3]ਅਰਥਾਤ—ਯਹੂਦੀਆਂ ਨੂੰ ਭੀਜੀ ਵਾਰ "ਫ਼ਲਸਤੀਨ" ਵਿਚ ਲਿਆਵਾਂਗੇ । ਇਸੇ ਪੇਸ਼ਗੋਈ ਦੇ ਅਧਾਰ ਤੇ ਹੀ ਅੱਜ ਕਲ ਇਸਰਾਈਲ ਕੁਲ ਦੇ ਲੋਕਾਂ ਦਾ "ਫ਼ਲਸਤੀਨ" ਉੱਤੇ ਅਧਿਕਾਰ ਹੋ ਗਿਆ ਹੈ ।

قُلْ اٰمِنُوْا بِهٖۤ اَوْ لَا تُؤْمِنُوْا ؕ اِنَّ الَّذِيْنَ اُوْتُوا الْعِلْمَ مِنْ قَبْلِهٖۤ اِذَا يُتْلٰى عَلَيْهِمْ يَخِرُّوْنَ لِلْاَذْقَانِ سُجَّدًا ۝

ਤੂੰ (ਓਹਨਾਂ ਨੂੰ) ਇਹ ਕਹਿ ਦੇ (ਕਿ) ਤੁਸੀਂ ਸ਼ਰਧਾ ਧਾਰਨ ਕਰੋ, ਜਾਂ ਨਾ ਕਰੋ, (ਪਰ) ਜਿਨ੍ਹਾਂ ਲੋਕਾਂ ਨੂੰ ਇਸ (ਦੇ ਉਤਰਣ) ਤੋਂ ਪਹਿਲਾਂ (ਅਕਾਸ਼ ਬਾਣੀ ਰਾਹੀਂ ਉਤਰੀਆਂ ਪੁਸਤਕਾਂ ਤੇ ਮਨੁੱਖ ਦੀ ਆਤਮਾ ਦੀ ਆਵਾਜ਼ ਦਾ) ਗਿਆਨ ਪ੍ਰਾਪਤ ਹੋ ਚੁੱਕਾ ਹੈ, ਜਦ ਓਹਨਾਂ ਦੇ ਸਾਮ੍ਹਣੇ (ਇਸ ਨੂੰ) ਪੜ੍ਹਿਆ ਜਾਂਦਾ ਹੈ, ਤਾਂ ਓਹ (ਇਸ ਨੂੰ) ਸੁਣ ਕੇ ਪੂਰਨ ਆਗਿਆਕਾਰ ਬਣ ਕੇ ਮੂੰਹ ਦੇ ਭਾਰ[1] (ਧਰਤੀ ਤੇ) ਡਿਗ ਪੈਂਦੇ ਹਨ ।੧੦੮।

وَيَقُوْلُوْنَ سُبْحٰنَ رَبِّنَاۤ اِنْ كَانَ وَعْدُ رَبِّنَا لَمَفْعُوْلًا ۝

ਅਤੇ ਇਹ ਕਹਿੰਦੇ ਹਨ (ਕਿ) ਸਾਡਾ ਸਾਜਨਹਾਰ ਤੇ ਪਾਲਨਹਾਰ (ਹਰੇਕ ਐਬ ਤੋਂ) ਨਿਰਾਲਮ ਹੈ ਅਤੇ ਇਹ (ਕਿ) ਸਾਡੇ ਸਾਜਨਹਾਰ ਤੇ ਪਾਲਨਹਾਰ ਦਾ ਬਚਨ ਜ਼ਰੂਰ[2] ਪੂਰਾ ਹੋ ਕੇ ਰਹੇਗਾ ।੧੦੯।

وَيَخِرُّوْنَ لِلْاَذْقَانِ يَبْكُوْنَ وَيَزِيْدُهُمْ خُشُوْعًا ۝

ਅਤੇ ਜਦ ਓਹ ਮੂੰਹ ਦੇ ਭਾਰ ਡਿਗਦੇ ਹਨ, ਤਾਂ ਹੰਝੂਆਂ ਦੇ ਹਾਰ ਪ੍ਰੋਂਦੇ ਹਨ ਅਤੇ ਉਹ (ਕੁਰਾਨ) ਓਹਨਾਂ ਦੀ ਨਿਮਰਤਾ ਨੂੰ ਹੋਰ (ਵੀ) ਵਧਾ ਦਿੰਦਾ ਹੈ ।੧੧੦।

قُلِ ادْعُوا اللّٰهَ اَوِ ادْعُوا الرَّحْمٰنَ ؕ اَيًّا مَّا تَدْعُوْا فَلَهُ الْاَسْمَآءُ الْحُسْنٰى ۚ وَلَا تَجْهَرْ بِصَلَاتِكَ وَلَا تُخَافِتْ بِهَا وَابْتَغِ بَيْنَ ذٰلِكَ سَبِيْلًا ۝

ਤੂੰ (ਓਹਨਾਂ ਨੂੰ[3]) ਇਹ ਆਖ (ਕਿ) ਭਾਵੇਂ ਤੁਸੀਂ (ਪ੍ਰਭੂ ਦਾ) ਅੱਲਾਹ ਕਹਿ ਕੇ ਸਿਮਰਨ ਕਰੋ ਤੇ ਭਾਵੇਂ ਰਹਿਮਾਨ ਕਹਿ ਕੇ, (ਅਰਥਾਤ ਤੁਸੀਂ) ਜੋ ਨਾਂ ਲੈ ਕੇ ਵੀ ਉਸ ਦਾ ਸਿਮਰਨ (ਕਰਨਾ) ਚਾਹੋ,

---

[1]ਮੂਲ ਪਾਠ ਵਿਚ ਇੱਥੇ ''ਠੱਡੀਆਂ ਦੇ ਭਾਰ'' ਦੇ ਪਦ ਹਨ। ਅਸੀਂ ਟੀਕੇ ਵਿਚ ''ਮੂੰਹ ਦੇ ਭਾਰ'' ਲਿਖਿਆ ਹੈ। ਇਸ ਦਾ ਇਹ ਕਾਰਣ ਹੈ ਕਿ ਅਰਬੀ ਭਾਸ਼ਾ ਵਿਚ ਮੱਥਾ ਟੇਕਣ ਲਈ ਡਿੱਗਣ ਨੂੰ ਠੱਡੀਆਂ ਦੇ ਭਾਰ ਡਿੱਗਣਾ ਕਹਿੰਦੇ ਹਨ, ਪਰ ਸਾਡੀ ਭਾਸ਼ਾ ਵਿਚ ਮੂੰਹ ਦੇ ਭਾਰ ਡਿੱਗਣਾ ਕਿਹਾ ਜਾਂਦਾ ਹੈ । ਸੋ ਅਸੀਂ ਜਿਨ੍ਹਾਂ ਅੱਖਰਾਂ ਦੁਆਰਾ ਠੀਕ ਭਾਵ ਪਰਗਟ ਹੁੰਦਾ ਸੀ, ਉਹੋ ਹੀ ਵਰਤੇ ਹਨ ।

[2]ਇਸ ਤੋਂ ਸਾਫ਼ ਸਿਧ ਹੁੰਦਾ ਹੈ ਕਿ ਇਸ ਥਾਂ ਇਹ ਵਰਣਨ ਹੈ ਕਿ ਜੋ ਯਹੂਦੀ ਕੁਰਾਨ ਤੇ ਸ਼ਰਧਾ ਧਾਰਨ ਕਰਦੇ ਹਨ, ਓਹ ਇਸ ਦੇ ਵੀ ਸ਼ਰਧਾਲੂ ਹੁੰਦੇ ਹਨ ਕਿ ਅਸੀਂ ਇਕ ਵਾਰ ਫੇਰ ''ਫ਼ਲਸਤੀਨ'' ਆਵਾਂਗੇ ।

[3]ਅਰਥਾਤ—ਈਸਾਈਆਂ ਨੂੰ—ਜੋ ਯਹੂਦੀਆਂ ਦਾ ਹੀ ਇਕ ਅੰਗ ਹਨ ਤੇ ਪ੍ਰਭੂ ਦੀ ਸਿਫ਼ਤ ਰਹਿਮਾਨ ਦੇ ਇਨਕਾਰੀ ਹਨ । ਸੋ ਓਹਨਾਂ ਦੀਆਂ ਪੁਸਤਕਾਂ ਵਿਚ ''ਬਿਸਮਿੱਲਾ'' ਲਿਖੀ ਹੁੰਦੀ ਹੈ, ਪਰ ਉਸ ਨਾਲ ''ਰਹਿਮਾਨ'' ਪਦ ਨਹੀਂ ਹੁੰਦਾ; ਕਿਉਂਕਿ ਪ੍ਰਭੂ ਦੀ ਰਹਿਮਾਨ ਸਿਫ਼ਤ ''ਕੁਫ਼ਾਰੇ'' ਦਾ ਖੰਡਨ ਕਰਦੀ ਹੈ ।

وَقُلِ الْحَمْدُ لِلّٰهِ الَّذِیْ لَمْ یَتَّخِذْ وَلَدًا وَّلَمْ یَكُنْ
لَّهٗ شَرِیْكٌ فِی الْمُلْكِ وَلَمْ یَكُنْ لَّهٗ وَلِیٌّ مِّنَ الذُّلِّ
وَكَبِّرْهُ تَكْبِیْرًا ﴿۱۱۲﴾ ع ۱۲

(ਕਰ ਸਕਦੇ ਹੋ); ਕਿਉਂ ਜੁ ਸ਼ਾਰੇ ਸ਼ੁਭ ਗੁਣ (ਤੇ ਨਾਂ) ਉਸੇ ਦੇ ਹੀ ਹਨ ਅਤੇ ਤੂੰ ਆਪਣੀਆਂ ਅਰਦਾਸਾਂ ਨਾ ਤਾਂ ਬਹੁਤ ਉੱਚੀ ਆਵਾਜ਼ ਨਾਲ ਕੀਤਾ ਕਰ ਤੇ ਨਾ (ਬਹੁਤ) ਹੌਲੇ; ਸਗੋਂ ਉਸ ਦੇ ਵਿਚਕਾਰਲਾ[1] ਰਾਹ ਧਾਰਨ (ਕੀਤਾ) ਕਰ ।੧੧੧।

ਅਤੇ (ਸਾਰੇ ਜਗ ਨੂੰ ਸੁਣਾ ਸੁਣਾ ਕੇ) ਇਹ ਕਹਿ ਦੇ (ਕਿ) ਹਰੇਕ ਉਪਮਾ ਦਾ ਅਧਿਕਾਰੀ ਅੱਲਾਹ ਹੀ ਹੈ, ਜਿਸ ਦੀ ਕੋਈ "ਬਿੰਦੀ" ਸੰਤਾਨ ਨਹੀਂ ਹੈ ਅਤੇ ਨਾ ਉਸ ਦੇ ਰਾਜ ਵਿਚ ਹੀ ਉਸ ਦਾ ਕੋਈ ਭਾਈ-ਵਾਲ ਹੈ ਅਤੇ ਨਾ ਉਸ ਨੂੰ ਨਿਰਬਲ ਵੇਖ ਕੇ (ਤੇ ਉਸ ਤੇ ਮਿਹਰ ਕਰ ਕੇ) ਕੋਈ ਉਸ ਦਾ ਮਿੱਤਰ ਬਣਦਾ ਹੈ; ਸਗੋਂ ਜਿਹੜਾ ਵੀ ਉਸ ਦਾ ਮਿੱਤਰ ਬਣਦਾ ਹੈ, ਉਸ ਤੋਂ ਸਹਾਇਤਾ ਪ੍ਰਾਪਤ ਕਰਨ ਲਈ ਹੀ (ਉਸ ਦਾ ਮਿੱਤਰ) ਬਣਦਾ ਹੈ । ਤੂੰ ਉਸ ਦੀ ਚੰਗੀ ਤਰ੍ਹਾਂ ਵਡਿਆਈ ਵਰਣਨ ਕੀਤਾ ਕਰ ।੧੧੨।

(ਰਕੂਅ ੧੨)

[1]ਉੱਚੀ ਆਵਾਜ਼ ਨਾਲ ਅਰਦਾਸ ਕਰਨ ਤੋਂ ਇਸ ਲਈ ਰੋਕਿਆ ਹੈ ਕਿ ਉਸ ਵਿਚ ਵਿਖਾਵਾ ਹੋ ਸਕਦਾ ਹੈ ਅਤੇ ਉੱਕੀ ਹੀ ਹੌਲੀ ਆਵਾਜ਼ ਤੋਂ ਇਸ ਲਈ ਰੋਕਿਆ ਹੈ ਕਿ ਬਹੁਤਾ ਹੌਲੀ ਪੜ੍ਹਿਆਂ ਗੱਲ ਭੁੱਲ ਜਾਂਦੀ ਹੈ ਤੇ ਬਿਰਤੀ ਜੁੜੀ ਨਹੀਂ ਰਹਿੰਦੀ ।



ਸੂਰਤ ਅਲ-ਕਹਫ਼ (੧੮)

{ ਇਹ ਸੂਰਤ ਤਿਲਾਵਤ ਤੋਂ ਪਹਿਲਾਂ-ਮੱਕੇ-ਉਤਰੀ ਸੀ । ਇਸ ਦੀਆਂ ਗਿਣਤੀ ਮੁਤਾਬਕ ਸਣੇ ੧੧੧ ਆਇਤਾਂ ਤੇ ੧੨ ਰੁਕੂਅ ਹਨ । }

بِسْمِ اللّٰهِ الرَّحْمٰنِ الرَّحِيْمِ ①

(ਮੈਂ) ਅਤਿ ਦਿਆਲੂ ਤੇ ਕਿਰਪਾਲੂ ਅੱਲਾਹ ਦਾ ਨਾਂ ਲੈ ਕੇ (ਅਰੰਭ ਕਰਦਾ ਹਾਂ) ।੧।

اَلْحَمْدُ لِلّٰهِ الَّذِیْۤ اَنْزَلَ عَلٰى عَبْدِهِ الْكِتٰبَ وَلَمْ يَجْعَلْ لَّهٗ عِوَجًا ؕ ②

ਹਰੇਕ ਉਪਮਾ ਦਾ ਅਧਿਕਾਰੀ ਅੱਲਾਹ ਹੀ ਹੈ, ਜਿਸ ਨੇ (ਇਹ) ਪੁਸਤਕ ਆਪਣੇ ਇਕ ਬੰਦੇ ਉੱਤੇ ਉਤਾਰੀ ਹੈ ਅਤੇ ਇਸ ਵਿਚ ਕੋਈ ਵੀ ਵਲ-ਵਿੰਗ ਨਹੀਂ ਹੈ ।੨।

قَيِّمًا لِّيُنْذِرَ بَاْسًا شَدِيْدًا مِّنْ لَّدُنْهُ وَيُبَشِّرَ الْمُؤْمِنِيْنَ الَّذِيْنَ يَعْمَلُوْنَ الصّٰلِحٰتِ اَنَّ لَهُمْ اَجْرًا حَسَنًا ۙ ③

(ਅਤੇ ਉਸ ਨੇ ਇਸ ਨੂੰ) ਸੱਚਾਈ ਨਾਲ ਭਰਪੂਰ ਤੇ ਠੀਕ ਅਗਵਾਈ ਕਰਨ ਵਾਲੀ ਬਣਾ ਕੇ ਉਤਾਰਿਆ ਹੈ; ਤਾਂ ਜੁ ਉਹ (ਲੱਕਾਂ ਨੂੰ) ਉਸ, (ਅਰਥਾਤ ਅੱਲਾਹ) ਵੱਲੋਂ (ਆਉਣ ਵਾਲੇ) ਇਕ ਕਰੜੇ ਕਸ਼ਟ ਤੋਂ ਡਰਾਵੇ ਅਤੇ ਸ਼ਰਧਾਲੂਆਂ ਤੇ, (ਯਥਾਯੋਗ ਤੇ ਯਥਾ-ਸ਼ਕਤ) ਭਲੇ ਕੰਮ ਕਰਨ ਵਾਲਿਆਂ ਨੂੰ ਖ਼ੁਸ਼-ਖਬਰੀਆਂ ਦੇਵੇ ਕਿ ਓਹਨਾਂ ਵਾਸਤੇ (ਪ੍ਰਭੂ ਵੱਲੋਂ) ਚੰਗਾ ਵਟਾਂਦਰਾ (ਨੀਅਤ) ਹੈ ।੩।

مَّاكِثِيْنَ فِيْهِ اَبَدًا ۙ ④

ਓਹ ਉਸ (ਵਟਾਂਦਰੇ) ਵਿਚ ਮਿਲਣ ਵਾਲੇ ਟਿਕਾਣੇ ਵਿਚ ਸਦਾ ਹੀ ਰਹਿਣਗੇ ।੪।

وَّيُنْذِرَ الَّذِيْنَ قَالُوا اتَّخَذَ اللّٰهُ وَلَدًا ۝٤

ਇਸ ਤੋਂ ਛੁੱਟ (ਉਸ ਨੇ ਇਸ ਨੂੰ ਇਸ ਲਈ ਵੀ ਉਤਾਰਿਆ ਹੈ ਕਿ) ਓਹ ਓਹਨਾਂ ਲੋਕਾਂ ਨੂੰ (ਆਉਣ ਵਾਲੇ ਕਸ਼ਟ ਤੋਂ) ਖ਼ਬਰਦਾਰ ਕਰੇ, ਜੋ ਇਹ ਕਹਿੰਦੇ ਹਨ ਕਿ ਅੱਲਾਹ ਨੇ (ਅਮਕੇ ਪ੍ਰਾਣੀ ਨੂੰ) ਆਪਣਾ ਪੁੱਤਰ ਥਾਪ ਲਿਆ ਹੈ ।੫।

مَا لَهُمْ بِهٖ مِنْ عِلْمٍ وَّلَا لِاٰبَآئِهِمْ ؕ كَبُرَتْ كَلِمَةً تَخْرُجُ مِنْ اَفْوَاهِهِمْ ؕ اِنْ يَّقُوْلُوْنَ اِلَّا كَذِبًا ۝٥

ਓਹਨਾਂ ਨੂੰ ਇਸ ਬਾਰੇ ਕੋਈ ਵੀ ਗਿਆਨ (ਪ੍ਰਾਪਤ) ਨਹੀਂ ਹੈ ਅਤੇ ਨਾ ਓਹਨਾਂ ਦੇ ਵੱਡੇ-ਵਡੇਰਿਆਂ ਨੂੰ ਹੀ (ਇਸ ਸੰਬੰਧੀ ਕੋਈ ਗਿਆਨ ਪ੍ਰਾਪਤ ਸੀ) । ਇਹ ਵੱਡੀ (ਭਿਆਨਕ) ਗੱਲ ਹੈ, ਜੋ ਓਹਨਾਂ ਦੇ ਮੂੰਹਾਂ ਤੋਂ ਨਿਕਲ ਰਹੀ ਹੈ । ਓਹ ਕੇਵਲ ਕੂੜ ਹੀ ਘੜ ਰਹੇ ਹਨ ।੬।

فَلَعَلَّكَ بَاخِعٌ نَّفْسَكَ عَلٰٓى اٰثَارِهِمْ اِنْ لَّمْ يُؤْمِنُوْا بِهٰذَا الْحَدِيْثِ اَسَفًا ۝٦

ਕੀ ਜੋ ਓਹ ਇਸ ਵੱਡੀ ਸ਼ਾਨਦਾਰ ਬਾਣੀ ਤੇ ਸ਼ਰਧਾ ਧਾਰਨ ਨਹੀਂ ਕਰਨਗੇ, ਤਾਂ ਤੂੰ ਓਹਨਾਂ ਦੀ ਚਿੰਤਾ ਵਿਚ ਆਪਣੀ ਜਿੰਦ ਨੂੰ ਨਸ਼ਟ ਕਰਨ ਤੇ ਤੁਲ ਜਾਏਂਗਾ ? ।੭।

اِنَّا جَعَلْنَا مَا عَلَى الْاَرْضِ زِيْنَةً لَّهَا لِنَبْلُوَهُمْ اَيُّهُمْ اَحْسَنُ عَمَلًا ۝٧

ਜੋ ਕੁਝ (ਸਾਰੀ) ਧਰਤੀ ਉੱਤੇ (ਵਿਦਮਾਨ) ਹੈ, ਬੇਸ਼ੱਕ ਅਸੀਂ ਉਸ ਨੂੰ ਉਸ ਦੀ ਸਜਾਵਟ (ਦਾ ਕਾਰਣ) ਬਣਾਇਆ ਹੈ; ਤਾਂ ਜੁ ਅਸੀਂ ਓਹਨਾਂ ਦੀ[1] ਪਰਖ ਕਰ ਸਕੀਏ (ਕਿ) ਓਹਨਾਂ ਵਿੱਚੋਂ ਸਭ ਤੋਂ ਵਧੀਕ ਭਲੇ ਕਰਮ ਕੌਣ ਕਰਦਾ ਹੈ ।੮।

وَاِنَّا لَجٰعِلُوْنَ مَا عَلَيْهَا صَعِيْدًا جُرُزًا ۝٨

ਅਤੇ ਬੇਸ਼ੱਕ ਇਸ (ਧਰਤੀ) ਉੱਤੇ ਜੋ ਕੁਝ ਵੀ ਹੈ, ਅਸੀਂ ਉਸ ਨੂੰ (ਇਕ ਦਿਨ) ਮਿਟਾ ਕੇ ਪੱਧਰਾ ਕਰ ਦਿਆਂਗੇ ।੯।

اَمْ حَسِبْتَ اَنَّ اَصْحٰبَ الْكَهْفِ وَالرَّقِيْمِ كَانُوْا مِنْ اٰيٰتِنَا عَجَبًا ۝٩

ਕੀ ਤੂੰ ਇਹ ਸਮਝਦਾ ਹੈਂ ਕਿ "ਕਹਫ਼" ਤੇ "ਰਕੀਮ" ਵਾਲੇ (ਲੋਕ) ਸਾਡੇ ਚਮਤਕਾਰਾਂ ਵਿੱਚੋਂ ਕੋਈ ਅਚੰਭਾ (ਭਰਿਆ ਚਮਤਕਾਰ) ਸਨ, (ਜਿਨ੍ਹਾਂ ਦੀ ਉਦਾਹਰਣ ਫੇਰ ਕਦੇ ਨਹੀਂ ਮਿਲ ਸਕਦੀ ?) ।੧੦।

[1]ਅਰਥਾਤ—ਧਰਤੀ ਦੇ ਵਸਨੀਕਾਂ ਦੀ ।

إِذْ أَوَى الْفِتْيَةُ إِلَى الْكَهْفِ فَقَالُوا رَبَّنَآ اٰتِنَا مِن لَّدُنْكَ رَحْمَةً وَّهَيِّئْ لَنَا مِنْ أَمْرِنَا رَشَدًا ﴿١١﴾

ਜਦ ਓਹ (ਕੁਝ) ਗੱਭਰੂ ਇਕ ਵੱਡੀ ਗੁਫਾ ਵਿਚ ਲੁਕੇ ਸਨ ਤੇ ਓਹਨਾਂ ਨੇ (ਅਰਦਾਸ ਕਰਦੇ ਹੋਏ) ਇਹ ਕਿਹਾ ਸੀ ਕਿ ਹੇ ਸਾਡੇ ਸਾਜਨਹਾਰ ਤੇ ਪਾਲਨਹਾਰ ! ਸਾਨੂੰ ਆਪਣੀ ਹਜ਼ੂਰੀਓਂ (ਖ਼ਾਸ) ਮਿਹਰ ਬਖ਼ਸ਼, ਅਰਥਾਤ ਸਾਡੇ ਵਾਸਤੇ ਸਾਡੇ (ਇਸ) ਮਾਮਲੇ ਵਿਚ ਸਿੱਧੇ ਰਾਹ ਦਾ ਸਾਧਨ ਬਖ਼ਸ਼ ।੧੧।

فَضَرَبْنَا عَلٰٓى اٰذَانِهِمْ فِي الْكَهْفِ سِنِيْنَ عَدَدًا ﴿١٢﴾

ਇਸ ਤੇ ਅਸੀਂ ਉਸ ਵੱਡੀ ਗੁਫਾ ਵਿਚ ਕੁਝ ਗਿਣਤੀ ਦੇ ਵਰ੍ਹਿਆਂ ਲਈ ਓਹਨਾਂ ਨੂੰ (ਬਾਹਰਲੀਆਂ ਗੱਲਾਂ) ਸੁਣਨ ਤੋਂ ਸੱਖਣਿਆਂ ਕਰ ਦਿੱਤਾ ਸੀ ।੧੨।

ثُمَّ بَعَثْنٰهُمْ لِنَعْلَمَ أَيُّ الْحِزْبَيْنِ أَحْصٰى لِمَا لَبِثُوْٓا أَمَدًا ﴿١٣﴾

ਫੇਰ ਅਸੀਂ ਓਹਨਾਂ ਨੂੰ ਉਠਾਇਆ ਸੀ; ਤਾਂ ਜੁ ਸਾਨੂੰ ਇਹ ਪਤਾ ਲਗ ਜਾਏ, ਕਿੰਨਾ ਚਿਰ ਓਹ (ਉੱਥੇ) ਠਹਿਰੇ ਸਨ? ਉਸ ਨੂੰ (ਮੱਸ਼ੀਹ ਦੇ ਸੰਚਾਲੀਆਂ) ਦੋਹਾਂ ਧੜਿਆਂ ਵਿੱਚੋਂ ਵਧੇਰੇ ਯਾਦ ਰੱਖਣ ਵਾਲਾ ਕਿਹੜਾ ਧੜਾ ਹੈ ? ।੧੩। (ਰਕੂਅ ੧)

نَحْنُ نَقُصُّ عَلَيْكَ نَبَأَهُمْ بِالْحَقِّ إِنَّهُمْ فِتْيَةٌ اٰمَنُوْا بِرَبِّهِمْ وَزِدْنٰهُمْ هُدًى ﴿١٤﴾

(ਹੁਣ) ਅਸੀਂ ਓਹਨਾਂ ਦੀਆਂ ਖ਼ਾਸ ਖਾਸ ਖ਼ਬਰਾਂ ਤੇਰੇ ਅੱਗੇ ਠੀਕ ਠੀਕ ਵਰਣਨ ਕਰਦੇ ਹਾਂ । ਓਹ ਕੁਝ ਗੱਭਰੂ ਸਨ, ਜੋ ਆਪਣੇ ਸਾਜਨਹਾਰ ਤੇ ਪਾਲਨ-ਹਾਰ ਉੱਤੇ (ਸੱਚੀ) ਸ਼ਰਧਾ ਰੱਖਦੇ ਸਨ ਅਤੇ ਅਸੀਂ ਓਹਨਾਂ ਨੂੰ ਸੁਮਾਰਗ ਵਿਚ (ਹੋਰ ਵੀ) ਵਧਾਇਆ ਹੋਇਆ ਸੀ ।੧੪।

وَرَبَطْنَا عَلٰى قُلُوْبِهِمْ إِذْ قَامُوْا فَقَالُوْا رَبُّنَا رَبُّ السَّمٰوٰتِ وَالْأَرْضِ لَنْ نَّدْعُوَا مِنْ دُوْنِهٖٓ إِلٰهًا لَّقَدْ قُلْنَآ إِذًا شَطَطًا ﴿١٥﴾

ਅਤੇ ਜਦ ਓਹ (ਆਪਣੇ ਦੇਸ ਵਿੱਚੋਂ ਨਿਕਲਣ ਲਈ) ਉੱਠੇ ਸਨ, ਤਾਂ ਅਸੀਂ ਓਹਨਾਂ ਦੇ ਦਿਲ ਪੱਕੇ ਕਰ ਦਿੱਤੇ ਸਨ । ਤਦ ਓਹਨਾਂ ਨੇ (ਇਕ ਦੂਜੇ ਨੂੰ) ਇਹ ਕਿਹਾ ਸੀ ਕਿ ਸਾਡਾ ਸਾਜਨਹਾਰ ਤੇ ਪਾਲਨਹਾਰ (ਉਹ ਹੈ ਜੋ) ਸਾਰੇ ਅਕਾਸ਼ਾਂ ਤੇ ਪਤਾਲਾਂ ਦਾ (ਵੀ) ਸਾਜਨਹਾਰ ਤੇ ਪਾਲਨਹਾਰ ਹੈ, ਅਸੀਂ ਉਸ ਤੋਂ ਛੁੱਟ ਕਿਸੇ ਹੋਰ ਇਸ਼ਟ ਦੇਵ ਦੀ (ਕਦੇ ਵੀ) ਪੂਜਾ ਨਹੀਂ ਕਰਾਂਗੇ । ਨਹੀਂ ਤਾਂ ਅਸੀਂ ਸੱਚਾਈ ਤੋਂ ਦੂਰ ਇਕ ਗੱਲ ਕਹਿਣ ਵਾਲੇ ਹੋ ਜਾਵਾਂਗੇ ।੧੫।

هٰٓؤُلَآءِ قَوْمُنَا اتَّخَذُوْا مِنْ دُوْنِهٖٓ اٰلِهَةً ۭ لَوْ لَا يَاْتُوْنَ عَلَيْهِمْ بِسُلْطٰنٍۢ بَيِّنٍ ۭ فَمَنْ اَظْلَمُ مِمَّنِ افْتَرٰى عَلَى اللّٰهِ كَذِبًا ۝

ਓਹਨਾਂ ਲੋਕਾਂ ਨੇ,(ਅਰਥਾਤ ਸਾਡੀ ਜਾਤੀ ਨੇ) ਇਸ ਸੱਚੇ ਇਸ਼ਟ ਨੂੰ ਤਿਆਗ ਕੇ (ਆਪਣੇ ਵਾਸਤੇ) ਕਈ ਹੋਰ (ਹੋਰ ਬਣਾਉਟੀ ਇਸ਼ਟ) ਮਿਥ ਲਏ ਹਨ । ਓਹ ਓਹਨਾਂ ਦੇ ਸਬੂਤ ਵਿਚ ਕੋਈ ਸਪਸ਼ਟ ਦਲੀਲ ਕਿਉਂ ਨਹੀਂ ਦਿੰਦੇ ? ਫੇਰ (ਓਹ ਇਹ ਕਿਉਂ ਨਹੀਂ ਸਮਝਦੇ ਕਿ) ਜੋ ਪ੍ਰਾਣੀ ਅੱਲਾਹ ਉੱਤੇ ਝੂਠ ਘੜਦਾ ਹੈ, ਉਸ ਤੋਂ ਵੱਡਾ ਜ਼ਾਲਮ[1] ਹੋਰ ਕਿਹੜਾ (ਹੋ ਸਕਦਾ) ਹੈ ? ।੧੬।

وَاِذِ اعْتَزَلْتُمُوْهُمْ وَمَا يَعْبُدُوْنَ اِلَّا اللّٰهَ فَاْوٗٓا اِلَى الْكَهْفِ يَنْشُرْ لَكُمْ رَبُّكُمْ مِّنْ رَّحْمَتِهٖ وَيُهَيِّئْ لَكُمْ مِّنْ اَمْرِكُمْ مِّرْفَقًا ۝

ਅਤੇ ਹੁਣ (ਇਸ ਸਮੇਂ) ਜਦ (ਕਿ) ਤੁਸੀਂ ਓਹਨਾਂ ਤੋਂ ਤੇ (ਇਸ ਤੋਂ ਛੁੱਟ) ਓਹ ਅੱਲਾਹ ਤੋਂ ਬਿਨਾਂ ਜਿਸ ਚੀਜ਼ ਦੀ ਪੂਜਾ ਕਰਦੇ ਸਨ—(ਓਹਨਾਂ ਤੋਂ ਵੀ) ਲਾਂਭੇ ਹੋ ਗਏ ਹੋ, ਤਾਂ (ਹੁਣ) ਤੁਸੀਂ ਇਸ ਵੱਡੀ ਪਹਾੜੀ ਗੁਫ਼ਾ ਵਿਚ ਲੁਕੇ ਰਹੋ । (ਜੇ ਤੁਸੀਂ ਅਜਿਹਾ ਕਰੋਗੇ, ਤਾਂ) ਤੁਹਾਡਾ ਸਾਜਨਹਾਰ ਤੇ ਪਾਲਨਹਾਰ ਆਪਣੀ ਮਿਹਰ (ਦਾ ਕੋਈ ਰਾਹ ਤੁਹਾਡੇ ਵਾਸਤੇ) ਖੋਲ੍ਹ ਦੇਵੇਗਾ, ਅਰਥਾਤ ਤੁਹਾਡੇ ਇਸ ਮਾਮਲੇ ਵਿਚ ਤੁਹਾਡੇ ਲਈ ਕੋਈ ਸੋਖ ਦਾ ਸਾਧਨ ਬਣਾ ਦੇਵੇਗਾ ।੧੭।

وَتَرَى الشَّمْسَ اِذَا طَلَعَتْ تَّزٰوَرُ عَنْ كَهْفِهِمْ ذَاتَ الْيَمِيْنِ وَاِذَا غَرَبَتْ تَّقْرِضُهُمْ ذَاتَ الشِّمَالِ وَهُمْ فِيْ فَجْوَةٍ مِّنْهُ ۭ ذٰلِكَ مِنْ اٰيٰتِ اللّٰهِ ۭ مَنْ يَّهْدِ اللّٰهُ فَهُوَ الْمُهْتَدِ ۚ وَمَنْ يُّضْلِلْ فَلَنْ

ਅਤੇ (ਹੇ ਸੁੱਤੇ !) ਤੂੰ ਸੂਰਜ ਨੂੰ ਵੇਖਦਾ ਹੈਂ ਕਿ ਜਦ ਉਹ ਚੜ੍ਹਦਾ ਸੀ, ਤਾਂ ਉਹਨਾਂ ਦੇ ਲੁਕਣ ਦੇ ਵਿਸ਼ਾਲ ਟਿਕਾਣੇ ਤੋਂ ਸੱਜੇ ਪਾਸਿਓਂ[2] ਹੱਟ ਕੇ ਲੰਘਦਾ ਸੀ ਅਤੇ ਜਦ ਉਹ ਡੁਬਦਾ ਸੀ, ਤਾਂ ਓਹਨਾਂ ਤੋਂ ਖੱਬੇ ਪਾਸਿਓਂ ਹੱਟ ਕੇ ਡੁਬਦਾ ਸੀ ਅਤੇ ਓਹ ਉਸ ਗੁਫ਼ਾ ਦੇ ਅੰਦਰ ਇਕ ਖੁਲ੍ਹੀ ਡੁਲ੍ਹੀ ਥਾਂ ਵਿਚ (ਰਹਿੰਦੇ) ਸਨ । ਇਹ ਗੱਲ ਅੱਲਾਹ (ਦੀ ਸਹਾਇਤਾ) ਦੇ ਚਮਤਕਾਰਾਂ ਵਿੱਚੋਂ (ਇਕ ਚਮਤਕਾਰ) ਹੈ, ਜਿਸ ਨੂੰ ਅੱਲਾਹ (ਸੁਮਾਰਗ ਦਾ) ਰਾਹ ਦਸਦਾ ਹੈ,

[1]ਮੂਲ ਪਾਠ ਵਿਚ ਜੋ ਅਖਰ ਹਨ, ਓਹਨਾਂ ਅਨੁਸਾਰ ਇਸ ਦਾ ਅਰਥ ਇਹ ਬਣਦਾ ਹੈ ਕਿ ''ਜੋ ਅੱਲਾਹ ਉੱਤੇ ਕੂੜ ਘੜਦਾ ਹੈ,ਉਹ ਵੱਡਾ ਜ਼ਾਲਮ ਹੈ ।''

[2]ਅਰਥਾਤ—''ਕਹਫ'' ਦਾ ਟਿਕਾਣਾ ਇਕ ਅਜਿਹੀ ਥਾਂ ਸੀ ਕਿ ਸਵੇਰ ਵੇਲੇ ਸੂਰਜ ਸੱਜੇ ਪਾਸਿਓਂ ਲੰਘਦਾ ਸੀ ਤੇ ਸ਼ਾਮ ਨੂੰ ਖੱਬੇ ਪਾਸਿਓਂ । (ਇਸ ਦੇ ਵਿਸਥਾਰ ਲਈ ਵੇਖੋ ਤਫ਼ਸੀਰਿ ਕਬੀਰ ਜਿਲਦ ੩, ਪੰਨਾ ੯੨੬)

تَجِدَ لَهٗ وَلِيًّا مُّرْشِدًا ﴿١٧﴾ ع ١٢

ਉਹੋ ਸੁਮਾਰਗ ਵਲ ਲਗਦਾ ਹੈ ਅਤੇ ਜਿਸ ਨੂੰ ਉਹ ਕੁਰਾਹੀਆ ਕਰਾਰ ਦੇ ਦੇਵੇ, ਉਸ ਦਾ ਤੈਨੂੰ ਕੋਈ ਵੀ ਮਿੱਤਰ (ਤੇ) ਆਗੂ ਨਹੀਂ ਮਿਲੇਗਾ ।੧੮। (ਰਕੂਅ ੨)

وَتَحْسَبُهُمْ اَيْقَاظًا وَّهُمْ رُقُوْدٌ ۚ وَّنُقَلِّبُهُمْ ذَاتَ الْيَمِيْنِ وَذَاتَ الشِّمَالِ ۚ وَكَلْبُهُمْ بَاسِطٌ ذِرَاعَيْهِ بِالْوَصِيْدِ ۭ لَوِ اطَّلَعْتَ عَلَيْهِمْ لَوَلَّيْتَ مِنْهُمْ فِرَارًا وَّلَمُلِئْتَ مِنْهُمْ رُعْبًا ﴿١٨﴾

ਅਤੇ (ਹੇ ਸੋਤੇ !) ਤੂੰ ਓਹਨਾਂ ਨੂੰ ਜਾਗਦੇ ਸਮਝ ਰਿਹਾ ਹੈਂ; ਪਰ (ਵਾਸਤਵ ਵਿਚ) ਓਹ ਸੁੱਤੇ ਪਏ ਹਨ । ਅਸੀਂ ਓਹਨਾਂ[1] ਨੂੰ ਸੱਜੇ ਪਾਸਿਓਂ (ਵੀ) ਫਿਰਾਵਾਂਗੇ ਤੇ ਖੱਬੇ ਪਾਸਿਓਂ (ਵੀ), ਅਰਥਾਤ ਓਹਨਾਂ ਦਾ ਕੁੱਤਾ[2] (ਵੀ ਓਹਨਾਂ ਦੇ ਨਾਲ ਹੀ) ਵਿਹੜੇ ਵਿਚ ਹੱਥ ਵਧਾਈ (ਮੌਜੂਦ) ਰਹੇਗਾ । ਜੇ ਤੂੰ ਓਹਨਾਂ ਦੇ ਹਾਲ ਤੋਂ ਜਾਣੂੰ ਹੋ ਜਾਏਂ, ਤਾਂ ਤੂੰ ਓਹਨਾਂ ਤੋਂ ਨੱਸਣ[3] ਲਈ ਮੂੰਹ ਮੋੜ ਲਏਂ, ਅਰਥਾਤ ਓਹਨਾਂ ਦੇ ਕਾਰਣ ਰੁਅਬ ਨਾਲ ਭਰ ਜਾਏਂ ।੧੯।

وَكَذٰلِكَ بَعَثْنٰهُمْ لِيَتَسَاۗءَلُوْا بَيْنَهُمْ ۭ قَالَ قَاۗىِٕلٌ مِّنْهُمْ كَمْ لَبِثْتُمْ ۭ قَالُوْا لَبِثْنَا يَوْمًا اَوْ بَعْضَ يَوْمٍ ۭ قَالُوْا رَبُّكُمْ اَعْلَمُ بِمَا لَبِثْتُمْ ۭ فَابْعَثُوْٓا اَحَدَكُمْ

ਅਤੇ ਇਸੇ ਤਰ੍ਹਾਂ ਅਸੀਂ ਓਹਨਾਂ ਨੂੰ (ਓਹਨਾਂ ਦੀ ਅਧੀਨਗੀ ਦੀ ਹਾਲਤ ਤੋਂ) ਉਠਾਇਆ ਸੀ । ਇਸ ਤੇ ਓਹ (ਵੱਡੀ ਹੈਰਾਨੀ ਨਾਲ) ਆਪਸ ਵਿਚ ਇਕ ਦੂਜੇ ਤੋਂ ਪੁਛਗਿਛ ਕਰਨ ਲੱਗੇ ਸਨ । ਓਹਨਾਂ ਵਿੱਚੋਂ ਇਕ ਨੇ ਇਹ ਕਿਹਾ ਸੀ ਕਿ ਤੁਸੀਂ ਇੱਥੇ ਕਿੰਨਾ ਚਿਰ ਠਹਿਰੇ ਰਹੇ ਹੋ ? (ਜਿਨ੍ਹਾਂ ਨੂੰ ਉਸ ਨੇ ਸੰਬੋਧਨ ਕੀਤਾ ਸੀ), ਓਹਨਾਂ ਨੇ ਇਹ ਉੱਤਰ ਦਿੱਤਾ ਸੀ ਕਿ ਅਸੀਂ ਕੇਵਲ ਇਕ ਦਿਨ ਜਾਂ ਦਿਨ ਦਾ ਕੁਝ ਹਿੱਸਾ ਹੀ ਇੱਥੇ ਠਹਿਰੇ ਹਾਂ । (ਤਦ) ਓਹਨਾਂ (ਵਿੱਚੋਂ ਦੂਜਿਆਂ) ਨੇ ਇਹ ਕਿਹਾ ਸੀ (ਕਿ ਜਿੰਨਾ ਚਿਰ) ਤੁਸੀਂ (ਇੱਥੇ) ਠਹਿਰੇ ਰਹੇ ਹੋ, ਉਸ ਦਾ ਤੁਹਾਡਾ ਸਾਜਨਹਾਰ ਤੇ ਪਾਲਨਹਾਰ ਹੀ ਜਾਣਨਹਾਰ ਹੈ । (ਸੋ ਇਸ ਝਗੜੇ ਨੂੰ ਛੱਡ ਦਿਓ[4] ।)

[1]ਅਰਥਾਤ—ਕਹਫ ਜਗ ਦੇ ਹਰ ਪਾਸੇ ਫੈਲ ਜਾਣਗੇ ਅਤੇ ਇਹ ਫੈਲਣ ਵਾਲੀ ਜਾਤੀ "ਯੂਰਪ" ਦੇ ਈਸਾਈ ਹੀ ਹਨ । ਸੋ ਏਹਨਾਂ ਵਲ ਹੀ ਇੱਥੇ ਇਸ਼ਾਰਾ ਕੀਤਾ ਗਿਆ ਹੈ ।

[2]ਪਾਲਤੂ ਕੁੱਤੇ ਜਦ ਘਰ ਦੀ ਰਾਖੀ ਲਈ ਬਾਹਰ ਬੈਠਦੇ ਹਨ, ਤਾਂ ਓਹ ਹੱਥ ਲੰਮੇ ਕਰ ਕੇ ਧਰਤੀ ਤੇ ਬੈਠਦੇ ਹਨ ਅਤੇ ਯੂਰਪੀਨ ਲੋਕ ਬਹੁਤ ਕੁੱਤੇ ਰੱਖਦੇ ਹਨ । ਇਸੇ ਗੱਲ ਵਲ ਇੱਥੇ ਇਸ਼ਾਰਾ ਕੀਤਾ ਗਿਆ ਹੈ।

[3]ਅਰਥਾਤ—ਪੱਛਮੀ ਜਾਂ ਉਤਰੀ ਲੋਕ ਪੂਰਬੀਆਂ ਜਾਂ ਦੱਖਣੀਆਂ ਤੋਂ ਇਸ ਤਰ੍ਹਾਂ ਬਚ ਕੇ ਰਹਿਣਗੇ ਕਿ ਓਹਨਾਂ ਦੇ ਘਰਾਂ ਵਿਚ ਆਗਿਆ ਪ੍ਰਾਪਤ ਕੀਤੇ ਬਿਨਾਂ ਜਾਣਾ ਪੂਰਬੀਆਂ ਵਾਸਤੇ ਅਸੰਭਵ ਹੋਵੇਗਾ ।

[4]ਅਰਥਾਤ—"ਕਹਫ" ਉੱਤੇ ਸਮੇਂ ਦਾ ਇਤਿਹਾਸ ਪਰਗਟ ਹੋ ਗਿਆ ਸੀ ਤੇ ਓਹਨਾਂ ਨੇ ਕੁਝ ਆਮਨ ਵੀ ਪ੍ਰਾਪਤ ਕੀਤਾ ਸੀ । ਇਸ ਤੇ ਓਹਨਾਂ ਨੇ ਆਪਣੇ ਪੁਰਾਣੇ ਸਿੱਕੇ ਦੇ ਕੇ ਆਪਣੇ ਵਿੱਚੋਂ ਕਿਸੇ ਨੂੰ ਅੰਨ-ਦਾਣਾ ਮੁੱਲ ਲੈਣ ਲਈ ਭੇਜਿਆ ਸੀ ।

بِوَرِقِكُمْ هٰذِهٖٓ اِلَى الْمَدِيْنَةِ فَلْيَنْظُرْ اَيُّهَآ اَزْكٰى طَعَامًا فَلْيَاْتِكُمْ بِرِزْقٍ مِّنْهُ وَلْيَتَلَطَّفْ وَلَا يُشْعِرَنَّ بِكُمْ اَحَدًا ﴿١٩﴾

ਆਪਣੇ ਇਹ ਪੁਰਾਣੇ ਸਿੱਕੇ ਦੇ ਕੇ ਆਪਣੇ ਵਿੱਚੋਂ ਕਿਸੇ ਇਕ ਨੂੰ ਇਸ ਸ਼ਹਿਰ ਵਲ ਭੇਜੋ; ਉਹ (ਜਾ ਕੇ) ਇਹ ਵੇਖੇ ਕਿ ਇਸ (ਸ਼ਹਿਰ) ਵਿੱਚੋਂ ਕਿਸ ਦਾ ਅੰਨ-ਦਾਣਾ ਸਭ ਤੋਂ ਚੰਗਾ ਹੈ। (ਜਿਸ ਦਾ ਅੰਨ-ਦਾਣਾ ਸਭ ਤੋਂ ਚੰਗਾ ਹੋਵੇ) ਉਸ ਤੋਂ ਕੁਛ ਖਾਣ-ਪੀਣ ਦੀਆਂ ਚੀਜ਼ਾਂ ਲੈ ਆਵੇ ਅਤੇ ਉਹ ਵੱਡੀ ਹੁਸ਼ਿਆਰੀ ਨਾਲ (ਲੋਕਾਂ ਦੇ) ਭੇਤ ਦੀਆਂ ਗੱਲਾਂ ਦਾ ਵੀ ਪਤਾ ਲਾਉਣ ਦਾ ਜਤਨ ਕਰੇ, ਅਰਥਾਤ ਤੁਹਾਡੇ ਬਾਰੇ ਕਿਸੇ ਨੂੰ (ਵੀ ਕੁਝ) ਉੱਕਾ ਹੀ ਪਤਾ ਨਾ ਲੱਗਣ ਦੇਵੇ ।੨੦।

اِنَّهُمْ اِنْ يَّظْهَرُوْا عَلَيْكُمْ يَرْجُمُوْكُمْ اَوْ يُعِيْدُوْكُمْ فِيْ مِلَّتِهِمْ وَلَنْ تُفْلِحُوْٓا اِذًا اَبَدًا ﴿٢٠﴾

ਕਿਉਂਕਿ ਜੋ ਓਹ ਤੁਹਾਨੂੰ ਫੜ ਲੈਣਗੇ, ਤਾਂ ਨਿਰਸੰਦੇਹ ਤੁਹਾਨੂੰ ਪਥਰਾਓ ਕਰ ਕੇ ਮਾਰ ਦੇਣਗੇ, ਜਾਂ (ਧੱਕੇ ਨਾਲ) ਤੁਹਾਨੂੰ ਆਪਣੇ ਮਤਿ ਵਿਚ ਰਲਾ ਲੈਣਗੇ, ਅਰਥਾਤ ਤੁਸੀਂ ਇਸ ਤਰ੍ਹਾਂ ਕਦੇ (ਵੀ) ਸਫਲ ਨਹੀਂ ਹੋ ਸਕੋਗੇ ।੨੧।

وَكَذٰلِكَ اَعْثَرْنَا عَلَيْهِمْ لِيَعْلَمُوْٓا اَنَّ وَعْدَ اللّٰهِ حَقٌّ وَّاَنَّ السَّاعَةَ لَا رَيْبَ فِيْهَا ۚ اِذْ يَتَنَازَعُوْنَ بَيْنَهُمْ اَمْرَهُمْ فَقَالُوا ابْنُوْا عَلَيْهِمْ بُنْيَانًا ۗ رَبُّهُمْ

ਅਤੇ ਇਸੇ ਤਰ੍ਹਾਂ ਅਸੀਂ (ਲੋਕਾਂ ਨੂੰ) ਓਹਨਾਂ (ਦੇ ਹਾਲ-ਚਾਲ) ਤੋਂ ਗਿਆਤ ਕੀਤਾ ਹੈ; ਤਾਂ ਜੁ ਓਹਨਾਂ ਨੂੰ ਪਤਾ ਲਗ ਸਕੇ ਕਿ ਅੱਲਾਹ ਦਾ ਬਚਨ ਪੂਰਾ ਹੋ ਕੇ ਰਹਿੰਦਾ ਹੈ ਅਤੇ (ਇਹ ਵੀ ਕਿ) ਉਸ (ਆਉਣ ਵਾਲੀ) ਘੜੀ (ਦੇ ਆਉਣ) ਵਿਚ ਕੋਈ ਸੰਦੇਹ ਨਹੀਂ ਹੈ (ਅਤੇ ਉਹ ਸਮਾਂ ਵੀ ਯਾਦ ਕਰੋ) ਜਦ (ਕਿ) ਓਹ ਆਪਣੇ ਕੰਮ ਬਾਰੇ ਆਪਸ ਵਿਚ ਬਚਨ-ਬਿਲਾਸ ਕਰਨ ਲੱਗੇ ਸਨ ਤੇ ਓਹਨਾਂ ਨੇ (ਇਕ ਦੂਜੇ ਨੂੰ ਇਹ ਕਿਹਾ ਸੀ ਕਿ) ਤੁਸੀਂ ਓਹਨਾਂ (ਦੇ ਰਹਿਣ ਦੇ ਟਿਕਾਣੇ) ਤੇ ਕੋਈ ਮਕਾਨ ਉਸਾਰੋ। ਓਹਨਾਂ ਦਾ ਸਾਜਨਹਾਰ ਤੇ ਪਾਲਨਹਾਰ ਓਹਨਾਂ (ਦੇ ਹਾਲ-ਚਾਲ) ਦਾ ਸਭ ਤੋਂ ਵਧੀਕ ਜਾਣਨਹਾਰ ਹੈ।

اَعۡلَمُ بِهِمۡ ؕ قَالَ الَّذِيۡنَ غَلَبُوۡا عَلٰٓى اَمۡرِهِمۡ لَنَتَّخِذَنَّ عَلَيۡهِمۡ مَّسۡجِدًا ﴿۲۲﴾

ਉੜਕ ਓਹਨਾਂ ਨੇ ਆਪਣੇ ਕਥਨ ਤੇ ਕਾਬੂ ਪਾ ਲਿਆ ਸੀ ਤੇ ਇਹ ਕਿਹਾ ਸੀ ਕਿ ਅਸੀਂ ਤਾਂ ਓਹਨਾਂ (ਦੇ ਨਿਵਾਸ ਅਸਥਾਨ) ਤੇ ਇਕ ਮਸੀਤ[1] (ਹੀ) ਬਣਾਵਾਂਗੇ ।੨੨।

سَيَقُوۡلُوۡنَ ثَلٰثَةٌ رَّابِعُهُمۡ كَلۡبُهُمۡ ۚ وَ يَقُوۡلُوۡنَ خَمۡسَةٌ سَادِسُهُمۡ كَلۡبُهُمۡ رَجۡمًۢا بِالۡغَيۡبِ ۚ وَ يَقُوۡلُوۡنَ سَبۡعَةٌ وَّ ثَامِنُهُمۡ كَلۡبُهُمۡ ؕ قُلۡ رَّبِّىۡۤ اَعۡلَمُ بِعِدَّتِهِمۡ مَّا يَعۡلَمُهُمۡ اِلَّا قَلِيۡلٌ ۬ؕ فَلَا تُمَارِ فِيۡهِمۡ اِلَّا مِرَآءً ظَاهِرًا ۪ وَّ لَا تَسۡتَفۡتِ فِيۡهِمۡ مِّنۡهُمۡ اَحَدًا ﴿۲۳﴾ ع ١٥

ਓਹ (ਲੋਕ ਜੋ ਅਸਲੀਅਤ ਤੋਂ ਅਗਿਆਤ ਹਨ, ਜ਼ਰੂਰ) ਗੁਪਤ ਗਿਆਨ ਬਾਰੇ ਅਟਕਲ ਪੱਚੂ ਗੱਲਾਂ ਕਰਦੇ ਹੋਏ (ਕਦੇ) ਇਹ ਕਹਿਣਗੇ (ਕਿ ਓਹ ਕੇਵਲ) ਤਿੰਨ (ਬੰਦੇ) ਸਨ ਤੇ ਚੌਥਾ ਓਹਨਾਂ ਦਾ ਕੁੱਤਾ ਸੀ ਅਤੇ (ਕਦੇ ਇਹ[2]) ਕਹਿਣਗੇ ਕਿ (ਓਹ) ਪੰਜ ਸਨ ਤੇ ਛੇਵਾਂ ਓਹਨਾਂ ਦਾ ਕੁੱਤਾ ਸੀ[3], ਅਰਥਾਤ (ਓਹਨਾਂ ਵਿੱਚੋਂ ਕਈ ਇਹ ਵੀ) ਕਹਿਣਗੇ ਕਿ (ਓਹ) ਸਤ ਸਨ ਤੇ ਓਹਨਾਂ ਦੇ ਨਾਲ ਅੱਠਵਾਂ ਕੁੱਤਾ ਸੀ। ਤੂੰ (ਓਹਨਾਂ ਨੂੰ) ਇਹ ਕਹਿ ਦੇ (ਕਿ) ਓਹਨਾਂ ਦੀ (ਠੀਕ ਠੀਕ) ਗਿਣਤੀ ਦਾ ਜਾਣਨਹਾਰ ਅੱਲਾਹ ਹੀ ਹੈ, (ਅਰਥਾਤ) ਥੋੜ੍ਹੇ ਜੇਹੇ ਲੋਕਾਂ ਤੋਂ ਛੁੱਟ[4] ਹੋਰ ਕਿਸੇ ਨੂੰ ਕੁਝ ਪਤਾ ਨਹੀਂ। ਸੋ ਤੂੰ ਓਹਨਾਂ ਬਾਰੇ ਪੱਕੀ ਵੀਚਾਰ ਤੋਂ ਬਿਨਾਂ ਕੋਈ ਗੱਲ ਨਾ ਕਰ, ਅਰਥਾਤ ਓਹਨਾਂ ਬਾਰੇ ਓਹਨਾਂ ਵਿੱਚੋਂ ਕਿਸੇ ਤੋਂ ਅਸਲੀਅਤ ਦਾ ਪਤਾ ਨਾ ਕਰ ।੨੩। (ਰਕੂਅ ੩)

---

[1]ਇਸ ਥਾਂ ਮੂਲ ਪਾਠ ਵਿਚ ''ਮਸੀਤ'' ਪਦ ਹੈ, ਪਰ ਈਸਾਈਆਂ ਵਿਚ ਮਸੀਤ ਦੀ ਥਾਂ ਗਿਰਜਾ ਬਣਾਇਆ ਜਾਂਦਾ ਹੈ। ਸੋ ਹੁਣ ਵੀ ਕੀਟਾ ਕੁਅੰਬਜ ਦੇ (ਜਿੱਥੇ ਕਹਫ ਲੁਕੇ ਸਨ) ਮੂੰਹ ਅੱਗੇ ਗਿਰਜਾ ਬਣਿਆ ਹੋਇਆ ਹੈ।

[2]ਇਹ ਪੁਰਾਣੀਆਂ ਗੁਫ਼ਾਂ ਦੇ ਅੱਡ ਅੱਡ ਕਮਰਿਆਂ ਦਾ ਹਾਲ ਹੈ। ਕਈ ਕਮਰਿਆਂ ਦੇ ਕਤਬੇ ਇਹ ਦੱਸਦੇ ਹਨ ਕਿ ਉੱਥੇ ਤਿੰਨ ਬੰਦਿਆਂ ਨੇ ਹੀ ਓਟ ਲਈ ਸੀ। ਕਈ ਇਹ ਦੱਸਦੇ ਹਨ ਕਿ ਉੱਥੇ ਸਤ ਬੰਦਿਆਂ ਨੇ ਪਨਾਹ ਲਈ ਸੀ। ਇਸੇ ਤਰ੍ਹਾਂ ਅੱਡ ਅੱਡ ਕਮਰਿਆਂ ਬਾਰੇ ਵੱਖ ਵੱਖ ਗਿਣਤੀ ਦੱਸੀ ਗਈ ਹੈ।

[3]ਕੀਟਾ ਕੁਅੰਬਜ ਵਿਚ ਪਨਾਹ ਲੈਣ ਵਾਲੇ ਈਸਾਈਆਂ ਨਾਲ ਹਰ ਥਾਂ ਕੁੱਤਾ ਵੀ ਦੱਸਿਆ ਗਿਆ ਹੈ।

[4]ਵੱਡੀ ਹੈਰਾਨੀ ਦੀ ਗੱਲ ਹੈ ਕਿ ਕੁਰਾਨ ਸ਼ਰੀਫ਼ ਤਾਂ ਇਹ ਦੱਸਦਾ ਹੈ ਕਿ ''ਕਹਫ'' ਦੀ ਗਿਣਤੀ ਕੇਵਲ ਥੋੜ੍ਹੇ ਲੋਕ ਹੀ ਜਾਣਦੇ ਹਨ, ਪਰ ਤਫ਼ਸੀਰਾਂ ਵੇਖਿਆਂ ਪਤਾ ਲਗਦਾ ਹੈ ਕਿ ਓਹਨਾਂ ਦੀ ਗਿਣਤੀ ਦਾ ਬੱਚੇ ਬੱਚੇ ਨੂੰ ਪਤਾ ਹੈ।

وَلَا تَقُوْلَنَّ لِشَايْءٍ اِنِّيْ فَاعِلٌ ذٰلِكَ غَدًا ﴿٢٣﴾

ਅਤੇ ਤੂੰ[1] ਕਿਸੇ ਗੱਲ ਬਾਰੇ (ਦਾਅਵੇ ਨਾਲ) ਇਹ ਕਦੇ ਨਾ ਆਖਿਆ ਕਰ (ਕਿ) ਮੈਂ ਭਲਕੇ ਇਹ (ਕੰਮ) ਜ਼ਰੂਰ ਕਰ ਦਿਆਂਗਾ ।੨੪।

اِلَّآ اَنْ يَّشَآءَ اللّٰهُ ۚ وَاذْكُرْ رَّبَّكَ اِذَا نَسِيْتَ وَقُلْ عَسٰٓى اَنْ يَّهْدِيَنِ رَبِّيْ لِاَقْرَبَ مِنْ هٰذَا رَشَدًا ﴿٢٤﴾

ਹਾਂ, (ਕੇਵਲ) ਉਸ ਤਰ੍ਹਾਂ (ਕਰਾਂਗਾ), ਜਿਸ ਤਰ੍ਹਾਂ ਕਿ ਅੱਲਾਹ ਚਾਹੇਗਾ ਅਤੇ (ਜੇ ਕਿਸੇ ਵੇਲੇ) ਤੂੰ ਇਹ ਭੁੱਲ ਜਾਏਂ, ਤਾਂ (ਯਾਦ ਆਉਣ ਤੇ) ਆਪਣੇ ਸਾਜਨਹਾਰ ਤੇ ਪਾਲਨਹਾਰ (ਦੇ ਬਚਨਾਂ) ਨੂੰ ਚੇਤੇ (ਕਰ ਲਿਆ) ਕਰ ਅਤੇ ਇਹ ਕਹਿ ਦਿਆ ਕਰ ਕਿ (ਮੈਨੂੰ ਪੂਰਨ) ਆਸ ਹੈ ਕਿ ਮੇਰਾ ਸਾਜਨਹਾਰ ਤੇ ਪਾਲਨਹਾਰ (ਅੱਤ ਮੈਨੂੰ ਸਫਲ ਕਰੇਗਾ ਅਤੇ) ਮੈਨੂੰ ਉਸ (ਮਾਰਗ) ਵਲ ਲਾ ਦੇਵੇਗਾ, ਜੋ ਸੁਮਾਰਗ ਦੇ ਲਿਹਾਜ਼ ਨਾਲ (ਇਸ ਮੇਰੇ ਤਜਵੀਜ਼ ਕੀਤੇ ਮਾਰਗ ਤੋਂ ਪੂਰਣਤਾ ਦੇ) ਵਧੇਰੇ ਨੇੜੇ ਹੋਵੇਗਾ ।੨੫।

وَلَبِثُوْا فِيْ كَهْفِهِمْ ثَلٰثَ مِايَةٍ سِنِيْنَ وَازْدَادُوْا تِسْعًا ﴿٢٥﴾

ਅਤੇ (ਕਈ ਲੋਕ ਇਹ ਵੀ ਕਹਿੰਦੇ ਹਨ ਕਿ) ਓਹ ਆਪਣੀ ਵਿਸ਼ਾਲ ਪਨਾਹਗਾਹ ਵਿਚ ਤਿੰਨ ਸੌ ਸਾਲ[2] ਤਕ ਰਹੇ ਸਨ ਅਤੇ (ਇਸ ਸਮੇਂ ਵਿਚ) ਨੌ (ਸਾਲ) ਓਹਨਾਂ ਨੇ ਹੋਰ ਵਧਾਏ ਸਨ ।੨੬।

---

[1]ਅਰਥਾਤ—ਇਸ ''ਕਹਫ ਦੀ ਜਾਤੀ'', ਅਥਵਾ ਈਸਾਈ ਜਾਤੀ ਦਾ ਮੁਸਲਮਾਨ ਆਪਣੀ ਤਾਕਤ ਨਾਲ ਟਾਕਰਾ ਨਹੀਂ ਕਰ ਸਕਣਗੇ; ਸਗੋਂ ਪ੍ਰਭੂ ਦੀ ਸਹਾਇਤਾ ਨਾਲ ਹੀ ਕਰ ਸਕਣਗੇ । ਸੋ ਜਦ ਓਹਨਾਂ ਨਾਲ ਟਾਕਰਾ ਕਰਨਾ ਪੈ ਜਾਏ, ਤਾਂ ਇਹ ਗੱਲ ਕਦੇ ਵੀ ਦਾਅਵੇ ਨਾਲ ਨਾ ਕਹਿਣਾ ਕਿ ਅਸੀਂ ਇਉਂ ਕਰ ਦਿਆਂਗੇ; ਸਗੋਂ ਸਦਾ ਹੀ ਇਹ ਕਹਿੰਦੇ ਰਹਿਣਾ ਕਿ ਜੇ ਪ੍ਰਭੂ ਨੇ ਚਾਹਿਆ, ਤਾਂ ਅਸੀਂ ਇਸ ਤਰ੍ਹਾਂ ਓਹਨਾਂ ਦਾ ਟਾਕਰਾ ਕਰਾਂਗੇ । ਭਾਸ਼ਕਾਰਾਂ ਨੇ ਇਸ ਥਾਂ ਕਈ ਬੇਜੋੜ ਕਹਾਣੀਆਂ ਲਿਖ ਦਿੱਤੀਆਂ ਹਨ, ਪਰ ਸਾਡੀ ਇਸ ਵਿਆਖਿਆ ਨਾਲ ਸਾਰੀ ਸੂਰਤ ਦੀ ਠੀਕ ਠੀਕ ਤਰਤੀਬ ਦਾ ਪਤਾ ਲਗ ਜਾਂਦਾ ਹੈ ।

[2]ਇਤਿਹਾਸ ਦੱਸਦਾ ਹੈ ਕਿ ਅੱਡ ਅੱਡ ਸਮਿਆਂ ਵਿਚ ਈਸਾਈਆਂ ਤੇ ਜ਼ੁਲਮ ਹੁੰਦੇ ਰਹੇ ਹਨ ਅਤੇ ਵੱਖ ਵੱਖ ਇਲਾਕਿਆਂ ਵਿਚ ਹੁੰਦੇ ਰਹੇ ਹਨ । ਸੋ ਇਕ ਸਮੇਂ ''ਰੋਮ'' ਵਿਚ ਵਧੇਰੇ ਜ਼ੁਲਮ ਹੋਏ ਸਨ । ਇਸੇ ਤਰ੍ਹਾਂ ਇਕ ਸਮੇਂ ''ਅਸਕੰਦਰੀਆ'' ਵਿਚ ਵਧੇਰੇ ਜ਼ੁਲਮ ਹੋਇਆ ਸੀ; ਕਿਉਂਕਿ ''ਅਸਕੰਦਰੀਆ'' ਵੀ ਰੋਮੀਆਂ ਦੇ ਅਧੀਨ ਹੋ ਗਿਆ ਸੀ । ਏਹਨਾਂ ਜ਼ੁਲਮਾਂ ਦੇ ਅਧਾਰ ਤੇ ਹੀ ਕਦੇ ਓਹ ਲੰਮੇ ਸਮੇਂ ਲਈ ਤੇ ਕਦੇ ਥੋੜ੍ਹੇ ਸਮੇਂ ਲਈ ਗੁਫਾ ਵਿਚ ਲੁਕਣ ਤੇ ਮਜਬੂਰ ਹੁੰਦੇ ਰਹੇ ਸਨ । ਲੋਕਾਂ ਨੇ ਆਪਣੀ ਅਗਿਆਨਤਾ ਕਰ ਕੇ ਏਹਨਾਂ ਸਮਿਆਂ ਨੂੰ ਅੱਡ ਅੱਡ ਤੇ ਮੁਸਤਕਿਲ ਸਮੇਂ ਸਮਝ ਲਿਆ ਸੀ ਤੇ ਅਟਕਲ ਪੱਚੂ ਗੱਲਾਂ ਕਰਨੀਆਂ ਅਰੰਭ ਕਰ ਦਿੱਤੀਆਂ ਸਨ । ਓਹਨਾਂ ਗੱਲਾਂ ਦਾ ਹੀ ਇਸ ਆਇਤ ਵਿਚ ਖੰਡਨ ਕੀਤਾ ਗਿਆ ਹੈ ਅਤੇ ਇਹ ਦੱਸਿਆ ਗਿਆ ਹੈ ਕਿ ਏਹ ਸਾਰੇ ਅਨੁਮਾਨ ਅੱਡ ਅੱਡ ਸਮਿਆਂ ਦੇ ਅਧਾਰ ਤੇ ਹਨ । ਨਹੀਂ ਤਾਂ ਉਹ ਸਾਰਾ ਸਮਾਂ ਜੋ ਉਸ ਸਮੁੱਚੀ ਜਾਤੀ ਤੇ ਬੀਤਿਆ ਹੈ, ਉਸ ਦਾ ਜਾਣਨਹਾਰ ਅੱਲਾਹ ਹੀ ਹੈ ।

قُلِ اللّٰهُ اَعْلَمُ بِمَا لَبِثُوْا ۚ لَهٗ غَيْبُ السَّمٰوٰتِ وَالْاَرْضِ ۭ اَبْصِرْ بِهٖ وَاَسْمِعْ ۭ مَا لَهُمْ مِّنْ دُوْنِهٖ مِنْ وَّلِيٍّ ۠ وَّلَا يُشْرِكُ فِيْ حُكْمِهٖٓ اَحَدًا ۝

ਤੂੰ (ਓਹਨਾਂ ਨੂੰ) ਇਹ ਆਖ ਕਿ ਜਿੰਨਾ (ਚਿਰ) ਓਹ (ਗੁਫਾ ਵਿਚ) ਠਹਿਰੇ ਸਨ, ਉਸ ਦਾ ਅੱਲਾਹ (ਹੀ) ਜਾਣਨਹਾਰ ਹੈ। ਸਾਰੇ ਅਕਾਸ਼ਾਂ ਤੇ ਪਤਾਲਾਂ ਦੀਆਂ ਗੁਪਤ ਗੱਲਾਂ ਦਾ ਗਿਆਨ ਉਸੇ ਨੂੰ ਹੀ ਪ੍ਰਾਪਤ ਹੈ। ਉਹੋ ਵੇਖਣਹਾਰ ਤੇ ਸੁਣਨਹਾਰ ਹੈ। ਓਹਨਾਂ (ਲੋਕਾਂ) ਦਾ ਉਸ ਤੋਂ ਛੁੱਟ ਕੋਈ ਵੀ ਸਹਾਇਕ ਨਹੀਂ ਹੈ ਅਤੇ ਓਹ ਆਪਣੇ ਹੁਕਮ (ਤੇ ਆਪਣੇ ਫ਼ੈਸਲਿਆਂ) ਵਿਚ ਕਿਸੇ ਨੂੰ ਵੀ (ਆਪਣਾ) ਭਾਈਵਾਲ ਨਹੀਂ ਬਣਾਉਂਦਾ ।੨੭।

وَاتْلُ مَآ اُوْحِيَ اِلَيْكَ مِنْ كِتَابِ رَبِّكَ ۭ لَا مُبَدِّلَ لِكَلِمٰتِهٖ ۚ وَلَنْ تَجِدَ مِنْ دُوْنِهٖ مُلْتَحَدًا ۝

ਅਤੇ ਤੇਰੇ ਸਾਜਨਹਾਰ ਤੇ ਪਾਲਨਹਾਰ ਦੀ ਪੁਸਤਕ ਵਿੱਚੋਂ ਜੋ (ਹਿੱਸਾ) ਤੇਰੇ ਉੱਤੇ ਅਕਾਸ਼ ਬਾਣੀ (ਰਾਹੀਂ ਉਤਾਰਿਆ ਜਾਂਦਾ) ਹੈ, ਉਸ ਨੂੰ ਪੜ੍ਹ (ਕੇ ਲੋਕਾਂ ਨੂੰ ਸੁਣਾ।) ਉਸ ਦੀਆਂ ਗੱਲਾਂ ਨੂੰ ਕੋਈ ਵੀ ਨਹੀਂ ਬਦਲ ਸਕਦਾ ਅਤੇ ਉਸ ਦਾ ਤਿਆਗ ਕਰ ਕੇ ਤੈਨੂੰ ਕੋਈ ਵੀ ਓਟ ਨਹੀਂ ਮਿਲ ਸਕੇਗੀ ।੨੮।

وَاصْبِرْ نَفْسَكَ مَعَ الَّذِيْنَ يَدْعُوْنَ رَبَّهُمْ بِالْغَدٰوةِ وَالْعَشِيِّ يُرِيْدُوْنَ وَجْهَهٗ ۚ وَلَا تَعْدُ عَيْنٰكَ عَنْهُمْ ۚ تُرِيْدُ زِيْنَةَ الْحَيٰوةِ الدُّنْيَا ۚ وَلَا تُطِعْ مَنْ اَغْفَلْنَا قَلْبَهٗ عَنْ ذِكْرِنَا وَاتَّبَعَ هَوٰىهُ وَكَانَ اَمْرُهٗ فُرُطًا ۝

ਅਤੇ ਆਪਣੇ ਆਪ ਨੂੰ ਓਹਨਾਂ ਲੋਕਾਂ ਨਾਲ ਰੱਖ, ਜੋ ਆਪਣੇ ਸਾਜਨਹਾਰ ਤੇ ਪਾਲਨਹਾਰ ਨੂੰ ਉਸ ਦੀ ਪ੍ਰਸੰਨਤਾ ਚਾਹੁੰਦੇ ਹੋਏ—ਸਵੇਰ ਸ਼ਾਮ ਸਿਮਰਦੇ ਹਨ ਅਤੇ ਤੇਰੀਆਂ ਅੱਖਾਂ ਓਹਨਾਂ ਨੂੰ[1] ਪਿੱਛੇ ਛਡ ਕੇ ਅੱਗੇ ਨਾ ਨਿਕਲ ਜਾਣ। (ਜੇ ਤੂੰ ਅਜਿਹਾ ਕੀਤਾ ਤਾਂ) ਤੂੰ ਇਸ ਮਾਤਲੋਕ ਦੇ ਜੀਵਨ ਦੀ ਸਜ ਧਜ ਦਾ ਚਾਹਵਾਨ ਹੋਵੇਂਗਾ, ਅਰਥਾਤ ਜਿਸ ਦੇ ਮਨ ਨੂੰ ਅਸੀਂ ਆਪਣੇ ਸਿਮਰਨ ਤੋਂ ਬੇਪਰਵਾਹ ਕਰ ਦਿੱਤਾ ਹੈ ਤੇ ਜੋ ਆਪਣੀਆਂ ਮਨੋ-ਕਾਮਨਾਵਾਂ ਦੇ ਪਿੱਛੇ ਚਲ ਰਿਹਾ ਹੈ ਅਤੇ ਜਿਸ ਦਾ ਮਾਮਲਾ ਹੱਦੋਂ ਟੱਪ ਗਿਆ ਹੈ ਤੂੰ ਉਸ ਦਾ ਪਿਛਲਗ ਨਾ ਬਣ ।੨੯।

[1]ਅਰਥਾਤ—ਆਪਣੇ ਸਾਥੀਆਂ ਦੀਆਂ ਕੁਰਬਾਨੀਆਂ ਨੂੰ ਨਾ ਭੁੱਲਣਾ।

وَقُلِ الْحَقُّ مِنْ رَّبِّكُمْ ۟ فَمَنْ شَآءَ فَلْيُؤْمِنْ وَّمَنْ شَآءَ فَلْيَكْفُرْ ۚ اِنَّآ اَعْتَدْنَا لِلظّٰلِمِيْنَ نَارًا ۙ اَحَاطَ بِهِمْ سُرَادِقُهَا ۚ وَاِنْ يَّسْتَغِيْثُوْا يُغَاثُوْا بِمَآءٍ كَالْمُهْلِ يَشْوِى الْوُجُوْهَ ۚ بِئْسَ الشَّرَابُ ۚ وَسَآءَتْ مُرْتَفَقًا ۝٢٩

ਅਤੇ (ਤੂੰ ਓਹਨਾਂ ਲੋਕਾਂ ਨੂੰ) ਇਹ ਕਹਿ ਦੇ (ਕਿ) ਇਹ ਸੱਚਾਈ ਤੇਰੇ ਸਾਜਨਹਾਰ ਤੇ ਪਾਲਨਹਾਰ ਵੱਲੋਂ ਹੀ (ਉਤਰੀ ਹੋਈ) ਹੈ । ਸੋ ਜਿਹੜਾ ਚਾਹੇ (ਇਸ ਤੇ) ਸ਼ਰਧਾ ਧਾਰਨ ਕਰ ਲਏ ਤੇ ਜਿਹੜਾ ਚਾਹੇ (ਇਸ ਦਾ) ਇਨਕਾਰ ਕਰ ਦੇਵੇ, (ਪਰ ਇਹ ਚੇਤੇ ਰੱਖੇ ਕਿ) ਅਸੀਂ ਜ਼ਾਲਮਾਂ ਵਾਸਤੇ ਨਿਰਸੰਦੇਹ ਇਕ ਅਗਨ-ਕੁੰਡ ਤਿਆਰ ਕੀਤਾ ਹੋਇਆ ਹੈ, ਜਿਸ ਦੀ ਚਾਰ ਦੀਵਾਰੀ ਨੇ (ਹੁਣ ਵੀ) ਓਹਨਾਂ ਨੂੰ ਘੇਰਿਆ ਹੋਇਆ ਹੈ । ਜੇ ਓਹ (ਉੱਥੇ) ਦੁਹਾਈ ਦੇਣਗੇ, ਤਾਂ ਓਹਨਾਂ ਦੀ ਦੁਹਾਈ ਅਜਿਹੇ ਪਾਣੀ ਦੁਆਰਾ ਸੁਣੀ ਜਾਏਗੀ, ਜੋ ਪਿਘਲੇ ਹੋਏ ਤਾਂਬੇ ਵਰਗਾ ਹੋਵੇਗਾ (ਤੇ) ਓਹਨਾਂ ਦੇ ਮੂੰਹਾਂ ਨੂੰ ਲੂਹ ਦੇਵੇਗਾ । ਉਹ ਬਹੁਤ ਹੀ ਭੈੜੀ ਪੀਣ ਦੀ ਚੀਜ਼ ਹੋਵੇਗੀ, ਅਰਥਾਤ ਉਹ (ਅਗਨ-ਕੁੰਡ) ਭੈੜਾ ਟਿਕਾਣਾ ਹੈ ।੩੦।

اِنَّ الَّذِيْنَ اٰمَنُوْا وَعَمِلُوا الصّٰلِحٰتِ اِنَّا لَا نُضِيْعُ اَجْرَ مَنْ اَحْسَنَ عَمَلًا ۝٣٠

(ਹਾਂ) ਬੇਸ਼ੱਕ ਜੋ ਲੋਕ ਸ਼ਰਧਾਲੂ ਹੋਣਗੇ ਤੇ (ਯਥਾਯੋਗ) ਸ਼ੁਭ ਕਰਮ ਕਰਨਗੇ, (ਓਹਨਾਂ ਨੂੰ ਵੱਡਾ ਫਲ ਮਿਲੇਗਾ,) ਅਰਥਾਤ ਜੋ ਸ਼ੁਭ ਕਰਮ ਕਰਦੇ ਹਨ, ਅਸੀਂ ਓਹਨਾਂ ਦਾ ਫਲ ਕਦੇ ਵੀ ਅਜਾਈਂ ਨਹੀਂ ਗੁਆਉਂਦੇ ।੩੧।

اُولٰٓئِكَ لَهُمْ جَنّٰتُ عَدْنٍ تَجْرِىْ مِنْ تَحْتِهِمُ الْاَنْهٰرُ يُحَلَّوْنَ فِيْهَا مِنْ اَسَاوِرَ مِنْ ذَهَبٍ وَّيَلْبَسُوْنَ ثِيَابًا خُضْرًا مِّنْ سُنْدُسٍ وَّاِسْتَبْرَقٍ مُّتَّكِـِٕيْنَ فِيْهَا عَلَى الْاَرَآئِكِ ۚ نِعْمَ الثَّوَابُ ۚ وَحَسُنَتْ مُرْتَفَقًا ۝٣١

(ਹਾਂ, ਹਾਂ) ਓਹਨਾਂ ਲੋਕਾਂ ਵਾਸਤੇ ਸਦਾ ਦੇ ਵਾਸੇ ਦੇ ਸਵਰਗ (ਨੀਅਤ) ਹਨ । ਓਹਨਾਂ ਹੇਠ (ਓਹਨਾਂ ਦੇ ਆਪਣੇ ਪ੍ਰਬੰਧ ਹੇਠ) ਨਹਿਰਾਂ (ਵੀ) ਵਗਦੀਆਂ ਹੋਣਗੀਆਂ । ਓਹਨਾਂ ਲਈ ਓਹਨਾਂ ਵਿਚ ਸੋਨੇ ਦੇ ਕੰਗਣਾਂ ਦੇ ਕਿਸਮ ਦੇ ਗਹਿਣੇ ਬਣਵਾਏ ਜਾਣਗੇ ਅਤੇ ਓਹ ਮਹੀਨ ਰੇਸ਼ਮ ਤੇ ਮੋਟੇ ਰੇਸ਼ਮ ਦੇ ਸਬਜ਼ ਕਪੜੇ ਪਾਉਣਗੇ । (ਓਹ) ਓਹਨਾਂ ਸਵਰਗਾਂ ਵਿਚ ਸਜੇ ਹੋਏ ਪਲੰਘਾਂ ਉੱਤੇ ਢਾਸਣੇ ਲਾਈ ਬੈਠੇ ਰਹਿਣਗੇ । ਇਹ ਕੇਹਾ ਹੀ ਚੰਗਾ ਫਲ ਹੈ ਤੇ ਬਹੁਤ ਹੀ ਚੰਗਾ ਟਿਕਾਣਾ ਹੈ ।੩੨। (ਰਕੂਅ੪)

وَاضْرِبْ لَهُمْ مَّثَلًا رَّجُلَيْنِ جَعَلْنَا لِاَحَدِهِمَا جَنَّتَيْنِ مِنْ اَعْنَابٍ وَّحَفَفْنٰهُمَا بِنَخْلٍ وَّجَعَلْنَا بَيْنَهُمَا زَرْعًا ﴿٣٢﴾

ਅਤੇ ਤੂੰ ਓਹਨਾਂ ਅੱਗੇ ਓਹਨਾਂ ਦੇ ਪ੍ਰਾਣੀਆਂ[1] ਦਾ ਹਾਲ ਵਰਣਨ ਕਰ, ਜਿਨ੍ਹਾਂ ਵਿੱਚੋਂ ਇਕ ਨੂੰ ਅਸੀਂ ਅੰਗੂਰਾਂ ਦੇ ਦੋ[2] ਬਾਗ਼ ਦਿੱਤੇ ਸਨ ਤੇ ਓਹਨਾਂ ਨੂੰ ਅਸੀਂ ਖਜੂਰਾਂ ਦੇ ਰੁੱਖਾਂ ਨਾਲ (ਹਰ ਪਾਸਿਓਂ) ਘੇਰਿਆ ਹੋਇਆ ਸੀ ਅਤੇ ਅਸੀਂ ਓਹਨਾਂ (ਦੋਹਾਂ ਦੀ ਮਲਕੀਅਤ[3]) ਦੇ ਵਿਚਾਲੇ ਕੁਝ ਖੇਤੀ ਵੀ ਪੈਦਾ ਕੀਤੀ ਹੋਈ ਸੀ ।੩੩।

كِلْتَا الْجَنَّتَيْنِ اٰتَتْ اُكُلَهَا وَلَمْ تَظْلِمْ مِّنْهُ شَيْـًٔا ۙ وَّفَجَّرْنَا خِلٰلَهُمَا نَهَرًا ﴿٣٣﴾

ਓਹਨਾਂ ਦੋਹਾਂ ਬਾਗ਼ਾਂ ਨੇ (ਆਪਣਾ) ਆਪਣਾ ਫਲ (ਖ਼ੂਬ) ਚੰਗੀ ਤਰ੍ਹਾਂ ਦਿੱਤਾ ਸੀ ਅਤੇ ਉਸ ਵਿੱਚੋਂ ਕੁਝ (ਵੀ) ਘਟ ਨਹੀਂ ਕੀਤਾ ਸੀ । ਓਹਨਾਂ ਦੇ ਵਿਚਕਾਰ ਅਸੀਂ ਇਕ ਨਹਿਰ ਵੀ ਵਗਾਈ ਹੋਈ ਸੀ[4] ।੩੪।

وَّكَانَ لَهٗ ثَمَرٌ ۚ فَقَالَ لِصَاحِبِهٖ وَهُوَ يُحَاوِرُهٗٓ اَنَا اَكْثَرُ مِنْكَ مَالًا وَّاَعَزُّ نَفَرًا ﴿٣٤﴾

ਅਤੇ ਉਸ ਨੂੰ ਬਹੁਤ ਸਾਰਾ ਫਲ ਲਗਿਆ ਕਰਦਾ ਸੀ; ਇਸੇ ਕਰਕੇ ਉਸ ਨੇ ਆਪਣੇ ਸਾਥੀ ਨੂੰ[5] ਉਸ ਨਾਲ ਬਚਨ-ਬਿਲਾਸ ਕਰਦਿਆਂ ਹੋਇਆਂ (ਵੱਡੇ ਅਭਿਮਾਨ ਨਾਲ) ਇਹ ਕਿਹਾ ਸੀ ਕਿ (ਵੇਖ !) ਤੇਰੇ ਨਾਲੋਂ ਮੇਰੇ ਕੋਲ ਧਨ-ਪਦਾਰਥ ਵਧੇਰੇ ਹਨ ਤੇ ਮੇਰਾ ਜੱਥਾ ਵੀ ਪਤਿਵੰਤਾ ਹੈ ।੩੫।

وَدَخَلَ جَنَّتَهٗ وَهُوَ ظَالِمٌ لِّنَفْسِهٖ ۚ قَالَ مَآ

ਅਤੇ (ਇਕ ਵਾਰ) ਉਹ[6] ਆਪਣੇ ਆਪ ਉੱਤੇ ਜ਼ੁਲਮ ਕਰਦਾ ਹੋਇਆ ਆਪਣੇ ਬਾਗ਼ ਵਿਚ ਗਿਆ ਸੀ,

---

[1]ਅਰਥਾਤ—ਈਸਾਈ ਤੇ ਮੁਸਲਮਾਨਾਂ ਦਾ ।

[2]ਇਸ ਥਾਂ ਬਾਗ਼ ਦਾ ਭਾਵ ਇਸਰਾਈਲ ਕੁਲ ਦੇ ਲੋਕਾਂ ਨੂੰ ਮਿਲਣ ਵਾਲਾ ਧਨ-ਪਦਾਰਥ ਤੇ ਸੰਤਾਨ ਹੈ ।

ਇਸ ਥਾਂ ਈਸਾਈ ਜਾਤੀ ਦੇ ਦੋ ਹਿੱਸਿਆਂ ਦਾ ਵਰਣਨ ਹੈ ਤੇ ਭਾਵ ਇਹ ਹੈ ਕਿ ਈਸਾਈ ਜਾਤੀ ਦੀ ਪਹਿਲੀ ਉੱਨਤੀ ਤੋਂ ਮਗਰੋਂ ਓਹਨਾਂ ਉੱਤੇ ਨਿਰਬਲਤਾ ਦਾ ਸਮਾਂ ਆ ਜਾਏਗਾ, ਜਿਸ ਦੇ ਮਗਰੋਂ ਉਹ ਮੁੜ ਆਰਥਕ ਤੌਰ ਤੇ ਉੱਨਤ ਹੋਣੇ ਸ਼ੁਰੂ ਹੋ ਜਾਣਗੇ ।

[3]ਇਸ ਦਾ ਭਾਵ ਦੇਸ ਹੈ, ਪਰ ਚੂੰਕਿ ਉਦਾਹਰਣ ਵਿਚ ਬਾਗਾਂ ਦਾ ਵਰਣਨ ਸੀ; ਇਸ ਲਈ ਮਾਲਕਾਂ ਦੀ ਥਾਂ ਓਹਨਾਂ ਦੀ ਮਲਕੀਅਤ ਦੇਸਾਂ ਦਾ ਵਰਣਨ ਕਰ ਦਿੱਤਾ ਗਿਆ ਹੈ ਅਤੇ ਉਦਾਹਰਣ ਦੇ ਤੌਰ ਤੇ ਅਜੇਹੇ ਪਦ ਵਰਤੇ ਗਏ ਹਨ, ਕਿ ਜਿਨ੍ਹਾਂ ਤੋਂ ਇਹ ਸਮਝਿਆ ਜਾ ਸਕੇ ਕਿ ਜਾਣੇ ਇੱਥੇ ਖੇਤੀਆਂ ਦਾ ਵਰਣਨ ਹੈ ।

[4]ਇਸ ਨਹਿਰ ਦਾ ਭਾਵ ਹਜ਼ਰਤ "ਮੁਹੰਮਦ" ਸਾਹਿਬ ਦਾ ਸਮਾਂ ਹੈ, ਜਿਨ੍ਹਾਂ ਰਾਹੀਂ "ਮੂਸਾ" ਤੇ "ਈਸਾ" ਦੀ ਸੱਚੀ ਸਿੱਖਿਆ ਦਾ ਕੁਝ ਹਿੱਸਾ ਜੀਉਂਦਾ ਰਿਹਾ ।

[5]ਅਰਥਾਤ—ਓੜਕ ਈਸਾਈਆਂ ਨੇ ਉੱਨਤੀ ਪ੍ਰਾਪਤ ਕੀਤੀ ਤੇ ਮੁਸਲਮਾਨਾਂ ਨੂੰ ਮਿਹਣਾ ਦਿੱਤਾ ਕਿ ਸਾਡੀ ਜਾਤੀ ਵਧੇਰੇ ਬਲਵਾਨ ਹੈ ।

[6]ਅਰਥਾਤ—ਈਸਾਈ ।

أَظُنُّ أَنْ تَبِيدَ هٰذِهٖٓ أَبَدًا ﴿٣٥﴾

(ਤੇ) ਉਸ ਨੇ (ਆਪਣੇ ਸਾਥੀ ਨੂੰ) ਇਹ ਕਿਹਾ ਸੀ ਕਿ ਮੈਂ ਨਹੀਂ ਸਮਝ ਸਕਦਾ ਕਿ (ਮੇਰਾ) ਇਹ (ਬਾਗ਼) ਕਦੇ ਨਸ਼ਟ ਹੋ ਸਕਦਾ ਹੈ ? ।੩੬।

وَّمَآ أَظُنُّ السَّاعَةَ قَآئِمَةً وَّلَئِن رُّدِدتُّ إِلَىٰ رَبِّي لَأَجِدَنَّ خَيْرًا مِّنْهَا مُنقَلَبًا ﴿٣٦﴾

ਅਤੇ ਮੈਂ ਨਹੀਂ ਸਮਝਦਾ ਕਿ ਉਹ (ਆਉਣ ਵਾਲੀ ਤਬਾਹੀ ਦੀ) ਘੜੀ ਕਦੇ ਆਏਗੀ । ਜੇ (ਫ਼ਰਜ਼ ਕਰੋ ਕਿ) ਮੈਨੂੰ ਮੇਰੇ ਸਾਜਨਹਾਰ ਤੇ ਪਾਲਨਹਾਰ ਦੀ ਹਜ਼ੂਰੀ ਪਰਤਾ (ਵੀ) ਦਿੱਤਾ ਜਾਏ, ਤਾਂ ਮੈਨੂੰ (ਉੱਥੇ ਵੀ) ਨਿਰਸੰਦੇਹ ਇਸ ਤੋਂ ਚੰਗਾ ਟਿਕਾਣਾ ਮਿਲ ਜਾਏਗਾ ।੩੭।

قَالَ لَهٗ صَاحِبُهٗ وَهُوَ يُحَاوِرُهٗٓ أَكَفَرْتَ بِالَّذِي خَلَقَكَ مِن تُرَابٍ ثُمَّ مِن نُّطْفَةٍ ثُمَّ سَوّٰىكَ رَجُلًا ﴿٣٧﴾

ਉਸ ਦੇ ਸਾਥੀ ਨੇ ਉਸ ਨੂੰ ਇਸ ਦੇ ਉੱਤਰ ਵਿਚ ਇਹ ਕਿਹਾ ਸੀ (ਕਿ) ਕੀ ਤੂੰ ਉਸ ਵਿਅਕਤੀ ਤੋਂ ਇਨਕਾਰ ਕਰ ਦਿੱਤਾ ਹੈ, ਜਿਸ ਨੇ ਤੈਨੂੰ (ਪਹਿਲਾਂ) ਮਿੱਟੀ ਤੋਂ (ਤੇ) ਫੇਰ ਰਕਤ-ਬਿੰਦ ਤੋਂ ਪੈਦਾ ਕੀਤਾ ਸੀ ? ਅਤੇ ਫੇਰ ਉਸ ਨੇ ਤੈਨੂੰ ਪੂਰਨ ਗੱਭਰੂ ਬਣਾ ਦਿੱਤਾ ਸੀ ? ।੩੮।

لٰكِنَّا۠ هُوَ اللَّهُ رَبِّي وَلَآ أُشْرِكُ بِرَبِّيٓ أَحَدًا ﴿٣٨﴾

(ਤੁਹਾਡਾ ਤਾਂ ਇਹ ਹਾਲ ਹੈ), ਪਰ (ਮੈਂ ਤਾਂ ਇਹ ਕਹਿੰਦਾ ਹਾਂ ਕਿ) ਅਸਲ ਗੱਲ ਤਾਂ ਇਹ ਹੈ ਕਿ ਅੱਲਾਹ ਹੀ ਮੇਰਾ ਸਾਜਨਹਾਰ ਤੇ ਪਾਲਨਹਾਰ ਹੈ ਤੇ ਮੈਂ ਕਿਸੇ ਨੂੰ (ਵੀ) ਆਪਣੇ ਸਾਜਨਹਾਰ ਤੇ ਪਾਲਨ-ਹਾਰ ਦੀ ਬਰਾਬਰੀ ਨਹੀਂ ਦਿੰਦਾ ।੩੯।

وَلَوْلَآ إِذْ دَخَلْتَ جَنَّتَكَ قُلْتَ مَا شَآءَ اللَّهُ لَا قُوَّةَ إِلَّا بِاللَّهِ ۚ إِن تَرَنِ أَنَا أَقَلَّ مِنكَ مَالًا وَوَلَدًا ﴿٣٩﴾

ਅਤੇ ਜਦ ਤੂੰ ਆਪਣੇ ਬਾਗ਼ ਵਿਚ ਆਇਆ ਸੀ, ਤਾਂ ਤੂੰ ਇਹ ਕਿਉਂ ਨਹੀਂ ਕਿਹਾ ਸੀ (ਕਿ ਉਹੋ ਹੋਵੇਗਾ), ਜੋ ਅੱਲਾਹ ਚਾਹੇਗਾ; (ਕਿਉਂਕਿ) ਅੱਲਾਹ (ਦੀ ਕਿਰਪਾ) ਨਾਲ ਹਰੇਕ ਬਲ (ਪ੍ਰਾਪਤ ਹੋ ਸਕਦਾ) ਹੈ । ਜੇ ਤੂੰ ਮੈਨੂੰ (ਤੁਛ ਨੂੰ) ਆਪਣੇ ਧਨ ਤੇ ਸੰਤਾਨ ਵਿਚ ਘਟ ਸਮਝਦਾ ਹੈਂ ।੪੦।

فَعَسٰى رَبِّيْٓ اَنْ يُّؤْتِيَنِ خَيْرًا مِّنْ جَنَّتِكَ وَيُرْسِلَ عَلَيْهَا حُسْبَانًا مِّنَ السَّمَآءِ فَتُصْبِحَ صَعِيْدًا زَلَقًا ﴿٤٠﴾

ਤਾਂ ਇਹ ਸੰਭਵ ਹੈ ਕਿ ਮੇਰਾ[1] ਸਾਜਨਹਾਰ ਤੇ ਪਾਲਨਹਾਰ ਮੈਨੂੰ ਤੇਰੇ ਬਾਗ਼ ਨਾਲੋਂ ਚੰਗਾ (ਬਾਗ) ਦੇ ਦੇਵੇ ਅਤੇ (ਤੇਰੇ) ਇਸ (ਬਾਗ਼) ਉੱਤੇ ਉੱਪਰੋਂ ਕੋਈ ਅੱਗ ਦੀ ਚੰਗਿਆੜੀ ਸੁੱਟ ਦੇਵੇ, ਜਿਸ ਨਾਲ ਇਹ ਇਕ ਸਾਫ਼ ਤੇ ਚਟੀਅਲ ਮੈਦਾਨ ਬਣ ਜਾਏ ।੪੧।

اَوْ يُصْبِحَ مَآؤُهَا غَوْرًا فَلَنْ تَسْتَطِيْعَ لَهٗ طَلَبًا ﴿٤١﴾

ਜਾਂ ਉਸ ਦਾ ਪਾਣੀ ਸੁਕ ਜਾਏ[2] ਅਤੇ ਫੇਰ ਤੂੰ (ਇਸਲਾਮ ਦਾ ਵੈਰੀ) ਇਸ ਦੀ ਢੂੰਡ ਦਾ ਵੀ ਬਲ ਪ੍ਰਾਪਤ ਨਾ ਕਰ ਸਕੇਂ । (ਸੋ ਅਜਿਹਾ ਹੀ ਹੋਇਆ ਸੀ) ।੪੨।

وَاُحِيْطَ بِثَمَرِهٖ فَاَصْبَحَ يُقَلِّبُ كَفَّيْهِ عَلٰى مَآ اَنْفَقَ فِيْهَا وَهِيَ خَاوِيَةٌ عَلٰى عُرُوْشِهَا وَيَقُوْلُ يٰلَيْتَنِيْ لَمْ اُشْرِكْ بِرَبِّيْٓ اَحَدًا ﴿٤٢﴾

ਅਤੇ ਉਸ ਦੇ ਸਾਰੇ ਫਲ ਨਸ਼ਟ ਕਰ ਦਿੱਤੇ ਗਏ ਸਨ ਅਤੇ ਉਹ (ਬਾਗ਼ ਦਾ ਮਾਲਕ) ਇਸ ਹਾਲ ਵਿਚ ਕਿ ਉਹ (ਬਾਗ਼) ਆਪਣੇ ਸਹਾਰਿਆਂ ਸਣੇ ਡਿਗ ਪਿਆ ਸੀ । ਉਸ (ਧਨ) ਦੇ ਕਾਰਣ ਜੋ ਉਸ ਨੇ ਉਸ (ਬਾਗ਼ ਦੀ ਉੱਨਤੀ) ਤੇ ਖ਼ਰਚ ਕੀਤਾ ਸੀ —ਆਪਣੇ ਦੋਵੇਂ ਹੱਥ ਮਲਣ ਲਗ ਪਿਆ ਸੀ ਤੇ ਇਹ ਕਹਿਣ ਲਗ ਪਿਆ ਸੀ (ਕਿ) ਕਾਸ਼, ਮੈਂ ਕਿਸੇ ਚੀਜ਼ ਨੂੰ ਆਪਣੇ ਸਾਜਨਹਾਰ ਤੇ ਪਾਲਨਹਾਰ ਦੀ ਬਰਾਬਰੀ ਨਾ ਦਿੰਦਾ ।੪੩।

وَلَمْ تَكُنْ لَّهٗ فِئَةٌ يَّنْصُرُوْنَهٗ مِنْ دُوْنِ اللّٰهِ وَمَا كَانَ مُنْتَصِرًا ﴿٤٣﴾

(ਉਸ ਸਮੇਂ) ਕੋਈ ਟੋਲੀ ਵੀ ਉਸ ਦੇ ਨਾਲ ਨਾ ਰਲੀ, ਜੋ ਅੱਲਾਹ ਤੋਂ ਛੁੱਟ ਉਸ ਦੀ ਕੋਈ ਸਹਾਇਤਾ ਕਰਦੀ ਤੇ ਨਾ (ਉਸ ਦਾ ਕੋਈ) ਬਦਲਾ ਹੀ ਲੈ ਸਕੀ ।੪੪।

هُنَالِكَ الْوَلَايَةُ لِلّٰهِ الْحَقِّ هُوَ خَيْرٌ ثَوَابًا وَّخَيْرٌ عُقْبًا ﴿٤٤﴾

ਅਜਿਹੇ ਸਮੇਂ ਅੱਲਾਹ ਦੀ ਸਹਾਇਤਾ ਹੀ (ਲਾਭਦਾਇਕ) ਹੋਇਆ ਕਰਦੀ ਹੈ, ਜੋ ਸੱਚਾ ਇਸ਼ਟ ਹੈ । ਉਹ ਵਟਾਂਦਰਾ ਦੇਣ ਵਿਚ ਵੀ ਸਭ ਤੋਂ ਚੰਗਾ ਹੈ, ਅਰਥਾਤ (ਚੰਗੇ) ਸਿੱਟੇ (ਕੱਢਣ) ਦੇ ਲਿਹਾਜ਼ ਨਾਲ ਵੀ ਸਭ ਤੋਂ ਚੰਗਾ ਹੈ ।੪੫। (ਰਕੂਅ ੫)

[1]ਇਹ ਇਸਲਾਮ ਬਾਰੇ ਪੇਸ਼ਗੋਈ ਹੈ ਕਿ ਪਰਗਟ ਤੌਰ ਤੇ ਨਿਰਬਲ ਦਿਸਦਾ ਹੋਇਆ ਵੀ ਇਸਲਾਮ ਇਕ ਦਿਨ ਵੱਡੀ ਸ਼ਾਨ ਪ੍ਰਾਪਤ ਕਰ ਲਏਗਾ ਅਤੇ ਈਸਾਈ ਤੇ ਮੂਸਾਈ ਜਾਤੀ ਦਾ ਬਾਗ਼ ਅਰਥੀ ਅੱਗ ਨਾਲ ਨਸ਼ਟ ਹੋ ਜਾਏਗਾ ।

[2]ਇਸ ਥਾਂ ਪਾਣੀ ਦੇ ਸੁਕ ਜਾਣ ਦਾ ਭਾਵ ਅਕਾਸ਼ ਬਾਣੀ ਦਾ ਦਰਵਾਜ਼ਾ ਬੰਦ ਹੋ ਜਾਣਾ ਹੈ ।

وَاضْرِبْ لَهُمْ مَّثَلَ الْحَيٰوةِ الدُّنْيَا كَمَآءٍ اَنْزَلْنٰهُ مِنَ السَّمَآءِ فَاخْتَلَطَ بِهٖ نَبَاتُ الْاَرْضِ فَاَصْبَحَ هَشِيْمًا تَذْرُوْهُ الرِّيٰحُ ۗ وَكَانَ اللّٰهُ عَلٰى كُلِّ شَيْءٍ مُّقْتَدِرًا ﴿٤٥﴾

ਅਤੇ ਤੂੰ ਓਹਨਾਂ ਦੇ ਸਾਹਮਣੇ ਇਸ ਮਾਤਲੱਕ ਦੇ ਜੀਵਨ ਦਾ ਹਾਲ ਵੀ ਵਿਸਥਾਰ ਨਾਲ ਵਰਣਨ ਕਰ (ਕਿ ਉਹ) ਉਸ ਪਾਣੀ ਵਾਂਗ (ਹੈ), ਜਿਸ ਨੂੰ ਅਸੀਂ ਬੱਦਲਾਂ ਤੋਂ ਵਰ੍ਹਾਉਂਦੇ ਹਾਂ। ਫੇਰ ਉਸ ਵਿਚ ਧਰਤੀ ਦੀ ਹਰਿਆਵਲ ਮਿਲ ਜਾਂਦੀ ਹੈ। ਸੋ (ਓੜਕ) ਉਹ (ਫੱਕ ਦਾ) ਚੂਰਾ ਬਣ ਜਾਂਦੀ ਹੈ; ਜਿਸ ਨੂੰ ਹਵਾਵਾਂ (ਇਧਰ ਓਧਰ) ਉਡਾਉਂਦੀਆਂ (ਫਿਰਦੀਆਂ) ਹਨ ਅਤੇ ਅੱਲਾਹ ਹਰੇਕ (ਇੱਛਤ) ਗੱਲ ਤੇ (ਪੂਰੀ ਤਰ੍ਹਾਂ) ਸਮਰਥ ਹੈ ।੪੬।

اَلْمَالُ وَالْبَنُوْنَ زِيْنَةُ الْحَيٰوةِ الدُّنْيَا ۚ وَالْبٰقِيٰتُ الصّٰلِحٰتُ خَيْرٌ عِنْدَ رَبِّكَ ثَوَابًا وَّخَيْرٌ اَمَلًا ﴿٤٦﴾

ਧਨ ਤੇ ਸੰਤਾਨ ਇਸ ਲੋਕ ਦੀ ਸਜ ਧਜ ਹਨ ਅਤੇ ਬਾਕੀ ਰਹਿਣ ਵਾਲੇ ਸ਼ੁਭ (ਤੇ ਯਥਾਯੋਗ) ਕਰਮ ਹੀ (ਜੋ ਏਹਨਾਂ ਚੀਜ਼ਾਂ ਤੋਂ ਲਏ ਜਾਣ) ਤੇਰੇ ਸਾਜਨਹਾਰ ਤੇ ਪਾਲਨਹਾਰ ਦੇ ਨਜ਼ਦੀਕ ਵਟਾਂਦਰੇ ਦੇ ਲਿਹਾਜ਼ ਨਾਲ ਵੀ ਚੰਗੇ ਹਨ ਤੇ ਆਸ ਦੇ ਲਿਹਾਜ਼ ਨਾਲ (ਵੀ) ਚੰਗੇ ਹਨ ।੪੭।

وَيَوْمَ نُسَيِّرُ الْجِبَالَ وَتَرَى الْاَرْضَ بَارِزَةً ۙ وَّحَشَرْنٰهُمْ فَلَمْ نُغَادِرْ مِنْهُمْ اَحَدًا ﴿٤٧﴾

ਅਤੇ (ਉਸ ਦਿਨ ਵੀ ਓਹਨਾਂ ਦੇ ਸਿੱਟੇ ਚੰਗੇ ਨਿਕਲਣਗੇ), ਜਦ ਕਿ ਅਸੀਂ ਓਹਨਾਂ ਪਹਾੜਾਂ ਨੂੰ (ਆਪੋ ਆਪਣੀ ਥਾਂ ਤੋਂ) ਹਿਲਾ ਦਿਆਂਗੇ ਅਤੇ ਤੂੰ ਇਸ ਧਰਤੀ ਦੇ ਸਾਰੇ ਵਸਨੀਕਾਂ ਨੂੰ (ਇਕ ਦੂਜੇ ਦੇ ਟਾਕਰੇ ਤੇ ਜੰਗ ਕਰਨ ਲਈ) ਨਿਕਲਦਾ ਹੋਇਆ ਵੇਖੇਂਗਾ ਅਤੇ ਅਸੀਂ ਓਹਨਾਂ (ਸਾਰਿਆਂ) ਨੂੰ ਹੀ ਇਕੱਤਰ[1] ਕਰਾਂਗੇ, ਅਰਥਾਤ ਓਹਨਾਂ ਵਿੱਚੋਂ ਕਿਸੇ ਇਕ ਨੂੰ (ਵੀ ਬਾਕੀ) ਨਹੀਂ ਛੱਡਾਂਗੇ ।੪੮।

وَعُرِضُوْا عَلٰى رَبِّكَ صَفًّا ۭ لَقَدْ جِئْتُمُوْنَا كَمَا خَلَقْنٰكُمْ

ਅਤੇ ਓਹ ਪਾਲਾਂ ਬੰਨ੍ਹ ਕੇ ਤੇਰੇ ਸਾਜਨਹਾਰ ਤੇ ਪਾਲਨਹਾਰ ਦੇ ਹਜ਼ੂਰ ਪੇਸ਼ ਕੀਤੇ ਜਾਣਗੇ, ਅਰਥਾਤ ਓਹਨਾਂ ਨੂੰ ਇਹ ਕਿਹਾ ਜਾਏਗਾ (ਕਿ) ਵੇਖ ਲਓ

[1]ਅਰਥਾਤ—ਇਕ ਰਣਭੂਮੀ ਵਿਚ। ਜਾਂ ਦੂਜੇ ਅੱਖਰਾਂ ਵਿਚ ਇਹ ਕਿ ਉਸ ਸਮੇਂ ਸਾਰੀਆਂ ਜਾਤੀਆਂ ਆਪਸ ਵਿਚ ਸੰਧੀ-ਪੱਤਰ ਕਰ ਕੇ ਇਕ ਵੱਡੇ ਆਲਮਗੀਰ ਜੰਗ ਵਾਸਤੇ ਤਿਆਰ ਹੋ ਜਾਣਗੀਆਂ।

اَوَلَمْ تَكُوْنُوْٓا اَقْسَمْتُمْ مِّنْ قَبْلُ مَا لَكُمْ مِّنْ زَوَالٍ ﴿٤٥﴾

ਕਿ ਤੁਸੀਂ (ਇਸੇ ਤਰ੍ਹਾਂ ਨਿਰਬਲ ਹੋਣ ਦੀ ਹਾਲਤ ਵਿਚ ਹੀ) ਸਾਡੀ ਹਜ਼ੂਰੀ ਆ ਗਏ ਹੋ, (ਜਿਸ ਹਾਲਤ ਵਿਚ ਕਿ) ਅਸੀਂ ਤੁਹਾਨੂੰ ਪਹਿਲੀ ਵਾਰ ਸਾਜਿਆ ਸੀ (ਅਤੇ ਤੁਸੀਂ ਇਹ ਆਸ ਨਹੀਂ ਰੱਖਦੇ ਸੀ); ਸਗੋਂ ਤੁਹਾਡਾ ਇਹ ਦਾਅਵਾ ਸੀ ਕਿ ਅਸੀਂ ਤੁਹਾਡੇ ਲਈ ਕੋਈ ਬਚਨ (ਪੂਰਾ ਹੋਣ ਦਾ ਸਮਾਂ) ਨੀਅਤ ਨਹੀਂ ਕਰਾਂਗੇ ।੪੯।

وَوُضِعَ الْكِتٰبُ فَتَرَى الْمُجْرِمِيْنَ مُشْفِقِيْنَ مِمَّا فِيْهِ وَيَقُوْلُوْنَ يٰوَيْلَتَنَا مَالِ هٰذَا الْكِتٰبِ لَا يُغَادِرُ صَغِيْرَةً وَّلَا كَبِيْرَةً اِلَّآ اَحْصٰىهَا ۚ وَوَجَدُوْا مَا عَمِلُوْا حَاضِرًا ۗ وَلَا يَظْلِمُ رَبُّكَ اَحَدًا ﴿٤٩﴾ ع

ਅਤੇ (ਓਹਨਾਂ ਦੇ ਕਰਣੀਨਾਮੇ ਦੀ) ਵਹੀ (ਓਹਨਾਂ ਦੇ ਅੱਗੇ) ਰੱਖ ਦਿੱਤੀ ਜਾਏਗੀ। ਸੋ (ਹੇ ਸੁੱਤੇ !) ਏਹਨਾਂ ਅਪਰਾਧੀਆਂ ਨੂੰ ਉਸ ਕਰ ਕੇ ਜੋ ਉਸ ਵਿਚ (ਲਿਖਿਆ) ਹੋਵੇਗਾ, ਡਰਦੇ ਵੇਖੇਂਗਾ ਅਤੇ (ਉਸ ਸਮੇਂ) ਉਹ ਇਹ ਕਹਿਣਗੇ ਕਿ (ਸ਼ੋਕ), ਸਾਡੀ ਤਬਾਹੀ (ਸਾਡੇ ਸਾਹਮਣੇ ਖੜੀ ਹੈ)। ਇਸ ਵਹੀ ਨੂੰ ਕੀ (ਹੋਇਆ) ਹੈ (ਕਿ) ਇਸ ਵਿਚ ਹਰੇਕ ਛੋਟੀ ਵੱਡੀ ਗੱਲ ਲਿਖੀ ਹੋਈ ਮੌਜੂਦ ਹੈ। ਜੋ ਕੁਝ ਓਹਨਾਂ ਨੇ ਕਮਾਇਆ ਹੋਵੇਗਾ, ਉਸ ਨੂੰ ਓਹ ਆਪਣੇ ਸਾਹਮਣੇ ਹਾਜ਼ਰ ਵੇਖਣਗੇ ਅਤੇ ਤੇਰਾ ਸਾਜਨਹਾਰ ਤੇ ਪਾਲਨਹਾਰ ਕਿਸੇ ਤੇ ਜ਼ੁਲਮ ਨਹੀਂ ਕਰਦਾ ।੫੦। (ਰਕੂਅ ੬)

وَاِذْ قُلْنَا لِلْمَلٰٓئِكَةِ اسْجُدُوْا لِاٰدَمَ فَسَجَدُوْٓا اِلَّآ اِبْلِيْسَ ۖ كَانَ مِنَ الْجِنِّ فَفَسَقَ عَنْ اَمْرِ رَبِّهٖ ۗ

ਅਤੇ (ਉਹ ਸਮਾਂ ਵੀ ਯਾਦ ਕਰੋ ਜਦ ਕਿ) ਅਸੀਂ ਫ਼ਰਿਸ਼ਤਿਆਂ ਨੂੰ ਇਹ ਕਿਹਾ ਸੀ ਕਿ ਤੁਸੀਂ ਸਾਰੇ ਹੀ "ਆਦਮ" ਦੇ ਨਾਲ (ਰਲ ਕੇ) ਮੱਥਾ ਟੇਕੋ। ਇਸ ਤੇ ਓਹਨਾਂ (ਸਾਰਿਆਂ ਨੇ ਹੀ ਇਸ ਹੁਕਮ ਅਨੁਸਾਰ ਉਸ ਦੇ ਨਾਲ ਰਲ ਕੇ) ਮੱਥਾ ਟੇਕ ਦਿੱਤਾ ਸੀ, ਪਰ "ਇਬਲੀਸ" ਨੇ (ਨਹੀਂ ਟੇਕਿਆ ਸੀ)। ਉਹ ਜਿੰਨਾਂ ਵਿੱਚੋਂ ਸੀ[1]। ਸੋ ਉਸ ਨੇ (ਆਪਣੇ ਸੁਭਾਉ ਅਨੁਸਾਰ) ਆਪਣੇ ਸਾਜਨਹਾਰ ਤੇ ਪਾਲਨਹਾਰ ਦੇ ਹੁਕਮ ਦੀ ਅਵੱਗਿਆ ਕੀਤੀ ਸੀ।

[1]ਅਰਥਾਤ—ਧਨਾਢ ਤੇ ਸਰਾਰਤੀ ਲੋਕਾ ਵਿੱਚੋਂ ਸੀ। ਵਿਸਥਾਰ ਲਈ ਵੇਖੋ ਸੂਰਤ ਅਲ-ਅਨਾਮ ਦੀ ਆਇਤ ੧੨੯ ਦੀ ਟੂਕ।

اَفَتَتَّخِذُوْنَهٗ وَ ذُرِّيَّتَهٗۤ اَوْلِيَآءَ مِنْ دُوْنِيْ وَهُمْ لَكُمْ عَدُوٌّ ؕ بِئْسَ لِلظّٰلِمِيْنَ بَدَلًا ﴿۵۱﴾

(ਹੇ ਮੇਰੇ ਬੰਦਿਓ !) ਕੀ ਤੁਸੀਂ ਮੇਰਾ ਤਿਆਗ ਕਰ ਕੇ ਉਸ (ਸ਼ੈਤਾਨ) ਨੂੰ ਤੇ ਉਸ ਦੀ ਸੰਤਾਨ ਨੂੰ (ਆਪਣਾ) ਮਿੱਤਰ ਬਣਾਉਂਦੇ ਹੋ; ਹਾਲਾਂਕਿ ਓਹ ਤੁਹਾਡੇ ਵੈਰੀ ਹਨ। ਉਹ (ਸ਼ੈਤਾਨ) ਜ਼ਾਲਮਾਂ ਲਈ ਬਹੁਤ ਹੀ ਭੈੜਾ ਵਟਾਂਦਰਾ ਸਿਧ ਹੋਇਆ ਹੈ ।੫੧।

مَاۤ اَشْهَدْتُّهُمْ خَلْقَ السَّمٰوٰتِ وَ الْاَرْضِ وَلَا خَلْقَ اَنْفُسِهِمْ ۪ وَ مَا كُنْتُ مُتَّخِذَ الْمُضِلِّيْنَ عَضُدًا ﴿۵۲﴾

ਮੈਂ ਓਹਨਾਂ ਨੂੰ ਨਾ ਤਾਂ ਸਾਰੇ ਅਕਾਸ਼ਾਂ ਤੇ ਪਤਾਲਾਂ (ਦੀ ਰਚਨਾ) ਸਮੇਂ ਹਾਜ਼ਰ ਕੀਤਾ ਸੀ ਤੇ ਨਾ ਓਹਨਾਂ ਦੀਆਂ (ਆਪਣੀਆਂ)ਜਿੰਦਾਂ ਨੂੰ ਸਾਜਣ ਸਮੇਂ ਹੀ, ਅਰਥਾਤ ਨਾ ਹੀ ਮੈਂ ਕੁਰਾਹੇ ਪਾਉਣ ਵਾਲਿਆਂ ਨੂੰ (ਆਪਣਾ) ਸਹਾਇਕ ਬਣਾ ਸਕਦਾ ਸੀ ।੫੨।

وَ يَوْمَ يَقُوْلُ نَادُوْا شُرَكَآءِيَ الَّذِيْنَ زَعَمْتُمْ فَدَعَوْهُمْ فَلَمْ يَسْتَجِيْبُوْا لَهُمْ وَ جَعَلْنَا بَيْنَهُمْ مَّوْبِقًا ﴿۵۳﴾

ਅਤੇ (ਉਹ ਸਮਾਂ ਵੀ ਯਾਦ ਕਰੋ ਜਦ ਕਿ) ਉਹ (ਪ੍ਰਭੂ ਮੁਸ਼ਰਿਕਾਂ ਨੂੰ ਇਹ ਕਹੇਗਾ ਕਿ) ਹੁਣ ਤੁਸੀਂ ਮੇਰੇ (ਓਹਨਾਂ) ਸ਼ਰੀਕਾਂ ਨੂੰ ਸੱਦੋ, ਜਿਨ੍ਹਾਂ ਦੇ (ਸ਼ਰੀਕ ਹੋਣ) ਬਾਰੇ ਤੁਸੀਂ ਵੱਡੇ ਦਾਅਵੇਦਾਰ ਸੀ। ਇਸ ਤੇ ਓਹ ਓਹਨਾਂ ਨੂੰ ਸੱਦਣ ਦਾ ਜਤਨ ਕਰਨਗੇ, ਪਰ ਓਹ ਓਹਨਾਂ ਨੂੰ (ਕੋਈ) ਉੱਤਰ ਨਹੀਂ ਦੇਣਗੇ, ਅਰਥਾਤ ਓਹਨਾਂ ਦੇ ਤੇ ਓਹਨਾਂ ਦੇ (ਆਪੋ ਘੜੇ ਸ਼ਰੀਕਾਂ ਦੇ) ਵਿਚਾਲੇ ਅਸੀਂ ਇਕ ਓਟ ਬਣਾ ਦਿਆਂਗੇ ।੫੩।

وَ رَاَ الْمُجْرِمُوْنَ النَّارَ فَظَنُّوْۤا اَنَّهُمْ مُّوَاقِعُوْهَا وَ لَمْ يَجِدُوْا عَنْهَا مَصْرِفًا ﴿۵۴﴾ ع ۹

ਅਤੇ ਸਾਰੇ ਅਪਰਾਧੀ ਉਸ ਅਗਨ-ਕੁੰਡ ਨੂੰ ਵੇਖਣਗੇ ਤੇ ਇਹ ਸਮਝ ਜਾਣਗੇ ਕਿ ਓਹ ਇਸ ਵਿਚ ਸੁੱਟੇ ਜਾਣਗੇ। ਓਹਨਾਂ ਨੂੰ ਉਸ ਤੋਂ ਪਿੱਛੇ ਹਟਣ ਦਾ ਕੋਈ ਰਾਹ ਨਹੀਂ ਲੱਭੇਗਾ ।੫੪। (ਰਕੂਅ ੭)

وَ لَقَدْ صَرَّفْنَا فِيْ هٰذَا الْقُرْاٰنِ لِلنَّاسِ مِنْ كُلِّ مَثَلٍ ؕ وَ كَانَ الْاِنْسَانُ اَكْثَرَ شَيْءٍ جَدَلًا ﴿۵۵﴾

ਅਤੇ ਅਸੀਂ ਇਸ ਕੁਰਾਨ ਵਿਚ ਹਰੇਕ (ਜ਼ਰੂਰੀ) ਗੱਲ ਨੂੰ ਅੱਡ ਅੱਡ ਢੰਗਾਂ ਨਾਲ ਵਰਣਨ ਕਰ ਦਿੱਤਾ ਹੈ ਅਤੇ (ਅਸੀਂ ਅਜਿਹਾ ਕਿਉਂ ਨਾ ਕਰਦੇ ਕਿ) ਮਨੁੱਖ ਸਭ ਤੋਂ ਵਧ ਕੇ ਝਗੜਾਲੂ ਹੈ ।੫੫।

وَمَا مَنَعَ النَّاسَ اَنْ يُّؤْمِنُوْٓا اِذْ جَآءَهُمُ الْهُدٰى وَيَسْتَغْفِرُوْا رَبَّهُمْ اِلَّآ اَنْ تَاْتِيَهُمْ سُنَّةُ الْاَوَّلِيْنَ اَوْ يَاْتِيَهُمُ الْعَذَابُ قُبُلًا ﴿٥٦﴾

ਅਤੇ ਓਹਨਾਂ ਲੋਕਾਂ ਨੂੰ ਜਦ ਓਹਨਾਂ ਵਲ ਸੁਮਾਰਗ ਆਇਆ ਸੀ, ਤਾਂ ਓਹਨਾਂ ਨੂੰ (ਇਸ ਤੇ) ਸ਼ਰਧਾ ਧਾਰਨ ਕਰਨੋਂ ਤੇ ਆਪਣੇ ਸਾਜਨਹਾਰ ਤੇ ਪਾਲਨਹਾਰ ਤੋਂ ਬਖ਼ਸ਼ਿਸ਼ ਮੰਗਣੋਂ ਕੇਵਲ ਇਸ ਗੱਲ ਨੇ ਰੋਕ ਦਿੱਤਾ ਸੀ ਕਿ ਪਹਿਲੇ ਲੋਕਾਂਜਿਹੀ ਹਾਲਤ ਏਹਨਾਂ ਉੱਤੇ (ਵੀ) ਆਏ, ਜਾਂ ਫੇਰ ਕਸ਼ਟ ਓਹਨਾਂ ਦੇ ਸਾਮ੍ਹਣੇ ਆ ਕੇ ਖੜਾ ਹੋ ਜਾਏ ।੫੬।

وَمَا نُرْسِلُ الْمُرْسَلِيْنَ اِلَّا مُبَشِّرِيْنَ وَمُنْذِرِيْنَ ۚ وَيُجَادِلُ الَّذِيْنَ كَفَرُوْا بِالْبَاطِلِ لِيُدْحِضُوْا بِهِ الْحَقَّ وَاتَّخَذُوْٓا اٰيٰتِيْ وَمَآ اُنْذِرُوْا هُزُوًا ﴿٥٧﴾

ਅਤੇ ਅਸੀਂ ਆਪਣੇ ਰਸੂਲਾਂ ਨੂੰ ਕੇਵਲ ਖ਼ੁਸ਼ਖ਼ਬਰੀ ਦੇਣ ਵਾਲਾ ਤੇ (ਕਸ਼ਟ ਦੇ ਆਉਣ ਤੋਂ) ਡਰਾਉਣ ਵਾਲਾ ਬਣਾ ਕੇ (ਹੀ) ਭੇਜਿਆ ਕਰਦੇ ਹਾਂ ਅਤੇ ਜੋ ਲੋਕ ਇਨਕਾਰ ਕਰਦੇ ਹਨ, ਓਹ ਕੂੜ ਦੁਆਰਾ ਇਸ ਲਈ ਝਗੜਦੇ ਹਨ ਕਿ ਉਸ ਰਾਹੀਂ ਸੱਚ ਨੂੰ ਮਿਟਾ ਸਕਣ । ਓਹਨਾਂ ਨੇ ਮੇਰੇ ਚਮਤਕਾਰਾਂ ਨੂੰ (ਤੇ) ਮੇਰੇ ਡਰ ਨੂੰ ਹਾਸੇ-ਮਖ਼ੌਲ ਦਾ ਨਿਸ਼ਾਨਾ ਬਣਾ ਲਿਆ ਹੈ ।੫੭।

وَمَنْ اَظْلَمُ مِمَّنْ ذُكِّرَ بِاٰيٰتِ رَبِّهٖ فَاَعْرَضَ عَنْهَا وَنَسِيَ مَا قَدَّمَتْ يَدٰهُ ۭ اِنَّا جَعَلْنَا عَلٰي قُلُوْبِهِمْ اَكِنَّةً اَنْ يَّفْقَهُوْهُ وَفِيْٓ اٰذَانِهِمْ وَقْرًا ۭ وَاِنْ تَدْعُهُمْ اِلَى الْهُدٰى فَلَنْ يَّهْتَدُوْٓا اِذًا اَبَدًا ﴿٥٨﴾

ਅਤੇ ਉਸ ਪ੍ਰਾਣੀ ਤੋਂ ਵੱਡਾ ਜ਼ਾਲਮ ਹੋਰ ਕਿਹੜਾ (ਹੋ ਸਕਦਾ) ਹੈ, ਜਿਸ ਨੂੰ ਉਸ ਦੇ ਸਾਜਨਹਾਰ ਤੇ ਪਾਲਨਹਾਰ ਦੇ ਚਮਤਕਾਰਾਂ ਰਾਹੀਂ ਸਮਝਾਇਆ ਜਾਏ, (ਪਰ) ਫੇਰ ਵੀ ਉਹ ਉਸ ਤੋਂ ਬੇਮੁਖ ਹੋ ਜਾਏ? ਅਰਥਾਤ ਜੋ ਕੁਝ ਉਹ ਆਪਣੇ ਹੱਥੀਂ (ਕਮਾਈ ਕਰਕੇ) ਅੱਗੇ ਭੇਜਦਾ ਹੈ, ਉਸ ਨੂੰ ਭੁਲਾ ਦੇਵੇ । ਅਜੇਹੇ ਲੋਕਾਂ ਦੇ ਦਿਲਾਂ ਉੱਤੇ ਅਸੀਂ ਕਈ ਕਿਸਮ ਦੇ ਪਰਦੇ ਪਾ ਦਿੱਤੇ ਹਨ; ਤਾਂ ਜੁ ਓਹ ਉਸ ਨੂੰ ਸਮਝ ਨਾ ਸਕਣ [1] ਤੇ ਓਹਨਾਂ ਦੇ ਕੰਨਾਂ ਅੱਗੇ ਝੱਪੇ (ਲਾ ਦਿੱਤੇ) ਹਨ; ਜੇ ਤੂੰ ਓਹਨਾਂ ਨੂੰ ਸੁਮਾਰਗ ਵਲ ਸੱਦਦਾ ਹੈਂ ਤਾਂ (ਓਹ ਤੇਰੇ ਨਾਲ ਇੰਨੀ ਈਰਖਾ ਕਰਦੇ ਹਨ ਕਿ) ਓਹ ਇਸ ਸੂਰਤ ਵਿਚ ਸੁਮਾਰਗ ਨੂੰ (ਵੀ) ਪਰਵਾਣ ਕਰਨ ਲਈ ਤਿਆਰ ਨਹੀਂ ਹੋਣਗੇ ।੫੮।

[1] ਵੇਖੋ ਸੂਰਤ ਬਨੀ ਇਸਰਾਈਲ ਦੀ ਆਇਤ ੪੭ ਦੀ ਟੂਕ ।

وَرَبُّكَ الْغَفُوْرُ ذُو الرَّحْمَةِ ؕ لَوْ يُؤَاخِذُهُمْ بِمَا كَسَبُوْا لَعَجَّلَ لَهُمُ الْعَذَابَ ؕ بَلْ لَّهُمْ مَّوْعِدٌ لَّنْ يَّجِدُوْا مِنْ دُوْنِهٖ مَوْئِلًا ﴿٥٩﴾

ਅਤੇ ਤੇਰਾ ਸਾਜਨਹਾਰ ਤੇ ਪਾਲਨਹਾਰ ਵੱਡਾ ਬਖ਼ਸ਼ਣਹਾਰ ਤੇ ਕਿਰਪਾ-ਨਿਧਾਨ ਹੈ। ਜੇ ਉਹ ਓਹਨਾਂ ਨੂੰ ਓਹਨਾਂ ਦੇ ਕੁਕਰਮਾਂ ਸਦਕਾ ਨਸ਼ਟ ਕਰਨਾ ਚਾਹੁੰਦਾ, ਤਾਂ ਓਹਨਾਂ ਉੱਤੇ ਝਟ ਹੀ ਕਸ਼ਟ ਭੇਜ ਦਿੰਦਾ, (ਪਰ ਉਹ**ਅਜਿਹਾ** ਨਹੀਂ ਕਰਦਾ); ਸ਼ਗੋਂ ਓਹਨਾਂ ਵਾਸਤੇ ਇਕ ਮਿਆਦ ਨੀਅਤ ਕਰ ਦਿੰਦਾ ਹੈ, ਜਿਸ ਤੋਂ ਉਰੇ, (ਅਰਥਾਤ ਕਸ਼ਟ ਭੁਗਤਣ ਤੋਂ ਪਹਿਲਾਂ) ਓਹਨਾਂ ਨੂੰ ਬਚਾਉ ਦਾ ਕੋਈ ਟਿਕਾਣਾ ਨਹੀਂ ਮਿਲ ਸਕੇਗਾ ।੫੯।

وَتِلْكَ الْقُرٰٓى اَهْلَكْنٰهُمْ لَمَّا ظَلَمُوْا وَجَعَلْنَا لِمَهْلِكِهِمْ مَّوْعِدًا ﴿٦٠﴾

ਅਤੇ ਓਹ ਨਗਰੀਆਂ—ਜਿਨ੍ਹਾਂ ਨੂੰ ਅਸੀਂ ਓਹਨਾਂ ਦੇ ਜ਼ੁਲਮ ਕਰ ਕੇ ਨਸ਼ਟ ਕਰ ਦਿੱਤਾ ਹੈ—(ਓਹਨਾਂ ਲਈ ਸਬਕ ਦਾ ਕਾਰਣ ਬਣ ਸਕਦੀਆਂ ਸਨ।) ਅਸੀਂ ਓਹਨਾਂ ਦੇ ਨਸ਼ਟ ਹੋਣ ਵਾਸਤੇ ਪਹਿਲਾਂ ਤੋਂ ਹੀ ਇਕ ਮਿਆਦ ਨੀਅਤ ਕੀਤੀ ਹੋਈ ਸੀ। (ਤਾਂ ਜੁ ਓਹ ਚਾਹੁਣ, ਤਾਂ ਪਸਚਾਤਾਪ ਕਰ ਸਕਣ) ।੬੦।

(ਰਕੂਅ ੮)

وَاِذْ قَالَ مُوْسٰى لِفَتٰىهُ لَآ اَبْرَحُ حَتّٰٓى اَبْلُغَ مَجْمَعَ الْبَحْرَيْنِ اَوْ اَمْضِىَ حُقُبًا ﴿٦١﴾

ਅਤੇ (ਉਹ ਸਮਾਂ ਵੀ ਚੇਤੇ ਕਰੋ, ਜਦ ਕਿ) 'ਮੂਸਾ'ਨੇ ਆਪਣੇ ਗੱਭਰੂ[1] (ਸਾਥੀ) ਨੂੰ ਇਹ ਕਿਹਾ ਸੀ (ਕਿ) ਮੈਂ (ਜਿਸ ਮਾਰਗ ਉੱਤੇ ਚਲ ਰਿਹਾ ਹਾਂ, ਉਸੇ ਉੱਤੇ ਦ੍ਰਿੜ੍ਹ ਰਹਿਣ ਤੋਂ) ਨਹੀਂ ਟਲਾਂਗਾ; ਇੱਥੋਂ ਤਕ ਕਿ ਏਹਨਾਂ ਦੋਹਾਂ ਸਮੁੰਦਰਾਂ[2] ਦੇ ਆਪਸ ਵਿਚ ਮਿਲਣ ਦੇ ਟਿਕਾਣੇ ਤੇ ਨਾ ਪੁੱਜ ਜਾਵਾਂ । ਜਾਂ ਸਦੀਆਂ ਤਕ (ਅੱਗੇ ਹੀ ਅੱਗੇ) ਤੁਰਿਆ ਜਾਵਾਂ ।੬੧।

---

[1]ਇਸ ਗੱਭਰੂ ਸਾਥੀ ਦਾ ਭਾਵ ਹਜ਼ਰਤ "ਈਸਾ" ਜੀ ਹਨ, ਜੋ ਮੂਸਵੀ ਸਫ਼ਰ ਦੇ ਭਾਈਵਾਲ ਸਨ ।

[2]ਇਸ ਥਾਂ ਉਸ ਸਮੇਂ ਵਲ ਇਸ਼ਾਰਾ ਕੀਤਾ ਗਿਆ ਹੈ, ਜਦ ਕਿ ਹਜ਼ਰਤ "ਮੂਸਾ" ਜੀ ਦਾ ਜੁਗ ਸਮਾਪਤ ਹੋ ਗਿਆ ਸੀ ਤੇ ਹਜ਼ਰਤ "ਮੁਹੰਮਦ" ਸਾਹਿਬ ਦਾ ਜੁਗ ਅਰੰਭ ਹੋ ਗਿਆ ਸੀ। ਬੇਸ਼ੱਕ ਵਿਚਾਲੇ ਹਜ਼ਰਤ "ਈਸਾ" ਜੀ ਆਏ ਸਨ, ਪਰ ਉਹ "ਮੂਸਾ" ਜੀ ਦੀ ਸ਼ਰੀਅਤ ਦੇ ਹੀ ਅਧੀਨ ਸਨ ।

فَلَمَّا بَلَغَا مَجْمَعَ بَيْنِهِمَا نَسِيَا حُوْتَهُمَا فَاتَّخَذَ سَبِيْلَهٗ فِي الْبَحْرِ سَرَبًا ﴿٦٢﴾

ਸੋ ਜਦ ਓਹ (ਦੋਵੇਂ) ਓਹਨਾਂ (ਦੋਹਾਂ ਸਮੁੰਦਰਾਂ ਦੇ[1]) ਪਰਸਪਰ ਮਿਲਣ ਦੇ ਟਿਕਾਣੇ ਤੇ,(ਅਰਥਾਤ ਹਜ਼ਰਤ "ਮੁਹੰਮਦ" ਸਾਹਿਬ ਦੇ ਸਮੇਂ ਦੇ ਲਾਗੇ) ਪੁੱਜੇ ਸਨ, ਤਾਂ ਉਹ ਆਪਣੀ ਮੱਛੀ[2] ਉੱਥੇ ਭੁਲ ਗਏ ਸਨ, ਜਿਸ ਤੇ ਉਹ (ਮੱਛੀ) ਛੇਤੀ ਨਾਲ ਨੱਸ ਕੇ ਸਮੁੰਦਰ ਵਿਚ ਆਪਣੇ ਰਾਹੇ ਪੈ ਗਈ ਸੀ ।੬੨।

فَلَمَّا جَاوَزَا قَالَ لِفَتٰىهُ اٰتِنَا غَدَآءَنَا لَقَدْ لَقِيْنَا مِنْ سَفَرِنَا هٰذَا نَصَبًا ﴿٦٣﴾

ਫੇਰ ਜਦ ਓਹ (ਉਸ ਥਾਂ ਤੋਂ) ਅੱਗੇ ਨਿਕਲ[3] ਗਏ ਸਨ, ਤਾਂ ਉਸ (ਮੂਸਾ) ਨੇ ਆਪਣੇ ਗੱਭਰੂ (ਸਾਥੀ) ਨੂੰ ਇਹ ਕਿਹਾ ਸੀ (ਕਿ) ਸਾਡਾ ਸਵੇਰ ਦਾ ਖਾਣਾ ਸਾਨੂੰ ਦਿਓ । ਬੇਸ਼ੱਕ ਅਸੀਂ ਆਪਣੇ ਇਸ ਸਫ਼ਰ ਦੇ ਕਾਰਣ ਥੱਕ ਗਏ ਹਾਂ ।੬੩।

قَالَ اَرَءَيْتَ اِذْ اَوَيْنَاۤ اِلَى الصَّخْرَةِ فَاِنِّيْ نَسِيْتُ الْحُوْتَ وَمَاۤ اَنْسٰنِيْهُ اِلَّا الشَّيْطٰنُ اَنْ اَذْكُرَهٗ وَاتَّخَذَ سَبِيْلَهٗ فِي الْبَحْرِ عَجَبًا ﴿٦٤﴾

ਉਸ ਨੇ ਇਹ ਕਿਹਾ ਸੀ (ਕਿ) ਦੱਸੋ । (ਹੁਣ ਕੀ ਕਰੀਏ ?) ਜਦ ਕਿ ਅਸੀਂ (ਸਾਹ ਲੈਣ ਲਈ) ਇਕ ਚਟਾਨ[4] ਲਾਗੇ ਠਹਿਰੇ ਸੀ, ਤਾਂ ਮੈਨੂੰ ਮੱਛੀ ਦਾ ਚੇਤਾ ਹੀ ਭੁੱਲ ਗਿਆ ਸੀ, ਅਰਥਾਤ ਮੈਨੂੰ ਇਹ (ਗੱਲ) "ਸ਼ੈਤਾਨ" ਤੋਂ ਛੁੱਟ ਕਿਸੇ ਨੇ ਵੀ ਨਹੀਂ ਭੁਲਾਈ ਸੀ ਅਤੇ ਉਹ ਮੱਛੀ ਅਜੀਬ ਢੰਗ ਨਾਲ ਸਮੁੰਦਰ ਵਿਚ ਆਪਣੇ ਰਾਹੇ ਪੈ ਗਈ ਸੀ ।੬੪।

---

[1]ਅਰਥਾਤ—ਜਦ ਮੂਸਵੀ "ਮੱਸੀਹ" ਦਾ ਜੁਗ ਹਜ਼ਰਤ "ਮੁਹੰਮਦ" ਸਾਹਿਬ ਦੇ ਜੁਗ ਨੂੰ ਮਿਲਿਆ ਸੀ, ਤਾਂ ਮੂਸਾ ਤੇ "ਈਸਾ" ਦੀ ਜਾਤੀ ਨੇ ਆਪਣੇ ਧਰਮ ਅਸਥਾਨਾਂ ਦਾ ਅਸਲ ਮੂਲ-ਮੁੱਦਾ ਉੱਕਾ ਹੀ ਭੁਲਾ ਦਿੱਤਾ ਸੀ ਅਤੇ ਜਦ "ਈਸਾ" ਦੀ ਜਾਤੀ ਨੇ ਬੰਦਗੀ ਦਾ ਮੂਲ-ਮੁੱਦਾ ਭੁਲਾ ਦਿੱਤਾ ਸੀ, ਤਾਂ ਅਰਸ਼ੀ ਫ਼ਰਿਸ਼ਤਿਆਂ ਨੇ ਇਹ ਸਮਝ ਲਿਆ ਸੀ ਕਿ ਹੁਣ ਅੰਤਲੇ ਨਬੀ ਦਾ ਜੁਗ ਆ ਗਿਆ ਹੈ ਤੇ ਓਹ ਪ੍ਰਭੂ ਦੇ ਹੁਕਮ ਨਾਲ "ਮੁਹੰਮਦ" ਸਾਹਿਬ ਉੱਤੇ ਉਤਰਣ ਲਗ ਪਏ ਸਨ ।

ਧਰਮ ਅਸਥਾਨਾਂ ਦਾ ਭਾਵ ਅਸੀਂ "ਹੂਤ" ਪਦ ਤੋਂ ਲਿਆ ਹੈ, ਜਿਸ ਨੂੰ ਸੁਪਨੇ ਵਿਚ ਵੇਖਿਆ ਜਾਏ, ਤਾਂ ਉਸ ਦਾ ਅਰਥ ਭਾਵ ਭਲੇ ਪੁਰਖਾਂ ਦਾ ਧਰਮ ਅਸਥਾਨ ਹੁੰਦਾ ਹੈ ।

[2]ਮੱਛੀ "ਹੂਤ" ਦਾ ਅੱਖਰੀ ਅਰਥ ਹੈ, ਜਿਸ ਦੀ ਵਿਆਖਿਆ ਅਸੀਂ ਇਸ ਤੋਂ ਪਹਿਲਾਂ ਕਰ ਦਿੱਤੀ ਹੈ ।

[3]ਇਹ ਹਜ਼ਰਤ "ਮੂਸਾ" ਜੀ ਦਾ ਮਿਅਰਾਜ ਹੈ, ਅਰਥਾਤ ਇਕ ਕਸ਼ਫ ਹੈ, ਜਿਸ ਵਿਚ ਓਹਨਾਂ ਨੇ ਆਪਣੇ ਉਤਰ-ਅਧਿਕਾਰੀ ਹੋਣ ਵਾਲੇ "ਮੱਸੀਹ" ਨੂੰ ਵੇਖਿਆ ਸੀ ਅਤੇ ਆਪਣੀ ਥਾਂ ਲੈਣ ਵਾਲੇ ਸ਼ਰੀਅਤ ਵਾਲੇ ਰਸੂਲ ਹਜ਼ਰਤ "ਮੁਹੰਮਦ" ਸਾਹਿਬ ਨੂੰ ਵੀ ਵੇਖਿਆ ਸੀ ।

[4]ਅਰਥਾਤ—ਜਦ ਉਨਤੀ ਦੇ ਮਾਧਨ ਪ੍ਰਾਪਤ ਹੋਣ ਤੇ ਜਾਤੀ ਵਿਭਚਾਰ ਤੇ ਆਰਾਮ ਵਿਚ ਰੁੱਝ ਜਾਂਦੀ ਹੈ, ਤਾਂ ਧਰਮ ਅਸਥਾਨਾਂ ਦਾ ਅਸਲ ਮਨੋਰਥ ਵਿਸਰ ਜਾਂਦਾ ਹੈ ।

قَالَ ذٰلِكَ مَا كُنَّا نَبْغِ ۚ فَارْتَدَّا عَلٰٓى اٰثَارِهِمَا قَصَصًا ﴿٦٤﴾

ਉਸ ਨੇ ਇਹ ਕਿਹਾ ਸੀ (ਕਿ) ਉਹੋ ਉਹ (ਟਿਕਾਣਾ) ਸੀ, ਜਿਸ ਦੀ ਅਸੀਂ ਢੂੰਡ ਕਰ ਰਹੇ ਸਾਂ। ਫੇਰ ਓਹ ਆਪਣੇ ਪੈਰਾਂ ਦੇ ਚਿੰਨ੍ਹ ਵੇਖਦੇ ਹੋਏ[1] ਵਾਪਸ ਮੁੜ ਗਏ ਸਨ ।੬੫।

فَوَجَدَا عَبْدًا مِّنْ عِبَادِنَآ اٰتَيْنٰهُ رَحْمَةً مِّنْ عِنْدِنَا وَعَلَّمْنٰهُ مِنْ لَّدُنَّا عِلْمًا ﴿٦٥﴾

ਤਾਂ ਓਹਨਾਂ ਨੇ ਸਾਡੇ ਭਗਤ-ਜਨਾਂ ਵਿੱਚੋਂ ਇਕ ਭਗਤ-ਜਨ (ਉੱਥੇ) ਵੇਖਿਆ ਸੀ[2], ਜਿਸ ਨੂੰ ਅਸੀਂ ਆਪਣੀ ਹਜ਼ੂਰੀਓਂ ਮਿਹਰ (ਦੀ ਸੀਰਤ) ਬਖ਼ਸ਼ੀ ਹੋਈ ਸੀ ਤੇ ਆਪਣੇ ਦਰਬਾਰੋਂ (ਖ਼ਾਸ) ਗਿਆਨ ਵੀ ਦਿੱਤਾ ਹੋਇਆ ਸੀ ।੬੬।

قَالَ لَهٗ مُوْسٰى هَلْ اَتَّبِعُكَ عَلٰٓى اَنْ تُعَلِّمَنِ مِمَّا عُلِّمْتَ رُشْدًا ﴿٦٦﴾

"ਮੂਸਾ" ਨੇ ਉਸ ਨੂੰ ਇਹ ਕਿਹਾ ਸੀ (ਕਿ) ਕੀ ਮੈਂ ਇਸ (ਮਨੋਰਥ) ਲਈ ਆਪ ਦੇ ਨਾਲ ਤੁਰ ਸਕਦਾ ਹਾਂ ਕਿ ਜੋ ਗਿਆਨ ਤੁਹਾਨੂੰ ਪ੍ਰਾਪਤ ਹੋਇਆ ਹੈ, ਉਸ ਵਿੱਚੋਂ ਮੈਂ ਵੀ ਕੁਝ (ਗਿਆਨ) ਸਿਖ ਸਕਾਂ ? ।੬੭।

قَالَ اِنَّكَ لَنْ تَسْتَطِيْعَ مَعِىَ صَبْرًا ﴿٦٧﴾

ਉਸ ਨੇ ਇਹ ਕਿਹਾ ਸੀ (ਕਿ) ਤੂੰ ਮੇਰੇ ਨਾਲ ਰਹਿ ਕੇ ਕਦੇ ਵੀ ਸਬਰ ਨਹੀਂ ਕਰ ਸਕੇਂਗਾ ।੬੮।

وَكَيْفَ تَصْبِرُ عَلٰى مَا لَمْ تُحِطْ بِهٖ خُبْرًا ﴿٦٨﴾

ਅਤੇ ਜਿਸ ਗੱਲ ਦਾ ਤੈਨੂੰ ਪਤਾ ਨਹੀਂ, ਉਸ ਤੇ ਤੂੰ ਸਬਰ ਕਰ (ਵੀ) ਨਹੀਂ ਸਕਦਾ ।੬੯।

قَالَ سَتَجِدُنِىْٓ اِنْ شَآءَ اللّٰهُ صَابِرًا وَّلَآ اَعْصِىْ لَكَ اَمْرًا ﴿٦٩﴾

ਉਸ ਨੇ ਇਹ ਕਿਹਾ ਸੀ (ਕਿ) ਜੇ ਅੱਲਾਹ ਨੂੰ ਭਾਇਆ, ਤਾਂ ਆਪ ਮੈਨੂੰ ਸਬਰ ਕਰਨ ਵਾਲਾ ਹੀ ਵੇਖੋਗੇ, ਅਰਥਾਤ ਮੈਂ ਆਪ ਦੇ ਕਿਸੇ ਹੁਕਮ ਦੀ ਅਵੱਗਿਆ ਨਹੀਂ ਕਰਾਂਗਾ ।੭੦।

قَالَ فَاِنِ اتَّبَعْتَنِىْ فَلَا تَسْـَٔلْنِىْ عَنْ شَىْءٍ حَتّٰٓى اُحْدِثَ لَكَ مِنْهُ ذِكْرًا ﴿٧٠﴾ ع

ਉਸ (ਰੱਬੀ-ਜੀਉੜੇ) ਨੇ ਇਹ ਕਿਹਾ ਸੀ (ਕਿ) ਚੰਗਾ ਜੇ ਤੂੰ ਮੇਰੇ ਨਾਲ ਜਾਣਾ ਚਾਹੁੰਦਾ ਹੈਂ, ਤਾਂ ਕਿਸੇ ਚੀਜ਼ ਬਾਰੇ ਜਦ ਤਕ ਕਿ ਮੈਂ ਆਪ ਤੈਨੂੰ ਨਾ ਦੱਸਾਂ, ਤੂੰ ਮੈਨੂੰ ਉਸ ਚੀਜ਼ ਬਾਰੇ ਕੁਝ ਨਾ ਪੁੱਛੀਂ ।੭੧। (ਰਕੂਅ ੯)

---

[1]ਅਰਥਾਤ—ਅਜੇਹੀਆਂ ਪੋਸ਼ਗੋਈਆਂ ਪਿੱਛੇ ਛੱਡ ਦਿੱਤੀਆਂ ਸਨ, ਜੋ ਹਜ਼ਰਤ ਮੁਹੰਮਦ ਸਾਹਿਬ ਦੇ ਪਰਗਟ ਹੋਣ ਤੇ ਘਟਦੀਆਂ ਸਨ; ਤਾਂ ਜੁ ਓਹਨਾਂ ਦੀ ਜਾਤੀ ਓਹਨਾਂ ਪੋਸ਼ਗੋਈਆਂ ਤੋਂ ਹੁਸ਼ਿਆਰ ਰਹੇ ।

[2]ਇਸ ਦਾ ਭਾਵ ਹਜ਼ਰਤ ਮੁਹੰਮਦ ਸਾਹਿਬ ਜੀ ਹਨ, ਜੋ ਮੂਸਾ ਜੀ ਦੇ ਮਿਅਰਾਜ ਸਮੇਂ ਓਹਨਾਂ ਨੂੰ ਮਿਲੇ ਸਨ ।

فَانْطَلَقَا ۖ حَتَّىٰ إِذَا رَكِبَا فِي السَّفِينَةِ خَرَقَهَا ۖ قَالَ أَخَرَقْتَهَا لِتُغْرِقَ أَهْلَهَا لَقَدْ جِئْتَ شَيْئًا إِمْرًا ﴿٧١﴾

ਫੇਰ ਓਹ (ਦੋਵੇਂ ਉੱਥੋਂ) ਤੁਰ ਪਏ ਸਨ, ਇੱਥੋਂ ਤਕ ਕਿ ਜਦ ਓਹ ਇਕ ਬੇੜੀ ਤੇ ਸਵਾਰ ਹੋਏ ਸਨ, ਤਾਂ ਉਸ (ਰੱਬੀ-ਜੀਉੜੇ) ਨੇ ਉਸ (ਬੇੜੀ) ਵਿਚ ਛੇਕ ਕਰ ਦਿੱਤਾ ਸੀ। ਇਸ ਤੇ ਉਸ (ਮੂੱਸਾ) ਨੇ ਇਹ ਕਿਹਾ ਸੀ (ਕਿ) ਕੀ ਤੁਸੀਂ ਇਸ ਵਿਚ ਇਸ ਲਈ ਛੇਕ ਕਰ ਦਿੱਤਾ ਹੈ ਕਿ ਇਸ ਦੇ ਅੰਦਰ (ਸਵਾਰ ਹੋਣ) ਵਾਲੇ ਡੁਬ ਜਾਇਆ ਕਰਨ ? ਬੇਸ਼ੱਕ ਤੁਸੀਂ (ਇਹ) ਇਕ ਅਯੋਗ ਗੱਲ ਕੀਤੀ ਹੈ ।੭੨।

قَالَ أَلَمْ أَقُلْ إِنَّكَ لَن تَسْتَطِيعَ مَعِيَ صَبْرًا ﴿٧٢﴾

ਉਸ (ਰੱਬੀ-ਜੀਉੜੇ) ਨੇ ਇਹ ਕਿਹਾ ਸੀ (ਕਿ) ਕੀ ਮੈਂ (ਤੈਨੂੰ) ਇਹ ਨਹੀਂ ਕਿਹਾ ਸੀ ਕਿ ਤੂੰ ਮੇਰੇ ਨਾਲ ਰਹਿ ਕੇ ਕਦੇ ਵੀ ਸਬਰ ਨਹੀਂ ਕਰ ਸਕੇਂਗਾ ? ।੭੩।

قَالَ لَا تُؤَاخِذْنِي بِمَا نَسِيتُ وَلَا تُرْهِقْنِي مِنْ أَمْرِي عُسْرًا ﴿٧٣﴾

ਇਸ ਤੇ ਉਸ (ਮੂੱਸਾ) ਨੇ ਇਹ ਕਿਹਾ ਸੀ ਕਿ (ਇਸ ਵਾਰ ਆਪ) ਮੈਨੂੰ ਮਾਫ਼ ਕਰ ਦਿਓ; ਕਿਉਂਕਿ ਮੈਂ (ਆਪ ਦੇ ਆਖੇ ਨੂੰ) ਭੁੱਲ ਗਿਆ ਸੀ, ਅਰਥਾਤ ਤੁਸੀਂ ਮੇਰੀ (ਇਸ) ਗੱਲ ਦੇ ਕਾਰਣ ਮੇਰੇ ਉੱਤੇ ਸਖ਼ਤੀ ਨਾ ਕਰੋ ।੭੪।

فَانْطَلَقَا حَتَّىٰ إِذَا لَقِيَا غُلَامًا فَقَتَلَهُ قَالَ أَقَتَلْتَ نَفْسًا زَكِيَّةً بِغَيْرِ نَفْسٍ ۗ لَقَدْ جِئْتَ شَيْئًا نُّكْرًا ﴿٧٤﴾

ਫੇਰ ਓਹ (ਦੋਵੇਂ ਉੱਥੋਂ) ਤੁਰ ਪਏ ਸਨ, ਇੱਥੋਂ ਤਕ ਕਿ ਓਹ ਇਕ ਬਾਲਕ[1] ਨੂੰ ਮਿਲੇ ਸਨ। ਉਸ (ਰੱਬੀ-ਜੀਉੜੇ) ਨੇ ਉਸ ਬਾਲਕ ਨੂੰ ਜਾਨੋਂ ਮਾਰ ਦਿੱਤਾ ਸੀ। (ਇਸ ਤੇ) ਉਸ (ਮੂੱਸਾ) ਨੇ ਇਹ ਪੁੱਛਿਆ ਸੀ (ਕਿ) ਕੀ (ਇਹ ਠੀਕ ਨਹੀਂ ਕਿ) ਆਪ ਨੇ (ਇਸ ਸਮੇਂ) ਇਕ ਪਵਿੱਤਰ ਦਾ ਬਿਨਾਂ ਕਿਸੇ (ਖ਼ੂੰਨ ਦੇ) ਬਦਲੇ ਦੇ (ਅਜਾਈਂ ਹੀ) ਘਾਤ ਕਰ ਦਿੱਤਾ ਹੈ। ਬੇਸ਼ੱਕ ਆਪ ਨੇ (ਇਹ) ਇਕ ਅਯੋਗ ਗੱਲ ਕੀਤੀ ਹੈ ।੭੫।

---

[1]ਸੁਪਨਿਆਂ ਦੀ ਵਿਆਖਿਆ ਦੀ ਵਿਦਿਆ ਅਨੁਸਾਰ ਬਾਲਕ ਦਾ ਭਾਵ ਸ਼ਰਮਸਤੀ ਤੇ ਘੁਮੰਡ ਹੈ। ਸੋ ਇਸ ਦੇ ਮਾਰਨ ਦਾ ਭਾਵ ਇਹ ਹੈ ਕਿ ਹਜ਼ਰਤ ਮੁੱਹੰਮਦ ﷺ ਸਾਹਿਬ ਜੀ ਮਹਾਰਾਜ ਨੇ ਅਜੇਹੀਆਂ ਚੀਜ਼ਾਂ ਤੋਂ ਰੋਕ ਦਿੱਤਾ, ਜੋ ਭ੍ਰਿਸ਼ਟਾਚਾਰ ਤੇ ਘੁਮੰਡ ਪੈਦਾ ਕਰਦੀਆਂ ਹਨ; ਜਿਹਾ ਕਿ ਸ਼ਰਾਬ ਤੇ ਜੂਆ ਆਦਿ। ਅੱਜ ਮੁਸਲਮਾਨ ਵੀ ਇਹ ਇਅਤਰਾਜ਼ ਕਰਦੇ ਹਨ ਕਿ ਲਾਟਰੀ ਤੇ ਬੀਮੇ ਤੋਂ ਰੋਕ ਕੇ ਇਸਲਾਮ ਨੇ ਖ਼ੁਸ਼ੀ ਦੀ ਰੂਹ ਮਾਰ ਦਿੱਤੀ ਹੈ।

قَالَ اَلَمْ اَقُلْ لَّكَ اِنَّكَ لَنْ تَسْتَطِيْعَ مَعِيَ صَبْرًا ﴿٧٥﴾

ਉਸ (ਰੱਬੀ-ਜੀਉੜੇ) ਨੇ ਇਹ ਕਿਹਾ ਸੀ (ਕਿ) ਕੀ ਮੈਂ ਤੈਨੂੰ ਇਹ ਨਹੀਂ ਕਿਹਾ ਸੀ ਕਿ ਤੂੰ ਮੇਰੇ ਨਾਲ ਰਹਿ ਕੇ ਕਦੇ ਵੀ ਸਬਰ ਨਹੀਂ ਕਰ ਸਕੇਂਗਾ ? ।੭੬।

قَالَ اِنْ سَاَلْتُكَ عَنْ شَيْءٍ بَعْدَهَا فَلَا تُصٰحِبْنِيْ ۚ قَدْ بَلَغْتَ مِنْ لَّدُنِّيْ عُذْرًا ﴿٧٦﴾

ਉਸ (ਮੂਸਾ) ਨ ਇਹ ਕਿਹਾ ਸੀ (ਕਿ) ਜੇ ਇਸ ਦੇ ਮਗਰੋਂ (ਵੀ) ਮੈਂ ਕਿਸੇ ਗੱਲ ਬਾਰੇ ਆਪ ਤੋਂ ਕੁਝ ਪੁੱਛਿਆ, ਤਾਂ (ਬੇਸ਼ੱਕ) ਆਪ ਮੈਨੂੰ ਆਪਣੇ ਨਾਲ ਨਾ ਰੱਖਣਾ। (ਇਸ ਸੂਰਤ ਵਿਚ) ਬੇਸ਼ੱਕ ਤੁਸੀਂ ਮੇਰੇ **ਵੀਚਾਰ** ਅਨੁਸਾਰ[1] ਨਿਰਦੋਸ਼ ਸਮਝੇ ਜਾਣ ਦੀ ਹੱਦ ਤਕ ਪੁੱਜ ਜਾਉਗੇ ।੭੭।

فَانْطَلَقَا ۖ حَتّٰٓى اِذَآ اَتَيَآ اَهْلَ قَرْيَةِ ِۨاسْتَطْعَمَآ اَهْلَهَا فَاَبَوْا اَنْ يُّضَيِّفُوْهُمَا فَوَجَدَا فِيْهَا جِدَارًا يُّرِيْدُ اَنْ يَّنْقَضَّ فَاَقَامَهٗ ۭ قَالَ لَوْ شِئْتَ لَتَّخَذْتَ

ਫੇਰ ਓਹ (ਉੱਥੋਂ ਵੀ) ਤੁਰ ਪਏ ਸਨ। ਇੱਥੋਂ ਤਕ ਕਿ ਓਹ ਇਕ ਨਗਰੀ ਦੇ ਲੋਕਾਂ ਕੋਲ ਪੁੱਜੇ ਸਨ। ਤਾਂ ਉਸ (ਨਗਰੀ) ਦੇ ਲੋਕਾਂ ਕੋਲੋਂ ਓਹਨਾਂ ਨੇ ਭੋਜਨ ਮੰਗਿਆ ਸੀ[2], ਪਰ ਓਹਨਾਂ ਨੇ ਓਹਨਾਂ ਨੂੰ (ਆਪਣੇ) ਅਤਿਥੀ ਸਮਝਣ ਤੋਂ ਇਨਕਾਰ ਕਰ ਦਿੱਤਾ ਸੀ। ਫੇਰ ਓਹਨਾਂ ਨੇ ਉਸ (ਨਗਰੀ) ਵਿਚ ਇਕ ਕੰਧ ਵੇਖੀ ਸੀ, ਜੋ ਡਿੱਗਣ ਵਾਲੀ ਹੀ ਸੀ[3]।

---

[1]ਮੂਲ ਪਾਠ ਵਿਚ "ਮਿੱਲਾਦੁੰਨੀ" ਪਦ ਹੈ ਅਤੇ "ਲਦੁੰਨ" ਦਾ ਅਰਥ ਕੋਸ਼ ਵਿਚ "ਇੰਦਾ" ਵੀ ਹੈ। ਜਿਸ ਦਾ ਭਾਵ "ਮੇਰੇ ਵੀਚਾਰ ਅਨੁਸਾਰ", "ਮੇਰੇ ਖ਼ਿਆਲ ਵਿਚ" ਜਾਂ ਮੇਰੇ ਨਿਰਣੇ ਅਨੁਸਾਰ ਵੀ ਹੁੰਦਾ ਹੈ। ਏਹੋ ਅਰਥ ਅਸੀਂ ਇਸ ਥਾਂ ਲਿਖਿਆ ਹੈ।

[2]ਇਸ ਵਿਚ ਉਸ ਘਟਨਾ ਵਲ ਇਸ਼ਾਰਾ ਕੀਤਾ ਗਿਆ ਹੈ ਕਿ ਇਕ ਸਮੇਂ ਹਜ਼ਰਤ ਮੁੱਹੰਮਦ ਸਾਹਿਬ ਜੀ ਮਹਾਰਾਜ ਯਹੂਦੀਆਂ ਤੇ ਈਸਾਈਆਂ ਨੂੰ ਮਿਲਵਰਤਣ ਦੀ ਅਪੀਲ ਕਰਣਗੇ, ਪਰ ਓਹ ਇਸ ਤੋਂ ਨਾਂਹ ਕਰ ਦੇਣਗੇ। ਇਸਲਾਮ ਦਾ ਇਤਿਹਾਸ ਇਸ ਦੀ ਹਾਮੀ ਭਰਦਾ ਹੈ।

[3]"ਫ਼ਵਾਜਾਦਾ ਫੀਹਾ ਜਿਦਾਰੰਯੁਰੀਦੁ ਅੰਯੰਨਕੱਜ਼ਾ" ਦੇ ਅੱਖਰੀ ਅਰਥ ਤਾਂ ਇਹ ਹਨ ਕਿ ਦੋਹਾਂ ਨੇ ਉਸ ਨਗਰੀ ਵਿਚ ਅਜੇਹੀ ਕੰਧ ਵੇਖੀ ਜੋ ਡਿੱਗਣ ਦੀ ਇੱਛਾ ਕਰ ਰਹੀ ਸੀ, ਪਰ ਇਸ ਦੀ ਥਾਂ ਅਸੀਂ ਇਸ ਦੇ ਇਹ ਅਰਥ ਕੀਤੇ ਹਨ ਕਿ "ਓਹਨਾਂ ਨੇ ਉਸ (ਨਗਰੀ) ਵਿਚ ਇਕ ਕੰਧ ਵੇਖੀ ਸੀ, ਜੋ ਡਿੱਗਣ ਵਾਲੀ ਹੀ ਸੀ।" ਇਹ ਅਰਥ ਅਰਬੀ ਭਾਸ਼ਾ ਦੇ ਮੁਹਾਵਰੇ ਅਨੁਸਾਰ ਬਿਲਕੁਲ ਠੀਕ ਹਨ; ਕਿਉਂਕਿ ਅਰਬੀ ਭਾਸ਼ਾ ਵਿਚ ਕਦੀ ਵਾਰ "ਅਰਾਦਾ" ਦਾ ਪਦ ਵਰਤਿਆ ਜਾਂਦਾ ਹੈ, ਪਰ ਉਸ ਦਾ ਭਾਵ ਦਿਮਾਗ਼ੀ ਇਰਾਦਾ ਨਹੀਂ ਹੁੰਦਾ; ਸਗੋਂ ਇਹ ਹੁੰਦਾ ਹੈ ਕਿ ਹਾਲਾਤ ਅਨੁਸਾਰ ਉਸ ਚੀਜ਼ ਤੇ ਉਹ ਦਸ਼ਾ ਆਉਣ ਵਾਲੀ ਹੈ, ਜਿਹਾ ਕਿ ਇਮਾਮ "ਅਬੂ ਮਨਸੂਰ ਸਆਲਬੀ" ਜੋ ਅਰਬੀ ਕੋਸ਼ ਦੇ ਪ੍ਰਸਿਧ ਇਮਾਮ ਮੰਨੇ ਗਏ ਹਨ, ਆਪਣੀ ਪੁਸਤਕ "ਫ਼ਿਕਾਉੱਲ੍ਹਗਾ" ਵਿਚ ਲਿਖਦੇ ਹਨ ਕਿ "ਅਬੂ ਫਰਾਸ" ਜੋ ਇਕ ਪ੍ਰਸਿਧ ਵਿਦਵਾਨ ਸਨ, ਪਰ ਦਿਲੋਂ ਇਸਲਾਮ ਦੇ ਇਨਕਾਰੀ ਸਨ, ਉਹਨਾਂ ਦੀ ਏਹੋ ਆਦਤ ਸੀ ਕਿ ਉਹ ਇਸਲਾਮ ਤੇ ਇਤਰਾਜ਼ ਕਰਦੇ ਰਹਿੰਦੇ ਸਨ। ਇਕ ਵਾਰ ਅਬਾਸੀਆ ਘਰਾਣੇ ਦੇ ਇਕ ਮੰਤਰੀ ਅੱਹਿਮਦ ਬਿਨ ਹੁਸੈਨ ਦੇ ਦਰਬਾਰ ਵਿਚ ਬਿਰਾਜਮਾਨ ਸਨ ਤੇ ਮੰਤਰੀ ਨੂੰ ਉਡੀਕ ਰਹੇ ਸਨ, ਤਾਂ "ਅਬੂ ਫਰਾਸ" ਨੇ ਮੈਨੂੰ ਸੰਬੋਧਨ ਕਰ ਕੇ ਕਿਹਾ ਕਿ ਕਿਸੇ ਅਰਬ ਨੇ ਬੁਧੀ ਨਾ ਰੱਖਣ ਵਾਲੀ ਕਿਸੇ ਚੀਜ਼ ਬਾਰੇ ਇਹ ਕਦੇ ਕਿਹਾ ਹੈ ਕਿ ਉਸ ਨੇ ਇੱਛਾ ਕੀਤੀ ? ਮੈਂ ਉੱਤਰ ਦਿੱਤਾ ਕਿ ਅਰਬ ਕਦੀ ਵਾਰ ਇਕ ਜੜ੍ਹ ਵਸਤੂ ਬਾਰੇ ਇਹ ਆਖ ਦਿਆ ਕਰਦੇ ਹਨ ਕਿ ਉਸ ਨੇ ਇਹ ਕਿਹਾ ਕਿ ਜਿਹਾ ਕਿ—"ਇਮਤਾਲਾ ਅੱਲ ਹੌਜ਼ ਫਕਾਲਾ ਕੱਤਨੀ" ਅਰਥਾਤ "ਹੌਜ਼ ਭਰ ਗਿਆ ਹੈ"। ਉਸ ਨੇ ਕਿਹਾ→

عَلَيْهِ اَجْرًا ۝

ਉਸ (ਰੱਬੀ-ਜੀਉੜੇ) ਨੇ ਉਸ ਨੂੰ ਠੀਕ ਕਰ ਦਿੱਤਾ ਸੀ। ਇਸ ਤੇ ਉਸ (ਮੂਸਾ) ਨੇ ਇਹ ਕਿਹਾ ਸੀ (ਕਿ) ਜੇ ਤੁਸੀਂ ਚਾਹੁੰਦੇ, ਤਾਂ ਉਸ ਦੀ ਕੁਝ (ਨਾ ਕੁਝ) ਮਜ਼ਦੂਰੀ ਲੈ ਸਕਦੇ ਸੀ ।੭੮।

قَالَ هٰذَا فِرَاقُ بَيْنِيْ وَبَيْنِكَ ۚ سَاُنَبِّئُكَ بِتَاْوِيْلِ مَا لَمْ تَسْتَطِعْ عَّلَيْهِ صَبْرًا ۝

ਉਸ (ਰੱਬੀ-ਜੀਉੜੇ) ਨੇ ਇਹ ਕਿਹਾ ਸੀ (ਕਿ) ਇਹ ਮੇਰੇ ਤੇ ਤੇਰੇ ਵਿਚਾਲੇ ਜੁਦਾਈ (ਦਾ ਸਮਾਂ) ਹੈ। ਜਿਸ ਗੱਲ ਤੇ ਤੂੰ ਸਬਰ ਨਹੀਂ ਕਰ ਸਕਿਆ, ਹੁਣੇ ਮੈਂ ਤੈਨੂੰ ਉਸ ਦੀ ਅਸਲੀਅਤ ਤੋਂ ਜਾਣੂੰ ਕਰਾਉਂਦਾ ਹਾਂ ।੭੯।

اَمَّا السَّفِيْنَةُ فَكَانَتْ لِمَسٰكِيْنَ يَعْمَلُوْنَ فِي الْبَحْرِ

ਉਹ ਬੇੜੀ[1] ਤਾਂ ਕੁਝ ਨਿਰਧਨਾਂ ਦੀ ਸੀ, ਜੋ ਦਰਯਾ ਵਿਚ ਕੰਮ ਕਰਦੇ ਸਨ, ਓਹਨਾਂ ਦੇ ਸਾਮ੍ਹਣੇ (ਦਰਯਾ ਪਾਰ) ਇਕ (ਜ਼ਾਲਮ[2]) ਬਾਦਸ਼ਾਹ ਸੀ,

---

←ਬਸ ਬਸ; ਹਾਲਾਂਕਿ ਹੰਜ਼ ਤਾਂ ਬੋਲਦਾ ਨਹੀਂ। ਉਸ ਨੇ ਕਿਹਾ ਕਿ ਮੈਂ ਤਾਂ ਕਥਨ ਦਾ ਵਰਣਨ ਨਹੀਂ ਕਰਦਾ। ਉਹ ਤਾਂ ਠੀਕ ਹੈ। ਤੁਸੀਂ ਇਹ ਦੱਸੋ ਕਿ ਬੁਧੀ ਹੀਨ ਚੀਜ਼ਾਂ ਬਾਰੇ ਵੀ ਕਦੇ ਇੱਛਾ ਪਦ ਦੀ ਵਰਤੋਂ ਕੀਤੀ ਜਾਂਦੀ ਹੈ। ਉਸ ਦਾ ਭਾਵ ਇਹ ਸੀ ਕਿ ਕੁਰਾਨ ਸ਼ਰੀਫ਼ ਦੀ ਆਇਤ ''ਯੁਰੀਦੁ ਅੰਯੱਨਕੱਜ਼ਾ'' ਗ਼ਲਤ ਸਿਧ ਹੋ ਜਾਏ। ਇਸ ਤੇ ਪ੍ਰਭੂ ਨੇ ਓਹਨਾਂ ਦੀ ਸਹਾਇਤਾ ਕੀਤੀ ਤੇ ਅਰਬ ਦੇ ਇਕ ਕਵੀ ''ਅੱਰਾਈ'' ਦਾ ਇਕ ਸ਼ਿਅਰ ਓਹਨਾਂ ਨੂੰ ਯਾਦ ਆ ਗਿਆ, ਜੋ ਉਹਨਾਂ ਨੇ ਸੁਣਾ ਦਿੱਤਾ। ਉਹ ਸ਼ਿਅਰ ਇਹ ਹੈ ਕਿ :—

''ਫ਼ੀ ਮਹਮਾਹਿਨ ਫੁਲਿਕਤ ਬਿਹਿ ਹਮਾਰੁਹਾ ਫ਼ਲਕਲ ਫ਼ਉਸਿ ਇਜ਼ਾ ਅਰੱਦਨਾ ਨੁਸੂਲਾ''

ਅਰਥਾਤ—ਇਕ ਜੰਗਲ ਵਿਚ ਉਸ ਜਾਤੀ ਦੀਆਂ ਖੋਪੜੀਆਂ ਇਉਂ ਤੋੜੀਆਂ ਗਈਆਂ, ਜਿਸ ਤਰ੍ਹਾਂ ਕੁਹਾੜੇ ਜਦ ਚੱਲਣ ਦੀ ਇੱਛਾ ਕਰਦੇ ਹਨ, ਤਾਂ ਲਕੜੀਆਂ ਨੂੰ ਵੱਢਦੇ ਤੁਰੇ ਜਾਂਦੇ ਹਨ। ਉਹਨਾਂ ਨੇ ਕਿਹਾ ਕਿ ਇਸ ਥਾਂ ਕੁਹਾੜੇ ਨਾਲ ਚੱਲਣ ਦੀ ਇੱਛਾ ਜੋੜੀ ਗਈ ਹੈ। ਕੀ ਉਸ ਵਿਚ ਇੱਛਾ ਹੁੰਦੀ ਹੈ ? ਉਹਨਾਂ ਦਾ ਇਹ ਸ਼ਿਅਰ ਪੜ੍ਹਨਾ ਸੀ ਕਿ ''ਅਬੂ ਫਰਾਸ''ਦੇ ਦੰਦ ਜੁੜ ਗਏ ਤੇ ਪ੍ਰਭੂ ਨੇ ਉਸ ਨੂੰ ਵਾਹਵਾ ਹੀਣਾ ਕਰ ਦਿਤਾ।

ਇਸੇ ਤਰ੍ਹਾਂ ਓਹਨਾਂ ਨੇ ''ਅਬੂ ਮੁਹੰਮਦ ਯਜ਼ੀਦੀ''ਦਾ ਪ੍ਰਸੰਗ ਲਿਖਿਆ ਹੈ ਕਿ ਮੈਂ ਤੇ ਪ੍ਰਸਿਧ ਵਿਦਵਾਨ ''ਕਸਾਈ ਅਬਾਸ ਬਿਨ ਹਸਨ'' ਕੋਲ ਬੈਠੇ ਹੋਏ ਸੀ ਕਿ ਓਹਨਾਂ ਦਾ ਇਕ ਨੌਕਰ ਆਇਆ ਤੇ ਆਖਣ ਲੱਗਾ ਕਿ ਹਜ਼ੂਰ ਮੈਂ ਅਮਕੇ ਸੱਜਣ ਕੋਲੋਂ ਆਇਆ ਹਾਂ। ''ਹੁਵਾ ਯੁਰੀਦੁ ਅੰਯਮੂਤੁ'' ਉਹ ਤਾਂ ਮਰਨ ਦੀ ਇੱਛਾ ਕਰ ਰਿਹਾ ਹੈ। ਇਸ ਤੇ ਅਸੀਂ ਸਾਰੇ ਹੱਸ ਪਏ। ''ਅੱਬਾਸ ਬਿਨ ਹਸਨ''ਨੇ ਕਿਹਾ ਕਿ ਤੁਸੀਂ ਕਿਸ ਗੱਲ ਤੇ ਹੱਸੇ ਹੋ। ਅਸੀਂ ਕਿਹਾ ਕਿ ਕਦੇ ਕੋਈ ਪ੍ਰਾਣੀ ਆਪਣੇ ਮਰਨ ਦੀ ਇੱਛਾ ਵੀ ਕੀਤਾ ਕਰਦਾ ਹੈ ? ਓਹਨਾਂ ਨੇ ਕਿਹਾ ਕਿ ਕੁਰਾਨ ਸ਼ਰੀਫ਼ ਵਿਚ ਨਹੀਂ ਹੈ ਕਿ ''ਫਵਾਜਾਦਾ ਫੀਹਾ ਜਿਦਾਰੰਯੁਰੀਦੁ ਅੰਯੱਨਕੱਜ਼ਾ'' ਇਸ ਤੇ ਅਸੀਂ ਸਾਰੇ ਹੀ ਸਮਝ ਗਏ ਕਿ ਪ੍ਰਭੂ ਦੀ ਗੱਲ ਹੀ ਠੀਕ ਹੈ ਤੇ ਇੱਛਾ ਦਾ ਪਦ ਕਦੇ ਨੇੜੇ ਦੀ ਘਟਨਾ ਦਾ ਪਰਗਟਾਵਾ ਕਰਨ ਲਈ ਵੀ ਵਰਤਿਆ ਜਾਂਦਾ ਹੈ। ਸੋ ਇਸੇ ਅਨੁਸਾਰ ਹੀ ਅਸੀਂ ਏਹ ਅਰਥ ਕੀਤੇ ਹਨ।

[1]ਬੇੜੀ ਦੇ ਮਾਲਕਾਂ ਦਾ ਭਾਵ ਮੁਸਲਮਾਨ ਹਨ, ਜੋ ਮੱਸਦਿਲ ਸਨ ਅਤੇ ਉਸ ਵਿਚ ਛੇਕ ਕਰਨ ਦਾ ਭਾਵ ਇਹ ਸੀ ਕਿ ਓਹ ਆਪਣਾ ਧਨ ਨਿਰਧਨਾਂ ਉੱਤੇ ਜ਼ਕਾਤ ਆਦਿ ਰਾਹੀਂ ਖ਼ਰਚ ਕਰਨਗੇ।

[2]ਇਸ ਦਾ ਭਾਵ ''ਕੈਸਰ'' ਤੇ ''ਕਿਸਰਾ'' ਹਨ, ਜੋ ਅਰਬ ਉੱਤੇ ਕੇਵਲ ਇਸ ਲਈ ਹੱਲਾ ਨਹੀਂ ਬੋਲਦੇ ਸਨ ਕਿ ਉਹ ਇਕ ਨਿਰਧਨ ਤੇ ਵੇਰਾਨ ਦੇਸ ਹੈ। ਪ੍ਰਭੂ ਨੇ ਇਸ ਢੰਗ ਨਾਲ ਉਸ ਨੂੰ ਹਜ਼ਰਤ ''ਮੁਹੰਮਦ''ਸਾਹਿਬ ਜੀ ਮਹਾਰਾਜ ਲਈ ਸੁਰੱਖਿਅਤ ਰੱਖਿਆ ਸੀ। ਅਸੀਂ ਤਫ਼ਸੀਰਿ ਕਬੀਰ ਦੀ ਤੀਜੀ ਜਿਲਦ ਵਿਚ ਏਹਨਾਂ ਅਰਥਾਂ ਤੋਂ ਛੁੱਟ ਇਕ ਹੋਰ ਅਰਥ ਵੀ ਕੀਤੇ ਹਨ; ਕਿਉਂਕਿ ਕੁਰਾਨ ਸ਼ਰੀਫ਼ ਦੇ ਕਈ ਅੰਤ੍ਰੀਵ ਭਾਵ ਹਨ ਤੇ ਓਹਨਾਂ ਅਨੁਸਾਰ ਹੀ ਇਸ ਦੀ ਵਿਆਖਿਆ ਵੀ ਕੀਤੀ ਜਾਂਦੀ ਹੈ।

فَاَرَدْتُّ اَنْ اَعِيْبَهَا وَكَانَ وَرَآءَهُمْ مَّلِكٌ يَّاْخُذُ كُلَّ سَفِيْنَةٍ غَصْبًا ﴿٧٩﴾

ਜੋ ਹਰੇਕ ਬੇੜੀ ਨੂੰ ਧੱਕੇ ਨਾਲ ਖੋਹ ਲੈਂਦਾ ਸੀ; ਇਸ ਲਈ ਮੈਂ ਏਹੋ ਯੋਗ ਸਮਝਿਆ ਕਿ ਉਸ ਨੂੰ ਔਗੁਣ ਵਾਲੀ ਬਣਾ ਦਿਆਂ ।੭੯।

وَاَمَّا الْغُلٰمُ فَكَانَ اَبَوٰهُ مُؤْمِنَيْنِ فَخَشِيْنَآ اَنْ يُّرْهِقَهُمَا طُغْيَانًا وَّكُفْرًا ﴿٨٠﴾

ਅਤੇ (ਇਹ ਜੋ) ਬਾਲਕ (ਦੀ ਘਟਨਾ ਹੈ। ਉਸ) ਦੀ ਅਸਲੀਅਤ ਇਹ ਹੈ ਕਿ ਉਸ ਦੇ ਮਾਤਾ-ਪਿਤਾ[1] ਦੋਵੇਂ ਹੀ ਸ਼ਰਧਾਲੂ ਸਨ। ਇਸ ਤੇ (ਇਸ ਦੀ ਇਹ ਹਾਲਤ ਵੇਖ ਕੇ) ਅਸੀਂ ਡਰੇ[2] ਕਿ ਕਿਤੇ ਅਜਿਹਾ ਨਾ ਹੋਵੇ ਕਿ (ਵੱਡੇ ਹੋ ਕੇ) ਓਹਨਾਂ ਉੱਤੇ ਬਗ਼ਾਵਤ ਤੇ ਇਨਕਾਰ ਦਾ ਦੋਸ਼ ਲਗਵਾ ਦੇਵੇ ।੮੧।

فَاَرَدْنَآ اَنْ يُّبْدِلَهُمَا رَبُّهُمَا خَيْرًا مِّنْهُ زَكٰوةً وَّاَقْرَبَ رُحْمًا ﴿٨١﴾

ਸੋ ਅਸੀਂ ਇਹ ਯੋਗ ਸਮਝਿਆ ਕਿ ਓਹਨਾਂ ਦਾ ਸਾਜਨਹਾਰ ਤੇ ਪਾਲਨਹਾਰ ਓਹਨਾਂ ਨੂੰ ਇਸ (ਬਾਲਕ) ਨਾਲੋਂ ਪਵਿੱਤਰਤਾ, ਰਹਿਮ ਤੇ ਇਨਸਾਫ਼ ਦੇ ਲਿਹਾਜ਼ ਨਾਲ ਚੰਗਾ (ਬਾਲਕ ਵਟਾਂਦਰੇ ਵਿਚ) ਦੇ ਦੇਵੇ ।੮੨।

---

[1]ਜਿਹਾ ਕਿ ਅਸੀਂ ਇਹ ਦੱਸ ਆਏ ਹਾਂ ਕਿ ਗ਼ੁਲਾਮ ਦਾ ਭਾਵ ਹਿਲਜੁਲ, ਬਲ ਤੇ ਅਗਿਆਨਤਾ ਦੀਆਂ ਤਾਕਤਾਂ ਵੀ ਹਨ, ਜੋ ਹਰੇਕ ਮਨੁੱਖ ਵਿਚ ਵਿਦਮਾਨ ਹਨ ਅਤੇ ਚੂੰਕਿ ਇਹ ਭਾਵ ਵਾਚਕ ਚੀਜ਼ਾਂ ਹਨ, ਠੋਸ ਨਹੀਂ ਹਨ; ਇਸ ਲਈ ਏਹਨਾਂ ਦੇ ਮਾਤਾ-ਪਿਤਾ ਵੀ ਅਜੇਹੇ ਹੀ ਹੋਣੇ ਚਾਹੀਦੇ ਹਨ। ਇਸ ਦ੍ਰਿਸ਼ਟੀ ਕੋਣ ਨਾਲ ਜਦ ਅਸੀਂ ਵੀਚਾਰ ਕਰਦੇ ਹਾਂ, ਤਾਂ ਸਾਨੂੰ ਇਹ ਪਤਾ ਲਗਦਾ ਹੈ ਕਿ ਏਹ ਤਾਕਤਾਂ ਜੀਵਾਤਮਾ ਤੇ ਸਰੀਰ ਵਿੱਚੋਂ ਹੀ ਉਤਪੰਨ ਹੁੰਦੀਆਂ ਹਨ। ਸੋ ਹਿਲਜੁਲ ਤੇ ਅਗਿਆਨਤਾ ਦੇ ਮਾਤਾ-ਪਿਤਾ ਦੇ ਸ਼ਰਧਾਲੂ ਹੋਣ ਦਾ ਭਾਵ ਇਹ ਹੈ ਕਿ ਬੇਸ਼ੱਕ ਮਨੁੱਖ ਦੀ ਜੀਵਾਤਮਾ ਤੇ ਮਨ ਵਿਚ ਅੱਗੇ ਵਧਣ ਦੀ ਬਹੁਤ ਯੋਗਤਾ ਰੱਖੀ ਗਈ ਹੈ ਅਤੇ ਵੱਡੇ ਵੱਡੇ ਕੰਮ ਕਰਨ ਦੀ ਏਹਨਾਂ ਵਿਚ ਤਾਕਤ ਰੱਖੀ ਗਈ ਹੈ। ਇਸੇ ਤਰ੍ਹਾਂ ਵੱਡੇ ਤੋਂ ਵੱਡਾ ਖ਼ਤਰਾ ਝੱਲਣ ਦੀ ਹਿੰਮਤ ਵੀ ਦਿੱਤੀ ਗਈ ਹੈ, ਪਰ ਏਹ ਤਾਕਤਾਂ ਉਸ ਨੂੰ ਪ੍ਰਭੂ ਦਾ ਨਿਕਟ-ਵਰਤੀ ਬਣਨ ਲਈ ਦਿੱਤੀਆਂ ਗਈਆਂ ਹਨ। ਜੇ ਓਹਨਾਂ ਤਾਕਤਾਂ ਨੂੰ ਬੇਲਗਾਮ ਛੱਡ ਦਿੱਤਾ ਜਾਏ; ਤਾਂ ਏਹੋ ਹੀ ਤਾਕਤਾਂ ਮਨੁੱਖ ਨੂੰ ਇਨਕਾਰ ਵਲ ਲੈ ਜਾਂਦੀਆਂ ਹਨ ਤੇ ਉਸ ਨੂੰ ਨਸ਼ਟ ਕਰ ਦਿੰਦੀਆਂ ਹਨ। ਸੋ ਅੱਲਾਹ ਨੇ ਮੁਹੰਮਦੀ ਜਲਵੇ,ਅਰਥਾਤ ਇਸਲਾਮੀ ਸ਼ਰੀਅਤ ਦੁਆਰਾ ਏਹਨਾਂ ਤਿੰਨਾਂ ਤਾਕਤਾਂ ਨੂੰ ਮਰਵਾ ਦਿੱਤਾ; ਤਾਂ ਜੁ ਇਸ ਦੇ ਮਗਰੋਂ ਜੋ ਹਾਵ-ਭਾਵ ਵੀ ਇਸ ਵਿਚ ਕੰਮ ਕਰਨ, ਭਲਾਈ ਦੀ ਹਦਬੰਦੀ ਦੇ ਅਧੀਨ ਹੀ ਕਰਨ।

[2]ਮਾਰਨ ਵਾਲਾ ਇੱਕੋ ਹੀ ਹੈ, ਪਰ ਉਹ ਬਹੁਵਚਨ ਦੀ ਵਰਤੋਂ ਕਰ ਕੇ ''ਅਸੀਂ'' ਕਹਿੰਦਾ ਹੈ। ਇਸ ਦਾ ਕਾਰਣ ਇਹ ਹੈ ਕਿ ਓਹ ਕਰਮ ਜੋ ਹੋਣ ਤਾਂ ਠੀਕ, ਪਰ ਪਰਗਟ ਤੌਰ ਤੇ ਸ਼ਰੀਅਤ ਦੇ ਵਿਰੁਧ ਦਿੱਸਦੇ ਹੋਣ, ਰੱਬੀ-ਜੀਉੜੇ ਓਹਨਾਂ ਨੂੰ ਵੀ ਰੱਬੀ ਹੁਕਮ ਤੋਂ ਬਿਨਾਂ ਨਹੀਂ ਕਰਦੇ; ਸੋ ਚੂੰਕਿ ਅੱਲਾਹ ਨੇ ਹੁਕਮ ਦਿੱਤਾ, ਉਹ ਵੀ ਉਸ ਕਰਮ ਵਿਚ ਹਿੱਸੇਦਾਰ ਹੋ ਗਿਆ ਤੇ ਉਹ ਕਰਮ ਇਕ ਦਾ ਨਾ ਰਿਹਾ; ਦੋਹਾਂ ਦਾ ਹੋ ਗਿਆ, ਜਿਸ ਕਰ ਕੇ ਅਸੀਂ ਦਾ ਪਦ ਵਰਤਿਆ ਗਿਆ ਹੈ।

وَاَمَّا الْجِدَارُ فَكَانَ لِغُلٰمَيْنِ يَتِيْمَيْنِ فِي الْمَدِيْنَةِ وَكَانَ تَحْتَهٗ كَنْزٌ لَّهُمَا وَكَانَ اَبُوْهُمَا صَالِحًا ۚ فَاَرَادَ رَبُّكَ اَنْ يَّبْلُغَاۤ اَشُدَّهُمَا وَيَسْتَخْرِجَا كَنْزَهُمَا ۖ رَحْمَةً مِّنْ رَّبِّكَ ۚ وَمَا فَعَلْتُهٗ عَنْ اَمْرِيْ ۚ ذٰلِكَ تَاْوِيْلُ مَا لَمْ تَسْطِعْ عَّلَيْهِ صَبْرًا ﴿٨٢﴾ ع ١٢

ਅਤੇ (ਉਹ) ਕੰਧ[1] ਉਸ ਨਗਰ ਦੇ ਦੋ ਯਤੀਮ ਬਾਲਕਾਂ ਦੀ ਸੀ ਅਤੇ ਉਸ ਦੇ ਹੇਠ ਉਹਨਾਂ ਦਾ ਕੁਝ ਧਨ (ਦੱਬਿਆ ਪਿਆ) ਸੀ ਤੇ ਉਹਨਾਂ ਦਾ ਪਿਤਾ (ਇਕ) ਭਲਾ (ਪੁਰਖ) ਸੀ; ਇਸ ਲਈ ਤੇਰੇ ਸਾਜਨਹਾਰ ਤੇ ਪਾਲਨਹਾਰ ਨੇ ਇਹ ਚਾਹਿਆ ਕਿ ਓਹ ਆਪਣੀ ਪੱਕੀ ਆਯੂ ਨੂੰ ਪੁੱਜ ਜਾਣ, ਅਰਥਾਤ (ਵੱਡੇ ਹੋ ਕੇ) ਆਪਣਾ ਧਨ (ਆਪ) ਕੱਢ ਲੈਣ। ਤੇਰੇ ਸਾਜਨਹਾਰ ਤੇ ਪਾਲਨਹਾਰ ਵੱਲੋਂ (ਓਹਨਾਂ ਉੱਤੇ) ਖ਼ਾਸ ਮਿਹਰ (ਹੋਈ) ਹੈ, ਅਰਥਾਤ ਇਹ (ਕੰਮ) ਮੈਂ ਆਪਣੀ ਮਨ ਮਰਜ਼ੀ[2] ਨਾਲ ਨਹੀਂ ਕੀਤਾ ਸੀ। ਇਹ ਇਸ ਗੱਲ ਦੀ ਅਸਲੀਅਤ ਹੈ, ਜਿਸ ਤੇ ਤੂੰ ਸਬਰ ਨਹੀਂ ਕਰ ਸਕਿਆ ਸੀ ।੮੩।

(ਰਕੂਅ ੧੦)

وَيَسْـَٔلُوْنَكَ عَنْ ذِي الْقَرْنَيْنِ ۗ قُلْ سَاَتْلُوْا عَلَيْكُمْ مِّنْهُ ذِكْرًا ﴿٨٣﴾

ਓਹ ਤੇਰੇ ਪਾਸੋਂ "ਜ਼ੁਲਕ਼ਰਨੈਨ"[3] ਬਾਰੇ ਵੀ ਪੁੱਛਦੇ ਹਨ, ਤੂੰ (ਓਹਨਾਂ ਨੂੰ) ਇਹ ਕਹਿ ਦੇ (ਕਿ) ਮੈਂ ਜ਼ਰੂਰ ਉਸ ਬਾਰੇ ਤੁਹਾਡੇ ਅੱਗੇ ਕੁਝ ਵਰਣਨ ਕਰ ਦਿਆਂਗਾ ।੮੪।

اِنَّا مَكَّنَّا لَهٗ فِي الْاَرْضِ وَاٰتَيْنٰهُ مِنْ كُلِّ شَيْءٍ سَبَبًا ﴿٨٤﴾

ਬੇਸ਼ੱਕ ਅਸੀਂ ਉਸ ਨੂੰ ਧਰਤੀ ਤੇ (ਵੱਡਾ) ਰਾਜ-ਭਾਗ ਬਖ਼ਸ਼ਿਆ ਹੋਇਆ ਸੀ, ਅਰਥਾਤ ਅਸੀਂ ਉਸ ਨੂੰ ਹਰੇਕ ਚੀਜ਼ ਦੀ ਪ੍ਰਾਪਤੀ ਦੇ ਸਾਧਨ ਬਖ਼ਸ਼ੇ ਹੋਏ ਸਨ ।੮੫।

---

[1]ਕੰਧ ਤੋਂ ਭਾਵ ਯਹੂਦੀਆਂ ਤੇ ਈਸਾਈਆਂ ਦੇ ਬਜ਼ੁਰਗ ਹਨ, ਅਰਥਾਤ "ਮੂਸਾ" ਤੇ "ਈਸਾ" ਤੇ ਓਹਨਾਂ ਦੇ ਪਿਤਾ ਦਾ ਭਾਵ ਹਜ਼ਰਤ "ਇਬਰਾਹੀਮ" ਜੀ ਹਨ ਅਤੇ ਧਨ ਦਾ ਭਾਵ ਉਹ ਗਿਆਨ ਦਾ ਭੰਡਾਰ ਹੈ, ਜਿਸ ਨੂੰ "ਮੂਸਾ" ਤੇ "ਈਸਾ" ਦੀਆਂ ਜਾਤੀਆਂ ਨੇ ਹਿਫ਼ਾਜ਼ਤ ਨਾਲ ਰੱਖਿਆ ਹੋਇਆ ਸੀ, ਪਰ ਓਹਨਾਂ ਦੀ ਬੇਪਰਵਾਹੀ ਕਰਕੇ ਉਸ ਦੇ ਅਜਾਈਂ ਜਾਣ ਦਾ ਖ਼ਤਰਾ ਸੀ, ਤਾਂ ਉਸ ਨੂੰ ਹਜ਼ਰਤ "ਮੁਹੰਮਦ" ਸਾਹਿਬ ਜੀ ਨੇ ਸੁਰੱਖਿਅਤ ਕਰ ਦਿੱਤਾ, ਅਰਥਾਤ ਬਾਈਬਲ ਤੇ ਅੰਜੀਲ ਵਿਚ ਵਰਣਨ ਸੱਚੇ ਗਿਆਨ ਦੀ ਰਾਖੀ ਕਰ ਦਿੱਤੀ ਸੀ; ਤਾਂ ਜੁ ਜਦ ਕਦੇ ਵੀ ਯਹੂਦੀਆਂ ਤੇ ਈਸਾਈਆਂ ਨੂੰ ਹੋਸ਼ ਆ ਜਾਏ, ਤਾਂ ਉਹ ਇਸ ਤੋਂ ਲਾਭ ਉਠਾ ਕੇ ਹਜ਼ਰਤ "ਮੁਹੰਮਦ" ਸਾਹਿਬ ਜੀ ਤੇ ਸ਼ਰਧਾ ਧਾਰਨ ਕਰ ਲੈਣ।

[2]ਅਰਥਾਤ—ਪ੍ਰਭੂ ਦੀ ਅਕਾਸ਼ ਬਾਣੀ ਦੁਆਰਾ ਕੀਤਾ ਹੈ

[3]"ਜ਼ੁਲਕਰਨੈਨ" ਖ਼ੱਰਸ ਬਾਦਸ਼ਾਹ ਦਾ ਨਾਂ ਹੈ। ਇਹ "ਮੇਦ" ਤੇ "ਫ਼ਾਰਸ" ਦਾ ਬਾਦਸ਼ਾਹ ਸੀ। ਇਸ ਨੂੰ "ਜ਼ੁਲਕਰਨੈਨ" ਇਸ ਲਈ ਕਿਹਾ ਜਾਂਦਾ ਸੀ ਕਿ "ਦਾਨਿਆਲ" ਨਬੀ ਨੇ ਇਸ ਬਾਰੇ ਸੁਪਨਾ ਵੇਖਿਆ ਸੀ ਕਿ ਦੋ ਸਿੰਗਾਂ ਵਾਲਾ ਭੇਡੂ ਰਾਹ ਵਿਚ ਖੜਾ ਹੈ, ਜਿਸ ਸੰਬੰਧੀ ਫ਼ਰਿਸ਼ਤੇ ਨੇ ਇਹ ਕਿਹਾ ਸੀ ਕਿ ਇਹ "ਮੇਦ" ਤੇ "ਫ਼ਾਰਸ" ਦਾ ਬਾਦਸ਼ਾਹ ਹੈ। (ਦਾਨਿਆਲ ਬਾਬ ੮ ਆਇਤ ੨੦—੨੧)

فَأَتْبَعَ سَبَبًا ﴿٨٥﴾

ਤਦ ਉਹ ਇਕ ਰਾਹ ਤੇ ਤੁਰ ਪਿਆ ਸੀ ।੮੬।

حَتَّىٰ إِذَا بَلَغَ مَغْرِبَ الشَّمْسِ وَجَدَهَا تَغْرُبُ فِي عَيْنٍ حَمِئَةٍ وَوَجَدَ عِندَهَا قَوْمًا ۗ قُلْنَا يَا ذَا الْقَرْنَيْنِ إِمَّا أَن تُعَذِّبَ وَإِمَّا أَن تَتَّخِذَ فِيهِمْ حُسْنًا ﴿٨٦﴾

ਇੱਥੋਂ ਤਕ ਕਿ ਸੂਰਜ ਦੇ ਡੁੱਬਣ ਦੇ ਅਸਥਾਨ ਤੇ ਪੁੱਜ ਗਿਆ ਸੀ । ਉੱਥੇ ਉਸ ਨੂੰ ਇਹ ਭਾਸਿਆ ਸੀ ਕਿ (ਜਾਣੋ) ਉਹ (ਸੂਰਜ) ਮੈਲੇ[1] ਜਿਹੇ ਸੋਮੇ ਵਿਚ ਡੁਬ ਰਿਹਾ ਹੈ । ਉਸ ਨੇ ਉੱਥੇ ਉਸ ਦੇ ਲਾਗੇ ਹੀ ਕੁਝ ਲੋਕਾਂ[2] ਦੀ ਵੱਸੋਂ ਵੀ ਵੇਖੀ ਸੀ । (ਇਸ ਤੇ) ਅਸੀਂ (ਉਸ ਨੂੰ) ਇਹ ਕਿਹਾ ਸੀ (ਕਿ) ਹੇ "ਜ਼ੁਲਕਰਨੈਨ" ! ਤੈਨੂੰ ਇਸ ਦੀ ਪੂਰਨ ਖੁਲ੍ਹ ਹੈ ਕਿ ਭਾਵੇਂ ਤੂੰ ਏਹਨਾਂ ਨੂੰ ਦੰਡ ਦੇ ਤੇ ਭਾਵੇਂ ਏਹਨਾਂ ਨਾਲ ਚੰਗਾ ਵਰਤਾਉ ਕਰ ।੮੭।

قَالَ أَمَّا مَن ظَلَمَ فَسَوْفَ نُعَذِّبُهُ ثُمَّ يُرَدُّ إِلَىٰ رَبِّهِ فَيُعَذِّبُهُ عَذَابًا نُّكْرًا ﴿٨٧﴾

ਉਸ ਨੇ ਇਹ ਕਿਹਾ ਸੀ ਕਿ (ਹਾਂ ਮੈਂ ਅਜਿਹਾ ਹੀ ਕਰਾਂਗਾ ਅਤੇ) ਜਿਹੜਾ ਵੀ ਪ੍ਰਾਣੀ ਜ਼ੁਲਮ ਕਮਾਵੇਗਾ, ਉਸ ਨੂੰ ਤਾਂ ਅਸੀਂ ਜ਼ਰੂਰ ਦੰਡ ਦਿਆਂਗੇ । ਫੇਰ ਉਹ ਆਪਣੇ ਸਾਜਨਹਾਰ ਤੇ ਪਾਲਨਹਾਰ ਦੀ ਹਜ਼ੂਰੀ ਹੀ ਪਰਤਾਇਆ ਜਾਏਗਾ ਤੇ ਉਹ ਉਸ ਨੂੰ ਕਰੜਾ ਦੰਡ ਦੇਵੇਗਾ ।੮੮।

وَأَمَّا مَنْ آمَنَ وَعَمِلَ صَالِحًا فَلَهُ جَزَاءً الْحُسْنَىٰ ۖ وَسَنَقُولُ لَهُ مِنْ أَمْرِنَا يُسْرًا ﴿٨٨﴾

ਅਤੇ ਜਿਹੜਾ ਪ੍ਰਾਣੀ ਸ਼ਰਧਾ ਧਾਰਨ ਕਰੇਗਾ ਤੇ (ਯਥਾਸ਼ਕਤ ਤੇ ਯਥਾਯੋਗ) ਸ਼ੁਭ ਕਰਮ ਕਮਾਏਗਾ, ਉਸ ਦੇ ਵਾਸਤੇ (ਪ੍ਰਭੂ ਦੇ ਹਜ਼ੂਰ ਉਸ ਦੇ ਕਰਮਾਂ ਦੇ ਵਟਾਂਦਰੇ ਵਿਚ) ਚੰਗਾ ਵਟਾਂਦਰਾ (ਨੀਅਤ) ਹੈ, ਅਰਥਾਤ ਅਸੀਂ (ਵੀ) ਜ਼ਰੂਰ ਉਸ ਦੇ ਵਾਸਤੇ ਆਪਣੇ ਹੁਕਮ ਨਾਲ ਸੌਖ ਵਾਲੀ ਗੱਲ ਕਹਾਂਗੇ ।੮੯।

ثُمَّ أَتْبَعَ سَبَبًا ﴿٨٩﴾

ਫੇਰ ਉਹ ਇਕ (ਹੋਰ) ਰਾਹੇ ਤੁਰ ਪਿਆ ਸੀ ।੯੦।

---

[1]ਇਸ ਦਾ ਭਾਵ "ਕਾਲੇ ਸਾਗਰ" ਦਾ ਦਿਲਾਕਾ ਹੈ । ਇੱਥੇ ਹੀ "ਜ਼ੁਲਕਰਨੈਨ" ਗਿਆ ਸੀ । ਇਸ ਦਾ ਪਾਣੀ ਕਾਲਾ ਹੋਣ ਕਰ ਕੇ ਮੈਲਾ ਜਿਹਾ ਦਿੱਸਦਾ ਹੈ । ਇਸ ਨੂੰ "ਕਾਲਾ ਸਾਗਰ" ਆਖਦੇ ਹਨ ।

[2]ਇਸ ਥਾਂ ਤੇ ਜਾਤੀਆਂ ਵਸਦੀਆਂ ਸਨ, ਓਹਨਾਂ ਨੇ "ਮੇਦ" ਤੇ "ਫ਼ਾਰਸ" ਦੀ ਕਾਮਯਾਬੀ ਮਗਰੋਂ ਦੂਜੀਆਂ ਜਾਤੀਆਂ ਨਾਲ ਰਲ ਕੇ "ਖ਼ੋਰਸ" ਅਰਥਾਤ "ਜ਼ੁਲਕਰਨੈਨ" ਤੇ ਹੱਲਾ ਬੋਲ ਦਿੱਤਾ ਸੀ । ਜਿਸ ਦੇ ਸਿੱਟੇ ਵਿਚ "ਖ਼ੋਰਸ" ਨੇ ਵੀ ਓਹਨਾਂ ਉੱਤੇ ਚੜ੍ਹਾਈ ਕਰ ਦਿੱਤੀ ਸੀ ਤੇ ਓਹਨਾਂ ਨੂੰ ਆਪਣੇ ਅਧੀਨ ਕਰ ਲਿਆ ਸੀ ।

حَتّٰٓى اِذَا بَلَغَ مَطْلِعَ الشَّمْسِ وَجَدَهَا تَطْلُعُ عَلٰى قَوْمٍ لَّمْ نَجْعَلْ لَّهُمْ مِّنْ دُوْنِهَا سِتْرًا ﴿٩٠﴾

ਇੱਥੋਂ ਤਕ ਕਿ ਜਦ ਉਹ ਸੂਰਜ ਦੇ ਚੜ੍ਹਨ ਵਾਲੇ ਟਿਕਾਣੇ ਤੇ ਜਾ ਪੁੱਜਾ ਸੀ, ਤਾਂ ਉਸ ਨੇ ਉੱਥੇ ਵੀ ਕੁਝ ਅਜੇਹੇ ਲੋਕਾਂ[1] ਤੇ ਚੜ੍ਹਾਈ ਕੀਤੀ ਸੀ, ਜਿਨ੍ਹਾਂ ਵਾਸਤੇ ਅਸੀਂ (ਓਹਨਾਂ ਦੇ ਤੇ) ਉਸ (ਸੂਰਜ) ਦੇ ਵਿਚਾਲੇ ਕੋਈ ਓਟ[2] ਨਹੀਂ ਬਣਾਈ ਸੀ ।੯੧।

كَذٰلِكَ ۚ وَقَدْ اَحَطْنَا بِمَا لَدَيْهِ خُبْرًا ﴿٩١﴾

(ਇਹ ਘਟਨਾ ਠੀਕ) ਇਸੇ ਤਰ੍ਹਾਂ ਹੀ ਹੈ ਅਤੇ ਅਸੀਂ ਉਸ ਦੇ ਸਾਰੇ ਹਾਲ-ਚਾਲ ਦਾ ਚੰਗੀ ਤਰ੍ਹਾਂ ਪਤਾ ਲਾਇਆ ਹੋਇਆ ਹੈ ।੯੨।

ثُمَّ اَتْبَعَ سَبَبًا ﴿٩٢﴾

ਫੇਰ ਉਹ ਇਕ (ਹੋਰ) ਰਾਹੇ ਤੁਰ ਪਿਆ ਸੀ ।੯੩।

حَتّٰٓى اِذَا بَلَغَ بَيْنَ السَّدَّيْنِ وَجَدَ مِنْ دُوْنِهِمَا قَوْمًا ۙ لَّا يَكَادُوْنَ يَفْقَهُوْنَ قَوْلًا ﴿٩٣﴾

ਇੱਥੋਂ ਤਕ ਕਿ ਜਦ ਉਹ ਦੋ ਪਹਾੜਾਂ ਦੇ ਵਿਚਾਲੇ ਪੁੱਜਾ ਸੀ, ਤਾਂ ਉਸ ਨੇ ਓਹਨਾਂ ਦੇ ਉਰ੍ਹੇ ਕੁਝ ਹੋਰ ਲੋਕ ਵੇਖੇ ਸਨ, ਜੋ ਵੱਡੀ ਔਖਿਆਈ ਨਾਲ ਉਸ ਦੀ ਗੱਲ ਸਮਝਦੇ ਸਨ ।੯੪।

قَالُوْا يٰذَا الْقَرْنَيْنِ اِنَّ يَاْجُوْجَ وَمَاْجُوْجَ مُفْسِدُوْنَ فِى الْاَرْضِ فَهَلْ نَجْعَلُ لَكَ خَرْجًا عَلٰٓى اَنْ تَجْعَلَ بَيْنَنَا وَبَيْنَهُمْ سَدًّا ﴿٩٤﴾

ਓਹਨਾਂ ਨੇ ਇਹ ਕਿਹਾ ਸੀ (ਕਿ) ਹੇ "ਜ਼ੁਲਕਰਨੈਨ"! "ਯਾਜੂਜ" ਤੇ "ਮਾਜੂਜ" ਨਿਰਸੰਦੇਹ ਦੇਸ ਵਿਚ ਫ਼ਸਾਦ ਮਚਾ ਰਹੇ ਹਨ । ਸੋ ਕੀ ਅਸੀਂ (ਲੋਕ) ਤੁਹਾਡੇ ਲਈ ਕੁਝ ਟੈਕਸ ਇਸ ਸ਼ਰਤ ਤੇ ਨੀਅਤ ਕਰ ਦੇਈਏ ਕਿ ਤੁਸੀਂ ਸਾਡੇ ਤੇ ਓਹਨਾਂ ਦੇ ਵਿਚਾਲੇ ਇਕ ਰੋਕ ਬਣਾ ਦਿਓ ।੯੫।

قَالَ مَا مَكَّنِّىْ فِيْهِ رَبِّىْ خَيْرٌ فَاَعِيْنُوْنِىْ بِقُوَّةٍ اَجْعَلْ بَيْنَكُمْ وَبَيْنَهُمْ رَدْمًا ﴿٩٥﴾

ਉਸ ਨੇ ਇਹ ਕਿਹਾ ਸੀ (ਕਿ) ਇਸ (ਕਿਸਮ ਦੇ ਕੰਮਾਂ) ਬਾਰੇ ਮੇਰੇ ਸਾਜਨਹਾਰ ਤੇ ਪਾਲਨਹਾਰ ਨੇ ਮੈਨੂੰ ਜੋ ਬਲ ਬਖ਼ਸ਼ਿਆ ਹੋਇਆ ਹੈ । ਉਹ (ਵੈਰੀਆਂ ਦੇ ਸਾਧਨਾਂ ਤੋਂ) ਬਹੁਤ ਚੰਗਾ ਹੈ; ਇਸ ਲਈ ਤੁਸੀਂ ਆਪਣੀ ਸੱਤਾ ਦੇ ਅਨੁਕੂਲ ਮੇਰੀ ਸਹਾਇਤਾ ਕਰੋ; ਤਾਂ ਜੁ ਮੈਂ ਤੁਹਾਡੇ ਤੇ ਓਹਨਾਂ ਦੇ ਵਿਚਾਲੇ ਇਕ ਰੋਕ ਬਣਾ ਦਿਆਂ ।੯੬।

[1]ਇਸ ਦਾ ਭਾਵ "ਬਲੋਚਿਸਤਾਨ" ਤੇ "ਅਫਗਾਨਿਸਤਾਨ" ਦਾ ਇਲਾਕਾ ਹੈ, ਜੋ "ਪੋਰਸ" ਨੇ ਜਿੱਤ ਲਿਆ ਸੀ, ਜੋ "ਕਾਲੇ ਸਾਗਰ" ਤੋਂ ਪੂਰਬ ਵਲ ਹੈ ।

[2]ਅਰਥਾਤ—ਚਟੀਅਲ ਮੈਦਾਨ ਦੇ ਲੋਕ ।

اٰتُوْنِيْ زُبَرَ الْحَدِيْدِ ؕ حَتّٰۤى اِذَا سَاوٰى بَيْنَ الصَّدَفَيْنِ قَالَ انْفُخُوْا ؕ حَتّٰۤى اِذَا جَعَلَهٗ نَارًا ۙ قَالَ اٰتُوْنِيْۤ اُفْرِغْ عَلَيْهِ قِطْرًا ﴿٩٦﴾

ਤੁਸੀਂ ਮੈਨੂੰ ਲੋਹੇ ਦੇ ਟੱਟੇ[1] ਲਿਆ ਦਿਓ। (ਸੋ ਉਹ ਰੋਕ ਬਣਨ ਲਗ ਪਈ ਸੀ।) ਇੱਥੋਂ ਤਕ ਕਿ ਜਦ ਉਸ ਨੇ (ਪਹਾੜੀ ਦੀਆਂ) ਏਹਨਾਂ (ਦੋਹਾਂ) ਚੋਟੀਆਂ[2] ਵਿਚਾਲੇ ਬਰਾਬਰੀ[3] ਪੈਦਾ ਕਰ ਦਿੱਤੀ ਸੀ, ਤਾਂ ਉਸ ਨੇ (ਓਹਨਾਂ ਨੂੰ) ਇਹ ਕਿਹਾ ਸੀ (ਕਿ ਹੁਣ ਇਸ ਤੇ ਅੱਗ) ਫੂਕੋ; ਇੱਥੋਂ ਤਕ ਕਿ ਜਦ ਉਸ ਨੇ ਉਸ ਨੂੰ (ਬਿਲਕੁਲ) ਅੱਗ (ਵਾਂਗ) ਕਰ ਦਿੱਤਾ ਸੀ, ਤਾਂ ਉਸ ਨੇ (ਓਹਨਾਂ ਨੂੰ) ਇਹ ਕਿਹਾ ਸੀ ਕਿ (ਹੁਣ) ਮੈਨੂੰ (ਪਿਘਲਿਆ ਹੋਇਆ) ਤਾਂਬਾ (ਲਿਆ) ਦਿਓ; ਤਾਂ ਜੁ ਮੈਂ (ਉਸ ਨੂੰ) ਇਸ ਉੱਤੇ ਪਾ ਦਿਆਂ ।੯੭।

فَمَا اسْطَاعُوْۤا اَنْ يَّظْهَرُوْهُ وَمَا اسْتَطَاعُوْا لَهٗ نَقْبًا ﴿٩٧﴾

ਸੋ (ਜਦ ਉਹ ਕੰਧ ਤਿਆਰ ਹੋ ਗਈ ਸੀ, ਤਾਂ) ਓਹ (ਯਾਜੂਜ, ਮਾਜੂਜ) ਉਸ ਉੱਤੇ ਚੜ੍ਹ ਨਹੀਂ ਸੱਕੇ ਸਨ ਤੇ ਨਾ ਉਸ ਵਿਚ ਕੋਈ ਤਰੇੜ ਹੀ ਪਾ ਸੱਕੇ ਸਨ ।੯੮।

قَالَ هٰذَا رَحْمَةٌ مِّنْ رَّبِّيْ ۚ فَاِذَا جَآءَ وَعْدُ رَبِّيْ جَعَلَهٗ دَكَّآءَ ۚ وَكَانَ وَعْدُ رَبِّيْ حَقًّا ﴿٩٨﴾

(ਇਸ ਤੇ) ਉਸ ਨੇ ਇਹ ਕਿਹਾ ਸੀ (ਕਿ) ਇਹ (ਕੰਮ ਕੇਵਲ) ਮੇਰੇ ਸਾਜਨਹਾਰ ਤੇ ਪਾਲਨਹਾਰ ਦੀ ਖ਼ਾਸ ਕਿਰਪਾ ਨਾਲ (ਹੋਇਆ) ਹੈ। ਫੇਰ ਜਦ (ਸਰਵਦੇਸ਼ੀ ਕਸ਼ਟ ਬਾਰੇ) ਮੇਰੇ ਸਾਜਨਹਾਰ ਤੇ ਪਾਲਨਹਾਰ ਦਾ ਬਚਨ (ਪੂਰਾ) ਹੋਵੇਗਾ, ਤਾਂ ਉਹ ਇਸ (ਰੋਕ) ਨੂੰ (ਤੋੜ ਕੇ) ਧਰਤੀ ਨਾਲ ਲੱਗਾ ਹੋਇਆ ਇਕ ਥੇਹ ਬਣਾ ਦੇਵੇਗਾ, ਅਰਥਾਤ ਮੇਰੇ ਸਾਜਨਹਾਰ ਤੇ ਪਾਲਨਹਾਰ ਦਾ ਬਚਨ (ਜ਼ਰੂਰ) ਪੂਰਾ ਹੋ ਕੇ ਰਹੇਗਾ ।੯੯।

---

[1]ਅਰਥਾਤ—ਕੰਧ ਧਾਤ ਦੀ ਬਣਦੀ ਹੈ, ਤੁਸੀਂ ਇਲਾਕੇ ਦੇ ਲੋਕ ਧਾਤ ਲਿਆ ਦਿਓ। ਬਾਕੀ ਇੰਜੀਨੀਅਰਿੰਗ ਦਾ ਕੰਮ ਮੇਰੇ ਆਦਮੀ ਕਰਨਗੇ।

[2]ਜਿੱਥੇ ''ਜ਼ੁਲਕਰਨੈਨ'' ਨੇ ਕੰਧ ਬਣਾਈ ਸੀ, ਉੱਥੇ ਇਕ ਪਾਸੇ ''ਹਰਾ ਸਾਗਰ'' ਹੈ ਤੇ ਦੂਜੇ ਪਾਸੇ ''ਕੋਹ ਕਾਫ਼'' ਅਤੇ ਏਹ ਦੋਵੇਂ ਚੀਜ਼ਾਂ ਦੋਹੀਂ ਪਾਸੀਂ ਇਕ ਰੋਕ ਦਾ ਕੰਮ ਦਿੰਦੀਆਂ ਸਨ। ਕੇਵਲ ਵਿਚਲਾ ਦੱਰਾ ਹੀ ਸੁਰੱਖਿਅਤ ਨਹੀਂ ਸੀ।

[3]ਇਕ ਪਾਸੇ ਸਾਗਰ ਸੀ ਤੇ ਦੂਜੇ ਪਾਸੇ ਪਹਾੜ, ਏਹਨਾਂ ਦੋਹਾਂ ਵਿਚ ਬਰਾਬਰੀ ਦਾ ਕੀ ਭਾਵ ਹੋਇਆ ? ਸੋ ਇਹ ਯਾਦ ਰਹੇ ਕਿ ਇੱਥੇ ਬਰਾਬਰੀ ਦਾ ਭਾਵ ਇਹ ਹੈ ਕਿ ਵਿਚਕਾਰਲੇ ਖੁਲ੍ਹੇ ਮੈਦਾਨ ਨੂੰ ਕੰਧ ਖੜੀ ਕਰ ਕੇ ਬੰਦ ਕਰ ਦਿੱਤਾ ਸੀ। ਸੋ ਵੈਰੀ ਨਾ ਪਹਾੜ ਥਾਣੀਂ ਆ ਸਕਿਆ ਸੀ ਤੇ ਨਾ ਸਾਗਰ ਰਾਹੀਂ; ਇਸ ਤਰ੍ਹਾਂ ਰੋਕ ਦੇ ਲਿਹਾਜ਼ ਨਾਲ ਬਰਾਬਰੀ ਹੋ ਗਈ ਸੀ।

وَتَرَكْنَا بَعْضَهُمْ يَوْمَئِذٍ يَّمُوْجُ فِيْ بَعْضٍ وَّنُفِخَ فِي الصُّوْرِ فَجَمَعْنٰهُمْ جَمْعًا ﴿٩٩﴾

ਅਤੇ (ਜਦ ਉਸ ਦੇ ਪੂਰਾ ਹੋਣ ਦਾ ਸਮਾਂ ਆਏਗਾ, ਤਾਂ) ਉਸ ਵੇਲੇ ਅਸੀਂ ਓਹਨਾਂ ਨੂੰ ਇਕ ਦੂਜੇ ਦੇ ਵਿਰੁਧ ਵੱਡੇ[1] ਜੋਸ਼ ਨਾਲ ਹੱਲਾ ਬੋਲਦੇ ਹੋਏ ਛੱਡ ਦਿਆਂਗੇ, ਅਰਥਾਤ (ਉਸ ਵੇਲੇ ਜੰਗ ਦਾ) ਬਿਗਲ ਵਜਾਇਆ ਜਾਏਗਾ । ਤਦ ਅਸੀਂ ਓਹਨਾਂ (ਸਾਰਿਆਂ) ਨੂੰ ਇਕੱਤਰ ਕਰ ਦਿਆਂਗੇ ।੧੦੦।

وَعَرَضْنَا جَهَنَّمَ يَوْمَئِذٍ لِّلْكٰفِرِيْنَ عَرْضًا ﴿١٠٠﴾

ਅਤੇ ਉਸ ਦਿਨ ਅਸੀਂ ਨਰਕ ਨੂੰ ਇਨਕਾਰੀਆਂ ਦੇ ਸਾਮ੍ਹਣੇ ਲੈ ਆਵਾਂਗੇ ।੧੦੧।

الَّذِيْنَ كَانَتْ اَعْيُنُهُمْ فِيْ غِطَآءٍ عَنْ ذِكْرِيْ وَكَانُوْا لَا يَسْتَطِيْعُوْنَ سَمْعًا ﴿١٠١﴾ ع ١١

(ਓਹ ਇਨਕਾਰੀ) ਜਿਨ੍ਹਾਂ ਦੀਆਂ ਅੱਖਾਂ ਮੇਰੇ ਉਪਦੇਸ਼ (ਕੁਰਾਨ ਸ਼ਰੀਫ਼) ਵੱਲੋਂ (ਅਗਿਆਨਤਾ ਦੇ) ਪੜਦੇ ਵਿਚ ਸਨ, ਅਰਥਾਤ ਓਹ ਸੁਣਨ ਦੀ (ਵੀ) ਸੱਤਾ ਨਹੀਂ ਰੱਖਦੇ ਸਨ ।੧੦੨। (ਰਕੂਅ ੧੧)

اَفَحَسِبَ الَّذِيْنَ كَفَرُوْٓا اَنْ يَّتَّخِذُوْا عِبَادِيْ مِنْ دُوْنِيْٓ اَوْلِيَآءَ ۭ اِنَّآ اَعْتَدْنَا جَهَنَّمَ لِلْكٰفِرِيْنَ نُزُلًا ﴿١٠٢﴾

(ਤਾਂ) ਕੀ ਇਹ (ਸਭ ਕੁਝ ਵੇਖ ਕੇ) ਫੇਰ (ਵੀ) ਓਹ ਇਨਕਾਰੀ (ਇਹ) ਸਮਝਦੇ ਹਨ ਕਿ ਓਹ ਮੇਰਾ ਤਿਆਗ ਕਰ ਕੇ ਮੇਰੇ ਬੰਦਿਆਂ ਨੂੰ ਆਪਣਾ ਸਹਾਇਕ ਬਣਾ ਸਕਣਗੇ । ਅਸੀਂ ਇਨਕਾਰੀਆਂ ਦੇ ਇਨਾਮ[2] (ਵਟਾਂਦਰੇ) ਵਜੋਂ ਨਰਕ ਤਿਆਰ ਕੀਤਾ ਹੋਇਆ ਹੈ ।੧੦੩।

قُلْ هَلْ نُنَبِّئُكُمْ بِالْاَخْسَرِيْنَ اَعْمَالًا ﴿١٠٣﴾

ਤੂੰ (ਓਹਨਾਂ ਨੂੰ) ਇਹ ਕਹਿ ਦੇ (ਕਿ) ਕੀ ਅਸੀਂ ਤੁਹਾਨੂੰ ਓਹਨਾਂ ਲੋਕਾਂ ਤੋਂ ਜਾਣੂੰ ਕਰਾਈਏ, ਜੋ ਕਰਮਾਂ ਦੇ ਲਿਹਾਜ਼ ਨਾਲ ਸਭ ਤੋਂ ਵਧੀਕ ਘਾਟਾ ਪਾਉਣ ਵਾਲੇ ਹਨ ।੧੦੪।

---

[1]ਅਰਥਾਤ—ਅੰਤਲੇ ਜੁਗ ਵਿਚ ''ਯਾਜੂਜ'' ਤੇ ''ਮਾਜੂਜ'' ਆਪਸ ਵਿਚ ਲੜਨਗੇ; ਜਿਹਾ ਕਿ ਅੱਜ ਕਲ ਹੋ ਰਿਹਾ ਹੈ । "ਰੂਸ" ਜਿਸ ਨੂੰ ਬਾਈਬਲ ਵਿਚ ''ਯਾਜੂਜ'' ਕਿਹਾ ਗਿਆ ਹੈ ਅਤੇ "ਇੰਗਲਿਸਤਾਨ" ਜਿਸ ਨੂੰ ਬਾਈਬਲ ਵਿਚ ''ਮਾਜੂਜ'' ਪਰਗਟ ਕੀਤਾ ਗਿਆ ਹੈ । (ਵੇਖੋ ਹਜ਼ਕੀਅਲ ਬਾਬ ੩੯) ਏਹ ਦੋਵੇਂ ਹੀ ਅੱਜ ਕਲ ਕੁਰਾਨ ਸ਼ਰੀਫ਼ ਦੀ ਇਸ ਆਇਤ ਅਨੁਸਾਰ ਪਰਸਪਰ ਜੰਗ ਦੀਆਂ ਤਿਆਰੀਆਂ ਵਿਚ ਰੁਝੇ ਹੋਏ ਹਨ ।

[2]''ਨੁਜ਼ੁਲਾ'' ਦਾ ਅਰਥ ਪ੍ਰੀਤੀ ਭੋਜਨ ਵੀ ਹੈ ਤੇ ਇਨਾਮ ਵੀ ।

اَلَّذِيْنَ ضَلَّ سَعْيُهُمْ فِي الْحَيٰوةِ الدُّنْيَا وَ هُمْ يَحْسَبُوْنَ اَنَّهُمْ يُحْسِنُوْنَ صُنْعًا ﴿١٠٤﴾

(ਏਹ ਓਹ ਲੋਕ ਹਨ), ਜਿਨ੍ਹਾਂ ਦੇ (ਸਾਰੇ) ਜਤਨ ਇਸ ਮਾਤਲੋਕ ਵਿਚ ਹੀ ਗੁਆਚ ਗਏ ਹਨ । ਇਸ ਦੇ ਨਾਲ ਹੀ ਓਹ (ਇਹ ਵੀ) ਸਮਝ ਰਹੇ ਹਨ ਕਿ ਓਹ (ਇਹ ਵੀ) ਚੰਗਾ ਕੰਮ ਕਰ ਰਹੇ ਹਨ ।੧੦੫।

اُولٰٓئِكَ الَّذِيْنَ كَفَرُوْا بِاٰيٰتِ رَبِّهِمْ وَ لِقَآئِهٖ فَحَبِطَتْ اَعْمَالُهُمْ فَلَا نُقِيْمُ لَهُمْ يَوْمَ الْقِيٰمَةِ وَزْنًا ﴿١٠٥﴾

ਏਹ ਓਹ ਲੋਕ ਹਨ, ਜਿਨ੍ਹਾਂ ਨੇ ਆਪਣੇ ਸਾਜਨਹਾਰ ਤੇ ਪਾਲਨਹਾਰ ਦੇ ਚਮਤਕਾਰਾਂ ਤੋਂ; ਅਰਥਾਤ ਉਸ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ ਹੈ, ਇਸ ਲਈ ਓਹਨਾਂ ਦੇ (ਸਾਰੇ) ਕਰਮ ਭਿਗ ਕੇ (ਇਸ ਮਾਤਲੋਕ ਵਿਚ ਹੀ) ਰਹਿ ਗਏ ਹਨ । ਸੋ ਕਿਆਮਤ ਦੇ ਦਿਹਾੜੇ ਅਸੀਂ ਓਹਨਾਂ ਨੂੰ ਕੁਝ ਵੀ ਮਹੱਤਤਾ ਨਹੀਂ ਦਿਆਂਗੇ ।੧੦੬।

ذٰلِكَ جَزَآؤُهُمْ جَهَنَّمُ بِمَا كَفَرُوْا وَ اتَّخَذُوْٓا اٰيٰتِيْ وَرُسُلِيْ هُزُوًا ﴿١٠٦﴾

ਇਹ ਓਹਨਾਂ ਦਾ ਵਟਾਂਦਰਾ, (ਅਰਥਾਤ) ਨਰਕ; ਇਸ ਲਈ ਹੋਵੇਗਾ ਕਿ ਓਹਨਾਂ ਨੇ ਇਨਕਾਰ (ਦਾ ਢੰਗ) ਧਾਰਨ ਕੀਤਾ ਸੀ ਅਤੇ ਮੇਰੇ ਚਮਤਕਾਰਾਂ ਤੇ ਮੇਰੇ ਰਸੂਲਾਂ ਦਾ ਮਖ਼ੌਲ ਉਡਾਇਆ ਸੀ ।੧੦੭।

اِنَّ الَّذِيْنَ اٰمَنُوْا وَعَمِلُوا الصّٰلِحٰتِ كَانَتْ لَهُمْ جَنّٰتُ الْفِرْدَوْسِ نُزُلًا ﴿١٠٧﴾

ਜੋ ਸ਼ਰਧਾਲੂ ਹਨ ਤੇ (ਯਥਾਯੋਗ) ਸ਼ੁਭ ਕਰਮ ਕਰਦੇ ਹਨ, ਓਹਨਾਂ ਦਾ ਟਿਕਾਣਾ ਨਿਰਸੰਦੇਹ "ਫ਼ਿਰਦੌਸ" ਨਾਂ ਦਾ ਸਵਰਗ ਹੋਵੇਗਾ ।੧੦੮।

خٰلِدِيْنَ فِيْهَا لَا يَبْغُوْنَ عَنْهَا حِوَلًا ﴿١٠٨﴾

ਓਹ ਉਸ ਵਿਚ ਹੀ ਰਿਹਾ ਕਰਨਗੇ ਅਤੇ ਉਸ ਤੋਂ ਅੱਡ ਨਹੀਂ ਹੋਣਾ ਚਾਹੁਣਗੇ ।੧੦੯।

قُلْ لَّوْ كَانَ الْبَحْرُ مِدَادًا لِّكَلِمٰتِ رَبِّيْ لَنَفِدَ الْبَحْرُ قَبْلَ اَنْ تَنْفَدَ كَلِمٰتُ رَبِّيْ وَلَوْ جِئْنَا بِمِثْلِهٖ مَدَدًا ﴿١٠٩﴾

ਤੂੰ ਓਹਨਾਂ ਨੂੰ ਇਹ ਆਖ (ਕਿ) ਜੇ (ਹਰੇਕ) ਸਮੁੰਦਰ ਮੇਰੇ ਸਾਜਨਹਾਰ ਤੇ ਪਾਲਨਹਾਰ ਦੇ ਜੱਸ (ਲਿਖਣ) ਲਈ ਸਿਆਹੀ ਬਣ ਜਾਵੇ, ਤਾਂ ਮੇਰੇ ਸਾਜਨਹਾਰ ਤੇ ਪਾਲਨਹਾਰ ਦਾ ਜੱਸ ਮੁੱਕਣ ਤੋਂ ਪਹਿਲਾਂ (ਹਰੇਕ) ਸਮੁੰਦਰ (ਦਾ ਪਾਣੀ) ਸੁੱਕ ਜਾਏਗਾ, ਭਾਵੇਂ ਉਸ ਨੂੰ ਵਧੀਕ ਕਰਨ ਲਈ ਉੱਨਾ (ਹੀ) ਹੋਰ (ਪਾਣੀ ਸਮੁੰਦਰ ਵਿਚ) ਲਿਆ ਕੇ ਪਾ ਦੇਈਏ ।੧੧੦।

قُلْ اِنَّمَآ اَنَا بَشَرٌ مِّثْلُكُمْ يُوْحٰٓى اِلَيَّ اَنَّمَآ اِلٰهُكُمْ اِلٰهٌ
وَّاحِدٌ ۚ فَمَنْ كَانَ يَرْجُوْا لِقَآءَ رَبِّهٖ فَلْيَعْمَلْ عَمَلًا
صَالِحًا وَّلَا يُشْرِكْ بِعِبَادَةِ رَبِّهٖٓ اَحَدًا ﴿١١٠﴾ ۩

ਤੂੰ (ਓਹਨਾਂ ਨੂੰ) ਇਹ ਕਹਿ ਦੇ (ਕਿ) ਮੈਂ ਤਾਂ ਕੇਵਲ ਤੁਹਾਡੇ ਵਰਗਾ ਹੀ ਇਕ ਮਨੁੱਖ ਹਾਂ। (ਭੇਤ ਕੇਵਲ ਇਹ ਹੈ ਕਿ) ਮੇਰੇ ਵੱਲ (ਇਹ) ਅਕਾਸ਼ ਬਾਣੀ ਕੀਤੀ ਜਾਂਦੀ ਹੈ ਕਿ ਤੁਹਾਡਾ ਇਸ਼ਟ-ਦੇਵ ਇੱਕੋ ਇਕ (ਸੱਚਾ) ਇਸ਼ਟ ਹੈ। ਸੋ ਜਿਹੜਾ ਪ੍ਰਾਣੀ ਆਪਣੇ ਸਾਜਨਹਾਰ ਤੇ ਪਾਲਨਹਾਰ ਨੂੰ ਮਿਲਣ ਦਾ ਚਾਹਵਾਨ ਹੈ, ਉਸ ਨੂੰ ਇਹ ਚਾਹੀਦਾ ਹੈ ਕਿ ਉਹ (ਯਥਾਯੋਗ) ਸ਼ੁਭ ਕਰਮ ਕਰੇ ਅਤੇ ਆਪਣੇ ਸਾਜਨਹਾਰ ਤੇ ਪਾਲਨਹਾਰ ਦੀ ਬੰਦਗੀ ਵਿਚ ਕਿਸੇ ਹੋਰ ਚੀਜ਼ ਨੂੰ (ਕਦੇ ਵੀ) ਬਰਾਬਰੀ ਨਾ ਦੇਵੇ ।੧੧੧। (ਰਕੂਅ ੧੨)

سُوْرَةُ مَرْيَمَ مَكِّيَّةٌ وَّهِيَ مَعَ الْبَسْمَلَةِ تِسْعٌ وَّتِسْعُوْنَ اٰيَةً وَّسِتُّ رُكُوْعَاتٍ

(੧੯) ਸੂਰਤ ਮਰੀਅਮ

{ ਇਹ ਸੂਰਤ ਹਿਜਰਤ ਤੋਂ ਪਹਿਲਾਂ-ਮੱਕੇ-ਉਤਰੀ ਸੀ। ਇਸ ਦੀਆਂ ਬਿਸਮਿੱਲਾ ਸਣੇ ੯੯ ਆਇਤਾਂ ਤੇ ੬ ਰਕੂਅ ਹਨ। }

بِسْمِ اللّٰهِ الرَّحْمٰنِ الرَّحِيْمِ ﴿١﴾

(ਮੈਂ) ਅਤਿ ਦਿਆਲੂ ਤੇ ਕਿਰਪਾਲੂ ਅੱਲਾਹ ਦਾ ਨਾਂ ਲੈ ਕੇ (ਅਰੰਭ ਕਰਦਾ ਹਾਂ) ।੧।

كٓهٰيٰعٓصٓ ﴿٢﴾

ਕਾਫ਼, ਹਾ, ਯਾ, ਐਨ, ਸੁਆਦ[1] ।੨।

---

[1]"ਕਾਫ਼, ਹਾ, ਯਾ, ਐਨ, ਸੁਆਦ"=ਇਹ ਪਦ ਮੁਕੱਤਿਆਤ ਹਨ। "ਕਾਫ਼"=ਦਾ ਭਾਵ "ਕਾਫ਼ਿਨ" ਤੇ "ਹਾ" ਦਾ ਭਾਵ "ਹਾਦਿਨ" ਹੈ ਤੇ "ਯਾ" ਨਿਦਾ ਦਾ ਅੱਖਰ ਹੈ ਅਤੇ "ਐਨ" ਦਾ ਭਾਵ "ਆਲਿਮ" ਤੇ "ਸੁਆਦ" ਦਾ ਭਾਵ "ਸਾਦਿਕ" ਹੈ। ਜਾਣੇ "ਕਾਫ਼, ਹਾ, ਯਾ, ਐਨ, ਸੁਆਦ" ਵਿਚ ਇਹ ਭਾਵ ਪਰਗਟ ਕੀਤਾ ਹੈ ਕਿ—

"ਅਨਤਾ ਕਾਫ਼ਿਨ, ਅਨਤਾ ਹਾਦਿਨ, (ਯਾ ਅਲੀਮ) ਯਾ ਆਲਿਮ, ਯਾ ਸਾਦਿਕ"

ਅਰਥਾਤ—ਹੇ ਜਾਣਨਹਾਰ ਤੇ ਸਤਿਨਾਮ (ਪ੍ਰਭੂ) ਤੂੰ ਹੀ ਕਾਫੀ ਤੇ ਆਗੂ ਹੈਂ।

ਏਹਨਾਂ ਅੱਖਰਾਂ ਰਾਹੀਂ ਅਸਲ ਵਿਚ ਏਸਾਈਆਂ ਦੇ ਮਨਘੜਤ ਸਿੱਧਾਤਾਂ ਦਾ ਖੰਡਨ ਕੀਤਾ ਗਿਆ ਹੈ।

ਫ਼ਤਹੁੱਲ ਬਿਆਨ ਵਿਚ ਇਹ ਅਰਥ ਹਜਰਤ "ਉਮਿਹਾਨੀ" ਜੀ ਦੀ ਰਵਾਇਤ ਦੁਆਰਾ—ਜੋ ਹਜਰਤ ਮੁਹੰਮਦ ਸਾਹਿਬ ਜੀ ਦੀ ਭੂਆ ਦੀ ਧੀ-ਭੈਣ-ਸਨ-ਵਰਣਨ ਕੀਤੇ ਗਏ ਹਨ। ਇਸ ਦੇ ਵਿਸਥਾਰ ਲਈ (ਵੇਖੋ ਤਫਸੀਰਿ ਕਬੀਰ ਜਿਲਦ ੩, ਸੂਰਤ ਮਰੀਅਮ)

ذِكْرُ رَحْمَتِ رَبِّكَ عَبْدَهٗ زَكَرِيَّا ۝٢

(ਇਸ ਸੂਰਤ ਵਿਚ) ਤੇਰੇ ਸਾਜਨਹਾਰ ਤੇ ਪਾਲਨ-ਹਾਰ ਦੀ (ਉਸ) ਮਿਹਰ ਦਾ ਵਰਣਨ (ਹੈ), ਜੋ ਉਸ ਨੇ ਆਪਣੇ ਭਗਤ-ਜਨ "ਜ਼ਿਕਰੀਆ" ਉੱਤੇ ਕੀਤੀ ਸੀ ।੨।

اِذْ نَادٰى رَبَّهٗ نِدَآءً خَفِيًّا ۝٣

ਜਦ ਕਿ ਉਸ ਨੇ ਆਪਣੇ ਸਾਜਨਹਾਰ ਤੇ ਪਾਲਨਹਾਰ ਦਾ ਹੌਲੇ ਹੌਲੇ ਸਿਮਰਨ ਕੀਤਾ ਸੀ ।੩।

قَالَ رَبِّ اِنِّيْ وَهَنَ الْعَظْمُ مِنِّيْ وَاشْتَعَلَ الرَّاْسُ شَيْبًا وَّلَمْ اَكُنْۢ بِدُعَآئِكَ رَبِّ شَقِيًّا ۝٤

(ਅਰਥਾਤ) ਉਸ ਨੇ ਇਹ ਕਿਹਾ ਸੀ ਕਿ ਹੇ ਮੇਰੇ ਸਾਜਨਹਾਰ ਤੇ ਪਾਲਨਹਾਰ ! (ਮੇਰਾ ਹਾਲ ਤਾਂ ਨਿਰਸੰਦੇਹ ਇਹ ਹੈ ਕਿ) ਮੇਰੀਆਂ ਸਾਰੀਆਂ ਹੱਡੀਆਂ ਕਮਜ਼ੋਰ ਹੋ ਗਈਆਂ ਹਨ ਤੇ (ਮੇਰਾ) ਸਿਰ ਵੀ ਬੁਢੇਪੇ ਨਾਲ ਕੰਬ ਰਿਹਾ ਹੈ । ਹੇ ਮੇਰੇ ਸਾਜਨਹਾਰ ਤੇ ਪਾਲਨਹਾਰ ! ਮੈਂ ਕਦੇ ਵੀ ਤੇਰੇ ਹਜ਼ੂਰ (ਅਰਜੋਈ) ਕਰਨ ਦੇ ਸਬਬ ਨਿਹਫਲ ਨਹੀਂ ਰਿਹਾ ।੪।

وَاِنِّيْ خِفْتُ الْمَوَالِيَ مِنْ وَّرَآءِيْ وَكَانَتِ امْرَاَتِيْ عَاقِرًا فَهَبْ لِيْ مِنْ لَّدُنْكَ وَلِيًّا ۝٥

ਅਤੇ ਮੈਨੂੰ ਬੇਸ਼ੱਕ ਆਪਣੇ ਸਾਕ-ਸੰਬੰਧੀਆਂ ਦੇ ਆਪਣੇ (ਮਰਨ ਤੋਂ) ਬਾਦ (ਦੇ ਵਰਤਾਉ) ਦਾ ਵੱਡਾ ਸਹਿਮ ਹੈ ਅਤੇ ਮੇਰੀ ਤੀਵੀਂ ਵੀ ਬਾਂਝ ਹੈ । ਸੋ ਤੂੰ ਮੈਨੂੰ ਆਪਣੇ ਪਾਸੋਂ ਇਕ ਮਿੱਤਰ, (ਅਰਥਾਤ ਸਪੁੱਤਰ) ਬਖ਼ਸ਼ ।੫।

يَّرِثُنِيْ وَيَرِثُ مِنْ اٰلِ يَعْقُوْبَ ۖ وَاجْعَلْهُ رَبِّ رَضِيًّا ۝٦

ਜੋ ਮੇਰਾ ਵੀ ਵਾਰਸ ਬਣੇ ਤੇ "ਯਾਕੂਬ" ਦੀ ਕੁਲ (ਤੋਂ ਜੋ ਧਰਮ ਤੇ ਸੰਜਮਤਾ ਸਾਨੂੰ ਪ੍ਰਾਪਤ ਹੋਈ ਹੈ, ਉਸ) ਦਾ ਵੀ ਵਾਰਸ ਹੋਵੇ, ਅਰਥਾਤ ਹੇ ਮੇਰੇ ਸਾਜਨਹਾਰ ਤੇ ਪਾਲਨਹਾਰ ! ਉਸ ਨੂੰ (ਆਪਣਾ) ਪ੍ਰੇਮੀ ਬਣਾਉਣਾ ।੬।

يٰزَكَرِيَّآ اِنَّا نُبَشِّرُكَ بِغُلٰمِ اِسْمُهٗ يَحْيٰى ۙ لَمْ نَجْعَلْ لَّهٗ مِنْ قَبْلُ سَمِيًّا ۝٧

(ਇਸ ਤੇ ਅੱਲਾਹ ਨੇ ਇਹ ਫ਼ਰਮਾਇਆ ਸੀ ਕਿ) ਹੇ "ਜ਼ਿਕਰੀਆ" ! ਅਸੀਂ ਤੈਨੂੰ ਇਕ ਸਪੁੱਤਰ ਦੀ ਖ਼ੁਸ਼ਖ਼ਬਰੀ ਦਿੰਦੇ ਹਾਂ । (ਜੋ ਜੁਆਨੀ ਦੀ ਉਮਰ ਤਕ ਪੁੱਜੇਗਾ) ਤੇ ਉਸ ਦਾ ਨਾਂ (ਪ੍ਰਭੂ ਵੱਲੋਂ) "ਯਹਯਾ" ਹੋਵੇਗਾ । ਅਸੀਂ ਇਸ ਤੋਂ ਪਹਿਲਾਂ ਕਿਸੇ ਨੂੰ ਵੀ ਇਸ ਨਾਂ ਨਾਲ ਯਾਦ ਨਹੀਂ ਕੀਤਾ ।੮।

قَالَ رَبِّ اَنّٰى يَكُوْنُ لِىْ غُلٰمٌ وَّكَانَتِ امْرَاَتِىْ عَاقِرًا وَّقَدْ بَلَغْتُ مِنَ الْكِبَرِ عِتِيًّا ۝٨

(ਇਸ ਤੇ "ਜ਼ਿਕਰੀਆ" ਨੇ ਵੱਡੀ ਹੈਰਾਨੀ ਨਾਲ ਇਹ ਕਿਹਾ ਸੀ ਕਿ) ਹੇ ਮੇਰੇ ਸਾਜਨਹਾਰ ਤੇ ਪਾਲਨਹਾਰ ! ਮੇਰੇ ਘਰ ਸਪੁੱਤਰ ਕਿਵੇਂ ਹੋ ਸਕਦਾ ਹੈ, ਜਦ ਕਿ ਮੇਰੀ ਪਤਨੀ ਬਾਂਝ ਹੈ ਤੇ ਮੈਂ ਬੁਢੇਪੇ ਦੀ ਅੰਤਲੀ ਹੱਦ ਤਕ ਜਾ ਪੁੱਜਾ ਹਾਂ ।੯।

قَالَ كَذٰلِكَ ۚ قَالَ رَبُّكَ هُوَ عَلَىَّ هَيِّنٌ وَّقَدْ خَلَقْتُكَ مِنْ قَبْلُ وَلَمْ تَكُ شَيْـًٔا ۝٩

(ਅਕਾਸ਼ ਬਾਣੀ ਲਿਆਉਣ ਵਾਲੇ ਫ਼ਰਿਸ਼ਤੇ ਨੇ ਇਹ ਕਿਹਾ ਸੀ ਕਿ) ਜਿਸ ਤਰ੍ਹਾਂ ਤੂੰ ਕਹਿੰਦਾ ਹੈਂ, (ਸੱਚਮੁਚ) ਇਸੇ ਤਰ੍ਹਾਂ ਹੀ (ਹੈ), ਪਰ ਤੇਰਾ ਸਾਜਨ-ਹਾਰ ਤੇ ਪਾਲਨਹਾਰ ਇਹ ਕਹਿੰਦਾ ਹੈ ਕਿ ਇਹ (ਗੱਲ) ਮੇਰੇ ਲਈ ਸੌਖੀ ਹੈ, ਅਰਥਾਤ ਤੂੰ (ਇਹ ਵੇਖ ਕਿ) ਇਸ ਤੋਂ ਪਹਿਲਾਂ ਮੈਂ ਤੇਰੀ ਸਾਜਨਾ ਕਰ ਚੁੱਕਾ ਹਾਂ; ਤੇ ਤੂੰ ਕੁਝ ਵੀ ਨਹੀਂ ਸੀ ।੧੦।

قَالَ رَبِّ اجْعَلْ لِّىْٓ اٰيَةً ۭ قَالَ اٰيَتُكَ اَلَّا تُكَلِّمَ النَّاسَ ثَلٰثَ لَيَالٍ سَوِيًّا ۝١٠

("ਜ਼ਿਕਰੀਆ" ਨੇ ਇਹ ਕਿਹਾ ਸੀ ਕਿ) ਹੇ ਮੇਰੇ ਸਾਜਨ-ਹਾਰ ਤੇ ਪਾਲਨਹਾਰ ! ਮੇਰੇ ਵਾਸਤੇ ਕੋਈ ਹੁਕਮ ਬਖ਼ਸ਼ੋ । (ਪ੍ਰਭੂ ਨੇ) ਇਹ ਫ਼ਰਮਾਇਆ ਸੀ ਕਿ ਤੇਰੇ ਲਈ ਇਹ ਹੁਕਮ ਹੈ ਕਿ ਤੂੰ ਲੋਕਾਂ ਨਾਲ ਤਿੰਨ ਰਾਤਾਂ ਲਗਾਤਾਰ ਕੋਈ ਗੱਲ ਨਾ ਕਰੀਂ ।੧੧।

فَخَرَجَ عَلٰى قَوْمِهٖ مِنَ الْمِحْرَابِ فَاَوْحٰٓى اِلَيْهِمْ اَنْ سَبِّحُوْا بُكْرَةً وَّعَشِيًّا ۝١١

ਇਸ ਤੋਂ ਮਗਰੋਂ ਉਹ ("ਜ਼ਿਕਰੀਆ") ਆਪਣੇ ਬੰਦਗੀ ਦੇ ਅਸਥਾਨ ਤੋਂ ਬਾਹਰ ਨਿਕਲ ਕੇ ਆਪਣੀ ਜਾਤੀ ਵੱਲ ਗਿਆ ਸੀ ਤੇ ਓਹਨਾਂ ਨੂੰ ਹੌਲੇ ਜਿਹੇ ਇਹ ਕਿਹਾ ਸੀ ਕਿ ਤੁਸੀਂ ਸਵੇਰ-ਸ਼ਾਮ ਆਪਣੇ ਪ੍ਰਭੂ ਦਾ ਸਿਮਰਨ ਕਰਦੇ ਰਿਹਾ ਕਰੋ ।੧੨।

يٰيَحْيٰى خُذِ الْكِتٰبَ بِقُوَّةٍ ؕ وَاٰتَيْنٰهُ الْحُكْمَ صَبِيًّا ﴿١٢﴾

(ਇਸ ਦੇ ਮਗਰੋਂ "ਯਹਯਾ" ਦਾ ਜਨਮ ਹੋਇਆ ਸੀ ਤੇ ਅਸੀਂ ਉਸ ਨੂੰ ਇਹ ਕਿਹਾ ਸੀ ਕਿ) ਹੇ "ਯਹਯਾ"! ਤੂੰ (ਰੱਬੀ) ਪੁਸਤਕ ਨੂੰ ਪੱਕਿਆਈ ਨਾਲ ਫੜ ਲੈ ਅਤੇ ਅਸੀਂ ਉਸ ਨੂੰ ਬਚਪਣ ਸਮੇਂ ਹੀ ਸਿਆਣਪ ਸਿਖਾ ਦਿੱਤੀ ਸੀ ।੧੩।

وَحَنَانًا مِّنْ لَّدُنَّا وَزَكٰوةً ؕ وَكَانَ تَقِيًّا ﴿١٣﴾

(ਅਤੇ ਇਹ ਗੱਲ) ਸਾਡੇ ਵੱਲੋਂ ਮਿਹਰ (ਤੇ ਪਿਆਰ) ਵਜੋਂ ਸੀ, ਅਰਥਾਤ (ਉਸ ਨੂੰ) ਪਵਿੱਤਰ ਕਰਨ ਲਈ (ਸੀ) ਅਤੇ ਉਹ ਵੱਡਾ ਸੰਜਮੀ ਸੀ ।੧੪।

وَبَرًّا بِوَالِدَيْهِ وَلَمْ يَكُنْ جَبَّارًا عَصِيًّا ﴿١٤﴾

ਉਹ ਆਪਣੇ ਮਾਪਿਆਂ ਨਾਲ ਸੋਹਣਾ ਵਰਤਾਉ ਕਰਨ ਵਾਲਾ ਸੀ, ਅਰਥਾਤ ਜ਼ਾਲਮ ਤੇ ਅਵੱਗਿਆ ਕਰਨ ਵਾਲਾ ਨਹੀਂ ਸੀ ।੧੫।

وَسَلٰمٌ عَلَيْهِ يَوْمَ وُلِدَ وَيَوْمَ يَمُوْتُ وَيَوْمَ يُبْعَثُ حَيًّا ﴿١٥﴾

ਅਤੇ ਜਦ ਉਸ ਨੇ ਜਨਮ ਲਿਆ ਸੀ[1] ਤਦ ਵੀ ਉਸ ਤੇ ਸਲਾਮਤੀ ਸੀ ਤੇ ਜਦ ਉਹ ਮਰਿਆ ਸੀ ਤੇ ਮੁੜ ਜਦ ਜ਼ਿੰਦਾ ਕਰ ਕੇ ਉਠਾਇਆ ਜਾਏਗਾ, (ਤਾਂ ਵੀ ਉਸ ਤੇ ਸਲਾਮਤੀ ਹੀ ਹੋਵੇਗੀ) ।੧੬। (ਰਕੂਅ ੧)

وَاذْكُرْ فِي الْكِتٰبِ مَرْيَمَ اِذِ انْتَبَذَتْ مِنْ اَهْلِهَا مَكَانًا شَرْقِيًّا ﴿١٦﴾

ਅਤੇ ਤੂੰ (ਇਸ) ਪੁਸਤਕ ਵਿਚ "ਮਰੀਅਮ" ਦਾ (ਜੋ) ਵਰਣਨ ਕੀਤਾ ਗਿਆ ਹੈ, (ਉਸ ਨੂੰ ਵੀ) ਬਿਆਨ ਕਰ । (ਖ਼ਾਸ ਕਰ ਕੇ ਉਸ ਗੱਲ ਨੂੰ ਕਿ) ਜਦ ਉਹ ਆਪਣੇ ਪਰਵਾਰ ਤੋਂ ਅੱਡ ਹੋ ਕੇ ਇਕ ਪੂਰਬੀ ਅਸਥਾਨ (ਵੱਲ ਇਕ ਥਾਂ) ਚਲੀ ਗਈ ਸੀ ।੧੭।

فَاتَّخَذَتْ مِنْ دُوْنِهِمْ حِجَابًا ۖ فَاَرْسَلْنَآ اِلَيْهَا

ਅਤੇ (ਉਸ ਨੇ) ਓਹਨਾਂ (ਸਾਕ-ਸੰਬੰਧੀਆਂ) ਅੱਗੇ ਪੜਦਾ ਬਣਾ ਲਿਆ ਸੀ, (ਅਰਥਾਤ ਓਹਨਾਂ ਨਾਲੋਂ ਆਪਣਾ ਸੰਬੰਧ ਤੋੜ ਕੇ ਇਕਾਂਤ ਵਾਸ ਕਰ ਲਿਆ ਸੀ ।) ਉਸ ਵੇਲੇ ਅਸੀਂ ਉਸ ਵੱਲ ਆਪਣੀ ਅਕਾਸ਼

[1]ਇਸੇ ਸੂਰਤ ਦੀ ਤੇਤ੍ਹਵੀਂ ਆਇਤ ਵਿਚ ਹਜ਼ਰਤ "ਈਸਾ" ਬਾਰੇ ਇਹ ਲਿਖਿਆ ਹੈ ਕਿ ਜਦ ਮੇਰਾ ਜਨਮ ਹੋਇਆ ਸੀ, ਤਾਂ ਮੇਰੇ ਉੱਤੇ ਸਲਾਮਤੀ ਸੀ ਤੇ ਜਦ ਮੈਂ ਮਰਾਂਗਾ, ਤਾਂ ਵੀ ਮੇਰੇ ਉੱਤੇ ਸਲਾਮਤੀ ਹੀ ਹੋਵੇਗੀ । ਈਸਾਈ ਲੋਕ ਇਸ ਤੋਂ ਹਜ਼ਰਤ "ਈਸਾ" ਦੀ ਵਿਸ਼ੇਸ਼ਤਾ ਪਰਗਟ ਕਰਨ ਦਾ ਜਤਨ ਕਰਦੇ ਹਨ । ਓਹ ਇਹ ਨਹੀਂ ਵੇਖਦੇ ਕਿ ਏਹੋ ਗੱਲ ਪ੍ਰਭੂ ਨੇ ਹਜ਼ਰਤ "ਯਹਯਾ" ਬਾਰੇ ਵੀ ਕਹੀ ਹੈ; ਸੋ ਜੇ ਇਹ ਵਿਸ਼ੇਸ਼ਤਾ ਹੈ, ਤਾਂ ਇਸ ਨਾਲ "ਯਹਯਾ" ਹਜ਼ਰਤ "ਈਸਾ" ਤੋਂ ਵੱਡੇ ਸਿੱਧ ਹੁੰਦੇ ਹਨ ।

رُوْحَنَا فَتَمَثَّلَ لَهَا بَشَرًا سَوِيًّا ﴿١٧﴾

ਬਾਣੀ ਲਿਆਉਣ ਵਾਲਾ ਫ਼ਰਿਸ਼ਤਾ, (ਅਰਥਾਤ "ਜਬਰਾਈਲ") ਭੇਜਿਆ ਸੀ ਅਤੇ ਉਹ ਉਸ ਦੇ ਅੱਗੇ ਇਕ ਨਵੇਂ-ਨਰੋਏ ਮਨੁੱਖ ਦੇ ਰੂਪ ਵਿਚ ਪਰਗਟ ਹੋਇਆ ਸੀ ।੧੮।

قَالَتْ اِنِّيْٓ اَعُوْذُ بِالرَّحْمٰنِ مِنْكَ اِنْ كُنْتَ تَقِيًّا ﴿١٨﴾

("ਮਰੀਅਮ" ਨੇ ਉਸ ਨੂੰ) ਇਹ ਕਿਹਾ ਸੀ ਕਿ ਮੈਂ ਤੇਰੇ ਪਾਸੋਂ ਦਿਆਲੂ ਪ੍ਰਭੂ ਦੀ ਪਨਾਹ ਮੰਗਦੀ ਹਾਂ । ਜੇ ਤੇਰੇ ਅੰਦਰ ਕੁਝ ਵੀ ਸੰਜਮਤਾ ਹੈ ।੧੯।

قَالَ اِنَّمَآ اَنَا رَسُوْلُ رَبِّكِ ۖ لِاَهَبَ لَكِ غُلٰمًا زَكِيًّا ﴿١٩﴾

(ਇਸ ਤੇ ਉਸ ਫ਼ਰਿਸ਼ਤੇ ਨੇ ਇਹ) ਕਿਹਾ ਸੀ ਕਿ ਮੈਂ ਤਾਂ ਕੇਵਲ ਤੇਰੇ ਸਾਜਨਹਾਰ ਤੇ ਪਾਲਨਹਾਰ ਦਾ ਭੇਜਿਆ ਹੋਇਆ ਇਕ ਦੂਤ ਹਾਂ; ਤਾਂ ਜੁ ਮੈਂ ਤੈਨੂੰ (ਅਕਾਸ਼ ਬਾਣੀ ਅਨੁਸਾਰ) ਇਕ ਪਵਿੱਤਰ ਸਪੁੱਤਰ ਬਖ਼ਸ਼ਾਂ[1] । (ਜੋ ਯੁਵਾ ਅਵਸਥਾ ਨੂੰ ਪ੍ਰਾਪਤ ਹੋਵੇਗਾ) ।੨੦।

قَالَتْ اَنّٰى يَكُوْنُ لِيْ غُلٰمٌ وَّلَمْ يَمْسَسْنِيْ بَشَرٌ وَّلَمْ اَكُ بَغِيًّا ﴿٢٠﴾

(ਇਸ ਤੇ "ਮਰੀਅਮ" ਨੇ ਵੱਡੇ ਅਚੰਭੇ ਨਾਲ ਇਹ) ਕਿਹਾ ਸੀ ਕਿ ਮੈਨੂੰ ਸਪੁੱਤਰ ਕਿਵੇਂ ਹੋ ਸਕਦਾ ਹੈ; ਜਦ ਕਿ ਅਜੇ ਤਕ ਮੈਨੂੰ ਕਿਸੇ ਪੁਰਖ ਨੇ ਛੋਹਿਆ ਤਕ ਵੀ ਨਹੀਂ ਤੇ ਨਾ ਮੈਂ ਕਦੇ ਵਿਭਚਾਰ ਹੀ ਕੀਤਾ ਹੈ ।੨੧।

قَالَ كَذٰلِكِ ۚ قَالَ رَبُّكِ هُوَ عَلَيَّ هَيِّنٌ ۚ وَلِنَجْعَلَهٗٓ اٰيَةً لِّلنَّاسِ وَرَحْمَةً مِّنَّا ۚ وَكَانَ اَمْرًا مَّقْضِيًّا ﴿٢١﴾

(ਉਸ ਫ਼ਰਿਸ਼ਤੇ ਨੇ) ਇਹ ਕਿਹਾ ਸੀ ਕਿ (ਗੱਲ) ਇਸੇ ਤਰ੍ਹਾਂ ਹੀ ਹੈ; (ਜਿਸ ਤਰ੍ਹਾਂ ਕਿ ਤੂੰ ਕਹਿੰਦੀ ਹੈਂ), ਪਰ ਤੇਰੇ ਸਾਜਨਹਾਰ ਤੇ ਪਾਲਨਹਾਰ ਨੇ ਇਹ ਕਿਹਾ ਹੈ ਕਿ ਇਹ (ਕੰਮ) ਮੇਰੇ ਲਈ (ਵੱਡਾ) ਸੌਖਾ ਹੈ[2] ਅਤੇ (ਅਸੀਂ ਇਸ ਲਈ ਇਹ ਸਪੁੱਤਰ ਪੈਦਾ ਕਰਾਂਗੇ) ਕਿ ਉਸ ਨੂੰ ਲੋਕਾਂ ਵਾਸਤੇ ਇਕ ਨਿਸ਼ਾਨ ਬਣਾ ਸਕੀਏ ਅਤੇ ਆਪਣੇ ਵੱਲੋਂ ਇਕ ਮਿਹਰ (ਦਾ ਕਾਰਣ ਵੀ ਬਣਾ ਸਕੀਏ), ਅਰਥਾਤ ਅਸੀਂ ਇਸ (ਗੱਲ) ਦਾ ਫ਼ੈਸਲਾ ਕਰ ਚੁੱਕੇ ਹਾਂ ।੨੨।

---

[1]ਅਰਥਾਤ—ਉਸ ਦੀ ਖੁਸ਼ਖਬਰੀ ਦਿਆਂ ।

[2]ਯੂਰਪ ਦੇ ਕਈ ਡਾਕਟਰਾਂ ਨੇ ਵੱਡੀ ਛਾਣ ਬੀਣ ਤੇ ਖੋਜ ਮਗਰੋਂ ਇਸ ਗੱਲ ਦਾ ਐਲਾਨ ਕੀਤਾ ਹੈ ਕਿ ਕਿਸੇ ਕੁਆਰੀ ਕੁੜੀ ਦੀ ਕੁੱਖ ਤੋਂ ਬਾਲਕ ਦਾ ਪੈਦਾ ਹੋਣਾ ਅਸੰਭਵ ਨਹੀਂ; ਸਗੋਂ ਇਸ ਦੀਆਂ ਕਈ ਉਦਾਹਰਣਾਂ ਯਕੀਨੀ ਤੌਰ ਤੇ ਵੈਦਿਕ ਅਨੁਸਾਰ ਸਿੱਧ ਹੋ ਚੁੱਕੀਆਂ ਹਨ । (ਇਸ ਦੇ ਵਿਸਥਾਰ ਲਈ ਵੇਖੋ ਤਫ਼ਸੀਰਿ ਕਬੀਰ ਜਿਲਦ ੩, ਸੂਰਤ ਮਰੀਅਮ)

فَحَمَلَتْهُ فَانْتَبَذَتْ بِهٖ مَكَانًا قَصِيًّا ﴿٢٣﴾

ਸੋ ਉਹ (ਮਰੀਅਮ) ਗਰਭਵਤੀ ਹੋ ਗਈ ਸੀ। ਫੇਰ ਉਹ ਉਸ ਗਰਭ ਨਾਲ ਹੀ ਉੱਥੋਂ ਇਕ ਹੋਰ ਦੂਰ ਅਸਥਾਨ ਵੱਲ ਚਲੀ ਗਈ ਸੀ ।੨੩।

فَاَجَآءَهَا الْمَخَاضُ اِلٰى جِذْعِ النَّخْلَةِ ۚ قَالَتْ يٰلَيْتَنِىْ مِتُّ قَبْلَ هٰذَا وَكُنْتُ نَسْيًا مَّنْسِيًّا ﴿٢٤﴾

ਸੋ (ਜਦ ਉਹ ਉੱਥੇ ਪੁੱਜੀ ਸੀ, ਤਾਂ) ਉਸ ਨੂੰ ਪ੍ਰਸੂਤਗੀ ਦੀਆਂ ਪੀੜਾਂ (ਉੱਠੀਆਂ ਸਨ ਤੇ ਉਸ ਨੂੰ) ਬੇਬਸ ਕਰ ਕੇ ਇਕ ਖਜੂਰ ਦੇ ਤਣੇ ਵੱਲ ਲੈ ਗਈਆਂ ਸਨ। (ਜਦ ਮਰੀਅਮ ਨੂੰ ਇਹ ਨਿਸਚਾ ਹੋ ਗਿਆ ਸੀ ਕਿ ਉਸ ਦੀ ਕੁੱਖੋਂ ਬਾਲਕ ਹੋਣ ਵਾਲਾ ਹੈ, ਤਾਂ ਉਸ ਨੇ ਲੋਕਾਂ ਦੇ ਮਿਹਣਿਆਂ ਦਾ ਵੀਚਾਰ ਕਰ ਕੇ) ਇਹ ਕਿਹਾ ਸੀ ਕਿ ਕਾਸ਼, ਮੈਂ ਇਸ ਤੋਂ ਪਹਿਲਾਂ ਮਰ ਗਈ ਹੁੰਦੀ ਤੇ ਮੈਂ ਲੋਕਾਂ ਨੂੰ ਭੁੱਲ-ਭੁਲਾ ਗਈ ਹੁੰਦੀ ।੨੪।

فَنَادٰىهَا مِنْ تَحْتِهَآ اَلَّا تَحْزَنِىْ قَدْ جَعَلَ رَبُّكِ تَحْتَكِ سَرِيًّا ﴿٢٥﴾

ਸੋ (ਫ਼ਰਿਸ਼ਤੇ ਨੇ) ਉਸ ਨੂੰ ਉਸ ਤਣੇ ਦੇ ਹੇਠੋਂ ਇਹ ਅਵਾਜ਼ ਦਿੱਤੀ ਸੀ ਕਿ (ਹੇ ਤੀਵੀਂ !) ਤੂੰ ਕੋਈ ਚਿੰਤਾ ਨਾ ਕਰ। ਬੇਸ਼ੱਕ ਤੇਰੇ ਸਾਜਨਹਾਰ ਤੇ ਪਾਲਨ-ਹਾਰ ਨੇ ਤੇਰੇ (ਪੈਰਾਂ) ਹੇਠਾਂ[1] (ਪਾਣੀ ਦਾ) ਇਕ ਸੋਮਾ ਬਣਾਇਆ ਹੋਇਆ ਹੈ। (ਉੱਥੇ ਜਾ ਅਤੇ ਆਪਣੀ ਤੇ ਇਸ ਬਾਲਕ ਦੀ ਸਫ਼ਾਈ ਕਰ) ।੨੫।

وَهُزِّىْٓ اِلَيْكِ بِجِذْعِ النَّخْلَةِ تُسٰقِطْ عَلَيْكِ رُطَبًا جَنِيًّا ﴿٢٦﴾

ਅਤੇ (ਉਸ) ਖਜੂਰ ਦੀ, (ਜੋ ਤੇਰੇ ਲਾਗੇ ਹੀ ਹੈ), ਟਹਿਣੀ ਫੜ ਕੇ ਆਪਣੇ ਵੱਲ ਹਿਲਾ, ਉਹ ਤੇਰੇ ਵੱਲ ਤਾਜ਼ੀਆਂ ਤੇ ਪੱਕੀਆਂ ਖਜੂਰਾਂ ਸੁੱਟੇਗੀ ।੨੬।

فَكُلِىْ وَاشْرَبِىْ وَقَرِّىْ عَيْنًا ۚ فَاِمَّا تَرَيِنَّ مِنَ الْبَشَرِ

ਸੋ ਓਹ (ਖਜੂਰਾਂ) ਖਾ ਤੇ (ਸੋਮੇ ਦਾ ਪਾਣੀ ਵੀ) ਪੀ, (ਅਰਥਾਤ ਆਪ ਅਸ਼ਨਾਨ ਕਰ ਕੇ ਤੇ ਬੱਚੇ ਨੂੰ ਅਸ਼ਨਾਨ ਕਰਾ ਕੇ) ਆਪਣੀਆਂ ਅੱਖਾਂ ਠੰਢੀਆਂ ਕਰ। ਫੇਰ ਜੇ (ਇਸ ਸਮੇਂ) ਤੂੰ ਕਿਸੇ ਮਰਦ ਨੂੰ ਵੇਖੇਂ, ਤਾਂ ਉਸ ਨੂੰ ਇਹ ਕਹਿ ਦੇਈਂ ਕਿ ਮੈਂ ਦਿਆਲੂ (ਪ੍ਰਭੂ) ਵਾਸਤੇ (ਇਕ)

---

[1] ਬਾਈਬਲ ਤੇ "ਫ਼ਲਸਤੀਨ" ਦੇ ਭੂਗੋਲ ਤੋਂ ਇਹ ਪਤਾ ਲਗਦਾ ਹੈ ਕਿ ਮਰੀਅਮ ਦੀ ਕੁੱਖੋਂ ਜਦ ਬਾਲਕ ਨੇ ਜਨਮ ਲਿਆ ਸੀ, ਤਾਂ ਓਹਨਾਂ ਨੂੰ ਓਹਨਾਂ ਦੇ ਹੋਣ ਵਾਲੇ ਪਤੀ "ਬੈਤੁਲ ਲਹਮ" ਲੈ ਗਏ ਸਨ, ਜੋ ਉਸ ਸਮੇਂ ਇਕ ਪਹਾੜੀ ਉੱਤੇ ਸੀ, ਜਿਸ ਦੇ ਹੇਠਲੇ ਪਾਸੇ ਇਕ ਸੋਮਾ ਸੀ। ਇਸੇ ਪਾਸਿਓਂ ਹੀ ਮਰੀਅਮ ਨੂੰ ਇਕ ਆਵਾਜ਼ ਆਈ ਸੀ, ਜੋ ਇਕ ਫਰਿਸ਼ਤੇ ਨੇ ਦਿੱਤੀ ਸੀ।

اَحَدًا ۙ فَقُوْلِيْٓ اِنِّيْ نَذَرْتُ لِلرَّحْمٰنِ صَوْمًا فَلَنْ اُكَلِّمَ الْيَوْمَ اِنْسِيًّا ۝٢٦

ਰੱਜ਼ੇ ਦੀ ਸੁੱਖਣਾ ਸੁੱਖੀ ਹੋਈ ਹੈ। ਸੋ ਅੱਜ ਮੈਂ ਕਿਸੇ ਵੀ ਮਰਦ ਨਾਲ (ਕੋਈ) ਗੱਲ ਨਹੀਂ ਕਰ ਸਕਦੀ[1] ।੨੬।

فَاَتَتْ بِهٖ قَوْمَهَا تَحْمِلُهٗ ۭ قَالُوْا يٰمَرْيَمُ لَقَدْ جِئْتِ شَيْـــًٔا فَرِيًّا ۝٢٧

ਇਸ ਦੇ ਮਗਰੋਂ ਉਹ ਉਸ ਨੂੰ ਆਪਣੀ ਜਾਤੀ ਵੱਲ ਸਵਾਰ[2] ਕਰਾ ਕੇ ਲਿਆਈ ਸੀ। ਓਹਨਾਂ ਨੇ ਇਹ ਕਿਹਾ ਸੀ ਕਿ ਹੇ "ਮਰੀਅਮ" ਤੂੰ ਇਹ ਬਹੁਤ ਹੀ ਭੈੜਾ ਕੰਮ ਕੀਤਾ ਹੈ ।੨੮।

يٰٓاُخْتَ هٰرُوْنَ مَا كَانَ اَبُوْكِ امْرَاَ سَوْءٍ وَّمَا كَانَتْ اُمُّكِ بَغِيًّا ۝٢٨

ਹੇ "ਹਾਰੂਨ" ਦੀ ਭੈਣ[3] ! ਤੇਰਾ ਪਿਤਾ ਤਾਂ ਭੈੜਾ ਆਦਮੀ ਨਹੀਂ ਸੀ ਅਤੇ ਤੇਰੀ ਮਾਤਾ ਵੀ ਵਿਭਚਾਰਣ ਨਹੀਂ ਸੀ ।੨੯।

فَاَشَارَتْ اِلَيْهِ ۭ قَالُوْا كَيْفَ نُكَلِّمُ مَنْ كَانَ فِي الْمَهْدِ صَبِيًّا ۝٢٩

ਇਸ ਤੇ ਉਸ ਨੇ ਉਸ (ਬਾਲਕ) ਵੱਲ ਸੈਨਤ ਕੀਤੀ ਸੀ, ਤਾਂ ਓਹਨਾਂ ਲੋਕਾਂ ਨੇ ਇਹ ਕਿਹਾ ਸੀ ਕਿ ਅਸੀਂ ਇਸ ਨਾਲ ਕਿਵੇਂ ਗੱਲ ਕਰੀਏ, ਜੋ ਕਿ (ਕਲ ਤਕ) ਪੰਘੂੜੇ ਵਿਚ ਬੈਠਣ ਵਾਲਾ ਬਾਲਕ ਸੀ ।੩੦।

قَالَ اِنِّيْ عَبْدُ اللّٰهِ ۣ اٰتٰىنِيَ الْكِتٰبَ وَجَعَلَنِيْ نَبِيًّا ۝٣٠

(ਇਹ ਸੁਣ ਕੇ "ਮਰੀਅਮ" ਦੇ ਪੁੱਤਰ ਨੇ) ਇਹ ਕਿਹਾ ਸੀ (ਕਿ) ਮੈਂ ਅੱਲਾਹ ਦਾ ਬੰਦਾ ਹਾਂ ਅਤੇ ਉਸ ਨੇ ਮੈਨੂੰ ਪੁਸਤਕ ਦਿੱਤੀ ਹੈ ਤੇ ਮੈਨੂੰ ਨਬੀ (ਵੀ) ਬਣਾਇਆ ਹੈ ।੩੧।

---

[1]ਅਰਥਾਤ—ਇਸ ਤਰ੍ਹਾਂ ਰੋਜ਼ਾ ਰੱਖ ਕੇ ਲੋਕਾਂ ਦੇ ਵਿਗੈ-ਟੇਢੇ ਪ੍ਰਸ਼ਨਾਂ ਤੋਂ ਆਪਣਾ ਪਿੱਛਾ ਛੁਡਾ ਲਈਂ।

[2]ਕੁਰਾਨ ਸ਼ਰੀਫ ਵਿਚ "ਤਹਮਿਲੁਹੂ" ਦਾ ਪਦ ਹੈ, ਜਿਸ ਦਾ ਸਾਧਾਰਨ ਅਰਥ ਉਠਾਉਣਾ ਜਾਂ ਚੁੱਕਣਾ ਹੈ, ਪਰ ਕੁਰਾਨ ਸ਼ਰੀਫ ਤੋ ਕੋਸ਼ ਤੋਂ ਇਹ ਵੀ ਪਤਾ ਲਗਦਾ ਹੈ ਕਿ ਇਸ ਦਾ ਅਰਥ ਸਵਾਰ ਕਰਾ ਕੇ ਲੈ ਜਾਣਾ ਵੀ ਹਨ ਅਤੇ ਏਹੋ ਅਰਥ ਅਸੀਂ ਇਸ ਥਾਂ ਕੀਤੇ ਹਨ। "ਤਹਮਿਲੁਹੂ" ਦੇ ਇਸ ਅਰਥ ਬਾਰੇ ਸੂਰਤ ਤੋਬਾ ਦੀ ਆਇਤ ੬੩ ਦੀ ਟੂਕ ਵੇਖੋ ਅਤੇ ਇਸ ਤੋਂ ਬਿਨਾਂ ਅੱਲਾਮਾ "ਅਬੂ ਹੱਯਾਨ" ਹਸਪਾਨਵੀ ਦੀ ਤਫ਼ਸੀਰ ਜਿਲਦ ੫ ਦਾ ਪੰਨਾ ੮੪, ੮੫ ਤੇ ਲਿਸਾਨੁਲ ਅਰਬ ਵੀ ਵੇਖ ਲਈ ਜਾਏ।

[3]ਹਜ਼ਰਤ "ਮਰੀਅਮ" ਨੂੰ "ਹਾਰੂਨ" ਦੀ ਭੈਣ ਕਿਹਾ ਗਿਆ ਹੈ। ਇਸ ਤੇ ਈਸਾਈ ਇਤਰਾਜ਼ ਕੀਤਾ ਕਰਦੇ ਹਨ ਕਿ ਕੁਰਾਨ ਸ਼ਰੀਫ ਨੇ ਅਗਿਆਨਤਾ ਨਾਲ "ਈਸਾ" ਦੀ ਮਾਂ ਨੂੰ ਉਹ "ਮਰੀਅਮ" ਸਮਝ ਲਿਆ ਹੈ, ਜੋ "ਹਾਰੂਨ" ਤੇ "ਮੂਸਾ" ਦੀ ਭੈਣ ਸੀ, ਪਰ ਓਹਨਾਂ ਦਾ ਇਹ ਇਤਰਾਜ਼ ਓਹਨਾਂ ਦੀ ਆਪਣੀ ਅਗਿਆਨਤਾ ਨੂੰ ਪਰਗਟ ਕਰਦਾ ਹੈ। ਸਾਰੀਆਂ ਜਾਤੀਆਂ ਵਿਚ ਇਹ ਆਮ ਰਿਵਾਜ ਹੈ ਕਿ ਓਹ ਆਪਣੇ ਬਾਲਕਾਂ ਦੇ ਨਾਂ ਆਪਣੇ ਬਜ਼ੁਰਗਾਂ ਦੇ ਨਾਵਾਂ ਉੱਤੇ ਹੱਥਦੇ ਹਨ। ਮੱਤੀਅਸ ਦੇ ਕਿਸੇ ਭਰਾ ਦਾ ਨਾਂ ਵੀ ਜੇ "ਹਾਰੂਨ" ਹੋਵੇ, ਤਾਂ ਇਸ ਵਿਚ ਅਚੰਭੇ ਦੀ ਕੀ ਗੱਲ ਹੈ ? ਉਸ ਨੂੰ "ਮੂਸਾ" ਦਾ ਭਰਾ ਪਰਗਟ ਕਰਨਾ "ਈਸਾਈਆਂ" ਦੀ ਆਪਣੀ ਹੀ ਘਾੜਤ ਹੈ। ਕੁਰਾਨ ਸ਼ਰੀਫ ਨੇ ਅਜਿਹਾ ਨਹੀਂ ਕਿਹਾ। ਇਹ ਪ੍ਰਸ਼ਨ ਹਜ਼ਰਤ "ਮੁਹੰਮਦ" ਸਾਹਿਬ ਜੀ ਮਹਾਰਾਜ ਅੱਗੇ ਵੀ ਕੀਤਾ ਗਿਆ ਸੀ। ਆਪ ਨੇ ਉਹੋ ਉੱਤਰ ਦਿੱਤਾ ਸੀ, ਜੋ ਮੈਂ ਦਿੱਤਾ ਹੈ। (ਵੇਖੋ ਫ਼ਤਹੁੱਲ ਇਆਨ ਜਿਲਦ ੬, ਪੰਨਾ ੧੬)

وَجَعَلَنِيْ مُبٰرَكًا اَيْنَ مَا كُنْتُ ۪ وَاَوْصٰنِيْ بِالصَّلٰوةِ وَالزَّكٰوةِ مَا دُمْتُ حَيًّا ﴿٣١﴾

ਅਤੇ ਜਿੱਥੇ ਵੀ ਮੈਂ ਰਹਾਂਗਾ, ਉਸ ਨੇ ਮੈਨੂੰ ਬਰਕਤ ਵਾਲਾ ਬਣਾਇਆ ਹੈ, ਅਰਥਾਤ ਜਦ ਤਕ ਮੈਂ ਜ਼ਿੰਦਾ ਰਹਾਂ, ਉਸ ਨੇ ਮੈਨੂੰ ਨਿਮਾਜ਼ (ਪੜ੍ਹਦੇ ਰਹਿਣ) ਤੇ ਜ਼ਕਾਤ (ਦਿੰਦੇ ਰਹਿਣ) ਦੀ ਪੱਕਿਆਈ ਕੀਤੀ ਹੈ ।੩੨।

وَّبَرًّا بِوَالِدَتِيْ ۪ وَلَمْ يَجْعَلْنِيْ جَبَّارًا شَقِيًّا ﴿٣٢﴾

ਅਤੇ ਮੈਨੂੰ ਆਪਣੀ ਮਾਤਾ ਨਾਲ ਚੰਗਾ ਵਰਤਾਉ ਕਰਨ ਵਾਲਾ ਬਣਾਇਆ ਹੈ, ਅਰਥਾਤ ਜ਼ਾਲਮ ਤੇ ਬਦ ਕਿਸਮਤ ਨਹੀਂ ਬਣਾਇਆ ।੩੩।

وَالسَّلٰمُ عَلَيَّ يَوْمَ وُلِدْتُّ وَيَوْمَ اَمُوْتُ وَيَوْمَ اُبْعَثُ حَيًّا ﴿٣٣﴾

ਅਤੇ ਜਿਸ ਦਿਨ ਮੈਂ ਜਨਮ ਲਿਆ ਸੀ, ਉਸ ਦਿਨ ਵੀ ਮੇਰੇ ਉੱਤੇ ਸਲਾਮਤੀ ਉਤਰੀ ਸੀ ਅਤੇ ਜਦ ਮੈਂ ਮਰਾਂਗਾ ਤੇ ਜਦ ਫੇਰ ਮੁੜ ਸੁਰਜੀਤ ਕਰ ਕੇ ਉਠਾਇਆ ਜਾਵਾਂਗਾ, (ਉਸ ਸਮੇਂ ਵੀ ਮੇਰੇ ਤੇ ਸਲਾਮਤੀ ਹੀ ਹੋਵੇਗੀ) ।੩੪।

ذٰلِكَ عِيْسَى ابْنُ مَرْيَمَ ۚ قَوْلَ الْحَقِّ الَّذِيْ فِيْهِ يَمْتَرُوْنَ ﴿٣٤﴾

(ਵੇਖੋ !) ਇਹ "ਮਰੀਅਮ" ਦਾ ਪੁੱਤਰ "ਈਸਾ" (ਸੱਚਾ) ਹੈ ਤੇ (ਉਸ ਦਾ ਸੱਚਾ) ਪ੍ਰਸੰਗ ਹੈ, ਜਿਸ ਬਾਰੇ ਓਹ ਲੋਕ ਮਤਿਭੇਦ ਕਰਦੇ ਹਨ ।੩੫।

مَا كَانَ لِلّٰهِ اَنْ يَّتَّخِذَ مِنْ وَّلَدٍ ۙ سُبْحٰنَهٗ ۚ اِذَا قَضٰٓى اَمْرًا فَاِنَّمَا يَقُوْلُ لَهٗ كُنْ فَيَكُوْنُ ﴿٣٥﴾

ਅੱਲਾਹ ਦੀ ਇਹ ਸ਼ਾਨ ਦੇ ਵਿਰੁਧ ਹੈ ਕਿ ਉਹ ਕਿਸੇ ਨੂੰ ਆਪਣਾ ਪੁੱਤਰ ਬਣਾਏ । ਉਹ ਇਸ ਤੋਂ ਨਿਰਾਲਮ ਹੈ । ਉਹ ਜਦ ਕਦੇ ਕਿਸੇ ਗੱਲ ਦਾ ਫੈਸਲਾ ਕਰਦਾ ਹੈ, ਤਾਂ (ਉਸ ਨੂੰ) ਇਹ ਕਹਿੰਦਾ ਹੈ (ਕਿ) ਅਜਿਹਾ ਹੁੰਦਾ ਜਾਏ, ਤਾਂ ਉਸੇ ਤਰ੍ਹਾਂ ਹੋਣ ਲਗ ਪੈਂਦਾ ਹੈ । (ਫੇਰ ਉਸ ਨੂੰ ਆਪਣੀ ਸਹਾਇਤਾ ਲਈ ਕਿਸੇ ਪੁੱਤਰ ਨੂੰ ਬਣਾਉਣ ਦੀ ਕੀ ਲੋੜ ਹੈ ?) ।੩੬।

وَاِنَّ اللّٰهَ رَبِّيْ وَرَبُّكُمْ فَاعْبُدُوْهُ ۚ هٰذَا صِرَاطٌ مُّسْتَقِيْمٌ ﴿٣٦﴾

ਅਤੇ ਬੇਸ਼ੱਕ ਅੱਲਾਹ ਮੇਰਾ ਵੀ ਸਾਜਨਹਾਰ ਤੇ ਪਾਲਨਹਾਰ ਹੈ ਅਤੇ ਤੁਹਾਡਾ ਵੀ ਸਾਜਨਹਾਰ ਤੇ ਪਾਲਨਹਾਰ ਹੈ । ਤੁਸੀਂ ਉਸੇ ਦੀ ਹੀ ਬੰਦਗੀ ਕਰਦੇ ਰਿਹਾ ਕਰੋ । ਏਹੋ ਹੀ ਸਿੱਧਾ ਮਾਰਗ ਹੈ ।੩੭।

فَاخْتَلَفَ الْاَحْزَابُ مِنْۢ بَيْنِهِمْ ۚ فَوَيْلٌ لِّلَّذِيْنَ كَفَرُوْا مِنْ مَّشْهَدِ يَوْمٍ عَظِيْمٍ ﴿٣٧﴾

ਪਰ ਅੱਡ ਅੱਡ ਧੜ੍ਹਿਆਂ ਨੇ ਆਪਸ ਵਿਚ ਮਤਿਭੇਦ ਕੀਤਾ ਸੀ (ਤੇ ਸੱਚਾਈ ਦਾ ਤਿਆਗ ਕਰ ਦਿੱਤਾ ਸੀ।) ਸੋ ਜਿਨ੍ਹਾਂ ਲੋਕਾਂ ਨੇ ਵੱਡੇ ਦਿਨ ਪ੍ਰਭੂ ਦੇ ਹਜ਼ੂਰ ਹਾਜ਼ਰ ਹੋਣ ਤੋਂ ਇਨਕਾਰ ਕੀਤਾ ਹੈ, ਓਹਨਾਂ ਨੂੰ ਵੱਡਾ ਕਸ਼ਟ ਪੁੱਜੇਗਾ ।੩੮।

اَسْمِعْ بِهِمْ وَاَبْصِرْ ۙ يَوْمَ يَاْتُوْنَنَا لٰكِنِ الظّٰلِمُوْنَ الْيَوْمَ فِيْ ضَلٰلٍ مُّبِيْنٍ ﴿٣٨﴾

ਜਿਸ ਦਿਨ ਓਹ ਸਾਡੀ ਹਜ਼ੂਰੀ ਹਾਜ਼ਰ ਹੋਣਗੇ, ਉਸ ਦਿਨ ਓਹਨਾਂ ਦੀ ਸੁਣਨ-ਸ਼ਕਤੀ ਵੱਡੀ ਤੇਜ਼ ਹੋਵੇਗੀ ਤੇ ਨਜ਼ਰਾਂ ਵੀ ਵੱਡੀਆਂ ਤਿੱਖੀਆਂ ਹੋਣ-ਗੀਆਂ, ਪਰ ਓਹ ਜ਼ਾਲਮ ਅੱਜ ਵੱਡੇ ਕੁਰਾਹੀਏ ਹਨ ।੩੯।

وَاَنْذِرْهُمْ يَوْمَ الْحَسْرَةِ اِذْ قُضِيَ الْاَمْرُ ۘ وَهُمْ فِيْ غَفْلَةٍ وَّهُمْ لَا يُؤْمِنُوْنَ ﴿٣٩﴾

ਓਹਨਾਂ ਨੂੰ ਉਸ ਦਿਨ ਤੋਂ ਡਰਾ ਜਦ ਕਿ (ਚਾਰੇ ਪਾਸੇ ਉਦਾਸੀ) ਤੇ ਨਿਰਾਸਤਾ ਪਸਰ ਰਹੀ ਹੋਵੇਗੀ, ਅਰਥਾਤ (ਕਿਆਮਤ ਦੇ ਦਿਹਾੜੇ ਤੋਂ) ਜਦ ਕਿ ਸਾਰੇ ਮਾਮਲਿਆਂ ਦਾ ਫ਼ੈਸਲਾ ਕੀਤਾ ਜਾਏਗਾ। (ਹੁਣ ਤਾਂ) ਏਹ ਲੋਕ ਵੱਡੇ ਬੇਪਰਵਾਹ ਹਨ ਤੇ ਸ਼ਰਧਾ ਧਾਰਨ ਨਹੀਂ ਕਰਦੇ ।੪੦।

اِنَّا نَحْنُ نَرِثُ الْاَرْضَ وَمَنْ عَلَيْهَا وَاِلَيْنَا يُرْجَعُوْنَ ﴿٤٠﴾ ع ٢٥

ਬੇਸ਼ੱਕ ਅਸੀਂ (ਸਾਰੀ) ਪ੍ਰਿਥਵੀ ਦੇ ਵੀ ਵਾਰਸ ਹੋਵਾਂਗੇ ਤੇ ਓਹਨਾਂ ਲੋਕਾਂ ਦੇ ਵੀ, ਜੋ ਇਸ ਤੇ ਵਸਦੇ ਹਨ ਅਤੇ (ਓੜਕ) ਸਾਰੇ ਹੀ ਸਾਡੀ ਹਜ਼ੂਰੀ ਪਰਤਾ ਕੇ ਲਿਆਂਦੇ ਜਾਣਗੇ ।੪੧। (ਰਕੂਅ ੨)

وَاذْكُرْ فِي الْكِتٰبِ اِبْرٰهِيْمَ ۘ اِنَّهٗ كَانَ صِدِّيْقًا نَّبِيًّا ﴿٤١﴾

ਅਤੇ ਤੂੰ ਕੁਰਾਨ ਸ਼ਰੀਫ਼ ਦੁਆਰਾ "ਇਬਰਾਹੀਮ" ਦਾ ਵਰਣਨ ਕਰ। ਉਹ ਨਿਰਸੰਦੇਹ ਵੱਡਾ ਸਚਿਆਰ ਤੇ ਨਬੀ ਸੀ ।੪੨।

اِذْ قَالَ لِاَبِيْهِ يٰٓاَبَتِ لِمَ تَعْبُدُ مَا لَا يَسْمَعُ وَلَا يُبْصِرُ وَلَا يُغْنِيْ عَنْكَ شَيْـًٔا ﴿٤٢﴾

(ਅਤੇ ਤੂੰ ਉਹ ਸਮਾਂ ਵੀ ਚੇਤੇ ਕਰ ਤੇ ਲੋਕਾਂ ਅੱਗੇ ਵਰਣਨ ਕਰ) ਜਦ ਕਿ "ਇਬਰਾਹੀਮ" ਨੇ ਆਪਣੇ ਪਿਤਾ ਨੂੰ ਇਹ ਕਿਹਾ ਸੀ ਕਿ ਹੇ ਮੇਰੇ ਪਿਤਾ ! ਤੂੰ ਕਿਉਂ ਓਹਨਾਂ ਚੀਜ਼ਾਂ ਦੀ ਪੂਜਾ ਕਰਦਾ ਹੈਂ, ਜੋ ਨਾ ਤਾਂ ਸੁਣਨਹਾਰ ਹਨ ਤੇ ਨਾ ਵੇਖਣਹਾਰ, ਅਰਥਾਤ ਨਾ ਹੀ ਤੇਰੇ ਕਿਸੇ ਦੁੱਖ ਨੂੰ ਦੂਰ ਕਰਨ ਤੇ ਸਮਰਥ ਹਨ ।੪੩।

يَٰٓأَبَتِ إِنِّي قَدْ جَآءَنِي مِنَ الْعِلْمِ مَا لَمْ يَأْتِكَ فَاتَّبِعْنِيٓ أَهْدِكَ صِرَٰطًا سَوِيًّا ﴿٤٣﴾

ਹੇ ਮੇਰੇ ਪਿਤਾ ! ਮੈਨੂੰ ਇਕ ਖ਼ਾਸ ਗਿਆਨ ਦਿੱਤਾ ਗਿਆ ਹੈ, ਜੋ ਤੈਨੂੰ ਪ੍ਰਾਪਤ ਨਹੀਂ ਹੈ । ਸੋ (ਇਸ ਦੇ ਹੁੰਦਿਆਂ ਕਿ ਮੈਂ ਤੇਰਾ ਪੁੱਤਰ ਹਾਂ), ਤੂੰ ਮੇਰੀ ਆਗਿਆ ਦਾ ਪਾਲਨ ਕਰ । ਮੈਂ ਤੈਨੂੰ ਸੁਮਾਰਗ ਵੱਲ ਲਾ ਦਿਆਂਗਾ ।੪੪।

يَٰٓأَبَتِ لَا تَعْبُدِ الشَّيْطَٰنَ إِنَّ الشَّيْطَٰنَ كَانَ لِلرَّحْمَٰنِ عَصِيًّا ﴿٤٤﴾

ਹੇ ਮੇਰੇ ਪਿਤਾ ! ਸ਼ੈਤਾਨ ਦਾ ਪੁਜਾਰੀ ਨਾ ਬਣ । ਬੇਸ਼ੱਕ ਸ਼ੈਤਾਨ ਦਿਆਲੂ ਪ੍ਰਭੂ ਦਾ ਨਾਫ਼ਰਮਾਨ ਹੈ ।੪੫।

يَٰٓأَبَتِ إِنِّيٓ أَخَافُ أَن يَمَسَّكَ عَذَابٌ مِّنَ الرَّحْمَٰنِ فَتَكُونَ لِلشَّيْطَٰنِ وَلِيًّا ﴿٤٥﴾

ਹੇ ਪਿਤਾ ! ਮੈਨੂੰ ਇਸ ਗੱਲ ਦਾ ਵੱਡਾ ਸਹਿਮ ਹੈ ਕਿ ਤੈਨੂੰ ਦਿਆਲੂ (ਪ੍ਰਭੂ) ਵੱਲੋਂ (ਅਵੱਗਿਆ ਦੇ ਕਾਰਣ) ਕੋਈ ਕਸ਼ਟ ਨਾ ਪੁੱਜੇ, ਜਿਸ ਦੇ ਸਿੱਟੇ ਵਿਚ ਤੂੰ ਸ਼ੈਤਾਨ ਦਾ ਮਿੱਤਰ ਬਣ ਜਾਏਂ ।੪੬।

قَالَ أَرَاغِبٌ أَنتَ عَنْ ءَالِهَتِي يَٰٓإِبْرَٰهِيمُ لَئِن لَّمْ تَنتَهِ لَأَرْجُمَنَّكَ وَاهْجُرْنِي مَلِيًّا ﴿٤٦﴾

ਇਸ ਤੇ (''ਇਬਰਾਹੀਮ'' ਦੇ ਪਿਤਾ ਨੇ) ਇਹ ਕਿਹਾ ਸੀ ਕਿ ਹੇ ''ਇਬਰਾਹੀਮ'' ! ਕੀ ਤੂੰ ਮੇਰੇ ਇਸ਼ਟ-ਦੇਵਾਂ ਤੋਂ ਘ੍ਰਿਣਾ ਕਰਦਾ ਹੈਂ ? ਹੇ ''ਇਬਰਾਹੀਮ'' ! ਜੇ ਤੂੰ ਇਸ ਤੋਂ ਨਾ ਰੁੱਕਿਆ, ਤਾਂ ਮੈਂ ਤੈਨੂੰ ਜ਼ਰੂਰ ਪਥਰਾਓ ਕਰ (ਕੇ ਮਾਰ) ਦਿਆਂਗਾ, ਅਰਥਾਤ (ਚੰਗੀ ਗੱਲ ਇਹ ਹੈ ਕਿ) ਤੂੰ ਕੁਝ ਸਮੇਂ ਵਾਸਤੇ ਮੇਰੀਆਂ ਅੱਖਾਂ ਤੋਂ ਉਹਲੇ ਹੋ ਜਾ; (ਤਾਂ ਜੁ ਮੈਂ ਗੁੱਸੇ ਵਿਚ ਕੁਝ ਕਰ ਨਾ ਬੈਠਾਂ) ।੪੭।

قَالَ سَلَٰمٌ عَلَيْكَ ۖ سَأَسْتَغْفِرُ لَكَ رَبِّيٓ ۖ إِنَّهُۥ كَانَ بِي حَفِيًّا ﴿٤٧﴾

(ਇਸ ਤੇ ''ਇਬਰਾਹੀਮ'' ਨੇ) ਇਹ ਕਿਹਾ ਸੀ ਕਿ ਚੰਗਾ, ਮੇਰੇ ਵੱਲੋਂ ਤੈਨੂੰ ਸਦਾ ਸਲਾਮਤੀ ਦੀ ਅਰਦਾਸ ਪੁੱਜਦੀ ਰਹੇ, (ਅਰਥਾਤ ਮੈਂ ਤੇਰੇ ਪਾਸੋਂ ਅੱਡ ਹੋ ਜਾਂਦਾ ਹਾਂ ।) ਮੈਂ ਆਪਣੇ ਸਾਜਨਹਾਰ ਤੇ ਪਾਲਨਹਾਰ ਤੋਂ ਤੇਰੇ ਲਈ ਨਿਰਸੰਦੇਹ ਬਖਸ਼ਿਸ਼ ਮੰਗਦਾ ਰਹਾਂਗਾ, ਉਹ ਮੇਰੇ ਉੱਤੇ ਵੱਡਾ ਮਿਹਰਬਾਨ ਹੈ ।੪੮।

وَاَعْتَزِلُكُمْ وَمَا تَدْعُوْنَ مِنْ دُوْنِ اللّٰهِ وَاَدْعُوْا رَبِّيْ ۖ عَسٰٓى اَلَّآ اَكُوْنَ بِدُعَآءِ رَبِّيْ شَقِيًّا ﴿٤٨﴾

ਅਤੇ (ਹੇ ਪਿਤਾ !) ਮੈਂ ਤੁਹਾਨੂੰ ਤੇ ਜਿਨ੍ਹਾਂ ਨੂੰ ਤੁਸੀਂ ਅੱਲਾਹ ਦੀ ਬਰਾਬਰੀ ਦਿੰਦੇ ਹੋ, ਸਾਰਿਆਂ ਨੂੰ ਹੀ ਤਿਆਗ ਦਿਆਂਗਾ ਤੇ ਕੇਵਲ ਆਪਣੇ ਸਾਜਨਹਾਰ ਤੇ ਪਾਲਨਹਾਰ ਦੀ ਹਜ਼ੂਰੀ ਅਰਦਾਸ ਕਰਾਂਗਾ ਅਤੇ ਬੇਸ਼ੱਕ ਮੈਂ ਆਪਣੇ ਸਾਜਨਹਾਰ ਤੇ ਪਾਲਨਹਾਰ ਦੀ ਹਜ਼ੂਰੀ ਅਰਦਾਸ ਕਰਨ ਕਰਕੇ ਅਭਾਗਾ ਨਹੀਂ ਬਣਾਂਗਾ ।੪੯।

فَلَمَّا اعْتَزَلَهُمْ وَمَا يَعْبُدُوْنَ مِنْ دُوْنِ اللّٰهِ ۙ وَهَبْنَا لَهٗٓ اِسْحٰقَ وَيَعْقُوْبَ ۖ وَكُلًّا جَعَلْنَا نَبِيًّا ﴿٤٩﴾

ਫੇਰ ਜਦ ("ਇਬਰਾਹੀਮ") ਓਹਨਾਂ (ਆਪਣੇ ਲੋਕਾਂ) ਤੋਂ ਵੀ ਤੇ ਜਿਨ੍ਹਾਂ ਨੂੰ ਓਹ ਅੱਲਾਹ ਦੀ ਬਰਾਬਰੀ ਦਿੰਦੇ ਸਨ, (ਓਹਨਾਂ ਤੋਂ ਵੀ) ਅੱਡ ਹੋ ਗਿਆ ਸੀ, ਤਾਂ ਅਸੀਂ ਉਸ ਨੂੰ "ਇਸਹਾਕ" ਤੇ (ਉਸ ਦੇ ਮਗਰੋਂ) "ਯਾਕੂਬ" ਦਿੱਤੇ ਸਨ, ਅਰਥਾਤ ਓਹਨਾਂ ਨੂੰ ਅਸੀਂ ਨਬੀ ਵੀ ਬਣਾਇਆ ਸੀ ।੫੦।

وَوَهَبْنَا لَهُمْ مِّنْ رَّحْمَتِنَا وَجَعَلْنَا لَهُمْ لِسَانَ صِدْقٍ عَلِيًّا ﴿٥٠﴾

ਅਤੇ ਅਸੀਂ ਓਹਨਾਂ ਨੂੰ ਆਪਣੀ ਮਿਹਰ ਵਿੱਚੋਂ ਇਕ (ਵਾਧੂ) ਹਿੱਸਾ ਬਖ਼ਸ਼ਿਆ ਸੀ ਅਤੇ ਅਸੀਂ ਓਹਨਾਂ ਵਾਸਤੇ ਸਦਾ ਸਥਾਪਨ ਰਹਿਣ ਵਾਲੇ ਦਰਜੇ ਦੀ ਚੰਗੀ ਯਾਦ ਨੀਅਤ ਕਰ ਦਿੱਤੀ ਸੀ ।੫੧।

(ਰਕੂਅ ੩)

وَاذْكُرْ فِي الْكِتٰبِ مُوْسٰٓى اِنَّهٗ كَانَ مُخْلَصًا وَّكَانَ رَسُوْلًا نَّبِيًّا ﴿٥١﴾

ਅਤੇ ਤੂੰ ਪੁਸਤਕ (ਕੁਰਾਨ)[1] ਦੁਆਰਾ "ਮੂਸਾ" ਦਾ ਵੀ ਵਰਣਨ ਕਰ । ਉਹ ਵੀ ਸਾਡਾ ਚੁਣਿਆ ਹੋਇਆ ਬੰਦਾ ਸੀ, ਅਰਥਾਤ ਰਸੂਲ ਤੇ ਨਬੀ ਸੀ ।੫੨।

وَنَادَيْنٰهُ مِنْ جَانِبِ الطُّوْرِ الْاَيْمَنِ وَقَرَّبْنٰهُ نَجِيًّا ﴿٥٢﴾

ਅਤੇ ਅਸੀਂ "ਮੂਸਾ" ਨੂੰ "ਤੂਰ" ਦੇ ਸੱਜੇ ਪਾਸਿਓਂ ਅਵਾਜ਼ ਦਿੱਤੀ ਸੀ ਅਤੇ ਉਸ ਨੂੰ ਆਪਣੇ ਭੇਤ ਦੀਆਂ ਗੱਲਾਂ ਦੱਸਦੇ ਹੋਏ ਆਪਣਾ ਨਿਕਟ ਵਰਤੀ ਬਣਾਇਆ ਸੀ ।੫੩।

---

[1]ਕੁਰਾਨ ਸ਼ਰੀਫ਼ ਵਿਚ ਵਰਣਨ ਕਰਨ ਦਾ ਇਹ ਭਾਵ ਹੈ ਕਿ ਕੁਰਾਨ ਸ਼ਰੀਫ਼ ਓਹਨਾਂ ਦਾ ਅਸਲ ਹਾਲ ਵਰਣਨ ਕਰਦਾ ਹੈ । ਬਾਈਬਲ ਕੁੱਲਾਂ ਜੇ ਅਤਿ ਕਥਨੀ ਤੋਂ ਕੰਮ ਲੈਂਦੀ ਹੈ; ਇਸ ਲਈ ਕੁਰਾਨ ਸਰੀਫ਼ ਨੂੰ ਸੁਧਾਰ ਦੀ ਲੋੜ ਪਈ । ਸੋ ਅਸਲ ਗੱਲਾਂ ਵਰਣਨ ਹੋਣੀਆਂ ਚਾਹੀਦੀਆਂ ਹਨ । ਬਾਈਬਲ ਦੇ ਕਥਨ ਤੋਂ ਤਾਂ ਲੋਕ ਕੁਰਾਹੀਏ ਹੋ ਜਾਣਗੇ ।

وَوَهَبْنَا لَهٗ مِنْ رَّحْمَتِنَآ اَخَاهُ هٰرُوْنَ نَبِيًّا ﴿٥٣﴾

ਅਤੇ ਅਸੀਂ ਆਪਣੀ ਮਿਹਰ ਦੁਆਰਾ ਉਸ (ਮੂਸਾ) ਨੂੰ ਉਸ ਦਾ ਭਰਾ "ਹਾਰੂਨ" ਨਬੀ ਬਣਾ ਕੇ (ਸਹਾਇਕ ਦੇ ਤੌਰ ਤੇ) ਦਿੱਤਾ ਸੀ ।੫੪।

وَاذْكُرْ فِي الْكِتٰبِ اِسْمٰعِيْلَ اِنَّهٗ كَانَ صَادِقَ الْوَعْدِ وَكَانَ رَسُوْلًا نَّبِيًّا ﴿٥٤﴾

ਅਤੇ ਤੂੰ ਪੁਸਤਕ (ਕੁਰਾਨ) ਦੁਆਰਾ "ਇਸਮਾਈਲ" ਦਾ ਵੀ ਵਰਣਨ ਕਰ । ਉਹ ਨਿਰਸੰਦੇਹ ਬਚਨ ਦਾ ਪੂਰਾ ਸੀ, ਅਰਥਾਤ ਰਸੂਲ (ਤੇ) ਨਬੀ ਸੀ ।੫੫।

وَكَانَ يَاْمُرُ اَهْلَهٗ بِالصَّلٰوةِ وَالزَّكٰوةِ وَكَانَ عِنْدَ رَبِّهٖ مَرْضِيًّا ﴿٥٥﴾

ਅਤੇ ਆਪਣੇ ਸਾਰੇ ਪਰਵਾਰ ਨੂੰ ਨਿਮਾਜ਼ ਪੜ੍ਹਦੇ ਰਹਿਣ ਤੇ ਜ਼ਕਾਤ ਦਿੰਦੇ ਰਹਿਣ ਦੀ ਪੱਕਿਆਈ ਕਰਦਾ ਸੀ । ਉਹ ਆਪਣੇ ਸਾਜਨਹਾਰ ਤੇ ਪਾਲਨਹਾਰ ਦਾ ਪ੍ਰੇਮੀ ਸੀ ।੫੬।

وَاذْكُرْ فِي الْكِتٰبِ اِدْرِيْسَ اِنَّهٗ كَانَ صِدِّيْقًا نَّبِيًّا ﴿٥٦﴾

ਅਤੇ ਤੂੰ ਪੁਸਤਕ (ਕੁਰਾਨ) ਦੁਆਰਾ "ਇਦਰੀਸ" ਦਾ ਵੀ ਵਰਣਨ ਕਰ । ਉਹ ਵੀ ਸਚਿਆਰ ਤੇ ਨਬੀ ਸੀ ।੫੭।

وَّرَفَعْنٰهُ مَكَانًا عَلِيًّا ﴿٥٧﴾

ਅਤੇ ਅਸੀਂ ਉਸ ਨੂੰ ਵੱਡੀ ਪਦਵੀ ਦੇ ਕੇ ਉੱਚਾ ਕੀਤਾ ਸੀ ।੫੮।

اُولٰٓئِكَ الَّذِيْنَ اَنْعَمَ اللّٰهُ عَلَيْهِمْ مِّنَ النَّبِيّٖنَ مِنْ ذُرِّيَّةِ اٰدَمَ وَمِمَّنْ حَمَلْنَا مَعَ نُوْحٍ وَّمِنْ ذُرِّيَّةِ اِبْرٰهِيْمَ وَاِسْرَآءِيْلَ وَمِمَّنْ هَدَيْنَا وَاجْتَبَيْنَا ۚ اِذَا تُتْلٰى عَلَيْهِمْ اٰيٰتُ الرَّحْمٰنِ خَرُّوْا سُجَّدًا وَّبُكِيًّا ﴿٥٨﴾

ਏਹ ਸਾਰੇ ਦੇ ਸਾਰੇ ਓਹ ਲੋਕ ਸਨ, ਜਿਨ੍ਹਾਂ ਉੱਤੇ ਅੱਲਾਹ ਨੇ ਨਬੀਆਂ ਵਿੱਚੋਂ ਇਨਾਮ ਕੀਤੇ ਸਨ । ਓਹਨਾਂ (ਨਬੀਆਂ) ਵਿੱਚੋਂ ਜੋ "ਆਦਮ" ਦੀ ਬੰਸ ਸਨ, ਅਰਥਾਤ ਜੋ ਓਹਨਾਂ ਲੋਕਾਂ ਦੀ ਬੰਸ ਸਨ, ਜਿਨ੍ਹਾਂ ਨੂੰ ਅਸੀਂ "ਨੂਹ" ਦੇ ਨਾਲ ਬੇੜੀ ਵਿਚ ਬਚਾ ਲਿਆ ਸੀ ਅਤੇ "ਇਬਰਾਹੀਮ" ਤੇ "ਯਾਕੂਬ" ਦੀ (ਸੰਤਾਨ ਸਨ), ਅਰਥਾਤ ਓਹਨਾਂ (ਲੋਕਾਂ) ਵਿੱਚੋਂ ਸਨ, ਜਿਨ੍ਹਾਂ ਨੂੰ ਅਸੀਂ ਸੁਮਾਰਗ ਵੱਲ ਲਾਇਆ ਸੀ ਤੇ ਆਪਣੇ ਵਾਸਤੇ ਚੁਣ ਲਿਆ ਸੀ । ਜਦ ਓਹਨਾਂ ਦੇ ਸਾਮ੍ਹਣੇ ਓਹਨਾਂ ਦੇ ਕਿਰਪਾਲੂ (ਪ੍ਰਭੂ) ਦੀਆਂ ਆਇਤਾਂ ਪੜ੍ਹੀਆਂ ਜਾਂਦੀਆਂ ਸਨ, ਤਾਂ ਓਹ ਹੰਝੂਆਂ ਦੇ ਹਾਰ ਪ੍ਰੋਂਦੇ ਹੋਏ (ਧਰਤੀ ਤੇ) ਡਿਗ ਪੈਂਦੇ ਸਨ ।੫੯।

فَخَلَفَ مِنۢ بَعۡدِهِمۡ خَلۡفٌ اَضَاعُوا الصَّلٰوةَ وَاتَّبَعُوا الشَّهَوٰتِ فَسَوۡفَ يَلۡقَوۡنَ غَيًّا ﴿٦٠﴾

ਫੇਰ ਓਹਨਾਂ ਤੋਂ ਮਗਰੋਂ ਇਕ ਅਜਿਹੀ ਬੰਸ ਆਈ ਸੀ, ਜਿਸ ਨੇ (ਆਪਣੀਆਂ) ਨਿਮਾਜ਼ਾਂ ਅਜਾਈਂ ਗੁਆ ਦਿੱਤੀਆਂ ਸਨ ਅਤੇ ਆਪਣੀਆਂ ਮਨੋਕਾਮਨਾਵਾਂ ਦੇ ਪਿੱਛੇ ਲਗ ਗਏ ਸਨ । ਸੋ ਓਹ ਛੇਤੀ ਹੀ ਕੁਮਾਰਗ ਦੇ ਟਿਕਾਣੇ ਜਾ ਪੁੱਜੇ ਸਨ ।੬੦।

اِلَّا مَنۡ تَابَ وَاٰمَنَ وَعَمِلَ صَالِحًا فَاُولٰٓئِكَ يَدۡخُلُوۡنَ الۡجَنَّةَ وَلَا يُظۡلَمُوۡنَ شَيۡـًٔا ﴿٦١﴾

ਛੁੱਟ ਓਹਨਾਂ ਲੋਕਾਂ ਦੇ, ਜਿਨ੍ਹਾਂ ਨੇ ਪਸਚਾਤਾਪ ਕੀਤਾ ਸੀ ਤੇ ਸ਼ਰਧਾ ਧਾਰਨ ਕਰ ਕੇ ਸ਼ੁਭ ਕਰਮ ਕੀਤੇ ਸਨ । ਸੋ ਏਹੋ (ਲੋਕ) ਸਵਰਗ ਗਾਮੀ ਹੋਣਗੇ ਤੇ ਓਹਨਾਂ ਤੇ ਕੋਈ ਵੀ ਜ਼ੁਲਮ ਨਹੀਂ ਕੀਤਾ ਜਾਏਗਾ ।੬੧।

جَنّٰتِ عَدۡنِ ِۨالَّتِىۡ وَعَدَ الرَّحۡمٰنُ عِبَادَهٗ بِالۡغَيۡبِ ؕ اِنَّهٗ كَانَ وَعۡدُهٗ مَاۡتِيًّا ﴿٦٢﴾

ਅਰਥਾਤ (ਓਹਨਾਂ ਸਵਰਗਾਂ ਦੇ ਭਾਗੀ ਹੋਣਗੇ), ਜੋ ਸਦਾ ਰਹਿਣ ਵਾਲੇ ਹਨ ਅਤੇ ਜਿਨ੍ਹਾਂ ਦਾ ਦਿਆਲੂ (ਪ੍ਰਭੂ) ਨੇ ਆਪਣੇ ਬੰਦਿਆਂ ਨਾਲਅਜਿਹੇ ਸਮੇਂ ਇਕਰਾਰ ਕੀਤਾ ਸੀ, ਜਦ ਕਿ ਓਹ ਓਹਨਾਂ ਦੀਆਂ ਨਜ਼ਰਾਂ ਤੋਂ ਉਹਲੇ ਸਨ[1] । ਬੇਸ਼ੱਕ ਅੱਲਾਹ ਦਾ ਇਕਰਾਰ ਪੂਰਾ ਹੋ ਕੇ ਰਹਿੰਦਾ ਹੈ ।੬੨।

لَا يَسۡمَعُوۡنَ فِيۡهَا لَغۡوًا اِلَّا سَلٰمًا ؕ وَلَهُمۡ رِزۡقُهُمۡ فِيۡهَا بُكۡرَةً وَّعَشِيًّا ﴿٦٣﴾

ਓਹ ਓਹਨਾਂ (ਸਵਰਗਾਂ) ਵਿਚ ਕੋਈ ਨਿਕੰਮੀ ਗੱਲ ਨਹੀਂ ਸੁਣਨਗੇ; ਸਗੋਂ ਕੇਵਲ ਸਲਾਮਤੀ (ਤੇ ਸ਼ਾਂਤੀ ਦੀਆਂ ਗੱਲਾਂ ਹੀ ਸੁਣਨਗੇ) ਅਤੇ ਓਹਨਾਂ (ਸਵਰਗਾਂ) ਵਿਚ ਓਹਨਾਂ ਨੂੰ ਸਵੇਰ-ਸ਼ਾਮ ਰਿਜ਼ਕ ਮਿਲੇਗਾ ।੬੩।

تِلۡكَ الۡجَنَّةُ الَّتِىۡ نُوۡرِثُ مِنۡ عِبَادِنَا مَنۡ كَانَ تَقِيًّا ﴿٦٤﴾

ਏਹ ਉਹ ਸਵਰਗ ਹੈ, ਜਿਸ ਦਾ ਵਾਰਸ ਅਸੀਂ ਆਪਣੇ ਬੰਦਿਆਂ ਵਿੱਚੋਂ ਓਹਨਾਂ ਨੂੰ ਕਰਾਂਗੇ, ਜੋ ਸੰਜਮੀ ਹੋਣਗੇ ।੬੪।

وَمَا نَتَنَزَّلُ اِلَّا بِاَمۡرِ رَبِّكَ ۚ لَهٗ مَا بَيۡنَ اَيۡدِيۡنَا وَمَا

ਅਤੇ (ਫ਼ਰਿਸ਼ਤੇ ਓਹਨਾਂ ਨੂੰ ਇਹ ਕਹਿਣਗੇ ਕਿ) ਅਸੀਂ ਤਾਂ ਕੇਵਲ ਤੁਹਾਡੇ ਸਾਜਨਹਾਰ ਤੇ ਪਾਲਨ-ਹਾਰ ਦੇ ਹੁਕਮ ਨਾਲ ਹੀ ਉਤਰਦੇ ਹਾਂ, ਅਰਥਾਤ ਜੋ ਕੁਝ ਸਾਡੇ ਅੱਗੇ ਹੈ ਤੇ ਜੋ ਕੁਝ ਸਾਡੇ ਪਿੱਛੇ ਹੈ,

[1]ਇਹ ਆਇਤ ਵੀ ਦੱਸਦੀ ਹੈ ਕਿ ਇਹ ਮੁਸਲਮਾਨਾਂ ਦੀ ਉੱਨਤੀ ਬਾਰੇ ਹੈ । ਨਹੀਂ ਤਾਂ ਪਰਲੋਕ ਦੇ ਸਵਰਗਾਂ ਦਾ ਮੁਸਲਮਾਨਾਂ ਨੂੰ ਇਸ ਮਾਤਲੋਕ ਦੇ ਜੀਵਨ ਵਿਚ ਕਿਸੇ ਸਮੇਂ ਵੀ ਗਿਆਨ ਨਹੀਂ ਹੋ ਸਕਦਾ ਸੀ ।

خَلْفَنَا وَمَا بَيْنَ ذٰلِكَ ۚ وَمَا كَانَ رَبُّكَ نَسِيًّا ﴿٦٤﴾

ਅਤੇ ਜੋ ਕੁਝ ਏਹਨਾਂ ਦੇਹਾਂ (ਪਾਸਿਆਂ) ਦੇ ਵਿਚਾਲੇ ਹੈ, ਉਹ ਸਭ ਕੁਝ ਪ੍ਰਭੂ ਦਾ ਹੀ ਹੈ ਤੇ ਤੁਹਾਡਾ ਸਾਜਨਹਾਰ ਤੇ ਪਾਲਨਹਾਰ ਭੁਲਣਹਾਰ ਨਹੀਂ ਹੈ ।੬੫।

رَبُّ السَّمٰوٰتِ وَالْاَرْضِ وَمَا بَيْنَهُمَا فَاعْبُدْهُ وَاصْطَبِرْ لِعِبَادَتِهٖ ۚ هَلْ تَعْلَمُ لَهٗ سَمِيًّا ﴿٦٥﴾ ع

(ਉਹ) ਸਾਰੇ ਅਕਾਸ਼ਾਂ ਤੇ ਪਤਾਲਾਂ ਦਾ ਸਾਜਨਹਾਰ ਤੇ ਪਾਲਨਹਾਰ ਹੈ ਅਤੇ ਜੋ ਕੁਝ ਏਹਨਾਂ ਦੇਹਾਂ ਦੇ ਵਿਚਾਲੇ ਹੈ, (ਓਹਨਾਂ ਦਾ ਵੀ ਉਹੋ ਸਾਜਨਹਾਰ ਤੇ ਪਾਲਨਹਾਰ ਹੈ ।) ਸੋ (ਹੇ ਮੁਸਲਮਾਨ !) ਤੂੰ ਉਸੇ ਦੀ ਹੀ ਬੰਦਗੀ ਕਰਦਾ ਰਹੁ, ਅਰਥਾਤ ਉਸੇ ਦੀ ਹੀ ਬੰਦਗੀ ਤੇ ਪੱਕੀ ਤਰ੍ਹਾਂ ਦ੍ਰਿੜ੍ਹ ਰਹੁ । ਕੀ, ਤੂੰ ਉਸ ਦੇ ਗੁਣਾਂ ਜੇਹਾ ਕੋਈ ਹੋਰ ਜਾਣਦਾ ਹੈਂ ? ।੬੬। (ਰਕੂਅ ੪)

وَيَقُوْلُ الْاِنْسَانُ ءَاِذَا مَا مِتُّ لَسَوْفَ اُخْرَجُ حَيًّا ﴿٦٦﴾

ਅਤੇ ਮਨੁੱਖ ਸਦਾ ਏਹੋ ਕਹਿੰਦਾ ਰਹੇਗਾ ਕਿ ਕੀ ਜਦ ਮੈਂ ਮਰ ਜਾਵਾਂਗਾ,. ਤਾਂ ਫੇਰ ਸੁਰਜੀਤ ਕਰ ਕੇ ਉਠਾਇਆ ਜਾਵਾਂਗਾ ? ।੬੭।

اَوَلَا يَذْكُرُ الْاِنْسَانُ اَنَّا خَلَقْنٰهُ مِنْ قَبْلُ وَلَمْ يَكُ شَيْـًٔا ﴿٦٧﴾

ਕੀ ਮਨੁੱਖ ਨੂੰ ਇਹ (ਗੱਲ) ਯਾਦ ਨਹੀਂ ਕਿ ਅਸੀਂ ਉਸ ਨੂੰ ਇਸ ਤੋਂ ਪਹਿਲਾਂ ਸਾਜਿਆ ਸੀ ਅਤੇ (ਉਸ ਸਮੇਂ) ਉਹ ਕੋਈ ਵੀ ਚੀਜ਼ ਨਹੀਂ ਸੀ ।੬੮।

فَوَرَبِّكَ لَنَحْشُرَنَّهُمْ وَالشَّيٰطِيْنَ ثُمَّ لَنُحْضِرَنَّهُمْ حَوْلَ جَهَنَّمَ جِثِيًّا ﴿٦٨﴾

ਸੋ ਤੇਰੇ ਸਾਜਨਹਾਰ ਤੇ ਪਾਲਨਹਾਰ ਦੀ ਕਸਮ ! ਅਸੀਂ (ਜੋ ਤੇਰੇ ਪ੍ਰਭੂ ਹਾਂ) ਓਹਨਾਂ ਲੋਕਾਂ ਨੂੰ (ਫੇਰ ਇਕ ਵਾਰ) ਉਠਾਵਾਂਗੇ ਅਤੇ ਸ਼ੈਤਾਨਾਂ ਨੂੰ ਵੀ (ਉਠਾਵਾਂਗੇ, ਅਰਥਾਤ) ਫੇਰ ਓਹਨਾਂ ਸਾਰਿਆਂ ਨੂੰ ਨਰਕ ਦੇ ਆਲੇ ਦੁਆਲੇ ਅਜਿਹੀ ਹਾਲਤ ਵਿਚ ਹਾਜ਼ਰ ਕਰਾਂਗੇ ਕਿ ਓਹ ਮੂੰਹ ਦੇ ਭਾਰ ਡਿੱਗੇ ਹੋਏ ਹੋਣਗੇ[1] ।੬੯।

[1]ਨਿਮਰਤਾ ਭਰਪੂਰ ਅਰਜੋਈਆਂ ਕਰ ਰਹੇ ਹੋਣਗੇ ।

ثُمَّ لَنَنْزِعَنَّ مِنْ كُلِّ شِيْعَةٍ اَيُّهُمْ اَشَدُّ عَلَى الرَّحْمٰنِ عِتِيًّا ﴿٦٩﴾

ਫੇਰ ਅਸੀਂ ਹਰੇਕ ਟੋਲੇ ਵਿੱਚੋਂ ਅਜੇਹੇ ਲੋਕਾਂ ਨੂੰ ਅੱਡ ਕਰ ਦਿਆਂਗੇ, ਜੋ ਦਿਆਲੂ (ਪ੍ਰਭੂ) ਦੇ ਵੱਡੇ ਵੈਰੀ ਸਨ ।੭੦।

ثُمَّ لَنَحْنُ اَعْلَمُ بِالَّذِيْنَ هُمْ اَوْلٰى بِهَا صِلِيًّا ﴿٧٠﴾

ਅਤੇ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਓਹਨਾਂ ਵਿੱਚੋਂ ਕਿਹੜਾ ਨਰਕ ਵਿਚ ਜਾਣ ਦੇ ਵਧੇਰੇ ਅਧਿਕਾਰੀ ਹੈ ।੭੧।

وَاِنْ مِّنْكُمْ اِلَّا وَارِدُهَا ۚ كَانَ عَلٰى رَبِّكَ حَتْمًا مَّقْضِيًّا ﴿٧١﴾

ਤੁਹਾਡੇ ਵਿੱਚੋਂ ਹਰੇਕ ਪ੍ਰਾਣੀ ਇਸ (ਨਰਕ)[1] ਵਿਚ ਜਾਣ ਵਾਲਾ ਹੈ । ਇਹ ਤੇਰੇ ਸਾਜਨਹਾਰ ਤੇ ਪਾਲਨਹਾਰ ਦਾ ਅਜਿਹਾ ਪੱਕਾ ਬਚਨ ਹੈ, ਜੋ ਪੂਰਾ ਹੋ ਕੇ ਰਹੇਗਾ ।੭੨।

ثُمَّ نُنَجِّى الَّذِيْنَ اتَّقَوْا وَّنَذَرُ الظّٰلِمِيْنَ فِيْهَا جِثِيًّا ﴿٧٢﴾

ਅਸੀਂ ਸੰਜਮੀਆਂ ਨੂੰ ਬਚਾ ਲਵਾਂਗੇ ਅਤੇ ਜ਼ਾਲਮਾਂ ਨੂੰ ਉਸ ਵਿਚ ਮੂੰਹ ਦੇ ਭਾਰ ਡਿੱਗੇ ਹੋਏ ਛੱਡ ਦਿਆਂਗੇ ।੭੩।

وَاِذَا تُتْلٰى عَلَيْهِمْ اٰيٰتُنَا بَيِّنٰتٍ قَالَ الَّذِيْنَ كَفَرُوْا لِلَّذِيْنَ اٰمَنُوْٓا ۙ اَىُّ الْفَرِيْقَيْنِ خَيْرٌ مَّقَامًا وَّاَحْسَنُ نَدِيًّا ﴿٧٣﴾

ਅਤੇ ਜਦ ਓਹਨਾਂ ਨੂੰ ਸਾਡੀਆਂ ਸਪਸ਼ਟ ਆਇਤਾਂ ਪੜ੍ਹ ਕੇ ਸੁਣਾਈਆਂ ਜਾਂਦੀਆਂ ਹਨ ਤਾਂ ਇਨਕਾਰੀ ਸ਼ਰਧਾਲੂਆਂ ਨੂੰ ਇਹ ਕਹਿੰਦੇ ਹਨ ਕਿ (ਦੱਸੋ ਤਾਂ ਸਹੀ) ਕਿ ਸਾਡੇ ਦੋਹਾਂ ਧੜਿਆਂ ਵਿੱਚੋਂ ਕਿਹੜਾ ਧੜਾ ਦਰਜੇ ਦੇ ਲਿਹਾਜ਼ ਅਤੇ ਇਕੱਠੇ ਬਹਿਣ ਵਾਲਿਆਂ ਦੇ ਲਿਹਾਜ਼ ਨਾਲ ਵਧੇਰੇ ਚੰਗਾ ਹੈ ? ।੭੪।

---

[1]ਕੁਰਾਨ ਸ਼ਰੀਫ ਤੋਂ ਪਤਾ ਲਗਦਾ ਹੈ ਕਿ ਨਰਕ ਦੋ ਹਨ । ਇਕ ਇਸ ਮਾਤਲੋਕ ਦਾ ਤੇ ਦੂਜਾ ਪਰਲੋਕ ਦਾ । ਇਹ ਜੋ ਫਰਮਾਇਆ ਹੈ ਕਿ ਹਰੇਕ ਪ੍ਰਾਣੀ ਨਰਕ ਵਿਚ ਜਾਏਗਾ, ਇਸ ਦਾ ਇਹ ਭਾਵ ਉੱਕਾ ਹੀ ਨਹੀਂ ਕਿ ਸ਼ਰਧਾਲੂ ਵੀ ਨਰਕ ਵਿਚ ਜਾਣਗੇ; ਸਗੋਂ ਇਹ ਭਾਵ ਹੈ ਕਿ ਸ਼ਰਧਾਲੂ ਨਰਕ ਦਾ ਹਿੱਸਾ ਇਸ ਲੋਕ ਵਿਚ ਹੀ ਪ੍ਰਾਪਤ ਕਰ ਲੈਂਦੇ ਹਨ, ਅਰਥਾਤ ਇਨਕਾਰੀ ਓਹਨਾਂ ਨੂੰ ਕਈ ਪ੍ਰਕਾਰ ਦੇ ਦੁੱਖ ਦਿੰਦੇ ਹਨ । ਨਹੀਂ ਤਾਂ, ਕੁਰਾਨ ਸ਼ਰੀਫ ਦੀ ਸਿੱਖਿਆ ਅਨੁਸਾਰ ਕੋਈ ਸੱਚਾ ਸ਼ਰਧਾਲੂ ਪਰਲੋਕ ਦੇ ਨਰਕ ਵਿਚ ਕਦੇ ਨਹੀਂ ਜਾਏਗਾ; ਕਿਉਂਕਿ ਕੁਰਾਨ ਸਰੀਫ ਵਿਚ ਸ਼ਰਧਾਲੂਆਂ ਬਾਰੇ ਇਹ ਕਿਹਾ ਗਿਆ ਹੈ ਕਿ :—

''ਲਾ ਯਸਮਾਊਨਾ ਹਸੀਸਾਹਾ''

ਅਰਥਾਤ—ਸ਼ਰਧਾਲੂ ਨਰਕ ਤੋਂ ਇੰਨੇ ਦੂਰ ਰਹਿਣਗੇ ਕਿ ਓਹ ਇਸ ਦੀ ਅਵਾਜ਼ ਵੀ ਨਹੀਂ ਸੁਣ ਸਕਣਗੇ । ਸੋ ਸ਼ਰਧਾਲੂਆ ਦੇ ਨਰਕ ਵਿਚ ਜਾਣ ਦਾ ਇਹ ਭਾਵ ਹੈ ਕਿ ਓਹ ਇਸ ਲੋਕ ਵਿਚ ਦੁੱਖ ਝੱਲਣਗੇ । ਹਜ਼ਰਤ ਮੁਹੰਮਦ ਸਾਹਿਬ ਜੀ ਮਹਾਰਾਜ ਨੇ ਤਾਪ ਨੂੰ ਵੀ ਇਕ ਕਿਸਮ ਦਾ ਨਰਕ ਕਿਹਾ ਹੈ, ਜਿਹਾ ਕਿ :—

''ਅੱਲਹੁੱਮਾ ਹੱਜ਼ ਕੁੱਲਿ ਮੱਅਮਿੰਨਿ ਮਿਨੱਨਾਰਿ''

ਅਰਥਾਤ—ਤਾਪ ਨਰਕ ਦੀ ਅੱਗ ਦਾ—ਸ਼ਰਧਾਲੂ ਲਈ—ਇਕ ਹਿੱਸਾ ਹੈ । (ਫਤਹੁੱਲ ਬਿਆਨ ਜਿਲਦ ੬, ਪੰਨਾ ੩੬)

وَكَمْ اَهْلَكْنَا قَبْلَهُمْ مِّنْ قَرْنٍ هُمْ اَحْسَنُ اَثَاثًا وَّرِءْيًا ﴿٧٤﴾

ਅਤੇ ਅਸੀਂ ਏਹਨਾਂ ਤੋਂ ਪਹਿਲਾਂ ਬਹੁਤ ਸਾਰੇ ਜੁਗਾਂ ਦੇ ਲੋਕਾਂ ਨੂੰ ਨਸ਼ਟ ਕਰ ਚੁੱਕੇ ਹਾਂ, ਜੋ ਐਸ਼ਵਰਜ ਤੇ ਨਾਮਣੇ ਦੇ ਲਿਹਾਜ਼ ਨਾਲ ਏਹਨਾਂ ਤੋਂ ਵਧੇਰੇ ਚੰਗੇ ਸਨ ।੭੫।

قُلْ مَنْ كَانَ فِى الضَّلٰلَةِ فَلْيَمْدُدْ لَهُ الرَّحْمٰنُ مَدًّا ۚ حَتّٰٓى اِذَا رَاَوْا مَا يُوْعَدُوْنَ اِمَّا الْعَذَابَ وَاِمَّا السَّاعَةَ ۚ فَسَيَعْلَمُوْنَ مَنْ هُوَ شَرٌّ مَّكَانًا وَّاَضْعَفُ جُنْدًا ﴿٧٥﴾

ਤੂੰ (ਓਹਨਾਂ ਨੂੰ) ਇਹ ਕਹਿ ਦੇ (ਕਿ) ਜੋ ਪ੍ਰਾਣੀ ਕੁਰਾਹੇ ਜਾ ਰਿਹਾ ਹੈ, ਉਸ ਨੂੰ ਦਿਆਲੂ (ਪ੍ਰਭੂ) ਇਕ ਸਮੇਂ ਤਕ ਢਿਲ ਦੇਈ ਜਾਂਦਾ ਹੈ; ਇੱਥੋਂ ਤਕ ਕਿ ਜਦ ਅਜੇਹੇ ਲੋਕਾਂ ਦੇ ਸਾਮ੍ਹਣੇ ਉਹ ਕਸ਼ਟ ਆ ਜਾਏਗਾ, ਜਿਸ ਦਾ ਓਹਨਾਂ ਨੂੰ ਬਚਨ ਦਿੱਤਾ ਗਿਆ ਸੀ, (ਅਰਥਾਤ) ਜਾਂ ਇਸ ਲੋਕ ਦਾ ਕਸ਼ਟ ਤੇ ਜਾਂ ਪ੍ਰਲਯ (ਕੌਮੀ) ਤਬਾਹੀ, ਤਾਂ ਓਹ (ਉਸ ਸਮੇਂ) ਇਹ ਸਮਝ ਜਾਣਗੇ ਕਿ ਕਿਹੜਾ ਪ੍ਰਾਣੀ ਅਸਥਾਨ ਦੇ ਲਿਹਾਜ਼ ਨਾਲ ਹੀਣਾ ਹੈ ਤੇ ਮਿੱਤਰਾਂ ਦੇ ਲਿਹਾਜ਼ ਨਾਲ ਕਮਜ਼ੋਰ ਹੈ ? ।੭੬।

وَيَزِيْدُ اللّٰهُ الَّذِيْنَ اهْتَدَوْا هُدًى ۗ وَالْبٰقِيٰتُ الصّٰلِحٰتُ خَيْرٌ عِنْدَ رَبِّكَ ثَوَابًا وَّخَيْرٌ مَّرَدًّا ﴿٧٦﴾

ਅਤੇ ਅੱਲਾਹ ਸੁਮਾਰਗ ਤੇ ਚੱਲਣ ਵਾਲੇ ਲੋਕਾਂ ਨੂੰ ਸੁਮਾਰਗ ਵਿਚ ਵਧਾਉਂਦਾ ਜਾਏਗਾ, ਅਰਥਾਤ ਬਾਕੀ ਰਹਿਣ ਵਾਲੇ ਸ਼ੁਭ ਕਰਮ ਪ੍ਰਭੂ ਦੀਆਂ ਨਜ਼ਰਾਂ ਵਿਚ ਸਭ ਤੋਂ ਚੰਗੀ ਚੀਜ਼ ਹਨ; ਵਟਾਂਦਰੇ ਦੇ ਲਿਹਾਜ਼ ਨਾਲ ਵੀ ਤੇ ਸਿੱਟੇ ਦੇ ਲਿਹਾਜ਼ ਨਾਲ ਵੀ ।੭੭।

اَفَرَءَيْتَ الَّذِىْ كَفَرَ بِاٰيٰتِنَا وَقَالَ لَاُوْتَيَنَّ مَالًا وَّوَلَدًا ﴿٧٧﴾

ਕੀ ਤੂੰ ਉਸ ਪ੍ਰਾਣੀ ਦੀ ਹਾਲਤ ਉੱਤੇ ਕਦੇ ਵੀਚਾਰ ਨਹੀਂ ਕੀਤਾ, ਜਿਸ ਨੇ ਸਾਡੇ ਚਮਤਕਾਰਾਂ ਤੋਂ ਇਨਕਾਰ ਕੀਤਾ ਸੀ ਤੇ ਇਹ ਕਿਹਾ ਸੀ ਕਿ ਬੇਸ਼ੱਕ ਮੈਨੂੰ ਬੇਅੰਤ ਧਨ-ਪਦਾਰਥ[1] ਤੇ ਬੇਗਿਣਤ ਬਾਲ-ਬੱਚੇ ਦਿੱਤੇ ਜਾਣਗੇ ।੭੮।

اَطَّلَعَ الْغَيْبَ اَمِ اتَّخَذَ عِنْدَ الرَّحْمٰنِ عَهْدًا ﴿٧٨﴾

ਕੀ ਉਸ ਨੇ ਗੁਪਤ ਗਿਆਨ ਪ੍ਰਾਪਤ ਕਰ ਲਿਆ ਹੈ, ਜਾਂ ਦਿਆਲੂ (ਪ੍ਰਭੂ) ਤੋਂ ਕੋਈ ਬਚਨ ਲੈ ਲਿਆ ਹੈ ? ।੭੯।

[1]ਇਸ ਵਿਚ ਈਸਾਈਆਂ ਦਾ ਵਰਣਨ ਹੈ, ਜਿਨ੍ਹਾਂ ਦਾ ਇਹ ਸਿੱਧਾਂਤ ਹੈ ਕਿ "ਈਜ਼ਾ" ਦੇ ਆਉਣ ਸਮਗ੍ਰੋਂ ਸੱਭ ਦਾ ਸਿਲਸਿਲਾ ਚੁੱਕ ਲਿਆ ਜਾਏਗਾ, ਅਰਥਾਤ ਈਸਾਈ ਇਸ ਲੋਕ ਵਿਚ ਹੀ ਅਮਰ ਪਦਵੀ ਨੂੰ ਪ੍ਰਾਪਤ ਹੋ ਜਾਣਗੇ । ਜਾਣੋ, ਜੋ ਉੱਨਤੀ ਓਹਨਾਂ ਨੂੰ ਹੁਣ ਪ੍ਰਾਪਤ ਹੈ, ਉਹ ਕਿਆਮਤ ਤਕ ਰਹੇਗੀ ।

كَلَّا ۚ سَنَكْتُبُ مَا يَقُوْلُ وَنَمُدُّ لَهٗ مِنَ الْعَذَابِ مَدًّا ﴿٨٠﴾

ਇਹ ਕਦੇ ਨਹੀਂ[1] ! ਅਸੀਂ ਉਸ ਦੇ ਇਸ ਕਥਨ ਨੂੰ ਸੁਰੱਖਿਅਤ ਕਰ ਲਵਾਂਗੇ, ਅਰਥਾਤ ਉਸ ਦੇ ਕਸ਼ਟ ਨੂੰ ਲੰਮਾ ਕਰ ਦਿਆਂਗੇ ।੮੦।

وَّنَرِثُهٗ مَا يَقُوْلُ وَيَاْتِيْنَا فَرْدًا ﴿٨١﴾

ਅਤੇ ਜਿਸ (ਚੀਜ਼) ਦਾ ਉਸ ਨੂੰ ਵੱਡਾ ਮਾਣ ਹੈ[2], ਉਸ ਦੇ ਅਸੀਂ ਵਾਰਸ ਹੋ ਜਾਵਾਂਗੇ ਅਤੇ ਉਹ ਸਾਡੀ ਹਜ਼ੂਰੀ ਕੱਲਾ ਹੀ ਆਏਗਾ ।੮੧।

وَاتَّخَذُوْا مِنْ دُوْنِ اللّٰهِ اٰلِهَةً لِّيَكُوْنُوْا لَهُمْ عِزًّا ﴿٨٢﴾

ਅਤੇ ਓਹਨਾਂ ਨੇ ਅੱਲਾਹ ਤੋਂ ਛੁੱਟ ਹੋਰ ਬਹੁਤ ਸਾਰੇ ਬਣਾਉਟੀ ਇਸ਼ਟ ਘੜ ਲਏ ਹੋਏ ਹਨ, ਇਸ ਆਸ ਨਾਲ ਕਿ ਓਹ ਓਹਨਾਂ ਲੋਕਾਂ ਲਈ ਸਤਿਕਾਰ ਦਾ ਕਾਰਣ ਬਣਨਗੇ ।੮੨।

كَلَّا ۚ سَيَكْفُرُوْنَ بِعِبَادَتِهِمْ وَيَكُوْنُوْنَ عَلَيْهِمْ ضِدًّا ﴿٨٣﴾

ਅਜਿਹਾ ਕਦੇ ਵੀ ਨਹੀਂ ਹੋਵੇਗਾ । ਓਹ ਸਾਰੇ ਬਣਾਉਟੀ ਇਸ਼ਟ ਇਕ ਦਿਨ ਓਹਨਾਂ ਦੀ ਬੰਦਗੀ ਦਾ ਇਨਕਾਰ ਕਰ ਦੇਣਗੇ ਅਤੇ ਓਹਨਾਂ ਦੇ ਵਿਰੁਧ ਖੜੇ ਹੋ ਜਾਣਗੇ ।੮੩। (ਰਕੂਅ ੫)

اَلَمْ تَرَ اَنَّاۤ اَرْسَلْنَا الشَّيٰطِيْنَ عَلَى الْكٰفِرِيْنَ تَؤُزُّهُمْ اَزًّا ﴿٨٤﴾

ਕੀ ਤੈਨੂੰ (ਇਹ) ਪਤਾ ਨਹੀਂ ਕਿ ਅਸੀਂ ਸ਼ੈਤਾਨਾਂ ਨੂੰ (ਖੁਲ੍ਹਾ) ਛੱਡਿਆ ਹੋਇਆ ਹੈ ਕਿ ਓਹ ਇਨਕਾਰੀਆਂ ਨੂੰ ਪ੍ਰੇਰਨਾ ਦਿੰਦੇ ਰਹਿਣ ।੮੪।

فَلَا تَعْجَلْ عَلَيْهِمْ ۭ اِنَّمَا نَعُدُّ لَهُمْ عَدًّا ﴿٨٥﴾

ਸੋ ਤੂੰ ਓਹਨਾਂ ਦੇ ਵਿਰੁਧ ਕਾਹਲੀ ਵਿਚ ਕੋਈ ਕਦਮ ਨਾ ਚੁੱਕੀਂ । ਅਸੀਂ ਓਹਨਾਂ ਦੀ ਤਬਾਹੀ ਦੇ ਦਿਨ ਗਿਣ ਰੱਖੇ ਹਨ ।੮੫।

يَوْمَ نَحْشُرُ الْمُتَّقِيْنَ اِلَى الرَّحْمٰنِ وَفْدًا ﴿٨٦﴾

ਜਿਸ ਦਿਨ ਅਸੀਂ ਸੰਜਮੀਆਂ ਨੂੰ ਸੁਰਜੀਤ ਕਰ ਕੇ ਦਿਆਲੂ (ਪ੍ਰਭੂ) ਦੀ ਹਜ਼ੂਰੀ ਇਕੱਤਰ ਕਰ ਕੇ ਲੈ ਜਾਵਾਂਗੇ ।੮੬।

وَّنَسُوْقُ الْمُجْرِمِيْنَ اِلٰى جَهَنَّمَ وِرْدًا ﴿٨٧﴾

ਅਤੇ ਅਪਰਾਧੀਆਂ ਨੂੰ ਹਿੱਕਦੇ ਹੋਏ ਨਰਕ ਵੱਲ ਧੱਕ ਦਿਆਂਗੇ ।੮੭।

---

[1]ਇਹ ਫ਼ਰਮਾਇਆ ਹੈ ਕਿ ਓਹਨਾਂ ਦਾ ਇਹ ਸਿੱਧਾਂਤ ਠੀਕ ਨਹੀਂ ਹੈ । ਜੋ ਮਰਨਗੇ, ਤਾਂ ਦੰਡ ਹੀ ਭੁਗਤਣਗੇ ਅਤੇ ਜੋ ਇਸ ਲੋਕ ਵਿਚ ਜਿੰਦਾ ਰਹਿਣਗੇ, ਤਾਂ ਵੀ ਓਹਨਾਂ ਦੇ ਦੰਡ ਭੁੰਗਣ ਦੀ ਕੋਈ ਸੂਰਤ ਪ੍ਰਭੂ ਕੱਢ ਲਏਗਾ ।

[2]ਅਰਥਾਤ—ਉਸ ਨੂ ਜਗ ਤੇ ਵੱਡਾ ਮਾਣ ਹੈ, ਪ੍ਰਭੂ ਉਸ ਦਾ ਵਾਰਸ ਹੋ ਜਾਏਗਾ । ਓਹਨਾ ਤੋਂ ਖੋਹ ਕੇ ਆਪਣੇ ਭਗਤ ਜਨਾਂ ਨੂੰ ਦੇ ਦੇਵੇਗਾ । ਇਸ ਵਿਚ ਇਸਲਾਮ ਦੀ ਉੱਨਤੀ ਦੇ ਭਵਿਖਤ ਬਚਨ ਹਨ ।

لَا يَمْلِكُوْنَ الشَّفَاعَةَ اِلَّا مَنِ اتَّخَذَ عِنْدَ الرَّحْمٰنِ عَهْدًا ﴿٨٧﴾

ਉਸ ਦਿਨ ਕਿਸੇ ਨੂੰ (ਕਿਸੇ ਦੀ) ਸਫ਼ਾਰਸ਼ ਕਰਨ ਦਾ (ਕੋਈ) ਅਧਿਕਾਰ ਨਹੀਂ ਹੋਵੇਗਾ। ਛੁੱਟ ਇਸ ਦੇ ਕਿ ਜਿਸ ਨੇ ਦਿਆਲੂ (ਪ੍ਰਭੂ) ਤੋਂ ਬਚਨ ਲੈ ਲਿਆ ਹੋਵੇਗਾ ।੮੮।

وَ قَالُوا اتَّخَذَ الرَّحْمٰنُ وَلَدًا ﴿٨٨﴾

ਅਤੇ ਏਹ (ਲੋਕ) ਇਹ ਕਹਿੰਦੇ ਹਨ ਕਿ ਦਿਆਲੂ ਪ੍ਰਭੂ ਨੇ ਪੁੱਤਰ ਥਾਪ ਲਿਆ ਹੈ ।੮੯।

لَقَدْ جِئْتُمْ شَيْـًٔا اِدًّا ﴿٨٩﴾

ਤੂੰ (ਓਹਨਾਂ ਨੂੰ) ਇਹ ਕਹਿ ਦੇ ਕਿ ਤੁਸੀਂ ਇਕ ਬਹੁਤ ਹੀ ਵੱਡੀ ਗੱਲ ਮੂੰਹੋਂ ਕੱਢ ਰਹੇ ਹੋ ।੯੦।

تَكَادُ السَّمٰوٰتُ يَتَفَطَّرْنَ مِنْهُ وَ تَنْشَقُّ الْاَرْضُ وَ تَخِرُّ الْجِبَالُ هَدًّا ﴿٩٠﴾

ਕਰੀਬ ਹੈ ਕਿ (ਤੁਹਾਡੀ ਇਸ ਗੱਲ ਨਾਲ) ਅਕਾਸ਼ ਪਾਟ ਕੇ ਡਿੱਗ ਪਏ ਤੇ ਧਰਤੀ ਵੀ ਫ਼ਾਰਕ ਹੋ ਜਾਏ ਅਤੇ ਪਹਾੜ ਟੋਟੇ ਟੋਟੇ ਹੋ ਕੇ (ਧਰਤੀ ਤੇ) ਡਿੱਗ ਪੈਣ ।੯੧।

اَنْ دَعَوْا لِلرَّحْمٰنِ وَلَدًا ﴿٩١﴾

ਇਸ ਲਈ ਕਿ ਓਹਨਾਂ ਲੋਕਾਂ ਨੇ ਦਿਆਲੂ (ਪ੍ਰਭੂ) ਦਾ ਪੁੱਤਰ ਮਿਥ ਲਿਆ ਹੈ ।੯੨।

وَ مَا يَنْۢبَغِيْ لِلرَّحْمٰنِ اَنْ يَّتَّخِذَ وَلَدًا ﴿٩٢﴾

ਅਰਥਾਤ ਦਿਆਲੂ ਪ੍ਰਭੂ ਦੀ ਸ਼ਾਨ ਦੇ ਇਹ ਉੱਕਾ ਹੀ ਵਿਰੁਧ ਹੈ ਕਿ ਉਹ ਕਿਸੇ ਨੂੰ ਆਪਣਾ ਪੁੱਤਰ ਥਾਪੇ ।੯੩।

اِنْ كُلُّ مَنْ فِي السَّمٰوٰتِ وَ الْاَرْضِ اِلَّاۤ اٰتِي الرَّحْمٰنِ عَبْدًا ﴿٩٣﴾

ਕਿਉਂਕਿ ਜੋ ਕੁਝ ਸਾਰੇ ਅਕਾਸ਼ਾਂ ਤੇ ਪਤਾਲਾਂ ਵਿਚ ਹੈ, ਉਹ ਦਿਆਲੂ (ਪ੍ਰਭੂ) ਦੀ ਹਜ਼ੂਰੀ ਗ਼ੁਲਾਮ ਦੀ ਸੂਰਤ ਵਿਚ ਪੇਸ਼ ਹੋਣ ਵਾਲਾ ਹੈ ।੯੪।

لَقَدْ اَحْصٰىهُمْ وَ عَدَّهُمْ عَدًّا ﴿٩٤﴾

(ਪ੍ਰਭੂ ਨੇ) ਓਹਨਾਂ ਨੂੰ ਘੇਰਿਆ ਹੋਇਆ ਹੈ ਤੇ ਗਿਣ ਰੱਖਿਆ ਹੋਇਆ ਹੈ ।੯੫।

وَ كُلُّهُمْ اٰتِيْهِ يَوْمَ الْقِيٰمَةِ فَرْدًا ﴿٩٥﴾

ਅਰਥਾਤ ਓਹ ਸਾਰੇ ਦੇ ਸਾਰੇ ਹੀ (ਕੱਲੇ) ਕੱਲੇ[1] ਉਸ ਦੀ ਹਜ਼ੂਰੀ ਹਾਜ਼ਰ ਹੋਣਗੇ ।੯੬।

---

[1]ਇਸ ਆਇਤ ਤੋਂ ਇਹ ਸਿਧ ਹੁੰਦਾ ਹੈ ਕਿ ਇਸ ਵਿਚ ਇਸ ਲੋਕ ਦੇ ਕਸ਼ਟ ਤੋਂ ਛੁੱਟ ਪਰਲੋਕ ਦੇ ਕਸ਼ਟ ਦਾ ਵੀ ਵਰਣਨ ਹੈ, ਜਿਸ ਨੂੰ ਹਰੇਕ ਪ੍ਰਾਣੀ ਆਪਣੇ ਕਰਮਾਂ ਅਨੁਸਾਰ ਭੁਗਤੇਗਾ। ਹਾਂ, ਜੋ ਕੱਲੇ ਕੱਲੇ ਦਾ ਭਾਵ ਅੱਡ ਅੱਡ ਜਾਤੀ ਹੋਵੇ, ਤਾਂ ਫੇਰ ਇਹ ਆਇਤ ਇਸ ਲੋਕ ਦੇ ਕਸ਼ਟਾਂ ਤੇ ਵੀ ਘਟ ਸਕਦੀ ਹੈ।

إِنَّ الَّذِينَ آمَنُوا وَعَمِلُوا الصَّالِحَاتِ سَيَجْعَلُ لَهُمُ الرَّحْمَٰنُ وُدًّا ﴿٩٦﴾

ਬੇਸ਼ੱਕ ਓਹ ਲੋਕ, ਜਿਨ੍ਹਾਂ ਨੇ ਸ਼ਰਧਾ ਧਾਰਨ ਕੀਤੀ ਹੋਈ ਹੈ ਤੇ ਜੋ ਸ਼ੁਭ ਕਰਮ ਵੀ ਕਰਦੇ ਹਨ, ਦਿਆਲੂ ਪ੍ਰਭੂ ਓਹਨਾਂ ਵਾਸਤੇ "ਵੁਦ"[1] ਪੈਦਾ ਕਰ ਦੇਵੇਗਾ ।੯੭।

فَإِنَّمَا يَسَّرْنَاهُ بِلِسَانِكَ لِتُبَشِّرَ بِهِ الْمُتَّقِينَ وَتُنذِرَ بِهِ قَوْمًا لُّدًّا ﴿٩٧﴾

ਸੋ ਅਸੀਂ ਤਾਂ ਇਸ (ਕੁਰਾਨ) ਨੂੰ ਤੇਰੀ ਮਾਤ-ਭਾਸ਼ਾ (ਅਰਬੀ) ਵਿਚ ਉਤਾਰ ਕੇ ਤੇਰੇ ਲਈ ਸਰਲ ਕਰ ਦਿੱਤਾ ਹੈ: ਤਾਂ ਜੁ ਤੂੰ ਇਸ ਰਾਹੀਂ ਸੰਜਮੀਆਂ ਨੂੰ ਖੁਸ਼ਖਬਰੀ ਸੁਣਾਵੇਂ ਅਤੇ ਝਗੜਾਲੂਆਂ ਨੂੰ ਡਰਾਵੇਂ ।੯੮।

وَكَمْ أَهْلَكْنَا قَبْلَهُم مِّن قَرْنٍ ۖ هَلْ تُحِسُّ مِنْهُم مِّنْ أَحَدٍ أَوْ تَسْمَعُ لَهُمْ رِكْزًا ﴿٩٨﴾

ਅਤੇ ਕਿੰਨੀਆਂ ਹੀ ਕੌਮਾਂ ਓਹਨਾਂ ਤੋਂ ਪਹਿਲਾਂ ਹੋ ਬੀਤੀਆਂ ਹਨ,(ਅਸੀਂ ਓਹਨਾਂ ਨੂੰ ਨਸ਼ਟ ਕਰ ਚੁੱਕੇ ਹਾਂ ।) ਕੀ ਤੂੰ ਓਹਨਾਂ ਵਿੱਚੋਂ ਕਿਸੇ ਨੂੰ ਵੀ ਕਿਸੇ ਤਰ੍ਹਾਂ ਅਨੁਭਵ ਕਰ ਸਕਦਾ ਹੈਂ ? ਜਾਂ ਓਹਨਾਂ ਦੀ ਭਿਣਕ ਸੁਣ ਸਕਦਾ ਹੈਂ ? ।੯੯। (ਰਕੂਅ ੬)

---

[1]"ਵੁਦ" ਉਸ ਪ੍ਰੇਮ ਨੂੰ ਕਹਿੰਦੇ ਹਨ, ਜੋ ਮੇਖ ਦੀ ਤਰ੍ਹਾਂ ਦਿਲ ਵਿਚ ਗੱਡੀ ਹੋਈ ਹੋਵੇ । ਸੋ ਇਸ ਆਇਤ ਦਾ ਅਰਥ ਅਰਬੀ ਭਾਸ਼ਾ ਦੇ ਮੁਹਾਵਰੇ ਅਨੁਸਾਰ ਇਹ ਹੈ ਕਿ ਸ਼ਰਧਾਲੂਆਂ ਦੇ ਦਿਲਾਂ ਵਿਚ ਅੱਲਾਹ ਆਪਣਾ ਪ੍ਰੇਮ ਮੇਖ ਦੀ ਤਰ੍ਹਾਂ ਗੱਡ ਦੇਵੇਗਾ । ਜਾਂ ਆਪਣੇ ਦਿਲ ਵਿਚ ਸ਼ਰਧਾਲੂਆਂ ਦਾ ਪਿਆਰ ਮੇਖ ਵਾਂਗ ਗੱਡ ਦੇਵੇਗਾ; ਜਾਂ ਇਹ ਕਿ ਸ਼ਰਧਾਲੂਆਂ ਦੇ ਦਿਲਾਂ ਵਿਚ ਮਨੁੱਖ ਜਾਤੀ ਦਾ ਪਿਆਰ ਮੇਖ ਵਾਂਗ ਗੱਡ ਦੇਵੇਗਾ ਅਤੇ ਇਸ ਦੇ ਸਿੱਟੇ ਵਿਚ ਮਨੁੱਖ-ਜਾਤੀ ਦੇ ਦਿਲਾਂ ਵਿਚ ਮੁਸਲਮਾਨਾਂ ਦਾ ਪ੍ਰੇਮ ਮੇਖ ਵਾਂਗ ਗੱਡਿਆ ਜਾਏਗਾ । ਸੋ ਇਸ ਦੀ ਉਦਾਹਰਣ ਰੂਮੀ ਜ਼ਿੱਤਾਂ ਵਿਚ ਮਿਲਦੀ ਹੈ; ਜਿਹਾ ਕਿ ਇਕ ਵਾਰ ਈਸਾਈਆਂ ਦਾ ਦਲ ਵੱਡੀ ਗਿਣਤੀ ਵਿਚ ਅੱਗੇ ਵਧਿਆ, ਤਾਂ ਮੁਸਲਮਾਨਾਂ ਨੇ ਜਾਤਾ ਕਿ ਓਹ ਹੁਣ ਓਹਨਾਂ ਦਾ ਟਾਕਰਾ ਨਹੀਂ ਕਰ ਸਕਣਗੇ । ਤਾਂ ਜੋ ਰੁਪਈਆ ਓਹਨਾਂ ਮੁਸਲਮਾਨਾਂ ਨੇ ਦੇਸ ਦੀ ਰਾਖੀ ਕਰਨ ਲਈ ਟੈਕਸ ਆਦਿ ਦੁਆਰਾ ਵਸੂਲ ਕੀਤਾ ਹੋਇਆ ਸੀ, ਉਹ ਸਾਰਾ ਦੇਸ ਦੇ ਲੋਕਾਂ ਨੂੰ ਮੋੜ ਦਿੱਤਾ ਸੀ । ਇਸ ਦਾ ਪ੍ਰਭਾਵ ਈਸਾਈਆਂ ਤੇ ਯਹੂਦੀਆਂ ਉੱਤੇ ਇੰਨਾ ਪਿਆ ਸੀ ਕਿ ਓਹ ਰੋਂਦੇ ਹੋਏ ਮੁਸਲਮਾਨਾਂ ਦੇ ਦਲ ਨੂੰ ਵਿਦਾਇਗੀ ਦੇਣ ਗਏ ਸਨ । ਸਾਰੇ ਪਾਦਰੀ ਵੀ ਤੇ ਦੂਜੇ ਲੋਕ ਵੀ ਇਹ ਅਰਦਾਸ ਕਰਦੇ ਜਾਂਦੇ ਸਨ ਕਿ ਪ੍ਰਭੂ ਮੁਸਲਮਾਨਾਂ ਨੂੰ ਮੁੜ ਵਾਪਸ ਲਿਆਏ ਅਤੇ ਯਹੂਦੀਆਂ ਦਾ ਇਹ ਹਾਲ ਸੀ ਕਿ ਓਹ ਇਹ ਕਹਿੰਦੇ ਸਨ ਕਿ ਰੱਬ ਦੀ ਕਸਮ ਅਸੀਂ ਆਪਣੀਆਂ ਜਾਨਾਂ ਦੇ ਦਿਆਂਗੇ, ਪਰ ਈਸਾਈਆਂ ਦੇ ਦਲ ਨੂੰ ਸ਼ਹਿਰ ਵਿਚ ਨਹੀਂ ਵੜਨ ਦਿਆਂਗੇ ! ਪ੍ਰੇਮ ਦਾ ਇਹ ਅਮਲੀ ਉਪਦੇਸ਼ "ਮਸੀਹ" ਦੇ ਪਿਆਰ ਦੀ ਸਿੱਖਿਆ ਤੋਂ ਕਿੰਨਾ ਸ਼ਾਨਦਾਰ ਹੈ । "ਮਸੀਹ" ਨੇ ਤਾਂ ਕੇਵਲ ਮੂੰਹੋਂ ਹੀ ਇਹ ਕਿਹਾ ਸੀ ਕਿ ਪ੍ਰਭੂ ਪਿਆਰ ਹੈ, ਪਰ ਮੁਸਲਮਾਨਾਂ ਨੇ ਅਮਲੀ ਤੌਰ ਤੇ ਸਿਧ ਕਰ ਦਿੱਤਾ ਸੀ ਕਿ ਪ੍ਰਭੂ ਪ੍ਰੇਮ ਹੈ ਅਤੇ "ਮਸੀਹ" ਨੇ ਪ੍ਰੇਮ ਪਦ ਦੀ ਵਰਤੋਂ ਕੀਤੀ ਹੈ, ਪਰ ਕੁਰਾਨ ਸ਼ਰੀਫ ਨੇ "ਵੁਦ" ਪਦ ਵਰਤਿਆ ਹੈ । ਜੋ ਉਸ ਪ੍ਰੇਮ ਤੋਂ ਵਧੇਰ ਸ਼ਾਨਦਾਰ ਹੈ; ਕਿਉਂਕਿ ਪ੍ਰੇਮ ਦਾ ਭਾਵ ਤਾਂ ਏਹ ਹੈ ਕਿ ਦਿਲ ਵਿਚ ਇਕ ਦਾਣਾ ਫੁਟ ਪਿਆ, ਪਰ "ਵੁਦ" ਦਾ ਇਹ ਭਾਵ ਹੈ ਕਿ ਪ੍ਰੇਮ ਇੰਨਾ ਵਧ ਗਿਆ ਕਿ ਓਹ ਮੇਖ ਵਾਂਗ ਦਿਲ ਵਿਚ ਗੱਡਿਆ ਗਿਆ । ਸੋ ਕਿੱਥੇ ਅੰਜੀਲ ਦੀ ਪ੍ਰੇਮ ਦੀ ਸਿੱਖਿਆ ਤੇ ਕਿੱਥੇ ਕੁਰਾਨ ਸ਼ਰੀਫ ਦੀ ਪ੍ਰੇਮ ਦੀ ਸਿੱਖਿਆ । ਦੋਹਾਂ ਵਿਚ ਅਕਾਸ਼-ਪਤਾਲ ਦਾ ਫ਼ਰਕ ਹੈ ।



(੨੦) ਸੂਰਤ ਤੁਆਹਾ

ਇਹ ਸੂਰਤ ਹਿਜਰਤ ਤੋਂ ਪਹਿਲ੍ਹਾਂ-ਮੱਕੇ-ਉਤਰੀ ਸੀ। ਇਸ ਦੀਆਂ ਬਿਸਮਿੱਲਾ ਸਣੇ ੧੩੬ ਆਇਤਾਂ ਤੇ ੮ ਰੱਕੂਅ ਹਨ।

بِسْمِ اللّٰهِ الرَّحْمٰنِ الرَّحِيْمِ ①

(ਮੈਂ) ਅਤਿ ਦਿਆਲੂ ਤੇ ਕਿਰਪਾਲੂ ਅੱਲਾਹ ਦਾ ਨਾਂ ਲੈ ਕੇ (ਅਰੰਭ ਕਰਦਾ ਹਾਂ)।੧।

طٰهٰ ②

ਤੁਆਹਾ[1] = (ਹੇ ਪੂਰਨ ਬਲ ਵਾਲੇ ਪੁਰਖ)।੨।

مَآ اَنْزَلْنَا عَلَيْكَ الْقُرْاٰنَ لِتَشْقٰٓى ③

ਅਸੀਂ (ਇਹ) ਕੁਰਾਨ ਤੇਰੇ ਉੱਤੇ ਇਸ ਲਈ ਨਹੀਂ ਉਤਾਰਿਆ ਹੈ ਕਿ ਤੂੰ ਕਿਸੇ ਬਿਪਤਾ ਵਿਚ ਫਸ ਜਾਏਂ।੩।

---

[1]"ਤੁਆਹਾ" ਮੁੱਕਤਿਆਤ ਦੇ ਅੱਖਰਾਂ ਵਿੱਚੋਂ ਨਹੀਂ ਹੈ; ਸਗੋਂ ਅਰਬਾਂ ਦੇ ਅੱਡ ਅੱਡ ਕਬੀਲਿਆਂ ਵਿਚ ਇਸ ਦਾ ਅਰਥ "ਯਾਰਾਜੁਲ੍ਹ" ਹੈ, ਅਰਥਾਤ ਹੇ ਪੂਰਨ ਬਲ ਵਾਲੇ ਪੁਰਖ! (ਫ਼ਤਹੁੱਲ ਬਿਆਨ) ਪੂਰਨ ਬਲ ਵਾਲੇ ਪੁਰਖ ਰਾਹੀਂ ਇਸ ਪਾਸੇ ਅਗਵਾਈ ਕੀਤੀ ਗਈ ਹੈ ਕਿ ਮਰਦਾਨਗੀ ਦੇ ਗੁਣ, ਬਹਾਦੁਰੀ, ਉਦਾਰਤਾ ਤੇ ਬੁਰਾਈ ਦਾ ਪੂਰਨ ਤੌਰ ਤੇ ਟਾਕਰਾ ਆਦਿ ਦੇ ਸ਼ੁਭ ਗੁਣ ਹਜ਼ਰਤ ਮੁੱਹੰਮਦ ਸਾਹਿਬ ਵਿਚ ਪੂਰਨ ਤੌਰ ਤੇ ਪਾਏ ਜਾਂਦੇ ਸਨ। ਆਪ ਦੀ ਪਤਨੀ ਹਜ਼ਰਤ ਖ਼ੁਦੀਜਾ ਜੀ ਨੇ—ਜਦ ਆਪ ਉੱਤੇ ਪਹਿਲੀ ਅਕਾਸ਼ ਬਾਣੀ ਹੋਈ ਸੀ ਤੇ ਆਪ ਕੁਝ ਘਬਰਾ ਗਏ ਸਨ, ਤਾਂ ਅਕਾਸ਼ ਬਾਣੀ ਸੁਣ ਕੇ ਤੇ ਆਪ ਦੀ ਹਾਲਤ ਵੇਖ ਕੇ—ਇਹ ਗਵਾਹੀ ਦਿੱਤੀ ਸੀ ਕਿ :—

"كَلَّا وَاللّٰهِ لَا يُخْزِيْكَ اللّٰهُ اَبَدًا"

ਅਰਥਾਤ—ਆਪ ਦਾ ਘਬਰਾਉਣਾ ਨਿਰਮੂਲ ਹੈ। ਅੱਲਾਹ ਆਪ ਨੂੰ ਕਦੇ ਵੀ ਹੀਣਾ ਨਹੀਂ ਕਰੇਗਾ।

"اِنَّكَ لَتَصِلُ الرَّحِمَ وَ تَحْمِلُ الْكَلَّ وَ تَكْسِبُ الْمَعْدُوْمَ وَ تَقْرِيْ الضَّيْفَ وَ تُعِيْنُ عَلٰى نَوَائِبِ الْحَقِّ"

ਅਰਥਾਤ—ਕਿਉਂਕਿ ਤੁਸੀਂ ਸਦਾ ਹੀ ਸਾਕ-ਸੰਬੰਧੀਆਂ ਨਾਲ ਚੰਗਾ ਵਰਤਾਉ ਕਰਦੇ ਰਹਿੰਦੇ ਹੋ ਤੇ ਅਤਿਥੀਆਂ ਦਾ ਵੀ ਵੱਡਾ ਸਤਿਕਾਰ ਕਰਦੇ ਰਹਿੰਦੇ ਹੋ, ਅਰਥਾਤ ਜੋ ਸਦਾਚਾਰ ਜਗ ਤੋਂ ਮਿੱਟ ਗਿਆ ਹੈ, ਉਸ ਨੂੰ ਤੁਸੀਂ ਮੁੜ ਸਥਾਪਨ ਕਰ ਰਹੇ ਹੋ। ਜੋ ਕੋਈ ਪ੍ਰਾਣੀ ਬੇਗੁਨਾਹ ਹੀ ਕਿਸੇ ਬਿਪਤਾ ਵਿਚ ਫਸ ਜਾਂਦਾ ਹੈ, ਤੁਸੀਂ ਉਸ ਦੀ ਸਹਾਇਤਾ ਕਰਦੇ ਹੋ। (ਬੁਖ਼ਾਰੀ)

ਹਰੇਕ ਮਨੁੱਖ ਦੀ ਸਭ ਤੋਂ ਵੱਡੀ ਗਵਾਹ ਉਸ ਦੀ ਪਤਨੀ ਹੀ ਹੋ ਸਕਦੀ ਹੈ, ਜੋ ਹਰ ਵੇਲੇ ਉਸ ਦੇ ਹਾਵ-ਭਾਵ ਤੇ ਰਹਿਤ-ਬਹਿਤ ਨੂੰ ਵੇਖਦੀ ਰਹਿੰਦੀ ਹੈ। ਸੋ ਇਹ ਗਵਾਹੀ ਸਭ ਤੋਂ ਵਧੀਕ ਪੱਕੀ ਹੈ। ਇਸ ਤੋਂ ਇਹ ਸਿਧ ਹੁੰਦਾ ਹੈ ਕਿ ਹਜ਼ਰਤ ਮੁੱਹੰਮਦ ਸਾਹਿਬ ਸੱਚਮੁਚ ਹੀ "ਤੁਆਹਾ" ਸਨ, ਅਰਥਾਤ ਇਕ ਪੂਰਨ ਪੁਰਖ ਵਿਚ ਜੋ ਗੁਣ ਹੋਣੇ ਚਾਹੀਦੇ ਹਨ, ਓਹ ਸਾਰੇ ਦੇ ਸਾਰੇ ਆਪ ਵਿਚ ਮੌਜੂਦ ਸਨ।

إِلَّا تَذْكِرَةً لِّمَن يَخْشَىٰ ﴿٣﴾

(ਇਹ ਤਾਂ) ਕੇਵਲ ਪ੍ਰਭੂ ਤੋਂ ਡਰਨ ਵਾਲੇ ਮਨੁੱਖ ਵਾਸਤੇ ਅਗਵਾਈ ਤੇ ਸੁਮਾਰਗ ਹੈ ।੪।

تَنزِيلًا مِّمَّنْ خَلَقَ الْأَرْضَ وَالسَّمَاوَاتِ الْعُلَىٰ ﴿٤﴾

(ਇਹ ਕੁਰਾਨ) ਉਸ ਵੱਲੋਂ ਉਤਾਰਿਆ ਗਿਆ ਹੈ, ਜਿਸ ਨੇ (ਨੀਵੇਂ) ਪਤਾਲ ਤੇ ਉੱਚੇ ਅਕਾਸ਼ ਸਾਜੇ ਹਨ ।੫।

الرَّحْمَٰنُ عَلَى الْعَرْشِ اسْتَوَىٰ ﴿٥﴾

ਉਹ ਦਿਆਲੂ (ਪ੍ਰਭੂ ਹੀ) ਅਰਸ਼ ਉੱਤੇ ਅਸਥਿਰ ਹੈ ।੬।

لَهُ مَا فِي السَّمَاوَاتِ وَمَا فِي الْأَرْضِ وَمَا بَيْنَهُمَا وَمَا تَحْتَ الثَّرَىٰ ﴿٦﴾

ਸਾਰੇ ਅਕਾਸ਼ ਤੇ ਪਤਾਲ ਅਤੇ ਜੋ ਕੁਝ ਓਹਨਾਂ ਵਿਚਾਲੇ ਹੈ, ਸਭ ਕੁਝ ਉਸੇ ਦਾ ਹੀ ਹੈ, ਅਰਥਾਤ (ਉਹ ਵੀ) ਜੋ ਕੁਝ ਗਿੱਲੀ ਮਿੱਟੀ ਹੇਠ ਹੈ ।੭।

وَإِن تَجْهَرْ بِالْقَوْلِ فَإِنَّهُ يَعْلَمُ السِّرَّ وَأَخْفَى ﴿٧﴾

ਅਤੇ ਜੇ ਤੂੰ ਉੱਚੀ ਅਵਾਜ਼ ਨਾਲ ਬੋਲਦਾ ਹੈਂ, ਤਾਂ ਉਹ (ਪ੍ਰਭੂ) ਉਸ ਦਾ ਵੀ ਸੁਣਨਹਾਰ ਹੈ ਅਤੇ ਜੇ ਤੂੰ ਹੌਲੇ ਹੌਲੇ ਬੋਲਦਾ ਹੈਂ, ਤਾਂ ਉਹ ਉਸ ਦਾ ਵੀ ਸੁਣਨਹਾਰ ਹੈ ਕਿਉਂਕਿ ਉਹ ਗੁਪਤ ਗੱਲਾਂ ਦਾ ਵੀ ਜਾਣਨਹਾਰ ਹੈ ਤੇ ਜੋ ਬਹੁਤ ਹੀ ਭੇਤ ਦੀਆਂ ਗੱਲਾਂ ਹਨ, (ਓਹਨਾਂ ਦਾ ਵੀ ਜਾਣਨਹਾਰ ਹੈ) ।੮।

اللَّهُ لَا إِلَٰهَ إِلَّا هُوَ لَهُ الْأَسْمَاءُ الْحُسْنَىٰ ﴿٨﴾

ਅੱਲਾਹ ਉਹ ਹੈ ਕਿ ਜਿਸ ਤੋਂ ਛੁੱਟ ਹੋਰ ਕੋਈ ਵੀ ਇਸ਼ਟ ਨਹੀਂ ਹੈ । ਉਸ ਦੇ ਸਾਰੇ ਹੀ ਨਾਂ ਚੰਗੇ ਹਨ ।੯।

وَهَلْ أَتَاكَ حَدِيثُ مُوسَىٰ ﴿٩﴾

ਅਤੇ (ਇਸ ਦੇ ਸਬੂਤ ਵਜੋਂ ਅਸੀਂ ਇਹ ਕਹਿੰਦੇ ਹਾਂ ਕਿ) ਕੀ ਤੇਰੇ ਵੱਲ ਮੂਸਾ ਦੀ ਖ਼ਬਰ ਪੁੱਜੀ ਹੈ (ਕਿ ਨਹੀਂ) ? ।੧੦।

إِذْ رَأَىٰ نَارًا فَقَالَ لِأَهْلِهِ امْكُثُوا إِنِّي آنَسْتُ نَارًا

(ਅਰਥਾਤ) ਜਦ ਉਸ ਨੇ ਇਕ ਅੱਗ[1] ਵੇਖੀ ਸੀ ਤੇ ਉਸ ਨੇ ਆਪਣੇ ਪਰਵਾਰ ਨੂੰ ਇਹ ਕਿਹਾ ਸੀ ਕਿ (ਰਤਾ ਇੱਥੇ ਹੀ ਠਹਿਰ ਜਾਓ) ਮੈਂ ਇਕ ਅੱਗ ਵੇਖੀ ਹੈ;

[1] ''ਇਕ ਅੱਗ'' ਦੇ ਪਦ ਤੋਂ ਇਹ ਪਰਗਟ ਹੁੰਦਾ ਹੈ ਕਿ ਹਜ਼ਰਤ ਮੂਸਾ ਜੀ ਆਪ ਵੀ ਇਸ ਨੂੰ ਇਕ ਕਸ਼ਫ਼ ਹੀ ਸਮਝਦੇ ਸਨ । ਜੇ ਉਹ ਸਾਧਾਰਨ ਅੱਗ ਹੁੰਦੀ, ਤਾਂ ਉਹ ਉਸ ਨੂੰ ''ਇਕ ਅੱਗ'' ਨਾ ਆਖਦੇ। ਅਸਲੀਅਤ ਏਹੋ ਹੈ ਕਿ ਓਹਨਾਂ ਨੂੰ ਇਕ ਪ੍ਰਕਾਸ਼ ਦਿੱਸਿਆ ਸੀ, ਜੋ ਅੱਗ ਦੇ ਰੂਪ ਵਿਚ ਸੀ । ਹਜ਼ਰਤ ਮੂਸਾ ਜੀ ਸਮਝਦੇ ਸਨ ਕਿ ਇਹ ਜੋ ਕੁਝ ਦਿੱਸਿਆ ਹੈ, ਪ੍ਰਭੂ ਦਾ ਇਕ ਚਮਤਕਾਰ ਹੈ; ਇਸੇ ਕਰਕੇ ਓਹਨਾਂ ਨੇ ਆਪਣੇ ਪਰਵਾਰ ਦੇ ਲੋਕਾਂ ਨੂੰ ਇਹ ਕਿਹਾ ਸੀ ਕਿ ਮੈਂ ਇਕ ਅੱਗ ਵੇਖੀ ਹੈ ।

لَعَلِّيْٓ اٰتِيْكُمْ مِّنْهَا بِقَبَسٍ اَوْ اَجِدُ عَلَى النَّارِ هُدًى ⑪

ਸੰਭਵ ਹੈ ਕਿ ਮੈਂ ਉੱਥੇ ਜਾ ਕੇ ਉਸ ਅੱਗ ਦਾ ਕੋਈ ਅੰਗਿਆਰਾ[1] ਤੁਹਾਡੇ ਵਾਸਤੇ ਲੈ ਆਵਾਂ, ਜਾਂ ਉਸ ਅੱਗ ਤੋਂ ਆਪਣੇ ਲਈ ਕੋਈ (ਆਤਮਕ) ਅਗਵਾਈ ਪ੍ਰਾਪਤ ਕਰ ਸਕਾਂ ।੧੧।

فَلَمَّآ اَتٰىهَا نُوْدِيَ يٰمُوْسٰى ⑫

ਫੇਰ ਜਦ ਉਹ ਉਸ (ਅੱਗ) ਦੇ ਲਾਗੇ ਗਿਆ ਸੀ, ਤਾਂ ਉਸ ਨੂੰ ਇਹ ਅਵਾਜ਼ ਆਈ[2] ਸੀ—"ਹੇ "ਮੂਸਾ" !੧੨।

اِنِّيْٓ اَنَا رَبُّكَ فَاخْلَعْ نَعْلَيْكَ ۚ اِنَّكَ بِالْوَادِ الْمُقَدَّسِ طُوًى ⑬

ਮੈਂ ਤੇਰਾ ਸਾਜਨਹਾਰ ਤੇ ਪਾਲਨਹਾਰ ਹਾਂ । ਸੋ ਤੂੰ ਆਪਣੀਆਂ ਦੋਵੇਂ ਜੁੱਤੀਆਂ[3] ਉਤਾਰ ਦੇ । ਬੇਸ਼ੱਕ ਤੂੰ "ਤੁਆ" ਦੀ ਪਵਿੱਤਰ ਘਾਟੀ ਉੱਤੇ ਹੈਂ ।੧੩।

وَاَنَا اخْتَرْتُكَ فَاسْتَمِعْ لِمَا يُوْحٰى ⑭

ਅਰਥਾਤ ਮੈਂ ਤੈਨੂੰ (ਆਪਣੇ ਵਾਸਤੇ) ਚੁਣ ਲਿਆ ਹੈ । ਸੋ ਤੇਰੇ ਵੱਲ ਜੋ ਅਕਾਸ਼ ਬਾਣੀ ਕੀਤੀ ਜਾਂਦੀ ਹੈ, ਉਸ ਨੂੰ ਵੱਡੇ ਧਿਆਨ ਨਾਲ ਸੁਣ (ਤੇ ਉਸ ਤੇ ਵਰਤੋਂ ਕਰ) ।੧੪।

اِنَّنِيْٓ اَنَا اللّٰهُ لَآ اِلٰهَ اِلَّآ اَنَا فَاعْبُدْنِيْ ۙ وَاَقِمِ الصَّلٰوةَ لِذِكْرِيْ ⑮

ਬੇਸ਼ੱਕ ਮੈਂ ਹੀ ਅੱਲਾਹ ਹਾਂ । ਮੈਥੋਂ ਬਿਨਾਂ ਹੋਰ ਕੋਈ ਵੀ ਇਸ਼ਟ ਨਹੀਂ ਹੈ । ਸੋ ਮੇਰੀ ਹੀ ਬੰਦਗੀ ਕਰਦੇ ਰਹੋ, ਅਰਥਾਤ ਮੇਰਾ ਸਿਮਰਨ ਕਰਨ ਲਈ ਨਿਮਾਜ਼ ਪੜ੍ਹਦੇ ਰਿਹਾ ਕਰੋ ।੧੫।

اِنَّ السَّاعَةَ اٰتِيَةٌ اَكَادُ اُخْفِيْهَا لِتُجْزٰى كُلُّ نَفْسٍ بِمَا تَسْعٰى ⑯

ਬੇਸ਼ੱਕ ਕਿਆਮਤ ਆਉਣ ਵਾਲੀ ਹੈ । ਕਰੀਬ ਹੈ ਕਿ ਮੈਂ ਉਸ ਨੂੰ ਪਰਗਟ ਕਰ ਦਿਆਂ, ਤਾਂ ਜੁ ਹਰੇਕ ਪ੍ਰਾਣੀ ਨੂੰ ਆਪਣੇ ਕਰਮਾਂ ਅਨੁਸਾਰ ਵਟਾਂਦਰਾ ਦਿੱਤਾ ਜਾਏ ।੧੬।

---

[1]ਚੂੰਕਿ ਉਹ ਪ੍ਰਕਾਸ਼ ਇਕ ਅੱਗ ਦੇ ਰੂਪ ਵਿਚ ਸੀ; ਇਸ ਲਈ ਉਸ ਬਾਰੇ ਸਾਰੇ ਪਦ ਅਲੰਕਾਰਕ ਹੀ ਵਰਤੇ ਗਏ ਹਨ, ਅਰਥਾਤ ਜੇ ਤਾਂ ਇਹ ਤਜੱਲੀ ਵਿਅਕਤੀ ਗਤਿ ਹੈ, ਤਾਂ ਮੈਂ ਆਪਣੇ ਲਈ ਸੁਮਾਰਗ ਪ੍ਰਾਪਤ ਕਰ ਸਕਾਂਗਾ । ਜੇ ਇਹ ਕੋਸੀ ਹੋਈ, ਤਾਂ ਤੁਹਾਡੇ ਲਈ ਵੀ ਉੱਥੋਂ ਚਾਨਣਾ, ਸੁਮਾਰਗ ਤੇ ਉਪਦੇਸ਼ ਦੇ ਸਾਧਨ ਲਿਆਂਵਾਂਗਾ, ਜਿਸ ਤੋਂ ਤੁਸੀਂ ਲਾਭ ਪ੍ਰਾਪਤ ਕਰ ਸਕੋਗੇ ।

[2]ਇਸ ਦਾ ਇਹ ਭਾਵ ਨਹੀਂ ਕਿ ਉਸ ਅੱਗ ਵਿਚ ਪ੍ਰਭੂ ਸੀ; ਸਗੋਂ ਇਹ ਭਾਵ ਹੈ ਕਿ ਉਸ ਅੱਗ ਦਾ ਨਜ਼ਾਰਾ ਦੱਸਣ ਵਾਲਾ ਪ੍ਰਭੂ ਸੀ ।

[3]ਜੁੱਤੀਆਂ ਦਾ ਭਾਵ ਸੰਸਾਰਕ ਤੇ ਮਾਇਕ ਸੰਬੰਧ ਹਨ । "ਨਾਅਲੈਨ" ਇਸ ਲਈ ਕਿਹਾ ਗਿਆ ਹੈ ਕਿ ਸੰਸਾਰਕ ਸੰਬੰਧ ਦੋ ਤਰ੍ਹਾਂ ਦੇ ਹੁੰਦੇ ਹਨ; ਇਕ ਰਿਸ਼ਤੇਦਾਰੀ ਦੇ ਤੇ ਦੂਜੇ ਜਾਤੀ ਦੇ । ਸੋ ਚੂੰਕਿ ਸੰਬੰਧ ਦੋ ਤਰ੍ਹਾਂ ਦੇ ਹੁੰਦੇ ਹਨ; ਇਸ ਲਈ ਓਹਨਾਂ ਨੂੰ "ਤਸਨੀਆ" ਪਦ "ਨਾਅਲੈਨ" ਦੁਆਰਾ ਪਰਗਟ ਕੀਤਾ ਗਿਆ ਹੈ ।

فَلَا يَصُدَّنَّكَ عَنْهَا مَنْ لَّا يُؤْمِنُ بِهَا وَاتَّبَعَ هَوٰىهُ فَتَرْدٰى ﴿١٦﴾

ਸੋ ਜਿਹੜਾ (ਪ੍ਰਾਣੀ) ਕਿਆਮਤ[1] ਉੱਤੇ ਸ਼ਰਧਾ ਨਹੀਂ ਰੱਖਦਾ ਅਤੇ ਆਪਣੀਆਂ ਮਨੋਕਾਮਨਾਵਾਂ ਦੇ ਪਿੱਛੇ ਲਗਦਾ ਹੈ, ਕਿਤੇ ਉਹ ਤੈਨੂੰ ਕਿਆਮਤ[2] ਉੱਤੇ ਸ਼ਰਧਾ ਧਾਰਨ ਕਰਨੋਂ ਰੋਕ ਨਾ ਦੇਵੇ; ਜਿਸ ਦੇ ਸਿੱਟੇ ਵਿਚ ਤੂੰ ਨਸ਼ਟ ਹੋ ਜਾਏਂ ।੧੭।

وَمَا تِلْكَ بِيَمِيْنِكَ يٰمُوْسٰى ﴿١٧﴾

ਅਤੇ (ਅਸੀਂ ਉਸ ਸਮੇਂ "ਮੂਸਾ" ਨੂੰ ਇਹ ਕਿਹਾ ਸੀ ਕਿ) ਹੇ "ਮੂਸਾ"! ਇਹ ਤੇਰੇ ਸੱਜੇ ਹੱਥ ਵਿਚ ਕੀ ਹੈ ? ।੧੮।

قَالَ هِيَ عَصَايَ ۚ اَتَوَكَّؤُا عَلَيْهَا وَاَهُشُّ بِهَا عَلٰى غَنَمِيْ وَلِيَ فِيْهَا مَاٰرِبُ اُخْرٰى ﴿١٨﴾

ਉਸ ਨੇ ਇਹ ਕਿਹਾ ਸੀ ਕਿ ਇਹ ਮੇਰਾ ਸੋਟਾ ਹੈ । ਮੈਂ ਇਸ ਨਾਲ ਸਹਾਰਾ ਲੈਂਦਾ ਹਾਂ ਅਤੇ ਇਸ ਰਾਹੀਂ ਆਪਣੀਆਂ ਬਕਰੀਆਂ ਲਈ (ਰੁੱਖਾਂ ਤੋਂ) ਪੱਤੇ ਵੀ ਝਾੜਦਾ ਹਾਂ । ਇਸ ਤੋਂ ਛੁੱਟ ਮੈਨੂੰ ਇਸ ਦੇ ਹੋਰ ਵੀ ਕਈ ਲਾਭ ਹਨ ।੧੯।

قَالَ اَلْقِهَا يٰمُوْسٰى ﴿١٩﴾

ਇਸ ਤੇ ਉਸ (ਪ੍ਰਭੂ) ਨੇ ਇਹ ਕਿਹਾ ਸੀ ਕਿ ਹੇ "ਮੂਸਾ"! ਇਸ ਸੋਟੇ ਨੂੰ ਧਰਤੀ ਉੱਤੇ ਸੁੱਟ ਦੇ ।੨੦।

فَاَلْقٰهَا فَاِذَا هِيَ حَيَّةٌ تَسْعٰى ﴿٢٠﴾

ਸੋ ਉਸ ਨੇ ਉਸ ਨੂੰ ਧਰਤੀ ਉੱਤੇ ਸੁੱਟ ਦਿੱਤਾ ਸੀ, ਜਿਸ ਤੋਂ ਮਗਰੋਂ ਉਸ ਨੇ ਅਚਾਨਕ ਇਹ ਵੇਖਿਆ ਸੀ ਕਿ ਉਹ ਇਕ ਸੱਪ ਹੈ, ਜੋ ਦੌੜ[3] ਰਿਹਾ ਹੈ ।੨੧।

قَالَ خُذْهَا وَلَا تَخَفْ ۖ سَنُعِيْدُهَا سِيْرَتَهَا الْاُوْلٰى ﴿٢١﴾

ਇਸ ਤੇ ਉਸ (ਪ੍ਰਭੂ) ਨੇ ਇਹ ਕਿਹਾ ਸੀ ਕਿ ਇਸ ਨੂੰ ਫੜ ਲੈ ਅਤੇ ਕੋਈ ਸਹਿਮ ਨਾ ਕਰ । ਅਸੀਂ ਇਸ ਨੂੰ ਫੇਰ ਇਸ ਦੀ ਪਹਿਲੀ ਹਾਲਤ ਵਿਚ ਹੀ ਪਰਤਾ ਦਿਆਂਗੇ ।੨੨।

---

[1] ਤੇ [2]ਇਸ ਥਾਂ ਪੜਨਾਂਵ ਦੀ ਥਾਂ ਨਾਂਵ ਦੀ ਵਰਤੋਂ ਕੀਤੀ ਗਈ ਹੈ ।

[3]ਵਿਸਥਾਰ ਲਈ ਵੇਖੋ ਤਫ਼ਸੀਰਿ ਕਬੀਰ ਸੂਰਤ ਤੁਆਹਾ, ਸੂਰਤ ਇਅਰਾਫ਼ ਆਇਤ ੧੧੮ ਤੇ ਸੂਰਤ ਨਮਲ ਆਇਤ ੧੧ ।

وَاضْمُمْ يَدَكَ اِلٰى جَنَاحِكَ تَخْرُجْ بَيْضَآءَ مِنْ غَيْرِ سُوْٓءٍ اٰيَةً اُخْرٰى ﴿٢٢﴾

ਅਤੇ ਆਪਣੇ ਹੱਥ ਨੂੰ ਆਪਣੀ ਕੱਛ ਵਿਚ ਘੁੱਟ ਲੈ। ਜਦ ਤੂੰ ਉਸ ਨੂੰ (ਬਾਹਰ) ਕੱਢੇਂਗਾ, ਤਾਂ ਉਹ ਬਿਨਾਂ ਕਿਸੇ ਰੋਗ ਦੇ[1] ਚਿੱਟਾ-ਦੁੱਧ ਹੋ ਜਾਏਗਾ। ਇਹ ਇਕ ਹੋਰ ਚਮਤਕਾਰ ਹੋਵੇਗਾ ।੨੩।

لِنُرِيَكَ مِنْ اٰيٰتِنَا الْكُبْرَى ﴿٢٣﴾

(ਅਤੇ ਅਸੀਂ ਇਹ ਇਸ ਲਈ ਕਰਾਂਗੇ ਕਿ) ਇਸ ਦੇ ਸਿੱਟੇ ਵਿਚ ਅਸੀਂ ਤੈਨੂੰ ਆਪਣੇ ਵੱਡੇ ਵੱਡੇ ਚਮਤਕਾਰ ਦੱਸ ਸਕੀਏ ।੨੪।

اِذْهَبْ اِلٰى فِرْعَوْنَ اِنَّهٗ طَغٰى ﴿٢٤﴾

ਤੂੰ ਹੁਣ "ਫ਼ਿਰਾਊਨ" ਵੱਲ ਜਾ। ਉਸ ਨੇ ਬਗ਼ਾਵਤ ਕੀਤੀ ਹੋਈ ਹੈ ।੨੫। (ਰਕੂਅ ੧)

قَالَ رَبِّ اشْرَحْ لِىْ صَدْرِىْ ﴿٢٥﴾

ਇਸ ਤੇ (ਮੂਸਾ[2] ਨੇ) ਇਹ ਕਿਹਾ ਸੀ ਕਿ ਹੇ ਮੇਰੇ ਸਾਜਨਹਾਰ ਤੇ ਪਾਲਨਹਾਰ ! ਮੇਰਾ ਹਿਰਦਾ ਵਿਸ਼ਾਲ ਕਰ ਦੇ ।੨੬।

وَيَسِّرْ لِىْٓ اَمْرِىْ ﴿٢٦﴾

ਅਤੇ ਜੋ ਫ਼ਰਜ਼ ਮੇਰੇ ਜ਼ਿੰਮੇ ਲਾਇਆ ਗਿਆ ਹੈ, ਉਸ ਨੂੰ ਪੂਰਾ ਕਰਨਾ ਮੇਰੇ ਲਈ ਸੌਖਾ ਕਰ ਦੇ ।੨੭।

وَاحْلُلْ عُقْدَةً مِّنْ لِّسَانِىْ ﴿٢٧﴾

(ਅਰਥਾਤ) ਜੋ ਮੇਰੀ ਜ਼ਬਾਨ ਵਿਚ ਕੋਈ ਗੰਢ ਹੈ, ਤਾਂ ਉਸ ਨੂੰ ਵੀ ਖੋਲ੍ਹ ਦੇ ।੨੮।

يَفْقَهُوْا قَوْلِىْ ﴿٢٨﴾

(ਤਾਂ ਜੁ) ਓਹ ਲੋਕ ਮੇਰੀ ਗਲ ਨੂੰ ਸੌਖੀ ਤਰ੍ਹਾਂ ਸਮਝ ਸਕਣ ।੨੯।

وَاجْعَلْ لِّىْ وَزِيْرًا مِّنْ اَهْلِىْ ﴿٢٩﴾

ਅਤੇ ਮੇਰੇ ਪਰਵਾਰ ਵਿੱਚੋਂ ਮੇਰਾ ਇਕ ਵਜ਼ੀਰ ਬਣਾ ਦੇ ।੩੦।

هٰرُوْنَ اَخِى ﴿٣٠﴾

(ਅਰਥਾਤ) "ਹਾਰੂਨ" ਨੂੰ ਜੋ ਮੇਰਾ ਭਰਾ ਹੈ ।੩੧।

اشْدُدْ بِهٖٓ اَزْرِىْ ﴿٣١﴾

ਉਸ ਰਾਹੀਂ ਮੇਰਾ ਬਲ ਵਧਾ ।੩੨।

---

[1] ਮੂਸਾ ਦੀ ਪੁਸਤਕ ਤੋਰੈਤ ਹੈ, ਪਰ ਉਸ ਨੇ ਇਹ ਜ਼ੁਲਮ ਕਮਾਇਆ ਹੈ ਕਿ ਹੱਥ ਦੀ ਚਿਟਿਆਈ ਨੂੰ ਕੋੜ੍ਹ ਪਰਗਟ ਕੀਤਾ ਹੈ। (ਵੇਖੋ ਖ਼ਰੂਜ ਬਾਬ ੪ ਆਇਤ ੭), ਪਰ ਕੁਰਾਨ ਸਰੀਫ਼ ਜੋ ਤੌਰੈਤ ਦੇ ਟਾਕਰੇ ਦੀ ਪੁਸਤਕ ਹੈ ਤੇ ਇਸਮਾਈਲ ਕੁਲ ਦੇ ਇਕ ਬੰਦੇ ਉੱਤੇ ਉਤਰੀ ਹੈ, ਉਹ ਮੂਸਾ ਤੋਂ ਇਹ ਊਜ ਦੂਰ ਕਰਦੀ ਹੈ ਤੇ ਇਹ ਕਹਿੰਦੀ ਹੈ ਕਿ ਮੂਸਾ ਦਾ ਹੱਥ ਚਿੱਟਾ ਤਾਂ ਹੋ ਗਿਆ ਸੀ, ਪਰ ਉਹ ਚਿਟਿਆਈ ਕਿਸੇ ਰੋਗ ਦਾ ਸਿੱਟਾ ਨਹੀਂ ਸੀ। ਯਹੂਦੀਆਂ ਤੇ ਈਸਾਈਆਂ ਨੂੰ ਇਹ ਵਿਲੱਖਣਤਾ ਤੇ ਭੇਦਤਾ ਵੇਖ ਕੇ ਆਪਣੀ ਮਲੀਨਤਾ ਤੇ ਕੁਚੀਲਤਾ ਨੂੰ ਵੇਖ ਕੇ ਲੱਜਾ ਕਰਨੀ ਚਾਹੀਦੀ ਹੈ।

وَاَشْرِكْهُ فِيْٓ اَمْرِيْ ﴿٣٢﴾

ਅਤੇ ਉਸ ਨੂੰ ਮੇਰੇ ਕਾਰਜ ਵਿਚ ਮੇਰਾ ਸਾਥੀ ਬਣਾ ।੩੩।

كَيْ نُسَبِّحَكَ كَثِيْرًا ﴿٣٣﴾

ਤਾਂ ਜੁ ਅਸੀਂ (ਦੋਵੇਂ ਹੀ) ਤੇਰੀ ਬਹੁਤ ਪਵਿੱਤਰਤਾ ਵਰਣਨ ਕਰ ਸਕੀਏ ।੩੪।

وَّنَذْكُرَكَ كَثِيْرًا ﴿٣٤﴾

ਅਤੇ ਅਸੀਂ ਤੇਰਾ ਵਧੇਰੇ ਸਿਮਰਨ ਕਰ ਸਕੀਏ ।੩੫।

اِنَّكَ كُنْتَ بِنَا بَصِيْرًا ﴿٣٥﴾

ਬੇਸ਼ੱਕ ਤੂੰ ਸਾਡਾ ਵੇਖਣਹਾਰ ਹੈਂ ।੩੬।

قَالَ قَدْ اُوْتِيْتَ سُؤْلَكَ يٰمُوْسٰى ﴿٣٦﴾

(ਅੱਲਾਹ ਨੇ) ਇਹ ਫ਼ਰਮਾਇਆ ਸੀ ਕਿ ਹੇ "ਮੂਸਾ"! ਅਸੀਂ ਤੈਨੂੰ ਤੇਰੀ ਮੂੰਹ ਮੰਗੀ ਮੁਰਾਦ ਦਿੰਦੇ ਹਾਂ ।੩੭।

وَلَقَدْ مَنَنَّا عَلَيْكَ مَرَّةً اُخْرٰٓى ﴿٣٧﴾

ਅਤੇ ਅਸੀਂ (ਇਸ ਤੋਂ ਪਹਿਲਾਂ ਵੀ) ਇਕ ਵਾਰ ਤੇਰੇ ਉੱਤੇ ਉਪਕਾਰ ਕਰ ਚੁੱਕੇ ਹਾਂ ।੩੮।

اِذْ اَوْحَيْنَآ اِلٰٓى اُمِّكَ مَا يُوْحٰٓى ﴿٣٨﴾

ਜਦ ਅਸੀਂ ਤੇਰੀ ਮਾਤਾ ਵਲ ਅਕਾਸ਼ ਬਾਣੀ ਦੁਆਰਾ ਉਹ ਸਭ ਕੁਝ[1] ਉਤਾਰ ਦਿੱਤਾ ਸੀ, ਜੋ (ਅਜੇਹੇ ਸਮਿਆਂ ਲਈ) ਉਤਾਰਨਾ ਜ਼ਰੂਰੀ ਹੁੰਦਾ ਹੈ ।੩੯।

اَنِ اقْذِفِيْهِ فِي التَّابُوْتِ
فَاقْذِفِيْهِ فِي الْيَمِّ فَلْيُلْقِهِ الْيَمُّ بِالسَّاحِلِ
يَاْخُذْهُ عَدُوٌّ لِّيْ وَ عَدُوٌّ لَّهٗ ؕ وَ

(ਜਿਸ ਦਾ ਵਿਸਥਾਰ ਇਹ ਹੈ ਕਿ) ਉਸ ("ਮੂਸਾ") ਨੂੰ ਇਕ ਸੰਦੂਕ ਵਿਚ ਰੱਖ ਕੇ ਦਰਯਾ ਵਿਚ ਸੁੱਟ ਦੇ। ਫੇਰ (ਇਸ ਦੇ ਮਗਰੋਂ ਇਹ ਹੋਇਆ ਸੀ ਕਿ) ਦਰਯਾ ਨੇ ਸਾਡੇ ਹੁਕਮ ਨਾਲ ਉਸ (ਸੰਦੂਕ) ਨੂੰ ਕੰਢੇ ਤੇ ਲਾ ਦਿੱਤਾ ਸੀ ਅਤੇ ਉਸ ਨੂੰ ਉਹ ਪ੍ਰਾਣੀ ਲੈ ਗਿਆ ਸੀ, ਜੋ ਮੇਰਾ ਵੀ ਤੇ ਉਸ ("ਮੂਸਾ") ਦਾ ਵੀ ਵੈਰੀ[2]

---

[1]ਯੂਰਪੀਅਨ ਵਿਦਵਾਨ ਇਹ ਇਤਰਾਜ਼ ਕਰਦੇ ਹਨ ਕਿ ਬਾਈਬਲ ਦੇ ਵਿਸਥਾਰ ਪੂਰਬਕ ਹਾਲਾਤ ਹਜ਼ਰਤ "ਮੁਹੰਮਦ" ਸਾਹਿਬ ਨੇ "ਮਦੀਨੇ" ਜਾ ਕੇ ਯਹੂਦੀਆਂ ਤੋਂ ਸੁਣੇ ਸਨ ਅਤੇ ਫੇਰ ਓਹਨਾਂ ਨੂੰ ਕੁਰਾਨ ਸ਼ਰੀਫ਼ ਵਿਚ ਵਰਣਨ ਕਰ ਦਿੱਤਾ ਸੀ; ਹਾਲਾਂਕਿ ਹਜ਼ਰਤ "ਈਸਾ" ਦਾ ਵਿਸਥਾਰ ਪੂਰਬਕ ਵਰਣਨ ਸੂਰਤ ਮਰੀਅਮ ਵਿਚ ਕੀਤਾ ਗਿਆ ਹੈ ਅਤੇ ਹਜ਼ਰਤ "ਮੂਸਾ" ਦਾ ਵਿਸਥਾਰ ਪੂਰਬਕ ਵਰਣਨ ਸੂਰਤ ਤੁਆਹਾ ਵਿਚ ਹੈ ਅਤੇ ਇਹ ਦੋਵੇਂ ਸੂਰਤਾਂ ਹਿਜਰਤ ਤੋਂ ਪਹਿਲਾਂ ਦੇ ਅੰਤਭਕ ਸਮੇਂ ਦੀਆਂ ਹਨ। (ਬੁਖ਼ਾਰੀ)

ਸੋ ਇਹ ਇਤਰਾਜ਼ ਨਿਰਮੂਲ ਹੈ ਕਿ "ਮਦੀਨੇ" ਦੇ ਯਹੂਦੀਆਂ ਤੋਂ ਸੁਣ ਕੇ ਆਪ ਨੇ ਇਹ ਹਾਲ ਵਰਣਨ ਕੀਤੇ ਹਨ; ਸਗੋਂ ਯਹੂਦੀਆਂ ਨੂੰ ਮਿਲਣ ਤੋਂ ਬਹੁਤ ਚਿਰ ਪਹਿਲਾਂ ਅੱਲਾਹ ਨੇ ਆਪ ਨੂੰ ਏਹਨਾਂ ਸਾਰੀਆਂ ਘਟਨਾਵਾਂ ਤੋਂ ਜਾਣੂੰ ਕਰਾ ਦਿੱਤਾ ਸੀ।

[2]ਕੁਰਾਨ ਸ਼ਰੀਫ਼ ਵਿਚ "ਅਦੁੱਵ" ਪਦ ਦੋ ਥਾਈਂ ਵਰਤਿਆ ਗਿਆ ਹੈ। ਸਾਡੀ ਬੋਲੀ ਵਿਚ ਇੱਕੋ ਹੀ ਕਾਫ਼ੀ ਹੁੰਦਾ ਹੈ; ਇਸ ਲਈ ਅਸੀਂ ਪਹਿਲੀ ਥਾਂ ਅਰਥ ਨਹੀਂ ਕੀਤਾ; ਦੂਜੀ ਥਾਂ ਕਰ ਦਿੱਤਾ ਹੈ।

اَلْقَيْتُ عَلَيْكَ مَحَبَّةً مِّنِّيْ ۚ وَلِتُصْنَعَ عَلٰى عَيْنِيْ ﴿٣٩﴾

ਸੀ ਅਤੇ ਤੇਰੇ ਉੱਤੇ ਮੈਂ ਆਪਣੇ ਵੱਲੋਂ ਪ੍ਰੇਮ ਉਤਾਰਿਆ ਸੀ, (ਅਰਥਾਤ ਤੇਰੇ ਲਈ ਲੋਕਾਂ ਦੇ ਦਿਲਾਂ ਵਿਚ ਪ੍ਰੇਮ ਭਰ ਦਿੱਤਾ ਸੀ।) ਇਸ ਦਾ ਸਿੱਟਾ ਇਹ ਹੋਇਆ ਸੀ ਕਿ ਤੂੰ ਸਾਡੀਆਂ ਅੱਖਾਂ ਸਾਮ੍ਹਣੇ ਪਾਲਿਆ-ਪੋਸਿਆ[1] ਗਿਆ ਸੀ ।੪੦।

اِذْ تَمْشِيْٓ اُخْتُكَ فَتَقُوْلُ هَلْ اَدُلُّكُمْ عَلٰى مَنْ يَّكْفُلُهٗ ۚ فَرَجَعْنٰكَ اِلٰٓى اُمِّكَ كَيْ تَقَرَّ عَيْنُهَا وَلَا تَحْزَنَ ۚ وَ قَتَلْتَ نَفْسًا فَنَجَّيْنٰكَ مِنَ الْغَمِّ وَ فَتَنّٰكَ فُتُوْنًا ۚ فَلَبِثْتَ سِنِيْنَ فِيْٓ اَهْلِ مَدْيَنَ ۙ ثُمَّ جِئْتَ عَلٰى قَدَرٍ يّٰمُوْسٰى ﴿٤٠﴾

(ਇਹ ਉਸ ਸਮੇਂ ਹੋਇਆ ਸੀ) ਜਦ ਕਿ ਤੇਰੀ ਭੈਣ (ਨਾਲ ਨਾਲ ਤੁਰੀ) ਜਾਂਦੀ ਸੀ ਤੇ ਇਹ ਕਹਿੰਦੀ ਜਾਂਦੀ ਸੀ ਕਿ ਹੇ ਲੋਕੋ ! ਮੈਂ ਤੁਹਾਨੂੰ ਉਸ ਤੀਵੀਂ ਦਾ ਪਤਾ ਦਿਆਂ, ਜੋ ਇਸ ਦੀ ਪਾਲਣਾ ਕਰ ਸਕਦੀ ਹੈ ? ਅਤੇ ਇਸ ਢੰਗ ਨਾਲ ਅਸੀਂ ਤੈਨੂੰ ਤੇਰੀ ਮਾਤਾ ਵੱਲ ਪਰਤਾ ਦਿੱਤਾ ਸੀ; ਤਾਂ ਜੁ ਉਸ ਦੀਆਂ ਅੱਖਾਂ ਠੰਢੀਆਂ ਹੋਣ ਤੇ ਉਹ ਚਿੰਤਾਤੁਰ ਨਾ ਹੋ ਸਕੇ ਅਤੇ (ਹੇ "ਮੂਸਾ"!) ਤੂੰ ਇਕ ਬੰਦੇ ਨੂੰ ਕਤਲ ਕਰ ਦਿੱਤਾ ਸੀ। ਫੇਰ ਅਸੀਂ ਤੈਨੂੰ ਉਸ ਚਿੰਤਾ ਤੋਂ ਬਚਾ ਲਿਆ ਸੀ, ਅਰਥਾਤ ਅਸੀਂ ਕਈ ਇਮਤਿਹਾਨਾਂ ਰਾਹੀਂ ਤੇਰੀ ਚੰਗੀ ਤਰ੍ਹਾਂ ਪਰਖ ਕੀਤੀ ਸੀ। (ਇਸ ਦੇ ਮਗਰੋਂ) ਤੂੰ ਕਈ ਵਰ੍ਹੇ "ਮਦਯਨ" ਦੇ ਲੋਕਾਂ ਵਿਚ ਰਿਹਾ ਸੀ। ਫੇਰ ਹੇ "ਮੂਸਾ"! (ਹੁੰਦਿਆਂ ਹੁੰਦਿਆਂ) ਤੂੰ ਉਸ ਅਵਸਥਾ ਨੂੰ ਪੁੱਜ ਗਿਆ ਸੀ, ਜੋ ਸਾਡੇ ਕੰਮ ਦੇ ਯੋਗ ਹੁੰਦੀ ਹੈ ।੪੧।

وَاصْطَنَعْتُكَ لِنَفْسِيْ ﴿٤١﴾

ਅਤੇ ਮੈਂ ਤੈਨੂੰ ਕੇਵਲ ਆਪਣੇ ਵਾਸਤੇ (ਆਤਮਕ ਉੱਨਤੀ ਦੇਂਦਿਆਂ ਦੇਂਦਿਆਂ) ਤਿਆਰ ਕੀਤਾ ਸੀ ।੪੨।

اِذْهَبْ اَنْتَ وَ اَخُوْكَ بِاٰيٰتِيْ وَلَا تَنِيَا فِيْ ذِكْرِيْ ﴿٤٢﴾

(ਸੋ ਜਦ ਤੂੰ ਉਸ ਅਵਸਥਾ ਨੂੰ ਪੁੱਜ ਗਿਆ ਸੀ, ਤਾਂ ਮੈਂ ਤੈਨੂੰ ਇਹ ਕਿਹਾ ਸੀ ਕਿ) ਤੂੰ ਤੇ ਤੇਰਾ ਭਰਾ ਮੇਰੇ ਚਮਤਕਾਰ ਲੈ ਕੇ ਜਾਓ ਅਤੇ ਮੇਰੇ ਸਿਮਰਨ ਵਿਚ ਕੋਈ ਢਿਲ ਨਾ ਕਰਨਾ ।੪੩।

[1]ਅਰਥਾਤ—ਸਾਡੀ ਦੇਖ-ਭਾਲ ਵਿਚ ।

اِذْهَبَآ اِلٰى فِرْعَوْنَ اِنَّهٗ طَغٰى ﴿٤٣﴾

ਤੁਸੀਂ ਦੋਵੇਂ ਹੀ "ਫ਼ਿਰਾਊਨ" ਵੱਲ ਜਾਓ । ਉਸ ਨੇ ਮੇਰੀ ਬਗ਼ਾਵਤ ਕੀਤੀ ਹੋਈ ਹੈ ।੪੪।

فَقُوْلَا لَهٗ قَوْلًا لَّيِّنًا لَّعَلَّهٗ يَتَذَكَّرُ اَوْ يَخْشٰى ﴿٤٤﴾

ਅਤੇ[1] ਤੁਸੀਂ ਦੋਵੇਂ ਹੀ ਉਸ ਨਾਲ ਨਿਮਰਤਾ ਭਰਪੂਰ ਗੱਲਾਂ ਕਰਨਾ; ਤਾਂ ਜੁ ਉਹ ਸਮਝ ਜਾਏ, ਜਾਂ ਸਾਥੋਂ ਡਰਨ ਲਗ ਪਏ ।੪੫।

قَالَا رَبَّنَآ اِنَّنَا نَخَافُ اَنْ يَّفْرُطَ عَلَيْنَآ اَوْ اَنْ يَّطْغٰى ﴿٤٥﴾

ਓਹਨਾਂ ਦੋਹਾਂ ਨੇ ਇਹ ਕਿਹਾ ਸੀ ਕਿ ਹੇ ਸਾਡੇ ਸਾਜਨਹਾਰ ਤੇ ਪਾਲਨਹਾਰ ! ਸਾਨੂੰ ਵੱਡਾ ਸਹਿਮ ਹੈ ਕਿ ਉਹ ਸਾਡੇ ਉੱਤੇ ਕੋਈ ਵਧੀਕੀ ਨਾ ਕਰੇ ਜਾਂ ਸਾਡੇ ਉੱਤੇ ਹੱਦੋਂ ਵੱਧ ਕੇ ਧੱਕਾ ਨਾ ਕਰੇ ।੪੬।

قَالَ لَا تَخَافَآ اِنَّنِيْ مَعَكُمَآ اَسْمَعُ وَاَرٰى ﴿٤٦﴾

(ਅੱਲਾਹ ਨੇ) ਇਹ ਫ਼ਰਮਾਇਆ ਸੀ ਕਿ ਤੁਸੀਂ ਦੋਵੇਂ ਉੱਕਾ ਹੀ ਸਹਿਮ ਨਾ ਕਰੋ । ਮੈਂ ਤੁਹਾਡੇ ਅੰਗ-ਸੰਗ ਹਾਂ । ਮੈਂ (ਤੁਹਾਡੀਆਂ ਅਰਦਾਸਾਂ ਦਾ ਵੀ) ਸੁਣਨਹਾਰ ਹਾਂ ਤੇ (ਤੁਹਾਡੇ ਹਾਲ-ਚਾਲ ਦਾ ਵੀ) ਵੇਖਣਹਾਰ ਹਾਂ ।੪੭।

فَاْتِيٰهُ فَقُوْلَآ اِنَّا رَسُوْلَا رَبِّكَ فَاَرْسِلْ مَعَنَا بَنِيْٓ اِسْرَآءِيْلَ ۡ وَلَا تُعَذِّبْهُمْ ۡ قَدْ جِئْنٰكَ بِاٰيَةٍ مِّنْ رَّبِّكَ ۡ وَالسَّلٰمُ عَلٰى مَنِ اتَّبَعَ الْهُدٰى ﴿٤٧﴾

ਬਸ, ਤੁਸੀਂ ਦੋਵੇਂ ਹੀ ਉਸ ਵੱਲ ਜਾਓ ਤੇ ਉਸ ਨੂੰ ਇਹ ਕਹੋ ਕਿ ਅਸੀਂ ਦੋਵੇਂ ਹੀ ਤੇਰੇ ਸਾਜਨਹਾਰ ਤੇ ਪਾਲਨਹਾਰ ਦੇ ਰਸੂਲ ਹਾਂ । ਸੋ ਤੂੰ ਸਾਡੇ ਨਾਲ ਇਸਰਾਈਲ ਕੁਲ ਦੇ ਸਾਰੇ ਲੋਕਾਂ ਨੂੰ ਭੇਜਦੇ, ਅਰਥਾਤ ਓਹਨਾਂ ਨੂੰ ਕੋਈ ਦੁੱਖ ਨਾ ਦੇ । ਅਸੀਂ ਤੇਰੇ ਵੱਲ ਤੇਰੇ ਸਾਜਨਹਾਰ ਤੇ ਪਾਲਨਹਾਰ ਵੱਲੋਂ ਇਕ ਵੱਡਾ ਚਮਤਕਾਰ ਲੈ ਕੇ ਆਏ ਹਾਂ । (ਤੇ ਤੈਨੂੰ ਇਹ ਦੱਸਦੇ ਹਾਂ ਕਿ) ਜੋ (ਪ੍ਰਾਣੀ ਸਾਡੇ ਲਿਆਂਦੇ ਹੋਏ) ਸੁਮਾਰਗ ਵੱਲ ਲੱਗੇਗਾ, (ਪ੍ਰਭੂ ਵੱਲੋਂ) ਉਸ ਤੇ ਸਲਾਮਤੀ ਹੋਵੇਗੀ ।੪੮।

اِنَّا قَدْ اُوْحِيَ اِلَيْنَآ اَنَّ الْعَذَابَ عَلٰى مَنْ كَذَّبَ وَتَوَلّٰى ﴿٤٨﴾

ਸਾਡੇ ਉੱਤੇ ਇਹ ਅਕਾਸ਼ ਬਾਣੀ ਉਤਾਰੀ ਗਈ ਹੈ ਕਿ ਜਿਹੜਾ ਵੀ ਪ੍ਰਾਣੀ (ਅੱਲਾਹ ਦੇ ਚਮਤਕਾਰਾਂ ਦੀ) ਨਿੰਦਾ ਕਰੇਗਾ ਅਤੇ ਬੇਮੁਖ ਹੋ ਜਾਏਗਾ, ਉਸ ਨੂੰ ਵੱਡਾ ਕਸ਼ਟ ਪੁੱਜੇਗਾ ।੪੯।

---

[1]ਅਸੀਂ ਇਹ ਗੱਲ ਕਈ ਵਾਰ ਪਰਗਟ ਕਰ ਚੁੱਕੇ ਹਾਂ ਕਿ ਅਰਬੀ ਭਾਸ਼ਾ ਵਿਚ "ਫ਼ਾ" ਕੇਵਲ "ਅਤਫ਼" ਲਈ ਵੀ ਆਉਂਦਾ ਹੈ ।

قَالَ فَمَنْ رَّبُّكُمَا يٰمُوْسٰى ﴿٥٠﴾

(ਇਸ ਤੇ "ਫ਼ਿਰਾਊਨ" ਨੇ) ਇਹ ਕਿਹਾ ਸੀ ਕਿ ਹੇ "ਮੂਸਾ"! ਤੁਹਾਡਾ ਦੋਹਾਂ ਦਾ ਸਾਜਨਹਾਰ ਤੇ ਪਾਲਨਹਾਰ ਕੌਣ ਹੈ ? ।੫੦।

قَالَ رَبُّنَا الَّذِيْٓ اَعْطٰى كُلَّ شَيْءٍ خَلْقَهٗ ثُمَّ هَدٰى ﴿٥١﴾

("ਮੂਸਾ" ਨੇ) ਇਹ ਕਿਹਾ ਸੀ ਕਿ ਸਾਡਾ ਸਾਜਨਹਾਰ ਤੇ ਪਾਲਨਹਾਰ ਉਹ ਹੈ, ਜਿਸ ਨੇ ਹਰੇਕ ਚੀਜ਼ ਨੂੰ (ਉਸ ਦੀ ਲੋੜ ਅਨੁਸਾਰ) ਅੰਗ ਦਿੱਤੇ ਹਨ ਤੇ ਫੇਰ ਓਹਨਾਂ (ਅੰਗਾਂ) ਤੋਂ ਕੰਮ ਲੈਣ ਦਾ ਢੰਗ ਵੀ ਸਿਖਾਇਆ ਹੈ ।੫੧।

قَالَ فَمَا بَالُ الْقُرُوْنِ الْاُوْلٰى ﴿٥٢﴾

("ਫ਼ਿਰਾਊਨ" ਨੇ) ਇਹ ਕਿਹਾ ਸੀ ਕਿ (ਜੇ ਇਹ ਗੱਲ ਠੀਕ ਹੈ), ਤਾਂ ਪਹਿਲੇ ਲੋਕਾਂ ਦਾ ਕੀ ਹਾਲ ਸੀ ? (ਓਹ ਤਾਂ ਏਹਨਾਂ ਗੱਲਾਂ ਨੂੰ ਨਹੀਂ ਮੰਨਦੇ ਸਨ ? ਓਹਨਾਂ ਨਾਲ ਕੀ ਵਰਤਾਉ ਕੀਤਾ ਜਾਏਗਾ ?) ।੫੨।

قَالَ عِلْمُهَا عِنْدَ رَبِّيْ فِيْ كِتٰبٍ ۚ لَا يَضِلُّ رَبِّيْ وَ لَا يَنْسَى ﴿٥٣﴾

("ਮੂਸਾ" ਨੇ) ਇਹ ਕਿਹਾ ਸੀ ਕਿ ਓਹਨਾਂ (ਪਹਿਲੇ ਲੋਕਾਂ) ਦਾ ਗਿਆਨ ਤਾਂ ਮੇਰੇ ਸਾਜਨਹਾਰ ਤੇ ਪਾਲਨਹਾਰ ਨੂੰ ਹੀ ਹੈ। (ਓਹਨਾਂ ਸਾਰਿਆਂ ਦਾ ਹਾਲ ਉਸ ਦੀ) ਪੁਸਤਕ ਵਿਚ ਵਿਦਮਾਨ (ਹੈ)। ਮੇਰਾ ਸਾਜਨਹਾਰ ਤੇ ਪਾਲਨਹਾਰ ਨਾ ਤਾਂ ਭਟਕਣ-ਹਾਰ ਹੈ ਤੇ ਨਾ ਭੁਲਣਹਾਰ ਹੈ ।੫੩।

الَّذِيْ جَعَلَ لَكُمُ الْاَرْضَ مَهْدًا وَّ سَلَكَ لَكُمْ فِيْهَا سُبُلًا وَّ اَنْزَلَ مِنَ السَّمَآءِ مَآءً ۭ فَاَخْرَجْنَا بِهٖٓ اَزْوَاجًا مِّنْ نَّبَاتٍ شَتّٰى ﴿٥٤﴾

(ਉਹ ਹੈ), ਜਿਸ ਨੇ ਤੁਹਾਡੇ ਵਾਸਤੇ ਇਸ ਧਰਤੀ ਦੀ ਵਿਛਾਈ ਬਣਾਈ ਹੈ ਅਤੇ ਇਸ ਵਿਚ ਤੁਹਾਡੇ ਵਾਸਤੇ ਕਈ ਰਾਹ ਵੀ ਬਣਾਏ ਹਨ, ਅਰਥਾਤ ਬੱਦਲਾਂ ਤੋਂ ਮੀਂਹ ਵਰ੍ਹਾਇਆ ਹੈ। ਸੋ (ਤੂੰ ਓਹਨਾਂ ਨੂੰ ਇਹ ਵੀ ਕਹਿ ਦੇ ਕਿ) ਅਸੀਂ ਉਸ ਪਾਣੀ ਦੁਆਰਾ ਅੱਡ ਅੱਡ ਕਿਸਮ ਦੀਆਂ ਬਨਾਸਪਤੀਆਂ ਦੇ ਜੋੜੇ ਵੀ ਸਾਜੇ ਹਨ ।੫੪।

كُلُوْا وَارْعَوْا اَنْعَامَكُمْ ۭ اِنَّ فِيْ ذٰلِكَ لَاٰيٰتٍ لِّاُولِي النُّهٰى ﴿٥٥﴾ ع ١١

(ਸੋ) ਤੁਸੀਂ ਖਾਓ, (ਪੀਓ) ਤੇ ਆਪਣੇ ਪਸ਼ੂਆਂ ਨੂੰ ਵੀ ਚੁਗਾਓ। ਬੇਸ਼ੱਕ ਇਸ ਵਿਚ ਬੁਧੀਵਾਨਾਂ ਲਈ ਵੱਡੇ ਚਮਤਕਾਰ ਹਨ ।੫੫। (ਰਕੂਅ ੨)

مِنْهَا خَلَقْنٰكُمْ وَفِيْهَا نُعِيْدُكُمْ وَمِنْهَا نُخْرِجُكُمْ تَارَةً اُخْرٰى ﴿٥٥﴾

ਅਤੇ ਅਸੀਂ ਇਸੇ (ਧਰਤੀ) ਵਿੱਚੋਂ ਹੀ ਤੁਹਾਨੂੰ ਸਾਜਿਆ ਹੈ ਅਤੇ ਇਸੇ ਵਿਚ ਹੀ ਤੁਹਾਨੂੰ ਮੁੜ ਪਰਤਾ ਦਿਆਂਗੇ,ਅਰਥਾਤ ਮੁੜ ਤੁਹਾਨੂੰ ਇਸੇ ਵਿੱਚੋਂ ਹੀ ਦੂਜੀ ਵਾਰ ਕੱਢਿਆ ਜਾਏਗਾ ।੫੬।

وَلَقَدْ اَرَيْنٰهُ اٰيٰتِنَا كُلَّهَا فَكَذَّبَ وَاَبٰى ﴿٥٦﴾

ਅਤੇ ਅਸੀਂ ਉਸ ("ਫ਼ਿਰਾਊਨ") ਨੂੰ ਆਪਣੇ ਹਰੇਕ ਪ੍ਰਕਾਰ ਦੇ ਚਮਤਕਾਰ ਦੱਸੇ ਸਨ, ਪਰ (ਇਸ ਦੇ ਹੁੰਦਿਆਂ ਵੀ) ਉਹ ਨਿੰਦਾ ਕਰਨ ਤੇ ਹੀ ਡਟਿਆ ਰਿਹਾ ਸੀ ਤੇ ਇਨਕਾਰ ਹੀ ਕਰਦਾ ਚਲਾ ਗਿਆ ਸੀ ।੫੭।

قَالَ اَجِئْتَنَا لِتُخْرِجَنَا مِنْ اَرْضِنَا بِسِحْرِكَ يٰمُوْسٰى ﴿٥٧﴾

ਅਰਥਾਤ ਉਹ ਇਹ ਕਹਿੰਦਾ ਰਹਿੰਦਾ ਸੀ ਕਿ (ਹੇ "ਮੂਸਾ"!) ਕੀ ਤੂੰ ਇਸ ਲਈ ਸਾਡੇ ਵੱਲ ਆਇਆ ਹੈਂ ਕਿ ਆਪਣੇ ਚਲਿੱਤਰਾਂ ਨਾਲ ਸਾਨੂੰ ਦੇਸ-ਨਿਕਾਲਾ ਦੇ ਦੇਵੇਂ ।੫੮।

فَلَنَاْتِيَنَّكَ بِسِحْرٍ مِّثْلِهٖ فَاجْعَلْ بَيْنَنَا وَبَيْنَكَ مَوْعِدًا لَّا نُخْلِفُهٗ نَحْنُ وَلَاۤ اَنْتَ مَكَانًا سُوًى ﴿٥٨﴾

(ਜੇ ਇਹ ਗੱਲ ਹੈ), ਤਾਂ ਫੇਰ ਅਸੀਂ ਵੀ ਤੇਰੇ ਟਾਕਰੇ ਲਈ ਉਸੇ ਤਰ੍ਹਾਂ ਦੇ ਚਲਿੱਤਰ ਕਰਾਂਗੇ । ਸੋ ਸਾਡੇ ਵਿਚਾਲੇ ਤੇ ਆਪਣੇ ਵਿਚਾਲੇ ਇਕ (ਸਮਾਂ ਤੇ) ਅਸਥਾਨ ਨੀਅਤ ਕਰ ਲੈ । ਨਾ ਉਸ ਤੋਂ ਅਸੀਂ ਪਿੱਛੇ ਹਟੀਏ ਤੇ ਨਾ ਤੂੰ ਪਿੱਛੇ ਹਟੀਂ । ਉਹ (ਇਕਅਜਿਹਾ) ਅਸਥਾਨ (ਹੋਵੇ, ਜੋ) ਸਾਡੇ ਤੇ ਤੁਹਾਡੇ ਵਿਚਾਲੇ ਬਰਾਬਰਤਾ ਵਾਲਾ ਹੋਵੇ ।੫੯।

قَالَ مَوْعِدُكُمْ يَوْمُ الزِّيْنَةِ وَاَنْ يُّحْشَرَ النَّاسُ ضُحًى ﴿٥٩﴾

(ਇਸ ਤੇ "ਮੂਸਾ" ਨੇ) ਇਹ ਕਿਹਾ ਸੀ ਕਿ ਤੁਹਾਡੇ (ਤੇ ਸਾਡੇ) ਇਕੱਠੇ ਹੋਣ ਦਾ ਦਿਨ (ਤੁਹਾਡੀ) ਈਦ ਦਾ ਦਿਹਾੜਾ ਹੋਵੇ ਅਤੇ ਦਿਨ ਚੜ੍ਹਦੇ ਹੀ ਸਾਰੇ ਲੋਕਾਂ ਨੂੰ ਇਕੱਤਰ ਕਰ ਲਿਆ ਜਾਏ ।੬੦।

فَتَوَلّٰى فِرْعَوْنُ فَجَمَعَ كَيْدَهٗ ثُمَّ اَتٰى ﴿٦٠﴾

ਇਸ ਤੇ "ਫ਼ਿਰਾਊਨ" ਮੂੰਹ ਮੋੜ ਕੇ ਚਲਾ ਗਿਆ ਸੀ ਤੇ ਜੋ ਗੱਂਦਾਂ ਉਸ ਤੋਂ ਸੰਭਵ ਹੋ ਸਕਦੀਆਂ ਸਨ, ਉਸ ਨੇ ਗੰਢ ਲਈਆਂ ਸਨ ਤੇ ਫੇਰ ਉਹ ("ਮੂਸਾ" ਵੱਲ) ਪਰਤਿਆ ਸੀ ।੬੧।

قَالَ لَهُمْ مُّوْسٰى وَيْلَكُمْ لَا تَفْتَرُوْا عَلَى اللّٰهِ كَذِبًا فَيُسْحِتَكُمْ بِعَذَابٍ ۚ وَقَدْ خَابَ مَنِ افْتَرٰى ﴿٦١﴾

(ਤਦ) "ਮੂਸਾ" ਨੇ ਓਹਨਾਂ ਨੂੰ ਇਹ ਕਿਹਾ ਸੀ ਕਿ ਹੇ ਲੋਕੋ ! ਤੁਹਾਡੇ ਉੱਤੇ ਵੱਡਾ ਸ਼ੋਕ ਹੈ। ਤੁਸੀਂ ਅੱਲਾਹ ਉੱਤੇ ਕੂੜ ਨਾ ਘੜੋ। ਕਿਤੇ ਇਹ ਨਾ ਹੋਵੇ ਕਿ ਉਹ ਤੁਹਾਨੂੰ ਕਸ਼ਟ ਦੇ ਕੇ ਪੀਹ ਸੁੱਟੇ, ਅਰਥਾਤ ਜਿਹੜਾ ਵੀ ਪ੍ਰਾਣੀ (ਅੱਲਾਹ ਉੱਤੇ) ਕੂੜ ਘੜਦਾ ਹੈ, ਉਹ ਨਿਹਫਲ ਰਹਿੰਦਾ ਹੈ ।੬੨।

فَتَنَازَعُوْٓا اَمْرَهُمْ بَيْنَهُمْ وَاَسَرُّوا النَّجْوٰى ﴿٦٢﴾

ਇਹ ਸੁਣ ਕੇ ("ਫ਼ਿਰਾਊਨ" ਤੇ ਉਸ ਦੇ ਸਾਥੀ) ਆਪਸ ਵਿਚ ਝਗੜਨ ਲਗ ਪਏ ਸਨ ਤੇ ਲੁਕ-ਛਿਪ ਕੇ ਸਲਾਹ-ਮਸ਼ਵਰੇ ਵੀ ਕਰਨ ਲਗ ਪਏ ਸਨ ।੬੩।

قَالُوْٓا اِنْ هٰذٰنِ لَسٰحِرٰنِ يُرِيْدٰنِ اَنْ يُّخْرِجٰكُمْ مِّنْ اَرْضِكُمْ بِسِحْرِهِمَا وَيَذْهَبَا بِطَرِيْقَتِكُمُ الْمُثْلٰى ﴿٦٣﴾

(ਅਤੇ) ਓਹਨਾਂ ਨੇ ਇਹ ਕਿਹਾ ਸੀ ਕਿ ਏਹ ਦੋਵੇਂ ("ਮੂਸਾ" ਤੇ "ਹਾਰੂਨ") ਕੇਵਲ ਚਲਿੱਤਰੀ ਹਨ। ਏਹਨਾਂ ਦੀ ਇਹ ਇੱਛਾ ਹੈ ਕਿ ਆਪਣੇ ਚਲਿੱਤਰਾਂ ਦੁਆਰਾ ਤੁਹਾਨੂੰ ਦੇਸ-ਨਿਕਾਲਾ ਦੇ ਦੇਣ ਅਤੇ ਤੁਹਾਡਾ ਸਾਰਾ ਉੱਤਮ ਧਰਮ ਨਸ਼ਟ ਕਰ ਦੇਣ ।੬੪।

فَاَجْمِعُوْا كَيْدَكُمْ ثُمَّ ائْتُوْا صَفًّا ۚ وَقَدْ اَفْلَحَ الْيَوْمَ مَنِ اسْتَعْلٰى ﴿٦٤﴾

ਸੋ ਤੁਸੀਂ ਵੀ ਆਪਣੀਆਂ ਗੋਂਦਾਂ ਗੁੰਦ ਲਓ। ਫੇਰ ਸਾਰੇ ਦੇ ਸਾਰੇ ਇਕ ਜੱਥੇ ਦੀ ਸ਼ਕਲ ਵਿਚ ਆਓ। ਜੋ (ਪ੍ਰਾਣੀ) ਅੱਜ ਜਿੱਤ ਜਾਏਗਾ, ਉਹ ਜ਼ਰੂਰ ਸਫਲ ਹੋਵੇਗਾ ।੬੫।

قَالُوْا يٰمُوْسٰٓى اِمَّآ اَنْ تُلْقِيَ وَاِمَّآ اَنْ نَّكُوْنَ اَوَّلَ مَنْ اَلْقٰى ﴿٦٥﴾

(ਇਸ ਤੇ ਓਹਨਾਂ ਲੋਕਾਂ ਨੇ ਜਿਨ੍ਹਾਂ ਨੂੰ "ਫ਼ਿਰਾਊਨ" ਨੇ "ਮੂਸਾ" ਦੇ ਟਾਕਰੇ ਲਈ ਇਕੱਤਰ ਕੀਤਾ ਸੀ) ਇਹ ਕਿਹਾ ਸੀ ਕਿ ਹੇ "ਮੂਸਾ"! ਕੀ ਤੂੰ (ਆਪਣੀ ਵਿਓਂਤ) ਸੁੱਟੇਂਗਾ, (ਅਰਥਾਤ ਪਰਗਟ ਕਰੇਂਗਾ) ਕਿ ਅਸੀਂ ਤੈਥੋਂ ਪਹਿਲਾਂ ਸੁੱਟੀਏ ? ।੬੬।

قَالَ بَلْ اَلْقُوْا ۚ فَاِذَا حِبَالُهُمْ وَعِصِيُّهُمْ يُخَيَّلُ اِلَيْهِ مِنْ سِحْرِهِمْ اَنَّهَا تَسْعٰى ﴿٦٦﴾

(ਤਦ "ਮੂਸਾ" ਨੇ) ਇਹ ਕਿਹਾ ਸੀ ਕਿ (ਚੰਗੀ ਗੱਲ ਏਹੋ ਹੈ ਕਿ) ਪਹਿਲਾਂ ਤੁਸੀਂ ਹੀ ਆਪਣੀ ਵਿਓਂਤ ਪਰਗਟ ਕਰੋ। ਸੋ (ਓਹਨਾਂ ਨੇ ਜੋ ਵਿਓਂਤ ਕੀਤੀ ਸੀ) ਉਸ ਦੇ ਸਿੱਟੇ ਵਿਚ ਓਹਨਾਂ ਦੀਆਂ ਰੱਸੀਆਂ ਤੇ ਓਹਨਾਂ ਦੇ ਸੋਟੇ "ਮੂਸਾ" ਨੂੰ (ਓਹਨਾਂ ਦੇ ਚਲਿੱਤਰ ਦੇ ਕਾਰਣ), ਇਉਂ ਭਾਸੇ ਸਨ ਕਿ ਜਿਵੇਂ ਓਹ ਦੌੜ ਰਹੇ ਹਨ ।੬੭।

فَاَوْجَسَ فِيْ نَفْسِهٖ خِيْفَةً مُّوْسٰى ﴿٦٧﴾

ਅਤੇ (ਇਹ ਵੇਖ ਕੇ) "ਮੂਸਾ" ਆਪਣੇ ਮਨ ਵਿਚ ਕੁਝ ਘਬਰਾ ਗਿਆ ਸੀ ।੬੮।

قُلْنَا لَا تَخَفْ اِنَّكَ اَنْتَ الْاَعْلٰى ﴿٦٨﴾

(ਤਦ) ਅਸੀਂ ਅਕਾਸ਼ ਬਾਣੀ ਕੀਤੀ ਸੀ ਕਿ (ਹੇ "ਮੂਸਾ"!) ਤੂੰ ਰਤਾ ਸਹਿਮ ਨਾ ਕਰ; ਬੇਸ਼ੱਕ ਤੂੰ ਹੀ ਪ੍ਰਬਲ ਰਹੇਂਗਾ ।੬੯।

وَاَلْقِ مَا فِيْ يَمِيْنِكَ تَلْقَفْ مَا صَنَعُوْا ؕ اِنَّمَا صَنَعُوْا كَيْدُ سٰحِرٍ ؕ وَلَا يُفْلِحُ السّٰحِرُ حَيْثُ اَتٰى ﴿٦٩﴾

ਅਤੇ ਜੋ ਕੁਝ ਤੇਰੇ ਸੱਜੇ ਹੱਥ ਵਿਚ ਹੈ, ਉਸ ਨੂੰ ਧਰਤੀ ਤੇ ਸੁੱਟ ਦੇ । ਜੋ ਕੁਝ ਓਹਨਾਂ ਨੇ ਕੀਤਾ ਹੈ, ਉਸ ਸਭ ਨੂੰ ਉਹ ਖਾ ਜਾਏਗਾ, (ਅਰਥਾਤ ਓਹਨਾਂ ਦਾ ਭਾਂਡਾ ਭੱਜ ਜਾਏਗਾ ।) ਓਹਨਾਂ ਨੇ ਜੋ ਕੁਝ ਵੀ ਕੀਤਾ ਹੈ, ਉਹ ਤਾਂ ਚਲਿੱਤਰਬਾਜ਼ਾਂ ਦਾ ਇਕ ਚਲਿੱਤਰ ਹੈ ਅਤੇ ਚਲਿੱਤਰਬਾਜ਼ ਜਿਸ ਪਾਸਿਓਂ ਵੀ ਆਏ, (ਪ੍ਰਭੂ ਦੇ ਟਾਕਰੇ ਤੇ) ਸਫਲ ਨਹੀਂ ਹੋ ਸਕਦਾ ।੭੦।

فَاُلْقِيَ السَّحَرَةُ سُجَّدًا قَالُوْٓا اٰمَنَّا بِرَبِّ هٰرُوْنَ وَمُوْسٰى ﴿٧٠﴾

ਸੋ (ਜਦ "ਮੂਸਾ" ਦੇ ਸੋਟਾ ਸੁੱਟਣ ਮਗਰੋਂ "ਫ਼ਿਰਾਊਨ" ਦੇ ਸੱਦੇ ਹੋਏ) ਚਲਿੱਤਰਬਾਜ਼ (ਆਪਣੀ ਕਮਜ਼ੋਰੀ ਨੂੰ ਸਮਝ ਗਏ ਸਨ, ਤਾਂ ਓਹ ਆਪਣੇ ਮਨ ਦੀ ਅਵਾਜ਼ ਨਾਲ) ਪ੍ਰਭੂ ਦੇ ਹਜ਼ੂਰ ਝੁਕ ਗਏ ਸਨ ਤੇ ਇਹ ਕਹਿਣ ਲੱਗ ਪਏ ਸਨ ਕਿ ਅਸੀਂ "ਹਾਰੂਨ" ਤੇ "ਮੂਸਾ" ਦੇ ਸਾਜਨਹਾਰ ਤੇ ਪਾਲਨਹਾਰ ਉੱਤੇ ਸ਼ਰਧਾ ਧਾਰਨ ਕਰਦੇ ਹਾਂ ।੭੧।

قَالَ اٰمَنْتُمْ لَهٗ قَبْلَ اَنْ اٰذَنَ لَكُمْ ؕ اِنَّهٗ لَكَبِيْرُكُمُ الَّذِيْ عَلَّمَكُمُ السِّحْرَ ۚ فَلَاُقَطِّعَنَّ اَيْدِيَكُمْ وَاَرْجُلَكُمْ مِّنْ خِلَافٍ وَّلَاُصَلِّبَنَّكُمْ فِيْ جُذُوْعِ النَّخْلِ ۫ وَلَتَعْلَمُنَّ اَيُّنَآ اَشَدُّ عَذَابًا وَّاَبْقٰى ﴿٧١﴾

(ਇਸ ਤੇ "ਫ਼ਿਰਾਊਨ" ਨੇ ਓਹਨਾਂ ਨੂੰ) ਇਹ ਕਿਹਾ ਸੀ ਕਿ ਕੀ ਤੁਸੀਂ ਮੇਰੀ ਆਗਿਆ (ਪ੍ਰਾਪਤ ਕਰਨ) ਤੋਂ ਪਹਿਲਾਂ ਹੀ ਇਸ ਤੇ ਸ਼ਰਧਾ ਧਾਰਨ ਕਰਦੇ ਹੋ ? (ਮੈਨੂੰ ਪਤਾ ਲੱਗ ਗਿਆ ਹੈ ਕਿ) ਉਹ ਤੁਹਾਡਾ ਸਰਦਾਰ ਹੈ, ਜਿਸ ਨੇ ਤੁਹਾਨੂੰ ਇਹ ਚਲਿੱਤਰ ਸਿਖਾਏ ਸਨ । ਸੋ ਇਸ ਚਲਿੱਤਰਬਾਜ਼ੀ ਦੇ ਦੰਡ ਵਜੋਂ ਮੈਂ ਤੁਹਾਡੇ ਹੱਥ ਤੇ ਪੈਰ (ਆਪਣੀ) ਅਵੱਗਿਆ ਦੇ ਕਾਰਣ ਵੱਢ ਸੁੱਟਾਂਗਾ, ਅਰਥਾਤ (ਮੈਂ ਤੁਹਾਨੂੰ) ਖਜੂਰਾਂ ਦੇ ਤਣਿਆਂ ਨਾਲ ਬੰਨ੍ਹ ਕੇ ਸੂਲੀ ਚਾੜ੍ਹ ਦਿਆਂਗਾ ਤੇ ਤੁਹਾਨੂੰ ਪਤਾ ਲੱਗ ਜਾਏਗਾ ਕਿ ਸਾਡੇ ਵਿੱਚੋਂ ਕਿਹੜਾ ਕਰੜਾ ਤੇ ਲੰਮੇ ਸਮੇਂ ਦਾ ਕਸ਼ਟ ਦੇ ਸਕਦਾ ਹੈ ।੭੨।

قَالُوْا لَنْ نُّؤْثِرَكَ عَلٰى مَا جَآءَنَا مِنَ الْبَيِّنٰتِ وَ الَّذِيْ فَطَرَنَا فَاقْضِ مَآ اَنْتَ قَاضٍ ؕ اِنَّمَا تَقْضِيْ هٰذِهِ الْحَيٰوةَ الدُّنْيَا ؕ﴿٧٢﴾

(ਇਸ ਤੇ) ਓਹਨਾਂ ("ਫ਼ਿਰਾਊਨ" ਦੇ ਪਹਿਲੇ ਸਾਥੀਆਂ ਜਾਂ ਚਲਿੱਤਰਬਾਜ਼ਾਂ) ਨੇ ਇਹ ਕਿਹਾ ਸੀ ਕਿ ਅਸੀਂ ਤੈਨੂੰ ਓਹਨਾਂ ਚਮਤਕਾਰਾਂ ਉੱਤੇ ਵਿਸ਼ੇਸ਼ਤਾ ਨਹੀਂ ਦੇ ਸਕਦੇ, ਜੋ (ਪ੍ਰਭੂ ਵੱਲੋਂ) ਸਾਡੇ ਵੱਲ ਆਏ ਹਨ ਤੇ ਨਾ ਉਸ (ਪ੍ਰਭੂ) ਉੱਤੇ ਹੀ—ਜਿਸ ਨੇ ਸਾਨੂੰ ਸਾਜਿਆ ਹੈ। ਸੋ ਜਿੰਨਾ ਟਿਲ ਤੇਰਾ ਲੱਗ ਸਕਦਾ ਹੈ, ਲਾ ਲੈ। ਤੂੰ ਤਾਂ ਕੇਵਲ ਸਾਡੇ ਇਸ ਲੋਕ ਦੇ ਜੀਵਨ ਨੂੰ ਹੀ ਮੁਕਾ ਸਕਦਾ ਹੈਂ।੭੩।

اِنَّاۤ اٰمَنَّا بِرَبِّنَا لِيَغْفِرَ لَنَا خَطٰيٰنَا وَمَاۤ اَكْرَهْتَنَا عَلَيْهِ مِنَ السِّحْرِ ؕ وَاللّٰهُ خَيْرٌ وَّاَبْقٰى ؕ﴿٧٣﴾

(ਹੁਣ) ਅਸੀਂ (ਆਪਣੇ) ਸਾਜਨਹਾਰ ਤੇ ਪਾਲਨਹਾਰ ਉੱਤੇ ਸ਼ਰਧਾ ਧਾਰਨ ਕਰ ਚੁੱਕੇ ਹਾਂ; ਤਾਂ ਜੁ ਉਹ ਸਾਡੇ ਪਾਪਾਂ ਨੂੰ ਬਖ਼ਸ਼ ਦੇਵੇ ਅਤੇ ਇਸ ਚਲਿੱਤਰ ਬਾਜ਼ੀ (ਦੇ ਟਾਕਰੇ ਨੂੰ) ਵੀ ਮਾਫ਼ ਕਰ ਦੇਵੇ, ਜਿਸ ਦੇ ਵਾਸਤੇ ਤੂੰ ਸਾਨੂੰ ਪ੍ਰੇਰਿਆ ਸੀ ਅਤੇ ਅੱਲਾਹ ਹੀ ਸਭ ਤੋਂ ਚੰਗਾ ਤੇ ਬਾਕੀ ਰਹਿਣ ਵਾਲਾ ਹੈ।੭੪।

اِنَّهٗ مَنْ يَّاْتِ رَبَّهٗ مُجْرِمًا فَاِنَّ لَهٗ جَهَنَّمَ ؕ لَا يَمُوْتُ فِيْهَا وَلَا يَحْيٰى ؕ﴿٧٤﴾

ਬੇਸ਼ੱਕ ਇਹ ਇਕ ਅਸਲੀਅਤ ਹੈ ਕਿ ਜੋ ਪ੍ਰਾਣੀ ਆਪਣੇ ਸਾਜਨਹਾਰ ਤੇ ਪਾਲਨਹਾਰ ਦੀ ਹਜ਼ੂਰੀ ਵਿਚ ਅਪਰਾਧੀ ਬਣ ਕੇ ਹਾਜ਼ਰ ਹੋਵੇਗਾ, ਉਹ ਨਿਰਸੰਦੇਹ ਨਰਕ ਗਾਮੀ ਹੋਵੇਗਾ। ਉਸ ਵਿਚ ਨਾ ਉਹ ਮਰੇਗਾ, ਨਾ ਜ਼ਿੰਦਾ ਰਹੇਗਾ।੭੫।

وَمَنْ يَّاْتِهٖ مُؤْمِنًا قَدْ عَمِلَ الصّٰلِحٰتِ فَاُولٰٓئِكَ لَهُمُ الدَّرَجٰتُ الْعُلٰى ۙ﴿٧٥﴾

ਅਤੇ ਜੋ ਪ੍ਰਾਣੀ ਸ਼ਰਧਾਲੂ ਹੋਣ ਦੀ ਹਾਲਤ ਵਿਚ ਜਦ ਕਿ ਉਹ ਨਾਲ ਨਾਲ ਯਥਾਯੋਗ ਸ਼ੁਭ ਕਰਮ ਕਰਦਾ ਹੋਵੇਗਾ, ਉਸ (ਪ੍ਰਭੂ) ਦੀ ਹਜ਼ੂਰੀ ਆਏਗਾ, ਤਾਂ ਅਜੇਹਾ ਪ੍ਰਾਣੀ ਵੱਡੀ ਪਦਵੀ ਪ੍ਰਾਪਤ ਕਰੇਗਾ।੭੬।

جَنّٰتُ عَدْنٍ تَجْرِيْ مِنْ تَحْتِهَا الْاَنْهٰرُ خٰلِدِيْنَ فِيْهَا ؕ وَذٰلِكَ جَزٰٓؤُا مَنْ تَزَكّٰى ؕ﴿٧٦﴾

ਉਹ (ਪਦਵੀ) ਸਦਾ ਰਹਿਣ ਵਾਲੇ (ਸਵਰਗ ਹਨ), ਜਿਨ੍ਹਾਂ ਹੇਠ ਨਹਿਰਾਂ ਵੀ ਵਗਦੀਆਂ ਹੋਣਗੀਆਂ (ਅਤੇ) ਓਹ ਉਸ ਵਿਚ ਸਦਾ ਹੀ ਰਹਿਣਗੇ। ਇਹ ਉਸ (ਪ੍ਰਾਣੀ) ਦਾ ਯੋਗ ਵਟਾਂਦਰਾ ਹੈ, ਜੋ ਪਵਿੱਤਰਤਾ ਧਾਰਨ ਕਰਦਾ ਹੈ।੭੭। (ਰਕੂਅ ੩)

وَلَقَدْ اَوْحَيْنَآ اِلٰى مُوْسٰٓى ۙ اَنْ اَسْرِ بِعِبَادِيْ فَاضْرِبْ لَهُمْ طَرِيْقًا فِي الْبَحْرِ يَبَسًا ۙ لَّا تَخٰفُ دَرَكًا وَّلَا تَخْشٰى ۝٧٧

ਅਤੇ ਅਸੀਂ "ਮੂਸਾ" ਨੂੰ ਇਹ ਅਕਾਸ਼ ਬਾਣੀ ਕੀਤੀ ਸੀ, ਕਿ ਮੇਰੇ ਬੰਦਿਆਂ, (ਅੁਰਥਾਤ ਆਪਣੀ ਜਾਤੀ) ਨੂੰ ਰਾਤ ਦੇ ਅਨ੍ਹੇਰੇ ਸਮੇਂ ਲੈ ਚੱਲ। ਫੇਰ ਓਹਨਾਂ ਵਾਸਤੇ ਸਮੁੰਦਰ ਵਿਚ ਇਕ ਰਾਹ ਬਣਾ, ਜੋ ਸੁੱਕਾ ਹੋਵੇ। ਨਾ ਤਾਂ ਤੁਹਾਨੂੰ ਇਹ ਸਹਿਮ ਹੋਵੇਗਾ ਕਿ ਕੋਈ (ਪ੍ਰਾਣੀ) ਪਿੱਛੋਂ ਆ ਕੇ ਤੁਹਾਨੂੰ ਫੜ ਲਵੇ ਤੇ ਨਾ ਤੁਸੀਂ (ਸਮੁੰਦਰ ਦੀ ਤਬਾਹੀ ਤੋਂ ਹੀ) ਡਰੋਗੇ। (ਇਸ ਤੇ "ਮੂਸਾ" ਆਪਣੀ ਜਾਤੀ ਨੂੰ ਲੈ ਕੇ ਸਮੁੰਦਰ ਵੱਲ ਚਲੇ ਗਏ ਸਨ) ।੭੮।

فَاَتْبَعَهُمْ فِرْعَوْنُ بِجُنُوْدِهٖ فَغَشِيَهُمْ مِّنَ الْيَمِّ مَا غَشِيَهُمْ ۝٧٨

ਅਤੇ "ਫ਼ਿਰਾਊਨ" ਨੇ ਆਪਣੇ ਦਲ ਨੂੰ ਨਾਲ ਲੈ ਕੇ ਓਹਨਾਂ ਦਾ ਪਿੱਛਾ ਕੀਤਾ ਸੀ, ਪਰ ਸਮੁੰਦਰ ਨੇ ਉਸ ਨੂੰ ਤੇ ਉਸ ਦੇ ਸਾਰੇ ਸਾਥੀਆਂ ਨੂੰ ਅਲੋਪ ਕਰ ਲਿਆ ਸੀ ।੭੯।

وَاَضَلَّ فِرْعَوْنُ قَوْمَهٗ وَمَا هَدٰى ۝٧٩

ਅਤੇ "ਫ਼ਿਰਾਊਨ" ਨੇ ਆਪਣੀ ਜਾਤੀ ਨੂੰ ਕੁਰਾਹੇ ਪਾਇਆ ਸੀ ਤੇ ਸੁਮਾਰਗ ਵੱਲ ਨਹੀਂ ਲੱਗਣ ਦਿੱਤਾ ਸੀ ।੮੦।

يٰبَنِيْٓ اِسْرَآءِيْلَ قَدْ اَنْجَيْنٰكُمْ مِّنْ عَدُوِّكُمْ وَوٰعَدْنٰكُمْ جَانِبَ الطُّوْرِ الْاَيْمَنَ وَنَزَّلْنَا عَلَيْكُمُ الْمَنَّ وَالسَّلْوٰى ۝٨٠

ਹੇ ਇਸਰਾਈਲ ਕੁਲ ਦੇ ਲੋਕੋ! ਅਸੀਂ ਤੁਹਾਨੂੰ ਤੁਹਾਡੇ ਵੈਰੀ ਤੋਂ ਛੁਟਕਾਰਾ ਦੁਆ ਚੁੱਕੇ ਹਾਂ ਅਤੇ ਇਸ ਦੇ ਮਗਰੋਂ ਅਸੀਂ ਤੁਹਾਡੇ ਨਾਲ "ਤੂਰ" ਦੇ ਸੱਜੇ ਕੰਢੇ ਇਕ ਮੁਕਾਬਲੇ ਦਾ ਬਚਨ[1] ਵੀ ਪੂਰਾ ਕਰ ਚੁੱਕੇ ਹਾਂ, ਅਰਥਾਤ ਅਸੀਂ ਤੁਹਾਡੇ ਵਾਸਤੇ "ਤੁੰਜਬੀਨ" ਤੇ "ਬਟੇਰੇ" ਉਤਾਰੇ ਸਨ; (ਤਾਂ ਜੁ ਤੁਸੀਂ ਖਾ ਸਕੋ) ।੮੧।

---

[1]ਮੁਕਾਬਲੇ ਦਾ ਬਚਨ ਇਹ ਸੀ ਕਿ ਇਸਰਾਈਲ ਕੁਲ ਦੇ ਲੋਕ ਜੇ ਤੌਰੇਤ ਦੇ ਹੁਕਮਾਂ ਉੱਤੇ ਦਰੜੇ ਕਰਦੇ ਰਹਿਣਗੇ, ਤਾਂ ਪ੍ਰਭੂ ਓਹਨਾਂ ਨੂੰ ਬਰਕਤ ਦਿੰਦਾ ਰਹੇਗਾ, ਪਰ ਇਸਰਾਈਲ ਕੁਲ ਦੇ ਦੂਜੇ ਹਿੱਸੇ, ਅਰਥਾਤ ਈਸਾਈਆਂ ਨੇ ਓਹਨਾਂ ਹੁਕਮਾਂ ਵਿੱਚੋਂ ਸਬਤ ਦਾ ਤਿਆਗ ਕਰ ਦਿੱਤਾ ਸੀ, ਜਿਹਾ ਕਿ ਈਸਾਈ ਵਿਦਵਾਨ ਆਪ ਹੀ ਮੰਨਦੇ ਹਨ ਕਿ ਓਹਨਾਂ ਨੇ ਇਕ ਰੋਮੀ ਬਾਦਸ਼ਾਹ ਦੇ ਆਖੇ ਲਗ ਕੇ ਹਫ਼ਤੇ ਨੂੰ—ਜੋ ਸਬਤ ਦਾ ਦਿਨ ਸੀ—ਬਦਲ ਕੇ ਐਤਵਾਰ ਨੂੰ ਸਬਤ ਮਿਥ ਲਿਆ ਸੀ ਅਤੇ ਯਹੂਦੀਆਂ ਨੇ ਇਸ ਦੇ ਟਾਕਰੇ ਦੇ ਬਚਨਾਂ ਨੂੰ ਇਸ ਤਰ੍ਹਾਂ ਭੰਗ ਕੀਤਾ ਕਿ ਇਕ ਤਾਂ "ਅਜ਼ਰਾ" ਨਬੀ ਨੂੰ ਪ੍ਰਭੂ ਮਿਥ ਲਿਆ ਸੀ। ਦੂਜੇ ਸਾਧਾਰਨ ਬੰਦੇ ਤਾਂ ਇਕ ਪਾਸੇ ਰਹੇ, ਹਜ਼ਰਤ "ਮੁਹੰਮਦ" ਸਾਹਿਬ ਨੂੰ ਜੋ ਮੌਜੂਦਾ ਨਬੀ ਸਨ, ਕਤਲ ਕਰਨ ਦੇ ਜਤਨ ਕੀਤੇ ਸਨ ਅਤੇ ਆਪ ਤੋਂ ਪਹਿਲਾਂ ਹਜ਼ਰਤ "ਈਸਾ" ਨੂੰ ਮਾਰ ਮੁਕਾਉਣ ਦਾ ਜਤਨ ਕੀਤਾ ਸੀ।

كُلُوْا مِنْ طَيِّبٰتِ مَا رَزَقْنٰكُمْ وَلَا تَطْغَوْا فِيْهِ فَيَحِلَّ عَلَيْكُمْ غَضَبِيْ ۚ وَمَنْ يَّحْلِلْ عَلَيْهِ غَضَبِيْ فَقَدْ هَوٰى ﴿٨١﴾

ਅਤੇ (ਤੁਹਾਨੂੰ ਇਹ ਕਿਹਾ ਸੀ ਕਿ) ਜੋ ਕੁਝ ਅਸੀਂ ਤੁਹਾਨੂੰ ਦਿੱਤਾ ਹੈ, ਉਸ ਵਿੱਚੋਂ ਸਾਫ਼-ਸੁਥਰੀਆਂ ਚੀਜ਼ਾਂ ਖਾਓ (ਪੀਓ), ਅਰਥਾਤ ਇਸ (ਰਿਜ਼ਕ) ਬਾਰੇ ਜ਼ੁਲਮ ਤੋਂ ਕੰਮ ਨਾ ਲੈਣਾ; ਤਾਂ ਜੁ ਕਿਤੇ ਇਹ ਨਾ ਹੋਵੇ ਕਿ ਤੁਸੀਂ ਮੇਰੀ ਕਰੋਪੀ ਦੇ ਭਾਗੀ ਬਣ ਜਾਓ; ਜੋ ਮੇਰੀ ਕਰੋਪੀ ਦਾ ਭਾਗੀ ਬਣਦਾ ਹੈ, ਉਹ (ਵੱਡੀ) ਉਚਾਈ ਤੋਂ ਡਿੱਗ ਪੈਂਦਾ ਹੈ ।੮੨।

وَاِنِّيْ لَغَفَّارٌ لِّمَنْ تَابَ وَاٰمَنَ وَعَمِلَ صَالِحًا ثُمَّ اهْتَدٰى ﴿٨٢﴾

ਬੇਸ਼ੱਕ ਜੋ ਪ੍ਰਾਣੀ ਪਸਚਾਤਾਪ ਕਰਦਾ ਹੈ ਤੇ ਸ਼ਰਧਾ ਧਾਰਨ ਕਰ ਕੇ ਯਥਾਯੋਗ ਸ਼ੁਭ ਕਰਮ ਵੀ ਕਰਦਾ ਹੈ, ਅਰਥਾਤ ਸੁਮਾਰਗ ਵੱਲ ਲੱਗ ਜਾਂਦਾ ਹੈ, ਮੈਂ ਉਸ ਦੇ ਸਾਰੇ (ਵੱਡੇ ਵੱਡੇ) ਪਾਪ ਬਖ਼ਸ਼ ਦਿੰਦਾ ਹਾਂ ।੮੩।

وَمَآ اَعْجَلَكَ عَنْ قَوْمِكَ يٰمُوْسٰى ﴿٨٣﴾

ਅਤੇ (ਅਸੀਂ ਇਹ ਕਿਹਾ ਸੀ ਕਿ) ਹੇ "ਮੂਸਾ"! ਤੁਸੀਂ ਆਪਣੀ ਜਾਤੀ ਨੂੰ ਛੱਡ ਕੇ ਕਿਉਂ ਛੇਤੀ ਛੇਤੀ ਆ ਗਏ ਹੋ ? ।੮੪।

قَالَ هُمْ اُولَآءِ عَلٰٓى اَثَرِيْ وَعَجِلْتُ اِلَيْكَ رَبِّ لِتَرْضٰى ﴿٨٤﴾

("ਮੂਸਾ" ਨੇ ਇਹ) ਕਿਹਾ ਸੀ ਕਿ ਓਹ (ਲੋਕ) ਮੇਰੇ ਪਿੱਛੇ ਪਿੱਛੇ ਆ ਰਹੇ ਹਨ ਅਤੇ ਹੇ ਮੇਰੇ ਸਾਜਨਹਾਰ ਤੇ ਪਾਲਨਹਾਰ ! ਮੈਂ ਇਸ ਲਈ ਤੇਰੇ ਵੱਲ ਛੇਤੀ ਛੇਤੀ ਆਇਆ ਹਾਂ ਕਿ ਤੂੰ (ਮੇਰੇ ਇਸ ਕਰਤੱਵ ਤੇ) ਪ੍ਰਸੰਨ ਹੋ ਜਾਏਂ ।੮੫।

قَالَ فَاِنَّا قَدْ فَتَنَّا قَوْمَكَ مِنْۢ بَعْدِكَ وَاَضَلَّهُمُ السَّامِرِيُّ ﴿٨٥﴾

(ਇਸ ਤੇ ਪ੍ਰਭੂ ਨੇ ਇਹ ਕਿਹਾ ਸੀ ਕਿ) ਅਸੀਂ ਤੇਰੀ ਜਾਤੀ ਨੂੰ ਤੇਰੇ ਮਗਰੋਂ ਇਕ ਕਲੇਸ਼ ਵਿਚ ਫਸਾ ਦਿੱਤਾ ਹੈ, ਅਰਥਾਤ "ਸਾਮਰੀ" ਨੇ ਓਹਨਾਂ ਨੂੰ ਕੁਰਾਹੇ ਪਾ ਦਿੱਤਾ ਹੈ ।੮੬।

فَرَجَعَ مُوْسٰٓى اِلٰى قَوْمِهٖ غَضْبَانَ اَسِفًا ۚ قَالَ يٰقَوْمِ اَلَمْ يَعِدْكُمْ رَبُّكُمْ وَعْدًا حَسَنًا ۚ اَفَطَالَ

ਇਸ ਤੇ "ਮੂਸਾ" ਕਰੋਧ ਤੇ ਸ਼ੋਕ ਨਾਲ ਭਰੇ ਹੋਏ, ਆਪਣੀ ਜਾਤੀ ਵੱਲ ਪਰਤੇ - ਅਤੇ ਉਹਨਾਂ ਨੇ (ਆਪਣੀ ਜਾਤੀ ਨੂੰ) ਇਹ ਕਿਹਾ ਸੀ ਕਿ ਹੇ ਮੇਰੀ ਜਾਤੀ ! ਕੀ ਤੁਹਾਡੇ ਸਾਜਨਹਾਰ ਤੇ ਪਾਲਨਹਾਰ ਨੇ ਤੁਹਾਡੇ ਨਾਲ ਇਕ ਚੰਗਾ ਬਚਨ ਨਹੀਂ ਕੀਤਾ ਸੀ ?

عَلَيْكُمُ الْعَهْدُ اَمْ اَرَدْتُّمْ اَنْ يَّحِلَّ عَلَيْكُمْ غَضَبٌ مِّنْ رَّبِّكُمْ فَاَخْلَفْتُمْ مَّوْعِدِيْ ﴿٨٦﴾

ਕੀ ਉਸ ਬਚਨ ਦੇ ਪੂਰਾ ਹੋਣ ਵਿਚ ਕੋਈ ਦੇਰ ਹੋ ਗਈ ਸੀ ? ਜਾਂ ਤੁਸੀਂ ਇਹ ਚਾਹੁੰਦੇ ਸੀ ਕਿ ਤੁਹਾਡੇ ਉੱਤੇ ਤੁਹਾਡੇ ਸਾਜਨਹਾਰ ਤੇ ਪਾਲਨਹਾਰ ਦੀ ਕੋਈ ਕਰੋਪੀ ਹੋਵੇ ? ਸੋ ਤੁਸੀਂ ਮੇਰੇ ਬਚਨ ਨੂੰ ਭੰਗ ਕਰ ਦਿੱਤਾ ਸੀ ।੮੭।

قَالُوْا مَآ اَخْلَفْنَا مَوْعِدَكَ بِمَلْكِنَا وَلٰكِنَّا حُمِّلْنَآ اَوْزَارًا مِّنْ زِيْنَةِ الْقَوْمِ فَقَذَفْنٰهَا فَكَذٰلِكَ اَلْقَى السَّامِرِيُّ ﴿٨٧﴾

ਓਹਨਾਂ ਨੇ ਇਹ ਕਿਹਾ ਸੀ ਕਿ ਅਸੀਂ ਤੇਰੇ ਬਚਨ ਨੂੰ ਆਪਣੀ ਇੱਛਾ ਨਾਲ ਭੰਗ ਨਹੀਂ ਕੀਤਾ ਸੀ; ਸਗੋਂ "ਫ਼ਿਰਾਊਨ" ਦੀ ਜਾਤੀ ਦੇ ਗਹਿਣਿਆਂ ਦਾ ਜੋ ਭਾਰ ਸਾਡੇ ਉੱਤੇ ਲੱਦਿਆ ਗਿਆ ਸੀ, ਉਸ ਨੂੰ ਅਸੀਂ ਸੁੱਟ ਦਿੱਤਾ ਹੈ । ਇਸੇ ਤਰ੍ਹਾਂ "ਸਾਮਰੀ" ਨੇ ਵੀ ਉਸ ਨੂੰ ਸੁੱਟ ਦਿੱਤਾ ਹੈ ।੮੮।

فَاَخْرَجَ لَهُمْ عِجْلًا جَسَدًا لَّهٗ خُوَارٌ فَقَالُوْا هٰذَآ اِلٰهُكُمْ وَاِلٰهُ مُوْسٰى ۙ فَنَسِيَ ﴿٨٨﴾

ਫੇਰ ਉਸ ਨੇ ਉਹਨਾਂ ਲਈ[1], (ਅਰਥਾਤ ਸਾਡੇ ਵਾਸਤੇ) ਇਕ ਵੱਛਾ ਤਿਆਰ ਕੀਤਾ ਸੀ, ਜੋ ਕੇਵਲ ਇਕ ਮੂਰਤੀ ਹੀ ਸੀ । ਉਸ ਵਿੱਚੋਂ ਇਕ ਬੇਅਰਥ ਜੇਹੀ ਅਵਾਜ਼ ਨਿਕਲਦੀ ਸੀ[2] । (ਅਰਥਾਤ ਉਹ ਸੱਚਮੁਚ ਦਾ ਵੱਛਾ ਨਹੀਂ ਸੀ ।) ਫੇਰ (ਉਸ ਨੇ ਤੇ ਉਸ ਦੇ ਸਾਥੀਆਂ ਨੇ) ਇਹ ਕਿਹਾ ਸੀ ਕਿ ਇਹ ਤੁਹਾਡਾ ਵੀ ਤੇ "ਮੂਸਾ" ਦਾ ਵੀ ਇਸ਼ਟ ਹੈ । ਉਹ ਉਸ ਨੂੰ ਭੁੱਲ (ਨਾਲ ਪਿੱਛੇ ਛੱਡ) ਗਿਆ ਹੈ ।੮੯।

اَفَلَا يَرَوْنَ اَلَّا يَرْجِعُ اِلَيْهِمْ قَوْلًا ۙ وَّلَا يَمْلِكُ لَهُمْ ضَرًّا وَّلَا نَفْعًا ﴿٨٩﴾ ع

(ਬੇਸ਼ੱਕ "ਸਾਮਰੀ" ਤੇ ਉਸ ਦੇ ਸਾਥੀਆਂ ਨੇ ਅਜਿਹਾ ਕੀਤਾ ਸੀ), ਪਰ ਕੀ ਓਹ ਇਹ ਨਹੀਂ ਵੇਖਦੇ ਸਨ ਕਿ ਉਹ ਵੱਛਾ ਓਹਨਾਂ ਦੀ ਕਿਸੇ ਗੱਲ ਦਾ ਉੱਤਰ ਨਹੀਂ ਦਿੰਦਾ ਸੀ, ਅਰਥਾਤ ਨਾ ਓਹਨਾਂ ਨੂੰ ਕੋਈ ਲਾਭ ਦੇ ਸਕਦਾ ਸੀ ਤੇ ਨਾ ਹਾਣ ਪੁਚਾ ਸਕਦਾ ਸੀ ।੯੦। (ਰਕੂਅ ੪)

---

[1]ਇਹ ਟਕਰਾਓ ਡਾਇਰੇਕਟ ਤੇ ਇਨਡਾਇਰੇਕਟ ਮੌਥਡ ਕਰ ਕੇ ਹੈ । ਅਰਬੀ ਭਾਸ਼ਾ ਵਿਚ ਅੰਗਰੇਜ਼ੀ ਵਾਂਗ ਇਨਡਾਇਰੇਕਟ ਮੌਥਡ ਵਧੇਰੇ ਵਰਤਿਆ ਜਾਂਦਾ ਹੈ, ਪਰ ਸਾਡੀ ਭਾਸ਼ਾ ਵਿਚ ਨਹੀਂ; ਇਸ ਲਈ ਕੁਰਾਨ ਸ਼ਰੀਫ਼ ਵਿਚ "ਲਹੁੰਮ" ਪਦ ਸੀ । ਅਸੀਂ ਇਸ ਦਾ ਅਰਥ ਸਾਡੇ ਲਈ ਕੀਤਾ ਹੈ ।

[2]"ਖ਼ੁਵਾਰ" ਪਦ ਬਾਰੇ ਵੇਖੋ ਸੂਰਤ ਇਅਰਾਫ਼ ਦੀ ਆਇਤ ੧੪੯ ਦੀ ਟੂਕ ।

وَلَقَدْ قَالَ لَهُمْ هٰرُوْنُ مِنْ قَبْلُ يٰقَوْمِ اِنَّمَا فُتِنْتُمْ بِهٖ ۚ وَاِنَّ رَبَّكُمُ الرَّحْمٰنُ فَاتَّبِعُوْنِيْ وَاَطِيْعُوْٓا اَمْرِيْ ﴿٩٠﴾

ਅਤੇ "ਹਾਰੂਨ" ਨੇ ("ਮੂਸਾ" ਦੇ ਆਉਣ ਤੋਂ ਵੀ) ਪਹਿਲਾਂ ਓਹਨਾਂ ਨੂੰ ਇਹ ਕਿਹਾ ਸੀ ਕਿ ਹੇ ਮੇਰੀ ਜਾਤੀ ! ਤੁਸੀਂ ਇਸ (ਵੱਛੇ) ਰਾਹੀਂ ਇਕ ਕਲੇਸ਼ ਵਿਚ ਫਸ ਗਏ ਹੋ । ਤੁਹਾਡਾ ਸਾਜਨਹਾਰ ਤੇ ਪਾਲਨਹਾਰ ਤਾਂ ਦਿਆਲੂ ਪ੍ਰਭੂ ਹੈ । ਸੋ ਤੁਸੀਂ ਮੇਰੀ ਹੀ ਪੈਰਵੀ ਕਰੋ ਤੇ ਮੇਰਾ ਹੀ ਕਿਹਾ ਮੰਨੋ, (ਅਰਥਾਤ ਸ਼ਿਰਕ ਨਾ ਕਰੋ) ।੯੧।

قَالُوْا لَنْ نَّبْرَحَ عَلَيْهِ عٰكِفِيْنَ حَتّٰى يَرْجِعَ اِلَيْنَا مُوْسٰى ﴿٩١﴾

(ਪਰ ਉਸ ਹਠੀਲੀ ਜਾਤੀ ਨੇ) ਇਹ ਕਿਹਾ ਸੀ ਕਿ ਜਦ ਤੱਕ "ਮੂਸਾ" ਸਾਡੇ ਵੱਲ ਨਾ ਪਰਤ ਆਏ; ਅਸੀਂ ਬਰਾਬਰ ਇਸੇ ਦੀ ਹੀ ਪੂਜਾ ਕਰਦੇ ਰਹਾਂਗੇ ।੯੨।

قَالَ يٰهٰرُوْنُ مَا مَنَعَكَ اِذْ رَاَيْتَهُمْ ضَلُّوْٓا ﴿٩٢﴾

(ਜਦ "ਮੂਸਾ" ਵਾਪਸ ਆਇਆ ਸੀ, ਤਾਂ ਓਹਨਾਂ ਨੇ "ਹਾਰੂਨ" ਨੂੰ ਇਹ ਕਿਹਾ ਸੀ ਕਿ) ਹੇ "ਹਾਰੂਨ"! ਜਦ ਤੂੰ ਆਪਣੀ ਜਾਤੀ ਨੂੰ ਕੁਰਾਹੇ ਜਾਂਦੇ ਵੇਖਿਆ ਸੀ, ਤਾਂ ਤੈਨੂੰ ਕਿਸ ਨੇ ਰੋਕਿਆ ਸੀ ? ।੯੩।

اَلَّا تَتَّبِعَنِ ۭ اَفَعَصَيْتَ اَمْرِيْ ﴿٩٣﴾

ਕਿ ਤੂੰ ਮੇਰੇ ਪੂਰਣਿਆਂ ਤੇ ਨਾ ਤੁਰੇਂ ? ਕੀ ਤੂੰ (ਇਸ ਤਰ੍ਹਾਂ) ਮੇਰੀ ਅਵੱਗਿਆ ਨਹੀਂ ਕੀਤੀ ? ।੯੪।

قَالَ يَبْنَؤُمَّ لَا تَاْخُذْ بِلِحْيَتِيْ وَلَا بِرَاْسِيْ ۚ اِنِّيْ خَشِيْتُ اَنْ تَقُوْلَ فَرَّقْتَ بَيْنَ بَنِيْٓ اِسْرَاۗءِيْلَ وَلَمْ تَرْقُبْ قَوْلِيْ ﴿٩٤﴾

("ਹਾਰੂਨ" ਨੇ) ਇਹ ਕਿਹਾ ਸੀ ਕਿ ਹੇ ਮੇਰੇ ਅੰਮਾ ਜਾਏ ! ਨਾ ਮੇਰੀ ਦਾੜ੍ਹੀ (ਦੇ ਵਾਲ) ਫੜ ਤੇ ਨਾ ਹੀ ਮੇਰੇ ਸਿਰ ਦੇ ਵਾਲ (ਫੜ) । ਮੈਂ ਤਾਂ ਇਸ ਗੱਲ ਤੋਂ ਡਰ ਗਿਆ ਸੀ ਕਿ ਤੂੰ ਇਹ ਨਾ ਆਖੇਂ ਕਿ ਤੂੰ ਇਸਰਾਈਲ ਕੁਲ ਦੇ ਲੋਕਾਂ ਵਿਚ ਦੁਫੇੜ ਪਾ ਦਿੱਤੀ ਹੈ, ਅਰਥਾਤ ਮੇਰੀ ਗੱਲ ਦਾ ਧਿਆਨ ਨਹੀਂ ਰੱਖਿਆ (ਕਿ ਜਾਤੀ ਦੀ ਜੱਥੇਬੰਦੀ ਸਥਾਪਨ ਰਹੇ) ।੯੫।

قَالَ فَمَا خَطْبُكَ يٰسَامِرِيُّ ﴿٩٥﴾

(ਇਸ ਤੇ "ਮੂਸਾ" ਨੇ "ਸਾਮਰੀ" ਨੂੰ ਸੰਬੋਧਨ ਕਰ ਕੇ ਇਹ ਕਿਹਾ ਸੀ ਕਿ) ਹੇ "ਸਾਮਰੀ"! ਤੇਰਾ ਕੀ ਵੀਚਾਰ ਹੈ ? ।੯੬।

قَالَ بَصُرْتُ بِمَا لَمْ يَبْصُرُوا بِهٖ فَقَبَضْتُ قَبْضَةً مِّنْ اَثَرِ الرَّسُوْلِ فَنَبَذْتُهَا وَكَذٰلِكَ سَوَّلَتْ لِيْ نَفْسِيْ ﴿٩٦﴾

ਉਸ ਨੇ ਇਹ ਕਿਹਾ ਸੀ ਕਿ ਮੈਂ ਉਹ ਕੁਝ ਵੇਖਿਆ ਸੀ, ਜੋ ਏਹਨਾਂ ਲੋਕਾਂ ਨੇ ਨਹੀਂ ਵੇਖਿਆ ਸੀ ਅਤੇ ਮੈਂ ਇਸ ਰਸੂਲ, (ਅਰਥਾਤ "ਮੂਸਾ") ਦੀਆਂ ਗੱਲਾਂ ਵਿੱਚੋਂ ਕੁਝ ਗੱਲਾਂ ਤੇ ਵਰਤੋਂ ਕੀਤੀ ਸੀ[1] (ਅਤੇ ਕੁਝ ਤੇ ਨਹੀਂ ਕੀਤੀ ਸੀ) ਫੇਰ (ਜਦ ਸਮਾਂ ਆਇਆ ਸੀ, ਤਾਂ) ਮੈਂ ਓਹਨਾਂ (ਵਰਤੋਂ ਵਿਚ ਲਿਆਂਦੀਆਂ ਗੱਲਾਂ) ਦਾ ਵੀ ਤਿਆਗ ਕਰ ਦਿੱਤਾ ਸੀ ਅਤੇ ਮੇਰੇ ਮਨ ਨੇ ਏਹੋ ਚੀਜ਼ ਮੈਨੂੰ ਚੰਗੀ ਕਰ ਕੇ ਦੱਸੀ ।੯੭।

قَالَ فَاذْهَبْ فَاِنَّ لَكَ فِي الْحَيٰوةِ اَنْ تَقُوْلَ لَا مِسَاسَ ۖ وَاِنَّ لَكَ مَوْعِدًا لَّنْ تُخْلَفَهٗ ۚ وَانْظُرْ اِلٰٓى اِلٰهِكَ الَّذِيْ ظَلْتَ عَلَيْهِ عَاكِفًا ۖ لَّنُحَرِّقَنَّهٗ ثُمَّ لَنَنْسِفَنَّهٗ فِي الْيَمِّ نَسْفًا ﴿٩٧﴾

(ਮੂਸਾ ਨੇ) ਇਹ ਕਿਹਾ ਸੀ ਕਿ ਚੰਗਾ ਤੂੰ ਜਾ । ਤੇਰਾ ਇਸ ਜਗ ਵਿਚ ਏਹੋ ਦੰਡ ਹੈ ਕਿ ਤੂੰ ਇਸ (ਜਗ) ਵਿਚ ਹਰੇਕ ਨੂੰ ਏਹੋ ਕਹਿੰਦਾ ਰਹੇਂਗਾ ਕਿ (ਮੈਨੂੰ) ਨਾ ਛੋਂਹਣਾ, (ਅਰਥਾਤ ਮੈਨੂੰ "ਮੂਸਾ" ਨੇ ਗੰਦਾ ਕਰਾਰ ਦਿੱਤਾ ਹੋਇਆ ਹੈ) ਅਤੇ (ਮੂਸਾ ਨੇ "ਸਾਮਰੀ" ਨੂੰ ਇਹ ਵੀ ਕਿਹਾ ਸੀ ਕਿ) ਤੇਰੇ ਲਈ ਇਕ ਸਮਾਂ ਨੀਅਤ ਹੈ, (ਅਰਥਾਤ ਦੰਡ ਦਾ) ਜਿਸ ਨੂੰ ਤੂੰ ਟਾਲ ਨਹੀਂ ਸਕੇਂਗਾ ਅਤੇ ਤੂੰ ਆਪਣੇ ਇਸ਼ਟ-ਦੇਵ ਵੱਲ ਵੇਖ, ਜਿਸ ਦੇ ਅੱਗੇ ਬੈਠ ਕੇ ਤੂੰ ਉਸ ਦੀ ਪੂਜਾ ਕੀਤਾ ਕਰਦਾ ਸੀ । ਅਸੀਂ ਇਸ ਨੂੰ ਸਾੜ ਦਿਆਂਗੇ[2] ਫੇਰ ਇਸ ਨੂੰ ਸਮੁੰਦਰ ਵਿਚ ਰੋੜ੍ਹ ਦਿਆਂਗੇ ।੯੮।

اِنَّمَآ اِلٰهُكُمُ اللّٰهُ الَّذِيْ لَآ اِلٰهَ اِلَّا هُوَ ۚ وَسِعَ كُلَّ شَيْءٍ عِلْمًا ﴿٩٨﴾

ਤੁਹਾਡਾ ਇਸ਼ਟ ਤਾਂ ਕੇਵਲ ਅੱਲਾਹ ਹੀ ਹੈ, ਜਿਸ ਤੋਂ ਛੁੱਟ ਹੋਰ ਕੋਈ ਇਸ਼ਟ ਨਹੀਂ । ਉਹ ਹਰੇਕ ਚੀਜ਼ ਦਾ ਜਾਣਨਹਾਰ ਹੈ ।੯੯।

---

[1]ਕਈ ਭਾਸ਼ਕਾਰ ਇਹ ਲਿਖਦੇ ਹਨ ਕਿ "ਸਾਮਰੀ" ਨੇ ਇਹ ਕਿਹਾ ਸੀ ਕਿ ਮੈਂ "ਜਬਰਾਈਲ" ਨੂੰ ਵੇਖ ਲਿਆ ਸੀ ਤੇ ਉਸ ਦੇ ਘੋੜੇ ਦੇ ਪੈਰਾਂ ਦੀ ਮਿੱਟੀ ਲੈ ਕੇ ਉਸ ਤੋਂ ਇਹ ਵੱਛਾ ਬਣਾਇਆ ਸੀ, ਪਰ ਕੁਰਾਨ ਸ਼ਰੀਫ ਵਿਚ "ਰਸੂਲ" ਪਦ ਦੀ ਵਰਤੋਂ ਕੀਤੀ ਗਈ ਹੈ, ਜਿਸ ਦਾ ਭਾਵ "ਮੂਸਾ" ਹੀ ਹੈ ਅਤੇ "ਅਸਾਰਿ" ਦਾ ਭਾਵ ਗੱਲ ਜਾਂ ਪੁਰਾਣਾ ਹੈ: ਜਿਹਾ ਕਿ ਕੋਸ਼ ਤੋਂ ਸਿੱਧ ਹੈ। "ਸਾਮਰੀ" ਨੇ ਕੇਵਲ ਇਹ ਕਿਹਾ ਸੀ ਕਿ ਪਹਿਲਾਂ ਮੈਂ ਇਸ ਰਸੂਲ "ਮੂਸਾ" ਦੀ ਸਿੱਖਿਆ ਤੇ ਵਰਤੋਂ ਕੀਤੀ ਸੀ । ਫੇਰ ਜਦ ਯੋਗ ਸਮਾਂ ਵੇਖਿਆ ਕਿ "ਮੂਸਾ" ਜੀ ਖੰਡਨ ਕਰਨ ਲਈ ਮੌਜੂਦ ਨਹੀਂ ਹਨ, ਤਾਂ ਉਸ ਸਿੱਖਿਆ ਦਾ ਤਿਆਗ ਕਰ ਦਿੱਤਾ ਸੀ ।

[2]ਈਸਾਈ ਵਿਦਵਾਨ ਆਮ ਤੌਰ ਤੇ ਇਹ ਇਤਰਾਜ਼ ਕੀਤਾ ਕਰਦੇ ਹਨ ਕਿ ਉਹ ਵੱਛਾ ਸੋਨੇ ਦਾ ਸੀ ਤੇ ਸੋਨਾ ਸੜ ਕੇ ਸੁਆਹ ਨਹੀਂ ਹੋ ਸਕਦਾ । ਇਸ ਦਾ ਉੱਤਰ ਇਹ ਹੈ ਕਿ "ਸਾਮਰੀ" ਦਾ ਮੁੱਦਾ ਤਾਂ ਧੋਖਾ ਦੇਣਾ ਸੀ ਅਤੇ ਇਸ ਵਾਸਤੇ ਉਸ ਵੱਛੇ ਦੇ ਮੂੰਹ ਤੇ ਪੂੰਛ ਵਿਚ ਲਕੜੀ ਦੇ ਖੋਲ ਲਾਉਣੇ ਜ਼ਰੂਰੀ ਸਨ; ਤਾਂ ਜੋ ਹਵਾ ਆਉਣ ਤੇ ਅਵਾਜ਼ ਨਿਕਲੇ । ਸੋ ਜਦ ਵੱਛਾ ਸਾੜਿਆ ਗਿਆ ਸੀ, ਤਾਂ ਨਾਲ ਹੀ ਉਹ ਲੜਕੀ ਵੀ ਸੜ ਗਈ ਸੀ ਤੇ ਸੁਆਹ ਬਣ ਗਈ ਸੀ; ਜਿਸ ਨੂੰ "ਮੂਸਾ" ਨੇ ਸੋਨੇ ਦੀ ਰੇਤ ਦੇ ਨਾਲ ਦਰਿਆ ਵਿਚ ਸੁਟਵਾ ਦਿੱਤਾ ਸੀ "ਨਾਸ਼ਫਾ" ਦਾ ਅਰਥ ਕੋਸ਼ ਵਿਚ ਸੁੱਟ ਦੇਣਾ ਲਿਖਿਆ ਹੈ ।

كَذٰلِكَ نَقُصُّ عَلَيْكَ مِنْ اَنْۢبَآءِ مَا قَدْ سَبَقَ ۚ وَقَدْ اٰتَيْنٰكَ مِنْ لَّدُنَّا ذِكْرًا ﴿٩٩﴾

ਇਸੇ ਤਰ੍ਹਾਂ ਅਸੀਂ ਤੇਰੇ ਅੱਗੇ ਪਹਿਲੇ ਲੋਕਾਂ ਦੀਆਂ ਖ਼ਬਰਾਂ ਵਰਣਨ ਕਰਦੇ ਹਾਂ, ਅਰਥਾਤ ਅਸੀਂ ਤੈਨੂੰ ਆਪਣੇ ਪਾਸੋਂ ਉਪਦੇਸ਼ (ਕੁਰਾਨ) ਬਖ਼ਸ਼ਿਆ ਹੈ ।੧੦੦।

مَنْ اَعْرَضَ عَنْهُ فَاِنَّهٗ يَحْمِلُ يَوْمَ الْقِيٰمَةِ وِزْرًا ﴿١٠٠﴾

ਜੋ ਇਸ ਤੋਂ ਬੇਮੁੱਖ ਹੋਵੇਗਾ, ਉਹ ਕਿਆਮਤ ਦੇ ਦਿਹਾੜੇ ਇਕ ਵੱਡਾ ਭਾਰ ਚੁੱਕੇਗਾ ।੧੦੧।

خٰلِدِيْنَ فِيْهِ ۭ وَسَاۗءَ لَهُمْ يَوْمَ الْقِيٰمَةِ حِمْلًا ﴿١٠١﴾

(ਅਜੇਹੇ ਲੋਕ) ਇਸ ਹਾਲਤ ਵਿਚ ਚੋਖੇ ਲੰਮੇ ਸਮੇਂ ਤੱਕ ਰਹਿਣਗੇ ਅਤੇ ਕਿਆਮਤ ਦੇ ਦਿਹਾੜੇ ਇਹ (ਭਾਰ) ਵੱਡਾ ਦੁਖਦਾਇਕ ਹੋਵੇਗਾ ।੧੦੨।

يَّوْمَ يُنْفَخُ فِي الصُّوْرِ وَنَحْشُرُ الْمُجْرِمِيْنَ يَوْمَىِٕذٍ زُرْقًا ﴿١٠٢﴾

ਜਦ ਬਿਗਲ ਵਜਾਇਆ ਜਾਏਗਾ ਤੇ ਉਸ ਦਿਨ ਅਪਰਾਧੀਆਂ ਨੂੰ ਅਸੀਂ ਇਸ ਹਾਲਤ ਵਿਚ ਉਠਾਵਾਂਗੇ ਕਿ ਓਹਨਾਂ ਦੀਆਂ ਅੱਖਾਂ ਨੀਲੀਆਂ ਹੋਣਗੀਆਂ[1] ।੧੦੩।

يَّتَخَافَتُوْنَ بَيْنَهُمْ اِنْ لَّبِثْتُمْ اِلَّا عَشْرًا ﴿١٠٣﴾

ਓਹ ਆਪਸ ਵਿਚ ਹੌਲੇ ਹੌਲੇ ਗੱਲਾਂ ਕਰਨਗੇ ਕਿ ਤੁਸੀਂ ਤਾਂ ਕੇਵਲ ਦਸ (ਸਦੀਆਂ ਇਸ ਲੋਕ ਵਿਚ ਹਾਕਮ) ਰਹੇ ਸੀ ।੧੦੪।

نَحْنُ اَعْلَمُ بِمَا يَقُوْلُوْنَ اِذْ يَقُوْلُ اَمْثَلُهُمْ طَرِيْقَةً اِنْ لَّبِثْتُمْ اِلَّا يَوْمًا ﴿١٠٤﴾ ع

ਅਸੀਂ ਉਸ ਨੂੰ ਚੰਗੀ ਤਰ੍ਹਾਂ ਜਾਣਦੇ ਹਾਂ, ਜੋ ਓਹ ਕਹਿਣਗੇ ਕਿ ਜਦ ਓਹਨਾਂ ਵਿੱਚੋਂ ਸਭ ਤੋਂ ਵਧੇਰੇ ਓਹਨਾਂ ਦੇ ਧਰਮ[2] ਉੱਤੇ ਚੱਲਣ ਵਾਲਾ ਕਹੇਗਾ ਕਿ ਤੁਸੀਂ ਕੇਵਲ ਇਕ ਥੋੜ੍ਹਾ ਜਿਹਾ ਸਮਾਂ ਹੀ ਠਹਿਰੇ[3] ਸੀ ।੧੦੫।

---

[1]ਇਸ ਥਾਂ ਇਹ ਪਰਗਟ ਕਰ ਦਿੱਤਾ ਗਿਆ ਹੈ ਕਿ ਇਹ ਯੂਰਪੀਨ ਜਾਤੀਆਂ ਦਾ ਵਰਣਨ ਹੈ; ਜਿਨ੍ਹਾਂ ਦੀਆਂ ਅੱਖਾਂ ਨੀਲੀਆਂ ਹੁੰਦੀਆਂ ਹਨ ਅਤੇ ਅਗਲੀ ਆਇਤ ਵਿਚ ਇਹ ਦੱਸਿਆ ਗਿਆ ਹੈ ਕਿ ਉਹ ਆਪਣੀ ਉੱਨਤੀ ਮਗਰੋਂ ਅਧੋਗਤੀ ਨੂੰ ਪ੍ਰਾਪਤ ਹੋਣਗੀਆਂ, ਤਾਂ ਇਹ ਕਹਿਣਗੀਆਂ ਕਿ ਅਸੀਂ ਤਾਂ ਕੇਵਲ ਦਸਵ੍ਹੇਰਹੇ ਹਾਂ, ਅਰਥਾਤ ਦਸ ਸਦੀਆਂ ਅਤੇ ਯੂਰਪੀਨ ਜਾਤੀਆਂ ਦੀ ਉੱਨਤੀ ਦਾ ਸਮਾਂ ਇੰਨਾ ਹੀ ਬਣਦਾ ਹੈ ।

[2]ਅਰਥਾਤ—ਪੋਪ ਜਾਂ ਅਜਿਹਾ ਹੀ ਕੋਈ ਵੱਡਾ ਈਸਾਈ-ਪਾਦਰੀ । ਸੋ ਕੋਸ਼ ਵਿਚ ''ਤਰੀਕਾਤੁਨ'' ਦਾ ਅਰਥ ''ਸ਼ਰੀਫ਼ੁਲ ਕੌਮ'' ਵੀ ਹੈ, ਅਰਥਾਤ ਜਾਤੀ ਦਾ ਸਿਰਕਢ ਸਰਦਾਰ ।

[3]ਜਦ ਕਸ਼ਟ ਆਉਂਦਾ ਹੈ, ਤਾਂ ਸੁੱਖ ਦਾ ਸਮਾਂ ਵੱਡਾ ਥੋੜ੍ਹਾ ਭਾਸਦਾ ਹੈ । ਏਸ ਪਾਸੇ ਹੀ ਇਸ ਵਿਚ ਇਸ਼ਾਰਾ ਕੀਤਾ ਗਿਆ ਹੈ ।

وَيَسْـَٔلُوْنَكَ عَنِ الْجِبَالِ فَقُلْ يَنْسِفُهَا رَبِّيْ نَسْفًا ﴿١٠٥﴾

ਓਹ ਤੇਰੇ ਪਾਸੋਂ ਪਹਾੜਾਂ[1] ਬਾਰੇ ਪੁੱਛਦੇ ਹਨ ਤੂੰ ਓਹਨਾਂ ਨੂੰ ਇਹ ਆਖ ਕਿ ਮੇਰਾ ਸਾਜਨਹਾਰ ਤੇ ਪਾਲਨਹਾਰ ਓਹਨਾਂ ਨੂੰ ਪੁੱਟ ਕੇ ਸੁੱਟ ਦੇਵੇਗਾ ।੧੦੬।

فَيَذَرُهَا قَاعًا صَفْصَفًا ﴿١٠٦﴾

ਅਤੇ ਓਹਨਾਂ ਨੂੰ ਅਜੇਹੇ ਚਟੀਅਲ ਮੈਦਾਨ ਦੀ ਸ਼ਕਲ ਵਿਚ ਬਦਲ ਦੇਵੇਗਾ ।੧੦੭।

لَا تَرٰى فِيْهَا عِوَجًا وَّلَآ اَمْتًا ﴿١٠٧﴾

ਕਿ ਨਾ ਤਾਂ ਤੂੰ ਉਸ ਵਿਚ ਕੋਈ ਮੋੜ ਵੇਖੇਂਗਾ ਤੇ ਨਾ ਕੋਈ ਉੱਚਾਈ ।੧੦੮।

يَوْمَئِذٍ يَّتَّبِعُوْنَ الدَّاعِيَ لَا عِوَجَ لَهٗ ۚ وَخَشَعَتِ الْاَصْوَاتُ لِلرَّحْمٰنِ فَلَا تَسْمَعُ اِلَّا هَمْسًا ﴿١٠٨﴾

ਉਸ ਦਿਨ ਲੋਕ ਸੱਦਣ ਵਾਲੇ ਦੇ ਪਿੱਛੇ ਤੁਰ ਪੈਣਗੇ, ਜਿਸ ਦੀ ਸਿੱਖਿਆ[2] ਵਿਚ ਕੋਈ ਵਲ-ਵਿੰਗ ਨਹੀਂ ਹੋਵੇਗਾ ਅਤੇ ਦਿਆਲੂ (ਪ੍ਰਭੂ ਦੀ ਅਵਾਜ਼) ਦੇ ਟਾਕਰੇ ਤੇ (ਮਨੁੱਖਾਂ ਦੀਆਂ) ਅਵਾਜ਼ਾਂ ਦੱਬ ਜਾਣਗੀਆਂ । ਸੋ ਤੂੰ ਖੁਸਰ ਪੁਸਰ[3] ਤੋਂ ਛੁੱਟ ਕੁਝ ਵੀ ਨਹੀਂ ਸੁਣ ਸਕੇਂਗਾ ।੧੦੯।

يَوْمَئِذٍ لَّا تَنْفَعُ الشَّفَاعَةُ اِلَّا مَنْ اَذِنَ لَهُ الرَّحْمٰنُ وَرَضِيَ لَهٗ قَوْلًا ﴿١٠٩﴾

ਉਸ ਦਿਨ ਕਿਸੇ ਦੀ ਕੋਈ ਸਫ਼ਾਰਸ਼,[4] ਛੁੱਟ ਇਸ ਦੇ ਕਿ ਜਿਸ ਦੇ ਬਾਰੇ ਸਫ਼ਾਰਸ਼ ਕਰਨ ਦੀ ਦਿਆਲੂ (ਪ੍ਰਭੂ) ਅਗਿਆ ਦੇਵੇਗਾ, ਅਰਥਾਤ ਜਿਸ ਦੇ ਹੱਕ ਵਿਚ ਉਹ ਗੱਲ ਕਰਨੀ ਪਸੰਦ ਕਰੇਗਾ, ਕਿਸੇ ਨੂੰ ਕੋਈ ਲਾਭ ਨਾ ਦੇਵੇਗੀ ।੧੧੦।

---

[1]ਪਹਾੜ ਦਾ ਅਰਥ ਅਸੀਂ ਪਹਿਲਾਂ ਲਿਖ ਆਏ ਹਾਂ ਕਿ ਕੌਮ ਵਿਚ ਵੱਡਾ ਆਦਮੀ ਵੀ ਹੁੰਦਾ ਹੈ ।

[2]ਅਰਥਾਤ—ਜਦ ਦੂਜੀਆਂ ਜਾਤੀਆਂ ਉੱਤੇ ਤਬਾਹੀ ਆਉਣੀ ਸ਼ੁਰੂ ਹੋਵੇਗੀ ਤਾਂ ਪਹਾੜਾਂ ਵਾਂਗ ਅਹਿਲ ਤੇ ਮਜ਼ਬੂਤ ਜਾਤੀਆਂ ਵੀ ਨਸ਼ਟ ਹੋ ਕੇ ਧਰਤੀ ਵਿਚ ਰੁਲ ਜਾਣਗੀਆਂ, ਤਾਂ ਸਾਰੇ ਲੋਕ ਉਸ ਨਬੀ ਨੂੰ ਮੰਨਣ ਲਗ ਪੈਣਗੇ, ਜਿਸ ਦੀ ਸਿੱਖਿਆ ਵਿਚ ਕੋਈ ਵਲ-ਵਿੰਗ ਨਹੀਂ ਹੋਵੇਗਾ, ਅਰਥਾਤ ਹਜ਼ਰਤ "ਮੁਹੰਮਦ" ਸਾਹਿਬ ਜੀ ਮਹਾਰਾਜ ਨੂੰ; ਜਿਹਾ ਕਿ ਕੁਰਾਨ ਸ਼ਰੀਫ਼ ਵਿਚ ਕੁਰਾਨ ਸ਼ਰੀਫ਼ ਦੀ ਸਿੱਖਿਆ ਦੀ ਮੁੜ ਮੁੜ ਏਹੋ ਹੀ ਉਪਮਾ ਵਰਣਨ ਕੀਤੀ ਗਈ ਹੈ ।

[3]ਅਰਥਾਤ—ਭੈ-ਭੀਤ ਹੋ ਕੇ ਅਵਾਜ਼ਾਂ ਦਬ ਜਾਣਗੀਆਂ ।

[4]ਇਸ ਆਇਤ ਵਿਚ ਈਸਾਈਆਂ ਦਾ ਖੰਡਨ ਕੀਤਾ ਗਿਆ ਹੈ, ਜੋ "ਈਸਾ" ਨੂੰ ਸਫ਼ਾਰਸ਼ੀ ਮੰਨਦੇ ਹਨ ਤੇ ਹਜ਼ਰਤ "ਮੁਹੰਮਦ" ਸਾਹਿਬ ਜੀ ਦੇ ਸਫ਼ਾਰਸ਼ੀ ਹੋਣ ਦਾ ਐਲਾਨ ਕੀਤਾ ਗਿਆ ਹੈ; ਕਿਉਂਕਿ ਕੇਵਲ ਉਹੋ ਹਨ, ਜੋ ਦਿਆਲੂ ਪ੍ਰਭੂ ਉੱਤੇ ਸ਼ਰਧਾ ਧਾਰਨ ਤੇ ਜ਼ੋਰ ਦਿੰਦੇ ਹਨ ਤੇ ਜਿਨ੍ਹਾਂ ਦੀ ਸਫ਼ਾਰਸ਼ ਨੂੰ ਕੁਰਾਨ ਸ਼ਰੀਫ਼ ਵਿਚ ਯੋਗ ਕਰਾਰ ਦਿੱਤਾ ਗਿਆ ਹੈ, ਪਰ ਈਸਾਈਅਤ ਇਸ ਦੇ ਵਿਰੁਧ ਪ੍ਰਭੂ ਦੀ ਦਿਆਲਤਾ ਦੀ ਇਨਕਾਰੀ ਹੈ । ਸੋ ਇਸ ਆਇਤ ਵਿਚ ਇਹ ਦੱਸਿਆ ਗਿਆ ਹੈ ਕਿ ਸਫ਼ਾਰਸ਼ ਦੀ ਆਗਿਆ ਕੇਵਲ ਹਜ਼ਰਤ "ਮੁਹੰਮਦ" ਸਾਹਿਬ ਨੂੰ ਹੀ ਪ੍ਰਾਪਤ ਹੈ ।

يَعْلَمُ مَا بَيْنَ اَيْدِيْهِمْ وَ مَا خَلْفَهُمْ وَ لَا يُحِيْطُوْنَ بِهٖ عِلْمًا ﴿١١٠﴾

ਉਹ (ਪ੍ਰਭੂ) ਜੋ ਕੁਝ ਓਹਨਾਂ ਦੇ ਅੱਗੇ ਆਉਣ ਵਾਲਾ ਹੈ, ਉਸ ਦਾ ਜਾਣਨਹਾਰ ਹੈ ਤੇ ਜੋ ਓਹਨਾਂ ਤੋਂ ਪਹਿਲਾਂ ਬੀਤ ਚੁੱਕਾ ਹੈ, ਉਸ ਦਾ ਵੀ ਜਾਣਨਹਾਰ ਹੈ ਅਤੇ ਓਹ ਆਪਣੇ ਗਿਆਨ ਨਾਲ ਉਸ (ਪ੍ਰਭੂ) ਨੂੰ ਘੇਰਾ ਨਹੀਂ ਪਾ ਸਕਦੇ ।੧੧੧।

وَ عَنَتِ الْوُجُوْهُ لِلْحَيِّ الْقَيُّوْمِ وَ قَدْ خَابَ مَنْ حَمَلَ ظُلْمًا ﴿١١١﴾

ਅਤੇ (ਉਸ ਦਿਨ) ਸਦਾ ਸਲਾਮਤਿ ਤੇ ਦੂਜਿਆਂ ਦੇ ਅਧਾਰ (ਪ੍ਰਭੂ) ਅੱਗੇ ਸਾਰੇ ਹੀ ਵੱਡੇ ਵੱਡੇ ਲੋਕ ਸ਼ਰਿਕਾਰ ਨਾਲ ਝੁਕ ਜਾਣਗੇ ਤੇ ਜੋ ਜ਼ੁਲਮ ਕਮਾਉਂਦਾ ਹੈ ਉਹ ਨਿਹਫਲ ਰਹੇਗਾ ।੧੧੨।

وَ مَنْ يَّعْمَلْ مِنَ الصّٰلِحٰتِ وَ هُوَ مُؤْمِنٌ فَلَا يَخٰفُ ظُلْمًا وَّ لَا هَضْمًا ﴿١١٢﴾

ਅਤੇ ਜਿਸ ਨੇ ਯਥਾਯੋਗ ਤੇ ਯਥਾਸ਼ਕਤ ਸ਼ੁਭ ਕਰਮ ਕੀਤੇ ਹੋਣਗੇ ਤੇ ਉਹ ਸ਼ਰਧਾਲੂ ਵੀ ਹੋਵੇਗਾ, ਉਸ ਨੂੰ ਨਾ ਤਾਂ ਕਿਸੇ ਦੇ ਜ਼ੁਲਮ ਦਾ ਤੇ ਨਾ ਕਿਸੇ ਦੇ ਹੱਕ ਮਾਰੇ ਜਾਣ ਦਾ ਕੋਈ ਸਹਿਮ ਹੋਵੇਗਾ ।੧੧੩।

وَ كَذٰلِكَ اَنْزَلْنٰهُ قُرْاٰنًا عَرَبِيًّا وَّ صَرَّفْنَا فِيْهِ مِنَ الْوَعِيْدِ لَعَلَّهُمْ يَتَّقُوْنَ اَوْ يُحْدِثُ لَهُمْ ذِكْرًا ﴿١١٣﴾

ਅਤੇ ਏਸੇ ਤਰ੍ਹਾਂ ਅਸੀਂ ਇਸ (ਪੁਸਤਕ) ਨੂੰ ਅਰਬੀ ਜ਼ਬਾਨ ਦੇ ਕੁਰਾਨ ਦੀ ਸ਼ਕਲ ਵਿਚ ਉਤਾਰਿਆ ਹੈ ਅਤੇ ਉਸ ਵਿਚ ਹਰੇਕ ਕਿਸਮ ਦੇ ਡਰ ਨੂੰ ਸਪਸ਼ਟ ਤੌਰ ਤੇ ਵਰਣਨ ਕਰ ਦਿੱਤਾ ਹੈ; ਤਾਂ ਜੁ ਓਹ ਸੰਜਮਤਾ ਧਾਰਨ ਕਰ ਸਕਣ । ਜਾਂ ਇਹ (ਕੁਰਾਨ) ਓਹਨਾਂ ਲਈ (ਪ੍ਰਭੂ ਦੇ) ਸਿਮਰਨ ਦਾ ਸਾਧਨ ਨਵੇਂ ਸਿਰਿਓਂ ਪੈਦਾ ਕਰ ਦੇਵੇ ।੧੧੪।

فَتَعٰلَى اللّٰهُ الْمَلِكُ الْحَقُّ ۚ وَ لَا تَعْجَلْ بِالْقُرْاٰنِ مِنْ قَبْلِ اَنْ يُّقْضٰۤى اِلَيْكَ وَحْيُهٗ ۫ وَ قُلْ رَّبِّ زِدْنِيْ عِلْمًا ﴿١١٤﴾

ਸੋ ਅੱਲਾਹ ਜੋ (ਬਾਦਸ਼ਾਹਾਂ ਦਾ) ਬਾਦਸ਼ਾਹ ਹੈ । ਵੱਡੀ ਸ਼ਾਨ ਵਾਲਾ ਤੇ ਸਦਾ ਸਲਾਮਤਿ ਹੈ ਅਤੇ ਤੂੰ ਕੁਰਾਨ ਦੀ (ਬਾਣੀ) ਉਤਰਣ ਤੋਂ ਪਹਿਲਾਂ ਉਸ ਬਾਰੇ ਕਾਹਲ ਨਾ ਕਰ; (ਸਗੋਂ ਸਮੁੱਚੇ ਤੌਰ ਤੇ) ਇਹ ਕਹਿੰਦਾ ਰਹੁ ਕਿ ਹੇ ਮੇਰੇ ਸਾਜਨਹਾਰ ਤੇ ਪਾਲਨਹਾਰ ! ਮੇਰੇ ਗਿਆਨ ਵਿਚ ਵਾਧਾ ਕਰ ।੧੧੫।

وَلَقَدْ عَهِدْنَآ اِلٰٓى اٰدَمَ مِنْ قَبْلُ فَنَسِىَ وَلَمْ نَجِدْ لَهٗ عَزْمًا ﴿١١٥﴾

ਅਤੇ ਬੇਸ਼ੱਕ ਅਸੀਂ ਇਸ ਤੋਂ ਪਹਿਲਾਂ "ਆਦਮ" ਨੂੰ (ਇਕ ਗੱਲ ਦੀ) ਪੱਕਿਆਈ ਕੀਤੀ ਸੀ, ਪਰ ਉਹ ਭੁੱਲ ਗਿਆ ਸੀ। ਅਸੀਂ ਚੰਗੀ ਤਰ੍ਹਾਂ ਜਾਂਚ ਲਿਆ ਸੀ ਕਿ ਉਸ ਦੇ ਮਨ ਵਿਚ ਸਾਡੀ ਅਵੱਗਿਆ ਕਰਨ ਦੀ ਕੋਈ ਪੱਕੀ ਇੱਛਾ ਨਹੀਂ ਸੀ ।੧੧੬। (ਰਕੂਅ ੬)

وَاِذْ قُلْنَا لِلْمَلٰٓئِكَةِ اسْجُدُوْا لِاٰدَمَ فَسَجَدُوْٓا اِلَّآ اِبْلِيْسَ اَبٰى ﴿١١٦﴾

ਅਤੇ (ਉਹ ਸਮਾਂ ਵੀ ਯਾਦ ਕਰੋ) ਜਦ ਕਿ ਅਸੀਂ ਸਾਰੇ ਫ਼ਰਿਸ਼ਤਿਆਂ ਨੂੰ ਇਹ ਕਿਹਾ ਸੀ ਕਿ "ਆਦਮ" (ਦੀ ਸ਼ਾਜਨਾ ਦੇ ਧੰਨਵਾਦ ਵਜੋਂ ਅੱਲਾਹ) ਨੂੰ ਮੱਥਾ ਟੇਕੋ। ਤਾਂ "ਇਬਲੀਸ" ਤੋਂ ਛੁੱਟ ਸਾਰਿਆਂ ਨੇ ਮੱਥਾ ਟੇਕ ਦਿੱਤਾ ਸੀ। ਉਸ ਨੇ ਅਭਿਮਾਨ ਕੀਤਾ ਸੀ ।੧੧੭।

فَقُلْنَا يٰٓاٰدَمُ اِنَّ هٰذَا عَدُوٌّ لَّكَ وَلِزَوْجِكَ فَلَا يُخْرِجَنَّكُمَا مِنَ الْجَنَّةِ فَتَشْقٰى ﴿١١٧﴾

ਇਸ ਤੇ ਅਸੀਂ ("ਆਦਮ" ਨੂੰ) ਇਹ ਕਿਹਾ ਸੀ ਕਿ ਹੇ "ਆਦਮ"! ਇਹ ("ਇਬਲੀਸ") ਬੇਸ਼ੱਕ ਤੇਰਾ ਤੇ ਤੇਰੇ ਸਾਥੀਆਂ ਦਾ ਵੈਰੀ ਹੈ। ਸੋ ਤੁਹਾਨੂੰ ਦੋਹਾਂ (ਧੜਿਆਂ) ਨੂੰ ਬਾਗ਼ ਵਿੱਚੋਂ ਨਾ ਕੱਢਵਾ ਦੇਵੇ ਕਿ ਇਸ ਦੇ ਸਿੱਟੇ ਵਿਚ ਤੂੰ (ਤੇ ਤੇਰਾ ਹਰੇਕ ਸਾਥੀ) ਬਿਪਤਾ ਵਿਚ ਫਸ ਜਾਏ ।੧੧੮।

اِنَّ لَكَ اَلَّا تَجُوْعَ فِيْهَا وَلَا تَعْرٰى ﴿١١٨﴾

ਬੇਸ਼ੱਕ ਇਸ (ਬਾਗ਼)[1] ਵਿਚ ਤੇਰੇ ਵਾਸਤੇ ਇਹ (ਨੀਅਤ) ਹੈ ਕਿ ਤੂੰ ਭੁੱਖਾ ਨਾ ਰਹੇਂਗਾ; (ਤੇ ਨਾ ਤੇਰੇ ਸਾਥੀ) ਅਤੇ ਤੂੰ ਨੰਗਾ ਨਹੀਂ ਰਹੇਂਗਾ ।੧੧੯।

وَاَنَّكَ لَا تَظْمَؤُا فِيْهَا وَلَا تَضْحٰى ﴿١١٩﴾

ਤੂੰ ਪਿਆਸਾ ਨਹੀਂ ਰਹੇਂਗਾ; ਤੇ ਨਾ ਤੈਨੂੰ ਧੁੱਪ ਹੀ ਸਤਾਏਗੀ ।੧੨੦।

فَوَسْوَسَ اِلَيْهِ الشَّيْطٰنُ قَالَ يٰٓاٰدَمُ هَلْ اَدُلُّكَ عَلٰى شَجَرَةِ الْخُلْدِ وَمُلْكٍ لَّا يَبْلٰى ﴿١٢٠﴾

ਇਸ ਤੇ ਸ਼ੈਤਾਨ ਨੇ ਉਸ ਦੇ ਮਨ ਵਿਚ ਭਰਮ ਪਾ ਦਿੱਤਾ ਸੀ (ਤੇ)[2] ਇਹ ਕਿਹਾ ਸੀ ਕਿ ਹੇ "ਆਦਮ"! ਕੀ ਮੈਂ ਤੈਨੂੰ ਇਕਅਜਿਹੇ ਰੁੱਖ ਦਾ ਪਤਾ ਦਿਆਂ, ਜੋ ਸਦਾ ਬਹਾਰ ਹੈ ਅਤੇਅਜਿਹੀ ਬਾਦਸ਼ਾਹੀ (ਦਾ ਪਤਾ ਦਿਆਂ), ਜੋ ਕਦੇ ਨਸ਼ਟ ਨਹੀਂ ਹੋਵੇਗੀ ।੧੨੧।

---

[1]ਇਸ ਤੋਂ ਪਤਾ ਲਗਦਾ ਹੈ ਕਿ ਇਹ ਸਭ ਤੋਂ ਪਹਿਲੀ ਸਿੱਖਿਆ ਹੈ, ਜੋ "ਆਦਮ" ਨੂੰ ਮਿਲੀ ਸੀ, ਅਰਥਾਤ ਤੇਰੇ ਰਾਜ ਦਾ ਕਾਨੂੰਨ ਅਜਿਹਾ ਹੋਣਾ ਚਾਹੀਦਾ ਹੈ ਕਿ ਇਸ ਦਾ ਸਿੱਟਾ ਇਹ ਨਿਕਲੇ ।

[2]ਵੇਖੋ ਸੂਰਤ ਇਅਰਾਫ਼ ਆਇਤ ੨੧ ਦੀ ਟ੍ਰਕ ।

فَأَكَلَا مِنْهَا فَبَدَتْ لَهُمَا سَوْاٰتُهُمَا وَطَفِقَا يَخْصِفٰنِ عَلَيْهِمَا مِنْ وَّرَقِ الْجَنَّةِ ۚ وَعَصٰٓى اٰدَمُ رَبَّهٗ فَغَوٰى ﴿١٢١﴾

ਸੋ ਏਹਨਾਂ ਦੋਹਾਂ ("ਆਦਮ" ਤੇ ਉਸ ਦੇ ਸਾਥੀਆਂ) ਨੇ ਉਸ ਰੁੱਖ ਵਿੱਚੋਂ ਕੁਝ ਖਾਧਾ ਸੀ, (ਅਰਥਾਤ ਉਸ ਦਾ ਸੁਆਦ ਚੱਖਿਆ ਸੀ,) ਜਿਸ ਤੇ ਓਹਨਾਂ ਦੋਹਾਂ ਦੀਆਂ ਊਣਤਾਈਆਂ ਓਹਨਾਂ ਉੱਤੇ ਪਰਗਟ ਹੋ ਗਈਆਂ ਸਨ ਅਤੇ ਓਹ ਆਪਣੇ ਉੱਤੇ ਸਵਰਗ ਦੀ ਸਜਾਵਟ ਦੇ ਸਾਧਨ[1], (ਅਰਥਾਤ ਸ਼ੁਭ ਕਰਮ) ਲਪੇਟਣ ਲਗ ਪਏ ਸਨ ਅਤੇ "ਆਦਮ" ਨੇ ਆਪਣੇ ਸਾਜਨਹਾਰ ਤੇ ਪਾਲਨਹਾਰ ਦੀ ਅਵੱਗਿਆ ਕੀਤੀ ਸੀ ਅਤੇ ਉਹ ਸਿੱਧੇ ਮਾਰਗ ਤੋਂ ਭਟਕ ਗਿਆ ਸੀ ।੧੨੨।

ثُمَّ اجْتَبٰهُ رَبُّهٗ فَتَابَ عَلَيْهِ وَهَدٰى ﴿١٢٢﴾

ਇਸ ਦੇ ਮਗਰੋਂ ਉਸ ਦੇ ਸਾਜਨਹਾਰ ਤੇ ਪਾਲਨਹਾਰ ਨੇ ਉਸ ਨੂੰ ਚੁਣ ਲਿਆ ਸੀ ਤੇ ਉਸ ਤੇ ਮਿਹਰ ਦੀ ਨਜ਼ਰ ਕੀਤੀ ਸੀ ਅਤੇ ਉਸ ਨੂੰ ਸੁਮਾਰਗ ਵਲ ਲਾ ਦਿੱਤਾ ਸੀ ।੧੨੩।

قَالَ اهْبِطَا مِنْهَا جَمِيْعًا ۚ بَعْضُكُمْ لِبَعْضٍ عَدُوٌّ ۚ فَإِمَّا يَأْتِيَنَّكُمْ مِّنِّيْ هُدًى ۙ فَمَنِ اتَّبَعَ هُدَايَ فَلَا يَضِلُّ وَلَا يَشْقٰى ﴿١٢٣﴾

ਅਤੇ (ਪ੍ਰਭੂ ਨੇ) ਇਹ ਕਿਹਾ ਸੀ ਕਿ ਤੁਸੀਂ ਦੋਵੇਂ (ਧੜੇ) ਇਸ ਵਿੱਚੋਂ ਸਾਰੇ ਦੇ ਸਾਰੇ ਨਿਕਲ ਜਾਓ । ਤੁਹਾਡੇ ਵਿੱਚੋਂ ਕਈ ਕਈਆਂ ਦੇ ਵੈਰੀ ਹੋ ਗਏ ਹਨ । ਸੋ ਜੇ ਤੁਹਾਡੇ ਵਲ ਮੇਰੇ ਵੱਲੋਂ ਸੁਮਾਰਗ ਆਏ, ਤਾਂ ਜਿਹੜਾ ਮੇਰੀ ਅਗਵਾਈ ਹੇਠ ਤੁਰੇਗਾ, ਉਹ ਕਦੇ ਕੁਰਾਹੇ ਨਹੀਂ ਜਾਏਗਾ ਤੇ ਨਾ ਕਦੇ ਨਸ਼ਟ ਹੀ ਹੋਵੇਗਾ ।੧੨੪।

وَمَنْ أَعْرَضَ عَنْ ذِكْرِيْ فَإِنَّ لَهٗ مَعِيْشَةً ضَنْكًا وَّنَحْشُرُهٗ يَوْمَ الْقِيٰمَةِ أَعْمٰى ﴿١٢٥﴾

ਅਤੇ ਜਿਹੜਾ ਪ੍ਰਾਣੀ ਮੇਰੇ ਯਾਦ ਕਰਾਉਣ ਦੇ ਬਾਵਜੂਦ ਮੂੰਹ ਮੋੜ ਲਏਗਾ, ਉਸ ਨੂੰ ਦੁਖਦਾਇਕ ਜੀਵਨ ਮਿਲੇਗਾ ਅਤੇ ਕਿਆਮਤ ਦੇ ਦਿਹਾੜੇ ਅਸੀਂ ਉਸ ਨੂੰ ਅੰਨ੍ਹਾ ਉਠਾਵਾਂਗੇ ।੧੨੫।

قَالَ رَبِّ لِمَ حَشَرْتَنِيْٓ أَعْمٰى وَقَدْ كُنْتُ بَصِيْرًا ﴿١٢٦﴾

(ਇਸ ਤੇ) ਉਹ ਇਹ ਕਹੇਗਾ ਕਿ ਹੇ ਮੇਰੇ ਸਾਜਨਹਾਰ ਤੇ ਪਾਲਨਹਾਰ ! ਤੂੰ ਮੈਨੂੰ ਕਿਉਂ ਅੰਨ੍ਹਿਆਂ ਉਠਾਇਆ ਹੈ ? ਹਾਲਾਂਕਿ ਮੈਂ ਤਾਂ ਚੰਗੀ ਤਰ੍ਹਾਂ ਵੇਖਿਆ ਕਰਦਾ ਸੀ ।੧੨੬।

[1]ਵੇਖੋ ਸੂਰਤ ਇਅਰਾਫ਼ ਆਇਤ ੨੩ ਦੀ ਟੂਕ ।

قَالَ كَذٰلِكَ اَتَتْكَ اٰيٰتُنَا فَنَسِيْتَهَا ۚ وَكَذٰلِكَ الْيَوْمَ تُنْسٰى ﴿١٢٦﴾

(ਇਸ ਤੇ ਪ੍ਰਭੂ) ਇਹ ਫ਼ਰਮਾਏਗਾ ਕਿ ਤੇਰੇ ਵਲ ਵੀ ਤਾਂ ਸਾਡੀਆਂ ਆਇਤਾਂ ਆਈਆਂ ਸਨ, ਜਿਨ੍ਹਾਂ ਨੂੰ ਤੂੰ (ਉੱਕਾ ਹੀ) ਵਿਸਾਰ ਦਿੱਤਾ ਸੀ। ਸੋ ਅੱਜ ਤੈਨੂੰ ਵੀ (ਪ੍ਰਭੂ ਦੀ ਮਿਹਰ ਦੀ ਵੰਡ ਸਮੇਂ) ਵਿਸਾਰ ਦਿੱਤਾ ਗਿਆ ਹੈ ।੧੨੭।

وَكَذٰلِكَ نَجْزِيْ مَنْ اَسْرَفَ وَلَمْ يُؤْمِنْ بِاٰيٰتِ رَبِّهٖ ۭ وَلَعَذَابُ الْاٰخِرَةِ اَشَدُّ وَاَبْقٰى ﴿١٢٧﴾

ਅਤੇ ਜਿਹੜਾ ਵੀ ਪ੍ਰਭੂ ਦੇ ਕਾਨੂੰਨਾਂ ਦੀ ਉਲੰਘਣਾ ਕਰਦਾ ਹੈ, ਅਰਥਾਤ ਆਪਣੇ ਸਾਜਨਹਾਰ ਤੇ ਪਾਲਨਹਾਰ ਦੀਆਂ ਆਇਤਾਂ ਉੱਤੇ ਸ਼ਰਧਾ ਧਾਰਨ ਨਹੀਂ ਕਰਦਾ। ਉਸ ਦੇ ਨਾਲ ਅਜਿਹਾ ਹੀ ਵਰਤਾਉ ਕੀਤਾ ਜਾਂਦਾ ਹੈ। (ਇਹ ਤਾਂ ਕੇਵਲ ਇਸ ਲੋਕ ਦਾ ਵਰਤਾਉ ਹੈ), ਪਰਲੋਕ ਦਾ ਕਸ਼ਟ ਇਸ ਤੋਂ ਵੀ ਵਧੇਰੇ ਕਰੜਾ ਤੇ ਚੱਖੇ ਲੰਮੇ ਸਮੇਂ ਤਕ ਜਾਣ ਵਾਲਾ ਹੈ ।੧੨੮।

اَفَلَمْ يَهْدِ لَهُمْ كَمْ اَهْلَكْنَا قَبْلَهُمْ مِّنَ الْقُرُوْنِ يَمْشُوْنَ فِيْ مَسٰكِنِهِمْ ۭ اِنَّ فِيْ ذٰلِكَ لَاٰيٰتٍ لِّاُولِي النُّهٰى ﴿١٢٨﴾ ع ١٤

ਕੀ ਇਸ ਗੱਲ ਤੋਂ ਓਹਨਾਂ ਨੇ ਸਿੱਖਿਆ ਪ੍ਰਾਪਤ ਨਹੀਂ ਕੀਤੀ ਕਿ ਓਹਨਾਂ ਤੋਂ ਪਹਿਲੇ ਬੀਤ ਚੁੱਕੀਆਂ ਜਾਤੀਆਂ ਵਿੱਚੋਂ ਬਹੁਤ ਸਾਰੇ ਲੋਕਾਂ ਨੂੰ ਅਸੀਂ ਨਸ਼ਟ ਕਰ ਚੁੱਕੇ ਹਾਂ ? ਏਹ ਲੋਕ ਓਹਨਾਂ ਦੇ ਘਰਾਂ ਵਿਚ ਤੁਰਦੇ ਫਿਰਦੇ ਹਨ। ਇਸ ਵਿਚ ਵਿਚਾਰਵਾਨਾਂ ਲਈ ਵੱਡੇ ਚਮਤਕਾਰ ਹਨ ।੧੨੯। (ਰਕੂਅ ੭)

وَلَوْلَا كَلِمَةٌ سَبَقَتْ مِنْ رَّبِّكَ لَكَانَ لِزَامًا وَّاَجَلٌ مُّسَمًّى ﴿١٢٩﴾

ਅਤੇ ਜੇ ਇਕ ਗੱਲ ਤੇਰੇ ਸਾਜਨਹਾਰ ਤੇ ਪਾਲਨਹਾਰ ਵੱਲੋਂ ਪਹਿਲਾਂ ਨਾ ਹੋ ਚੁੱਕੀ ਹੁੰਦੀ, ਅਰਥਾਤ ਸਮਾਂ ਵੀ ਨੀਅਤ ਕੀਤਾ ਨਾ ਹੁੰਦਾ, ਤਾਂ (ਓਹਨਾਂ ਜਾਤੀਆਂ ਲਈ ਵੀ) ਕਸ਼ਟ ਸਦਾ ਵਾਸਤੇ ਹੋ ਜਾਂਦਾ (ਅਤੇ ਇਕ ਲੰਮੇ ਸਮੇਂ ਤਕ ਜਾਰੀ ਰਹਿੰਦਾ)।੧੩੦।

فَاصْبِرْ عَلٰي مَا يَقُوْلُوْنَ وَسَبِّحْ بِحَمْدِ رَبِّكَ قَبْلَ طُلُوْعِ الشَّمْسِ وَقَبْلَ

ਸੋ ਜੋ ਕੁਝ ਏਹ (ਲੋਕ) ਆਖਦੇ ਹਨ, ਤੂੰ ਉਸ ਤੇ ਸਬਰ ਕਰ; (ਕਿਉਂਕਿ ਤੇਰੇ ਸਾਜਨਹਾਰ ਤੇ ਪਾਲਨਹਾਰ ਦੀ ਏਹੋ ਹੀ ਮਰਯਾਦਾ ਹੈ ਕਿ ਮਿਹਰ ਤੋਂ ਕੰਮ ਲਿਆ ਜਾਏ) ਅਤੇ ਸੂਰਜ ਦੇ ਚੜ੍ਹਨ ਤੇ ਉਸ ਦੇ

غُرُوْبِهَا ۚ وَمِنْ اٰنَآئِ الَّيْلِ فَسَبِّحْ وَاَطْرَافَ النَّهَارِ لَعَلَّكَ تَرْضٰى ﴿١٣٠﴾

ਡੁਬਣ ਤੋਂ ਪਹਿਲਾਂ ਉਸ ਦੀ ਉਪਮਾ ਦੇ ਨਾਲ ਨਾਲ ਉਸ ਦਾ ਸਿਮਰਨ ਵੀ ਕੀਤਾ ਕਰ, ਅਰਥਾਤ ਰਾਤ ਦੇ ਅੱਡ ਅੱਡ ਸਮਿਆਂ ਤੇ (ਇਸੇ ਤਰ੍ਹਾਂ) ਦਿਨ ਦੇ ਸਾਰੇ ਹਿੱਸਿਆਂ ਵਿਚ ਉਸ ਦਾ ਸਿਮਰਨ ਕੀਤਾ ਕਰ; ਤਾਂ ਜੁ ਤੂੰ (ਉਸ ਦੀ ਕਿਰਪਾ ਨੂੰ ਪ੍ਰਾਪਤ ਕਰ ਕੇ) ਖ਼ੁਸ਼ ਹੋ ਜਾਏਂ ।੧੩੧।

وَلَا تَمُدَّنَّ عَيْنَيْكَ اِلٰى مَا مَتَّعْنَا بِهٖۤ اَزْوَاجًا مِّنْهُمْ زَهْرَةَ الْحَيٰوةِ الدُّنْيَا ۙ لِنَفْتِنَهُمْ فِيْهِ ۚ وَرِزْقُ رَبِّكَ خَيْرٌ وَّاَبْقٰى ﴿١٣١﴾

ਅਤੇ ਅਸੀਂ ਓਹਨਾਂ ਵਿੱਚੋਂ ਕੁਝ ਲੋਕਾਂ ਨੂੰ ਮਾਤਲੋਕ ਦੇ ਜੀਵਨ ਦੀ ਸਜਾਵਟ ਦੇ ਸਾਧਨ ਦਿੱਤੇ ਹੋਏ ਹਨ, ਤੂੰ ਓਹਨਾਂ ਵਲ ਆਪਣੀਆਂ ਦੋਵੇਂ ਅੱਖਾਂ ਲੰਮੀਆਂ ਨਾ ਕਰ । (ਇਹ ਸਾਧਨ ਅਸੀਂ ਓਹਨਾਂ ਨੂੰ ਇਸ ਲਈ ਦਿੱਤੇ ਹਨ ਕਿ) ਅਸੀਂ ਏਹਨਾਂ ਰਾਹੀਂ ਓਹਨਾਂ ਦੀ ਪਰਖ ਕਰ ਸਕੀਏ ਅਤੇ ਤੇਰੇ ਸਾਜਨਹਾਰ ਤੇ ਪਾਲਨਹਾਰ ਦਾ ਦਿੱਤਾ ਹੋਇਆ ਰਿਜ਼ਕ ਸਭ ਤੋਂ ਚੰਗਾ ਤੇ ਬਾਕੀ ਰਹਿਣ ਵਾਲਾ ਹੈ ।੧੩੨।

وَاْمُرْ اَهْلَكَ بِالصَّلٰوةِ وَاصْطَبِرْ عَلَيْهَا ۭ لَا نَسْـَٔلُكَ رِزْقًا ۭ نَحْنُ نَرْزُقُكَ ۭ وَالْعَاقِبَةُ لِلتَّقْوٰى ﴿١٣٢﴾

ਅਤੇ ਤੂੰ ਆਪਣੇ ਪਰਵਾਰ ਨੂੰ ਨਿਮਾਜ਼ ਪੜ੍ਹਨ ਦੀ ਪ੍ਰੇਰਨਾ ਕਰਦਾ ਰਹੁ ਅਤੇ ਤੂੰ ਆਪ ਵੀ ਇਸ (ਹੁਕਮ—ਅਰਥਾਤ ਨਿਮਾਜ਼) ਤੇ—ਕਾਇਮ ਰਹੁ । ਅਸੀਂ ਤੇਰੇ ਪਾਸੋਂ ਰਿਜ਼ਕ ਨਹੀਂ ਮੰਗਦੇ; ਸਗੋਂ ਅਸੀਂ ਤੈਨੂੰ ਰਿਜ਼ਕ ਦਿੰਦੇ ਹਾਂ ਅਤੇ ਚੰਗਾ ਅੰਤ ਸੰਜਮਤਾ ਦਾ ਹੀ ਹੁੰਦਾ ਹੈ ।੧੩੩।

وَقَالُوْا لَوْلَا يَاْتِيْنَا بِاٰيَةٍ مِّنْ رَّبِّهٖ ۭ اَوَلَمْ تَاْتِهِمْ بَيِّنَةُ مَا فِي الصُّحُفِ الْاُوْلٰى ﴿١٣٣﴾

ਅਤੇ ਓਹ ਇਹ ਕਹਿੰਦੇ ਹਨ ਕਿ ਕਿਉਂ ਓਹ ਸਾਡੇ ਵਲ ਆਪਣੇ ਸਾਜਨਹਾਰ ਤੇ ਪਾਲਨਹਾਰ ਵੱਲੋਂ ਕੋਈ ਚਮਤਕਾਰ ਲੈ ਕੇ ਨਹੀਂ ਆਇਆ ? ਜਿਹਾ ਕਿ ਪਹਿਲੀਆਂ ਪੁਸਤਕਾਂ ਵਿਚ ਵਰਣਨ ਹੈ ।੧੩੪।

وَلَوْ اَنَّآ اَهْلَكْنٰهُمْ بِعَذَابٍ مِّنْ قَبْلِهٖ لَقَالُوْا رَبَّنَا

ਅਤੇ ਜੇ ਅਸੀਂ ਓਹਨਾਂ ਨੂੰ ਇਸ (ਰਸੂਲ) ਤੋਂ ਪਹਿਲਾਂ ਕਿਸੇ ਕਸ਼ਟ ਦੁਆਰਾ ਨਸ਼ਟ ਕਰ ਦਿੰਦੇ, ਤਾਂ ਓਹ ਇਹ ਕਹਿੰਦੇ ਕਿ ਹੇ ਸਾਡੇ ਸਾਜਨਹਾਰ

لَوْلَآ اَرْسَلْتَ اِلَيْنَا رَسُوْلًا فَنَتَّبِعَ اٰيٰتِكَ مِنْ قَبْلِ اَنْ نَّذِلَّ وَ نَخْزٰى ﴿١٣٤﴾

ਤੇ ਪਾਲਨਹਾਰ ! ਤੂੰ ਸਾਡੇ ਵਲ ਕੋਈ ਰਸੂਲ ਕਿਉਂ ਨਹੀਂ ਭੇਜਿਆ ਸੀ ? (ਜੇ ਤੂੰ ਅਜਿਹਾ ਕਰਦਾ), ਤਾਂ ਅਸੀਂ ਹੀਣੇ ਤੇ ਪਤਿਤ ਹੋਣ ਤੋਂ ਪਹਿਲਾਂ ਤੇਰੇ ਚਮਤਕਾਰਾਂ ਦੇ ਪਿੱਛੇ ਲਗ ਜਾਂਦੇ ।੧੩੫।

قُلْ كُلٌّ مُّتَرَبِّصٌ فَتَرَبَّصُوْا ۚ فَسَتَعْلَمُوْنَ مَنْ اَصْحٰبُ الصِّرَاطِ السَّوِيِّ وَ مَنِ اهْتَدٰى ﴿١٣٥﴾ ع

ਤੂੰ ਇਹ ਆਖ ਕਿ ਹਰੇਕ ਪ੍ਰਾਣੀ ਆਪਣੇ ਅੰਤ ਦਾ ਉਡੀਕਵਾਨ ਹੈ । ਸੋ ਤੁਸੀਂ ਵੀ (ਆਪਣੇ ਅੰਤ ਦੀ) ਉਡੀਕ ਕਰਦੇ ਰਹੋ, ਅਰਥਾਤ ਤੁਹਾਨੂੰ ਛੇਤੀ ਹੀ ਪਤਾ ਲਗ ਜਾਏਗਾ ਕਿ ਸਿੱਧੇ ਰਾਹ ਉੱਤੇ ਕਿਹੜਾ ਚਲ ਰਿਹਾ ਹੈ ? ਤੇ ਕਿਹੜਾ ਸੁਮਾਰਗ ਪ੍ਰਾਪਤ ਕਰ ਚੁੱਕਾ ਹੈ (ਤੇ ਕਿਹੜਾ ਨਹੀਂ ਪ੍ਰਾਪਤ ਕਰ ਚੁੱਕਾ) ।੧੩੬। (ਰਕੂਅ ੮)

سُوْرَةُ الْاَنْبِيَآءِ مَكِّيَّةٌ وَّهِيَ مَعَ الْبَسْمَلَةِ مِائَةٌ وَّثَلٰثَ عَشْرَةَ اٰيَةً وَّسَبْعَةُ رُكُوْعَاتٍ

(੨੧) ਸੂਰਤ ਅਲ-ਅੰਬੀਆ

{ ਇਹ ਸੂਰਤ ਹਿਜਰਤ ਤੋਂ ਪਹਿਲਾਂ-ਮੱਕੇ-ਉਤਰੀ ਸੀ । ਇਸ ਦੀਆਂ ਬਿਸਮਿੱਲਾ ਸਣੇ ੧੧੩ ਆਇਤਾਂ ਤੇ ੭ ਰਕੂਅ ਹਨ । }

بِسْمِ اللّٰهِ الرَّحْمٰنِ الرَّحِيْمِ ﴿١﴾

(ਮੈਂ) ਅਤਿ ਦਿਆਲੂ ਤੇ ਕਿਰਪਾਲੂ ਅੱਲਾਹ ਦਾ ਨਾਂ ਲੈ ਕੇ (ਅਰੰਭ ਕਰਦਾ ਹਾਂ) ।੧।

اِقْتَرَبَ لِلنَّاسِ حِسَابُهُمْ وَ هُمْ فِيْ غَفْلَةٍ مُّعْرِضُوْنَ ﴿٢﴾

ਲੋਕਾਂ ਤੋਂ ਲੇਖਾ ਲੈਣ ਦਾ ਸਮਾਂ ਨੇੜੇ ਆ ਗਿਆ ਹੈ, ਪਰ (ਫੇਰ ਵੀ) ਓਹ ਇਸ ਤੋਂ (ਵੱਡੀ ਬੇਪਰਵਾਹੀ ਨਾਲ) ਮੂੰਹ ਮੋੜ ਰਹੇ ਹਨ ।੨।

مَا يَأْتِيهِمْ مِّن ذِكْرٍ مِّن رَّبِّهِم مُّحْدَثٍ إِلَّا اسْتَمَعُوهُ وَهُمْ يَلْعَبُونَ ۝٢

ਓਹਨਾਂ ਵਲ ਓਹਨਾਂ ਦੇ ਸਾਜਨਹਾਰ ਤੇ ਪਾਲਨਹਾਰ ਵੱਲੋਂ ਜਦ ਵੀ ਕੋਈ ਨਵਾਂ ਨਸੀਹਤਨਾਮਾ ਆਉਂਦਾ ਹੈ, ਤਾਂ ਓਹ ਉਸ ਨੂੰ ਸੁਣਦੇ ਹਨ ਤੇ ਉਸ ਦਾ ਮਖ਼ੌਲ ਉਡਾਉਂਦੇ ਹਨ ।੩।

لَاهِيَةً قُلُوبُهُمْ ۗ وَأَسَرُّوا النَّجْوَى ۖ الَّذِينَ ظَلَمُوا هَلْ هَٰذَا إِلَّا بَشَرٌ مِّثْلُكُمْ ۖ أَفَتَأْتُونَ السِّحْرَ وَأَنتُمْ تُبْصِرُونَ ۝٣

ਓਹਨਾਂ ਦੇ ਮਨ ਵੱਡੇ ਬੇਪਰਵਾਹ ਹਨ[1] । ਓਹ ਜ਼ਾਲਮ ਲੁਕ ਛਿਪ ਕੇ ਸਲਾਹ-ਮਸ਼ਵਰੇ ਕਰਦੇ ਹਨ, ਅਰਥਾਤ ਓਹ ਇਹ ਕਹਿੰਦੇ ਹਨ ਕਿ (ਵੇਖਦੇ ਨਹੀਂ) ਕਿ ਇਹ ਪ੍ਰਾਣੀ ਤੁਹਾਡੇ ਜਿਹਾ ਹੀ ਇਕ ਬੰਦਾ ਹੈ ਅਤੇ ਫੇਰ ਕੀ ਤੁਸੀਂ ਉਸ ਦੇ ਚਲਿੱਤਰਾਂ ਵਿਚ ਫਸ ਜਾਂਦੇ ਹੋ ? ਹਾਲਾਂਕਿ ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ।੪।

قَالَ رَبِّي يَعْلَمُ الْقَوْلَ فِي السَّمَاءِ وَالْأَرْضِ ۖ وَهُوَ السَّمِيعُ الْعَلِيمُ ۝٤

(ਏਹਨਾਂ ਗੱਲਾਂ ਨੂੰ ਸੁਣ ਕੇ ਹਜ਼ਰਤ "ਮੁਹੰਮਦ" ਸਾਹਿਬ ਨੇ) ਇਹ ਕਿਹਾ ਸੀ ਕਿ ਮੇਰਾ ਸਾਜਨਹਾਰ ਤੇ ਪਾਲਨਹਾਰ ਓਹਨਾਂ ਸਾਰੀਆਂ ਗੱਲਾਂ ਦਾ—ਜੋ ਸਾਰੇ ਅਕਾਸ਼ਾਂ ਤੇ ਪਤਾਲਾਂ ਵਿਚ (ਕੀਤੀਆਂ ਜਾਂਦੀਆਂ) ਹਨ ਜਾਣਨਹਾਰ ਹੈ । ਉਹ ਵੱਡਾ ਸੁਣਨਹਾਰ ਤੇ ਵੇਖਣਹਾਰ ਹੈ ।੫।

بَلْ قَالُوا أَضْغَاثُ أَحْلَامٍ بَلِ افْتَرَاهُ بَلْ هُوَ شَاعِرٌ ۖ فَلْيَأْتِنَا بِآيَةٍ كَمَا أُرْسِلَ الْأَوَّلُونَ ۝٥

ਸਗੋਂ ਓਹਨਾਂ, (ਅਰਥਾਤ ਵਿਰੋਧੀਆਂ) ਨੇ ਤਾਂ ਇੱਥੋਂ ਤਕ ਕਹਿ ਦਿੱਤਾ ਸੀ ਕਿ ਇਹ ਬਾਣੀ ਤਾਂ ਖਿੰਡੇ-ਫੁੱਟੇ ਸੁਪਨੇ ਹਨ; ਸਗੋਂ (ਖਿੰਡੇ-ਫੁੱਟੇ ਸੁਪਨੇ ਵੀ ਨਹੀਂ), ਇਸ ਨੇ ਏਹ ਗੱਲਾਂ ਜਾਣ ਬੁਝ ਕੇ ਆਪਣੇ ਕੋਲੋਂ ਘੜੀਆਂ ਹਨ । ਇਹ ਕਵੀਆਂ ਵਾਲਾ ਸੁਝਾਉ ਰੱਖਣ ਵਾਲਾ ਇਕ ਪੁਰਖ ਹੈ । (ਜਿਸ ਦੇ ਮਨ ਵਿਚ ਅੱਡ ਅੱਡ ਵੀਚਾਰ ਉਠਦੇ ਰਹਿੰਦੇ ਹਨ ।) ਸੋ ਇਸ ਨੂੰ ਇਹ ਚਾਹੀਦਾ ਹੈ ਕਿ ਸਾਡੇ ਵਲ ਕੋਈ ਚਮਤਕਾਰ ਲਿਆਏ; ਜਿਵੇਂ ਕਿ ਪਹਿਲੇ ਰਸੂਲ[2] ਚਮਤਕਾਰ ਲੈ ਕੇ ਆਇਆ ਕਰਦੇ ਸਨ ।੬।

---

[1]ਮੂਲ ਪਾਠ ਵਿਚ "ਵਾਉ" ਪਦ ਹੈ, ਪਰ ਅਰਥਾਂ ਵਿਚ "ਅਤੇ" ਪਦ ਦੀ ਵਰਤੋਂ ਕੀਤਿਆਂ ਭਾਵ ਠੀਕ ਨਹੀਂ ਸੀ ਰਹਿਣਾ, ਇਸ ਲਈ ਅਸੀਂ "ਅਤੇ" ਦੀ ਵਰਤੋਂ ਨਹੀਂ ਕੀਤੀ ।

[2]ਮੱਕੇ ਦੇ ਇਨਕਾਰੀ ਤਾਂ ਰਸੂਲਾਂ ਦਾ ਆਉਣਾ ਮੰਨਦੇ ਹੀ ਨਹੀਂ ਸਨ । ਇਹ ਇਤਰਾਜ਼ ਓਹਨਾਂ ਨੇ ਮਖ਼ੌਲ ਦੇ ਰੰਗ ਵਿਚ ਕੀਤਾ ਹੈ । ਭਾਵ ਇਹ ਹੈ ਕਿ ਤੂੰ ਆਪ ਹੀ ਇਹ ਕਹਿੰਦਾ ਹੈਂ ਕਿ ਪਹਿਲੇ ਰਸੂਲ ਕਈ ਚਮਤਕਾਰ ਲੈ ਕੇ ਆਏ ਸਨ । ਫੇਰ ਤੂੰ ਕਿਉਂ ਕੋਈ ਚਮਤਕਾਰ ਨਹੀਂ ਦਸਦਾ ।

مَآ اٰمَنَتْ قَبْلَهُمْ مِّنْ قَرْيَةٍ اَهْلَكْنٰهَا ۚ اَفَهُمْ يُؤْمِنُوْنَ ۝٦

ਓਹਨਾਂ ਤੋਂ ਪਹਿਲੀਆਂ ਨਗਰੀਆਂ ਵਿਚ ਵੀ ਜਿਨ੍ਹਾਂ ਨੂੰ ਅਸੀਂ ਨਸ਼ਟ ਕਰ ਦਿੱਤਾ ਸੀ, ਕਿਸੇ ਨੇ ਸ਼ਰਧਾ ਧਾਰਨ ਨਹੀਂ ਕੀਤੀ ਸੀ, ਤਾਂ ਫੇਰ ਕੀ ਏਹ ਸ਼ਰਧਾਲੂ ਬਣ ਜਾਣਗੇ ? ।੭।

وَمَآ اَرْسَلْنَا قَبْلَكَ اِلَّا رِجَالًا نُّوْحِيْٓ اِلَيْهِمْ فَسْـَٔلُوْٓا اَهْلَ الذِّكْرِ اِنْ كُنْتُمْ لَا تَعْلَمُوْنَ ۝٧

ਅਤੇ ਤੈਥੋਂ ਪਹਿਲਾਂ (ਵੀ ਅਸੀਂ ਸਦਾ) ਪੁਰਖਾਂ ਨੂੰ ਹੀ ਰਸੂਲ ਬਣਾ ਕੇ ਭੇਜਿਆ ਕਰਦੇ ਸੀ ਅਤੇ ਓਹਨਾਂ ਵਲ ਅਸੀਂ ਅਕਾਸ਼ ਬਾਣੀ ਉਤਾਰਦੇ ਸੀ। (ਹੇ ਇਨਕਾਰੀਓ !) ਜੇ ਤੁਸੀਂ (ਇਹ ਗੱਲ) ਨਹੀਂ ਜਾਣਦੇ, ਤਾਂ ਪੁਸਤਕ ਦੇ ਅਨੁਸਾਰੀਆਂ ਤੋਂ ਪੁਛ ਕੇ ਵੇਖ ਲਓ ।੮।

وَمَا جَعَلْنٰهُمْ جَسَدًا لَّا يَاْكُلُوْنَ الطَّعَامَ وَمَا كَانُوْا خٰلِدِيْنَ ۝٨

ਅਤੇ ਅਸੀਂ ਓਹਨਾਂ ਰਸੂਲਾਂ ਨੂੰ ਅਜਿਹਾ ਸਰੀਰ ਨਹੀਂ ਦਿੱਤਾ ਸੀ ਕਿ ਓਹ ਖਾਣ-ਪੀਣ ਤੋਂ ਰਹਿਤ ਹੋਣ ਤੇ ਨਾ ਓਹ ਅਤਿ ਲੰਮੀ ਆਯੂ ਪਾਉਣ ਵਾਲੇ ਲੋਕ ਸਨ[1] ।੯।

ثُمَّ صَدَقْنٰهُمُ الْوَعْدَ فَاَنْجَيْنٰهُمْ وَمَنْ نَّشَآءُ وَاَهْلَكْنَا الْمُسْرِفِيْنَ ۝٩

ਅਤੇ ਅਸੀਂ ਓਹਨਾਂ ਨਾਲ ਜੋ ਬਚਨ ਕੀਤਾ ਸੀ, ਉਹ ਪੂਰਾ ਕਰ ਦਿੱਤਾ ਸੀ, ਅਰਥਾਤ ਓਹਨਾਂ ਨੂੰ ਤੇ ਓਹਨਾਂ ਦੇ ਨਾਲ ਜਿਨ੍ਹਾਂ ਨੂੰ ਯੋਗ ਸਮਝਿਆ ਸੀ। (ਵੈਰੀਆਂ ਹੱਥੋਂ) ਬਚਾ ਲਿਆ ਸੀ ਅਤੇ ਜੋ ਹੱਦੋਂ ਟੱਪਣ ਵਾਲੇ ਸਨ, ਓਹਨਾਂ ਨੂੰ ਨਸ਼ਟ ਕਰ ਦਿੱਤਾ ਸੀ ।੧੦।

لَقَدْ اَنْزَلْنَآ اِلَيْكُمْ كِتٰبًا فِيْهِ ذِكْرُكُمْ ۭ اَفَلَا تَعْقِلُوْنَ ۝١٠

ਅਸੀਂ ਤੁਹਾਡੇ ਵਲ ਇਕ ਅਜਿਹੀ ਪੁਸਤਕ ਉਤਾਰੀ ਹੈ, ਜਿਸ ਵਿਚ ਤੁਹਾਡੀ ਬਜ਼ੁਰਗੀ ਦੇ ਸਾਧਨ ਹਨ, ਤੁਸੀਂ ਕਿਉਂ ਵੀਚਾਰ ਤੋਂ ਕੰਮ ਨਹੀਂ ਲੈਂਦੇ ।੧੧।

(ਰਕੂਅ ੧)

وَكَمْ قَصَمْنَا مِنْ قَرْيَةٍ كَانَتْ ظَالِمَةً وَّاَنْشَاْنَا بَعْدَهَا قَوْمًا اٰخَرِيْنَ ۝١١

ਅਤੇ ਕਿੰਨੀਆਂ ਹੀ ਨਗਰੀਆਂ ਹਨ, ਜੋ ਜ਼ੁਲਮ ਕਮਾਇਆ ਕਰਦੀਆਂ ਸਨ। ਅਸੀਂ ਓਹਨਾਂ ਦੀ ਜੜ੍ਹ ਪੁੱਟ ਦਿੱਤੀ ਸੀ ਅਤੇ ਓਹਨਾਂ ਤੋਂ ਮਗਰੋਂ ਇਕ ਹੋਰ ਜਾਤੀ ਪੈਦਾ ਕਰ ਦਿੱਤੀ ਸੀ ।੧੨।

[1]ਇਹ ''ਖ਼ਾਲਦ'' ਪਦ ਦਾ ਅਰਥ ਹੈ । ਕੋਸ਼ਾਂ ਵਿਚ ਇਸ ਦਾ ਏਹੋ ਅਰਥ ਕੀਤਾ ਗਿਆ ਹੈ (ਵੇਖੋ ਮੁਫ਼ਰਦਾਤਿ ਰਾਗਬ)

فَلَمَّآ اَحَسُّوْا بَاْسَنَآ اِذَا هُمْ مِّنْهَا يَرْكُضُوْنَ ﴿١٣﴾

ਸੋ ਜਦ (ਨਸ਼ਟ ਹੋਣ ਵਾਲੇ ਲੋਕਾਂ ਨੇ) ਸਾਡੇ ਕਸ਼ਟ ਨੂੰ ਵੇਖਿਆ ਸੀ, ਤਾਂ ਉਹ (ਉਸ ਤੋਂ ਬਚਣ ਲਈ) ਦੌੜਨ ਲੱਗੇ ਸਨ ।੧੩।

لَا تَرْكُضُوْا وَارْجِعُوْٓا اِلٰى مَآ اُتْرِفْتُمْ فِيْهِ وَمَسٰكِنِكُمْ لَعَلَّكُمْ تُسْـَٔلُوْنَ ﴿١٤﴾

(ਤਦ ਅਸੀਂ ਓਹਨਾਂ ਨੂੰ ਇਹ ਕਿਹਾ ਸੀ ਕਿ) ਦੌੜੋ ਨਹੀਂ ਤੇ ਓਹਨਾਂ ਚੀਜ਼ਾਂ ਵਲ—ਜਿਨ੍ਹਾਂ ਰਾਹੀਂ ਤੁਸੀਂ ਸੁਖ ਦਾ ਜੀਵਨ ਬਿਤਾਉਂਦੇ ਸੀ,ਅਰਥਾਤ ਆਪਣੇ ਘਰਾਂ ਵਲ—ਪਰਤ ਜਾਓ; ਤਾਂ ਜੁ ਤੁਹਾਥੋਂ ਤੁਹਾਡੇ ਕਰਮਾਂ ਬਾਰੇ ਪੁੱਛਗਿਛ ਕੀਤੀ ਜਾਏ ।੧੪।

قَالُوْا يٰوَيْلَنَآ اِنَّا كُنَّا ظٰلِمِيْنَ ﴿١٥﴾

ਇਸ ਦਾ ਓਹਨਾਂ ਨੇ ਇਹ ਉੱਤਰ ਦਿੱਤਾ ਸੀ ਕਿ ਸ਼ੋਕ, ਅਸੀਂ ਤਾਂ ਸਾਰੀ ਉਮਰ ਜ਼ੁਲਮ ਹੀ ਕਮਾਉਂਦੇ ਰਹੇ ਸੀ ।੧੫।

فَمَا زَالَتْ تِّلْكَ دَعْوٰىهُمْ حَتّٰى جَعَلْنٰهُمْ حَصِيْدًا خٰمِدِيْنَ ﴿١٦﴾

ਅਤੇ ਓਹ ਇਹੋ ਗੱਲ ਕਹਿੰਦੇ ਚਲੇ ਗਏ ਸਨ । ਇੱਥੋਂ ਤਕ ਕਿ ਅਸੀਂ ਓਹਨਾਂ ਨੂੰ ਇਕ ਉਸ ਵਾਢੀ ਕੀਤੀ ਹੋਈ ਖੇਤੀ ਵਾਂਗ ਕਰ ਦਿੱਤਾ ਸੀ, ਜਿਸ ਦੀ ਸਾਰੀ ਸਜ-ਧਜ ਨਸ਼ਟ ਹੋ ਚੁੱਕੀ ਸੀ ।੧੬।

وَمَا خَلَقْنَا السَّمَآءَ وَالْاَرْضَ وَمَا بَيْنَهُمَا لٰعِبِيْنَ ﴿١٧﴾

ਅਤੇ ਅਸੀਂ ਅਕਾਸ਼ ਤੇ ਪਤਾਲ ਨੂੰ ਤੇ ਜੋ ਕੁਝ ਏਹਨਾਂ ਦੋਹਾਂ ਦੇ ਵਿਚਾਲੇ ਹੈ, ਕੇਵਲ ਖੇਡ-ਤਮਾਸ਼ੇ ਲਈ ਨਹੀਂ ਸਾਜਿਆ ਸੀ; (ਸਗੋਂ ਏਹਨਾਂ ਦੀ ਸਾਜਨਾ ਕਿਸੇ ਮਨੋਰਥ ਲਈ ਕੀਤੀ ਗਈ ਸੀ) ।੧੭।

لَوْ اَرَدْنَآ اَنْ نَّتَّخِذَ لَهْوًا لَّاتَّخَذْنٰهُ مِنْ لَّدُنَّآ ۖ اِنْ كُنَّا فٰعِلِيْنَ ﴿١٨﴾

ਜੇ ਅਸੀਂ ਕੋਈ ਮਨ-ਪ੍ਰਚਾਵਾ ਹੀ ਕਰਨਾ ਹੁੰਦਾ, ਤਾਂ ਇਸ ਨੂੰ ਆਪਣੇ ਨੇੜੇ[1] ਹੀ ਬਣਾ ਲੈਂਦੇ ।੧੮।

بَلْ نَقْذِفُ بِالْحَقِّ عَلَى الْبَاطِلِ فَيَدْمَغُهٗ فَاِذَا هُوَ زَاهِقٌ ۭ وَلَكُمُ الْوَيْلُ مِمَّا تَصِفُوْنَ ﴿١٩﴾

ਪਰ ਅਸੀਂ ਤਾਂ ਸੱਚ ਨੂੰ ਕੂੜ ਉੱਤੇ ਭਾਰੂ ਕਰਦੇ ਹਾਂ ਤੇ ਉਹ ਇਸ ਦਾ ਸਿਰ ਕੁਚਲ ਦਿੰਦਾ ਹੈ, ਅਰਥਾਤ ਉਹ (ਕੂੜ) ਛੇਤੀ ਨਸ ਜਾਂਦਾ ਹੈ ਅਤੇ ਤੁਹਾਡੇ ਉੱਤੇ ਤੁਹਾਡੀਆਂ ਗੱਲਾਂ ਦੇ ਕਾਰਣ ਵੱਡਾ ਸ਼ੋਕ ਹੈ ।੧੯।

[1]ਅਰਥਾਤ—ਹਜ਼ਰਤ "ਈਸਾ" ਜੀ ਨੂੰ ਜੱਗ ਵਿਚ ਕਿਉਂ ਭੇਜਦੇ ? ਅਪਣੇ ਕੋਲ ਹੀ ਰੱਖ ਲੈਂਦੇ । (ਵਿਸਥਾਰ ਲਈ ਵੇਖੋ ਤਫ਼ਸੀਰਿ ਕਬੀਰ ਸੂਰਤ ਅੰਬੀਆ)

وَلَهٗ مَنْ فِي السَّمٰوٰتِ وَالْاَرْضِ ۭ وَمَنْ عِنْدَهٗ لَا يَسْتَكْبِرُوْنَ عَنْ عِبَادَتِهٖ وَلَا يَسْتَحْسِرُوْنَ ۝

ਅਤੇ ਸਾਰੇ ਅਕਾਸ਼ਾਂ ਤੇ ਪਤਾਲਾਂ ਵਿਚ ਜੋ ਕੁਝ ਵੀ ਹੈ, ਸਭ ਉਸੇ ਦਾ ਹੀ ਹੈ ਅਤੇ ਜੋ ਉਸ ਦੇ ਨਿਕਟ ਵਰਤੀ ਹਨ, ਓਹ ਉਸ ਦੀ ਬੰਦਗੀ ਦਾ ਅਭਿਮਾਨ ਨਹੀਂ ਕਰਦੇ ਤੇ ਨਾ ਓਹ (ਉਸ ਤੋਂ) ਕਦੇ ਥਕਦੇ ਹੀ ਹਨ ।੨੦।

يُسَبِّحُوْنَ الَّيْلَ وَالنَّهَارَ لَا يَفْتُرُوْنَ ۝

ਓਹ ਰਾਤ ਨੂੰ ਵੀ ਤੇ ਦਿਨ ਨੂੰ ਵੀ ਉਸ ਦਾ ਸਿਮਰਨ ਕਰਦੇ ਹਨ ਤੇ ਉਸ ਤੋਂ ਕਦੇ ਰੁੱਕਦੇ ਨਹੀਂ ।੨੧।

اَمِ اتَّخَذُوْٓا اٰلِهَةً مِّنَ الْاَرْضِ هُمْ يُنْشِرُوْنَ ۝

ਕੀ ਓਹਨਾਂ ਲੋਕਾਂ ਨੇ ਧਰਤੀ ਤੋਂ ਅਜੇਹੇ ਇਸ਼ਟ ਘੜ ਲਏ ਹਨ ? ਅਤੇ ਓਹ ਕੋਈ ਰਚਨਾ ਰਚਾ ਸਕਦੇ ਹਨ ? ।੨੨।

لَوْ كَانَ فِيْهِمَآ اٰلِهَةٌ اِلَّا اللّٰهُ لَفَسَدَتَا ۚ فَسُبْحٰنَ اللّٰهِ رَبِّ الْعَرْشِ عَمَّا يَصِفُوْنَ ۝

ਜੇ ਏਹਨਾਂ ਦੋਹਾਂ (ਅਕਾਸ਼ ਤੇ ਪਤਾਲ) ਵਿਚਾਲੇ ਅੱਲਾਹ ਤੋਂ ਛੁੱਟ ਹੋਰ ਵੀ ਇਸ਼ਟ[1] ਹੁੰਦੇ, ਤਾਂ ਓਹ ਦੋਵੇਂ ਹੀ ਨਸ਼ਟ ਹੋ ਜਾਂਦੇ । ਸੋ ਅੱਲਾਹ ਜੋ ਅਰਸ਼ ਦਾ ਵੀ ਸਾਜਨਹਾਰ ਤੇ ਪਾਲਨਹਾਰ ਹੈ ਤੇ ਸਾਰੀਆਂ ਹੀ ਊਣਤਾਈਆਂ ਤੋਂ ਪਾਕ ਹੈ ਅਤੇ ਓਹਨਾਂ ਗੱਲਾਂ ਤੋਂ ਵੀ ਜੋ ਓਹ ਕਹਿੰਦੇ ਹਨ ।੨੩।

لَا يُسْـَٔلُ عَمَّا يَفْعَلُ وَهُمْ يُسْـَٔلُوْنَ ۝

ਜੋ ਕੁਝ ਉਹ ਕਰਦਾ ਹੈ, ਉਸ ਬਾਰੇ ਉਸ ਤੋਂ ਕੋਈ ਪੁੱਛਗਿਛ ਨਹੀਂ ਕੀਤੀ ਜਾ ਸਕਦੀ; ਪਰ ਓਹਨਾਂ (ਲੋਕਾਂ) ਤੋਂ ਜ਼ਰੂਰ ਪੁੱਛਗਿਛ ਕੀਤੀ ਜਾਏਗੀ ।੨੪।

اَمِ اتَّخَذُوْا مِنْ دُوْنِهٖٓ اٰلِهَةً ۭ قُلْ هَاتُوْا بُرْهَانَكُمْ ۚ هٰذَا ذِكْرُ مَنْ مَّعِيَ وَذِكْرُ مَنْ قَبْلِيْ ۭ بَلْ اَكْثَرُهُمْ

ਕੀ ਓਹਨਾਂ ਨੇ ਉਸ ਤੋਂ ਛੁੱਟ ਹੋਰ ਇਸ਼ਦ ਘੜ ਲਏ ਹਨ ? ਤੂੰ ਓਹਨਾਂ ਨੂੰ ਇਹ ਆਖ ਕਿ ਇਸ ਦੀ ਦਲੀਲ ਪੇਸ਼ ਕਰੋ । ਇਹ (ਕੁਰਾਨ) ਤਾਂ ਓਹਨਾਂ ਲਈ ਵੀ, ਜੋ ਮੇਰੇ ਨਾਲ ਹਨ, ਵੱਡੇ ਮਾਣ ਦਾ ਕਾਰਣ ਹੈ ਅਤੇ ਜੋ ਮੈਥੋਂ ਪਹਿਲਾਂ ਬੀਤ ਚੁੱਕੇ ਹਨ, ਓਹਨਾਂ ਲਈ ਵੀ ਮਾਣ[2] ਦਾ ਕਾਰਣ ਹੈ ।

---

[1]ਅਰਥਾਤ—ਇਕ ਤੋਂ ਵਧੀਕ ਪੂਰਨ ਇਸ਼ਟਾਂ ਲਈ ਇਹ ਜ਼ਰੂਰੀ ਸੀ ਕਿ ਓਹਨਾਂ ਵਿੱਚੋਂ ਹਰੇਕ ਨਵਾਂ ਬ੍ਰਹਿਮੰਡ ਰਚਦਾ । ਨਹੀਂ ਤਾਂ ਓਹਨਾਂ ਵਿੱਚੋਂ ਕੋਈ ਵੀ ਸੱਚਾ ਇਸ਼ਟ ਨਹੀਂ ਹੋ ਸਕਦਾ ਸੀ। ਜੇ ਇਕ ਤੋਂ ਵਧੀਕ ਅੱਡ ਅੱਡ ਬ੍ਰਹਿਮੰਡ ਹੁੰਦੇ, ਤਾਂ ਕੁਦਰਤ ਦੇ ਕਾਨੂੰਨ ਵੀ ਵੱਖ ਵੱਖ ਹਣੇ ਜ਼ਰੂਰੀ ਸਨ, ਜਿਸ ਕਰ ਕੇ ਦੁਨੀਆਂ ਚੱਕਰ ਵਿਚ ਫਸ ਜਾਂਦੀ ਤੇ ਨਸ਼ਟ ਹੋ ਜਾਂਦੀ ।

[2]ਪਹਿਲਿਆਂ ਵਾਸਤੇ ਮਾਣ ਇਸ ਤਰ੍ਹਾਂ ਕਿ ਪਹਿਲੇ ਲੋਕਾਂ ਉੱਤੇ ਜੋ ਓਹਨਾਂ ਦੀਆਂ ਜਾਤੀਆਂ ਨੇ ਝੂਠ ਘੜ ਕੇ ਇਤਰਾਜ਼ ਪੈਦਾ ਕਰ ਦਿੱਤੇ ਸਨ, ਕੁਰਾਨ ਨੇ ਓਹ ਸਾਰੇ ਹੀ ਦੂਰ ਕਰ ਦਿੱਤੇ ਹਨ ਅਤੇ ਇਸ ਤਰ੍ਹਾਂ ਪਹਿਲਿਆਂ ਤੇ ਪਿਛਲਿਆਂ ਲਈ ਮਾਣ ਦਾ ਕਾਰਣ ਬਣ ਗਿਆ ।

لَا يَعْلَمُوْنَ الْحَقَّ فَهُمْ مُّعْرِضُوْنَ ﴿٢٤﴾

ਪਰ ਓਹਨਾਂ ਵਿੱਚੋਂ ਵਧੇਰੇ ਲੋਕ ਸੱਚਾਈ ਨੂੰ ਪਛਾਣਦੇ ਹੀ ਨਹੀਂ; ਇਸ ਲਈ ਇਸ ਤੋਂ ਮੂੰਹ ਮੋੜ ਲੈਂਦੇ ਹਨ ।੨੫।

وَمَآ اَرْسَلْنَا مِنْ قَبْلِكَ مِنْ رَّسُوْلٍ اِلَّا نُوْحِيْٓ اِلَيْهِ اَنَّهٗ لَآ اِلٰهَ اِلَّآ اَنَا فَاعْبُدُوْنِ ﴿٢٥﴾

ਅਤੇ ਅਸੀਂ ਤੈਥੋਂ ਪਹਿਲਾਂ ਜਿੰਨੇ ਵੀ ਰਸੂਲ ਭੇਜੇ ਹਨ, ਓਹਨਾਂ ਵਿੱਚੋਂ ਹਰੇਕ ਵਲ ਇਹ ਅਕਾਸ਼ ਬਾਣੀ ਕੀਤੀ ਸੀ ਕਿ ਅਸਲੀਅਤ ਏਹੋ ਹੈ ਕਿ ਮੈਂ ਇੱਕੋ ਇਕ ਇਸ਼ਟ ਹਾਂ । ਸੋ (ਕੇਵਲ) ਮੇਰੀ ਹੀ ਬੰਦਗੀ[1] ਕਰਦੇ ਰਿਹਾ ਕਰੋ ।੨੬।

وَقَالُوا اتَّخَذَ الرَّحْمٰنُ وَلَدًا سُبْحٰنَهٗ ۭ بَلْ عِبَادٌ مُّكْرَمُوْنَ ﴿٢٦﴾

ਅਤੇ ਏਹ (ਲੋਕ) ਇਹ ਕਹਿੰਦੇ ਹਨ ਕਿ ਦਿਆਲੂ (ਪ੍ਰਭੂ) ਨੇ ਪੁੱਤਰ ਬਣਾ ਲਿਆ ਹੈ । (ਓਹਨਾਂ ਦੀ ਇਹ ਗੱਲ ਠੀਕ ਨਹੀਂ ਹੈ) ਉਹ ਤਾਂ ਹਰੇਕ ਊਣ-ਤਾਈ ਤੋਂ ਪਾਕ ਹੈ । ਅਸਲੀਅਤ ਇਹ ਹੈ ਕਿ (ਜਿਨ੍ਹਾਂ ਨੂੰ ਓਹ ਪ੍ਰਭੂ ਦਾ ਪੁੱਤਰ ਥਾਪਦੇ ਹਨ), ਓਹ ਪ੍ਰਭੂ ਦੇ ਬੰਦੇ ਹਨ, ਜਿਨ੍ਹਾਂ ਨੂੰ ਪ੍ਰਭੂ ਵੱਲੋਂ ਸਤਿਕਾਰ ਪ੍ਰਾਪਤ ਹੈ ।੨੭।

لَا يَسْبِقُوْنَهٗ بِالْقَوْلِ وَهُمْ بِاَمْرِهٖ يَعْمَلُوْنَ ﴿٢٧﴾

ਓਹ (ਪ੍ਰਭੂ) ਦੀ ਗੱਲ ਤੋਂ ਛੁੱਟ ਇਕ ਅੱਖਰ ਵੀ ਵਧੀਕ ਨਹੀਂ ਕਹਿੰਦੇ, ਅਰਥਾਤ ਓਹ ਉਸ ਦੇ ਸਾਰੇ ਹੁਕਮਾਂ ਤੇ ਵਰਤੋਂ ਕਰਦੇ ਹਨ ।੨੮।

يَعْلَمُ مَا بَيْنَ اَيْدِيْهِمْ وَمَا خَلْفَهُمْ وَلَا يَشْفَعُوْنَ ۙ اِلَّا لِمَنِ ارْتَضٰى وَهُمْ مِّنْ خَشْيَتِهٖ مُشْفِقُوْنَ ﴿٢٨﴾

ਉਹ (ਪ੍ਰਭੂ) ਉਸ ਦਾ ਵੀ ਜਾਣਨਹਾਰ ਹੈ, ਜੋ (ਭਵਿੱਖਤ ਵਿਚ) ਓਹਨਾਂ ਦੇ ਪੇਸ਼ ਆਉਣ ਵਾਲਾ ਹੈ ਤੇ ਜੋ ਓਹ ਪਿੱਛੇ ਛੱਡ ਆਏ ਹਨ ਅਤੇ ਓਹ ਛੁੱਟ ਇਸ ਦੇ ਕਿ ਜਿਸ ਬਾਰੇ ਪ੍ਰਭੂ ਨੇ ਇਹ ਯੋਗ ਸਮਝਿਆ ਹੈ—ਕਿਸੇ ਦੀ ਸਫ਼ਾਰਸ਼ ਨਹੀਂ ਕਰਦੇ ਅਤੇ ਓਹ ਉਸ ਦੇ ਭਉ ਨਾਲ ਕੰਬਦੇ ਰਹਿੰਦੇ ਹਨ ।੨੯।

---

[1]ਕੁਰਾਨ ਸਰੀਫ਼ ਦੀ ਇਹ ਆਇਤ ਅਰਥਾਂ ਦੇ ਲਿਹਾਜ਼ ਨਾਲ ਅਤਿ ਕਠਨ ਹੈ; ਕਿਉਂਕਿ ਇਹ ਮਜ਼ਮੂਨ ਸਾਡੀ ਭਾਸ਼ਾ ਵਿਚ ''ਮੁਸਬਿਤ'' ਅੱਖਰਾਂ ਦੁਆਰਾ ਵਰਣਨ ਕੀਤਾ ਜਾਂਦਾ ਹੈ, ਪਰ ਅਰਬੀ ਭਾਸ਼ਾ ਵਿਚ ''ਮਨਫ਼ੀ'' ਅੱਖਰਾਂ ਵਿਚ । ਅਸੀਂ ਅਰਥਾਂ ਦੇ ਸੌਖ ਵਾਸਤੇ ਭਾਵ ਨੂੰ ਕਾਇਮ ਰੱਖਦਿਆਂ ਹੋਇਆਂ ਅਰਥ ''ਮੁਸਬਿਤ'' ਅੱਖਰਾਂ ਵਿਚ ਕਰ ਦਿੱਤਾ ਹੈ ।

وَمَنْ يَّقُلْ مِنْهُمْ اِنِّيْٓ اِلٰهٌ مِّنْ دُوْنِهٖ فَذٰلِكَ نَجْزِيْهِ جَهَنَّمَ ۭ كَذٰلِكَ نَجْزِي الظّٰلِمِيْنَ ۝ ع

ਅਤੇ ਜਿਹੜਾ ਵੀ ਪ੍ਰਾਣੀ ਓਹਨਾਂ ਵਿੱਚੋਂ ਇਹ ਕਹੇਗਾ ਕਿ ਮੈਂ ਈਸ਼ਵਰ ਤੋਂ ਛੁੱਟ ਇਸ਼ਟ ਹਾਂ, ਅਸੀਂ ਉਸ ਨੂੰ ਨਰਕ-ਝੁੰਡ ਵਿਚ ਸੁੱਟ ਦਿਆਂਗੇ ਅਤੇ ਅਸੀਂ ਜ਼ਾਲਮਾਂ ਨੂੰ ਅਜਿਹਾ ਹੀ ਵਟਾਂਦਰਾ ਦਿਆ ਕਰਦੇ ਹਾਂ ।੩੦। (ਰਕੂਅ ੨)

اَوَلَمْ يَرَ الَّذِيْنَ كَفَرُوْٓا اَنَّ السَّمٰوٰتِ وَالْاَرْضَ كَانَتَا رَتْقًا فَفَتَقْنٰهُمَا ۭ وَجَعَلْنَا مِنَ الْمَاۗءِ كُلَّ شَيْءٍ حَيٍّ ۭ اَفَلَا يُؤْمِنُوْنَ ۝

ਕੀ ਇਨਕਾਰੀਆਂ ਨੇ ਇਹ ਨਹੀਂ ਵੇਖਿਆ ਕਿ ਅਕਾਸ਼ ਤੇ ਪਤਾਲ ਦੋਵੇਂ ਹੀ ਬੰਦ ਸਨ। ਸੋ ਅਸੀਂ ਏਹਨਾਂ ਨੂੰ ਖੋਲ੍ਹ ਦਿੱਤਾ ਸੀ[1], ਅਰਥਾਤ ਅਸੀਂ ਪਾਣੀ ਤੋਂ ਹਰੇਕ ਚੀਜ਼ ਨੂੰ ਜੀਵਨ ਦਿੱਤਾ ਹੈ। ਸੋ ਕੀ ਓਹ ਸ਼ਰਧਾ ਧਾਰਨ ਨਹੀਂ ਕਰਨਗੇ ।੩੧।

وَجَعَلْنَا فِي الْاَرْضِ رَوَاسِيَ اَنْ تَمِيْدَ بِهِمْ ۠ وَجَعَلْنَا فِيْهَا فِجَاجًا سُبُلًا لَّعَلَّهُمْ يَهْتَدُوْنَ ۝

ਅਤੇ ਅਸੀਂ ਧਰਤੀ ਉੱਤੇ ਪਹਾੜ ਬਣਾਏ ਹਨ; ਤਾਂ ਜੁ ਅਜਿਹਾ ਨਾ ਹੋਵੇ ਕਿ ਉਹ (ਧਰਤੀ) ਓਹਨਾਂ (ਧਰਤੀ ਦੇ ਵਸਨੀਕਾਂ) ਸਮੇਤ ਵੱਡੇ ਭੂੰਚਾਲ ਦਾ ਸ਼ਿਕਾਰ ਹੋ ਜਾਏ ਅਤੇ ਅਸੀਂ ਧਰਤੀ ਵਿਚ ਖੁਲ੍ਹੇ ਖੁਲ੍ਹੇ ਰਾਹ ਵੀ ਬਣਾਏ ਹਨ; ਤਾਂ ਜੁ ਲੋਕ ਓਹਨਾਂ ਰਾਹੀਂ (ਅੱਡ ਅੱਡ ਟਿਕਾਣਿਆਂ ਤੇ ਅਸਥਾਨਾਂ ਤੇ) ਪੁੱਜ ਸਕਣ ।੩੨।

وَجَعَلْنَا السَّمَاۗءَ سَقْفًا مَّحْفُوْظًا ۚ وَهُمْ عَنْ اٰيٰتِهَا مُعْرِضُوْنَ ۝

ਅਤੇ ਅਸੀਂ ਅਕਾਸ਼ ਨੂੰ ਇਕ ਮਜ਼ਬੂਤ ਛਤਰ, (ਅਰਥਾਤ ਰਾਖੀ ਦਾ ਸਾਧਨ) ਬਣਾਇਆ ਹੈ। ਫੇਰ ਵੀ ਓਹ ਉਸ ਦੇ ਚਮਤਕਾਰਾਂ, (ਅਰਥਾਤ ਅਕਾਸ਼ ਤੋਂ ਪਰਗਟ ਹੋਣ ਵਾਲੇ ਚਮਤਕਾਰਾਂ) ਤੋਂ (ਜੋ ਓਹਨਾਂ ਦੇ ਲਾਭ ਲਈ ਹੀ ਹਨ), ਮੂੰਹ ਮੋੜਦੇ ਹਨ ।੩੩।

---

[1]ਅਰਥਾਤ—ਜਦ ਤਕ ਪ੍ਰਭੂ ਨੇ ਅਕਾਸ਼ ਬਾਣੀ ਨਾ ਭੇਜੀ, ਅਕਾਸ਼ ਤੇ ਪਤਾਲ ਦੇ ਸੁਧਾਰ ਦਾ ਕੋਈ ਸਾਧਨ ਨਾ ਬਣਿਆ, ਪਰ ਜਦ ਅਸੀਂ ਇਸ ਨੂੰ ਖੋਲ੍ਹਿਆ,ਅਰਥਾਤ ਅਕਾਸ਼ ਬਾਣੀ ਉਤਾਰੀ, ਤਾਂ ਸੁਧਾਰ ਦਾ ਪ੍ਰਬੰਧ ਹੋ ਗਿਆ ਅਤੇ ਸਿਧ ਹੋ ਗਿਆ ਕਿ ਅਕਾਸ਼ ਬਾਣੀ ਤੋਂ ਬਿਨਾਂ ਕੋਈ ਜੀਵਨ ਨਹੀਂ ਹੈ। ਹੈਰਾਨੀ ਇਹ ਹੈ ਕਿ ਏਹ ਲੋਕ ਫੇਰ ਵੀ ਸ਼ਰਧਾ ਧਾਰਨ ਨਹੀਂ ਕਰਦੇ।

ਵਰਤਮਾਨ ਵਿਗਿਆਨੀਆਂ ਨੇ ਵੀ ਇਹ ਸਿਧ ਕਰ ਦਿੱਤਾ ਹੈ ਕਿ ਜਦ ਕੋਈ ਨਵਾਂ ਸ਼ੰਸਾਰੀ ਪ੍ਰਬੰਧ ਹੋਂਦ ਵਿਚ ਆਉਂਦਾ ਹੈ, ਤਾਂ ਪਹਿਲਾਂ ਉਹ ਗੋਂਦ ਵਾਂਗ ਹੁੰਦਾ ਹੈ। ਫੇਰ ਉਸ ਦੇ ਅੰਦਰਲੇ ਚੱਕਰ ਰਾਹੀਂ ਉਸ ਦੇ ਕੰਢੇ ਦੂਰ ਦੂਰ ਸੁੱਟ ਦਿੱਤੇ ਜਾਂਦੇ ਹਨ ਤੇ ਨਵੇਂ ਮੰਡਲ ਹੋਂਦ ਵਿਚ ਆ ਜਾਂਦੇ ਹਨ। ਜੋ ਅੰਦਰੂਨੀ ਧੁਰੇ ਦੇ ਆਲੇ ਦੁਆਲੇ ਚੱਕਰ ਖਾਣ ਲੱਗ ਪੈਂਦੇ ਹਨ। ਇਸ ਤਰ੍ਹਾਂ ਇਕ ਨਵਾਂ ਸੰਸਾਰ ਹੋਂਦ ਵਿਚ ਆ ਜਾਂਦਾ ਹੈ।

وَهُوَ الَّذِیْ خَلَقَ الَّیْلَ وَالنَّهَارَ وَالشَّمْسَ وَ
الْقَمَرَ ؕ كُلٌّ فِیْ فَلَكٍ یَّسْبَحُوْنَ ﴿۳۴﴾

ਅਤੇ ਉਹੋ (ਪ੍ਰਭੂ) ਹੈ, ਜਿਸ ਨੇ ਰਾਤ ਤੇ ਦਿਨ ਨੂੰ ਅਤੇ ਸੂਰਜ ਤੇ ਚੰਨ ਨੂੰ ਸਾਜਿਆ ਹੈ। ਏਹ ਸਾਰੇ ਹੀ (ਅਕਾਸ਼ੀ ਗ੍ਰਹਿ) ਆਪੋ ਆਪਣੇ ਮੰਡਲਾਂ ਵਿਚ ਬੇਰੋਕ ਟੋਕ ਚਲ ਰਹੇ ਹਨ ।੩੪।

وَمَا جَعَلْنَا لِبَشَرٍ مِّنْ قَبْلِكَ الْخُلْدَ ؕ اَفَاْىِٕنْ مِّتَّ
فَهُمُ الْخٰلِدُوْنَ ﴿۳۵﴾

ਅਤੇ ਅਸੀਂ ਕਿਸੇ ਵੀ ਮਨੁੱਖ ਨੂੰ ਤੈਥੋਂ ਪਹਿਲਾਂ ਮੌਤ ਤੋਂ ਰਹਿਤ ਨਹੀਂ ਬਣਾਇਆ। ਕੀ ਜੇ ਤੂੰ ਮਰ ਜਾਏਂ, ਤਾਂ ਓਹ ਸਦਾ ਜੀਉਂਦੇ[1] ਰਹਿਣਗੇ ? ।੩੫।

كُلُّ نَفْسٍ ذَآىِٕقَةُ الْمَوْتِ ؕ وَنَبْلُوْكُمْ بِالشَّرِّ وَ
الْخَیْرِ فِتْنَةً ؕ وَاِلَیْنَا تُرْجَعُوْنَ ﴿۳۶﴾

ਹਰੇਕ ਜੀਵ ਮੌਤ (ਦਾ ਸੁਆਦ) ਚੱਖਣ ਵਾਲਾ ਹੈ ਅਤੇ ਅਸੀਂ ਦੁਖ-ਸੁਖ ਨਾਲ ਤੁਹਾਡੀ ਪਰਖ ਕਰਦੇ ਰਹਿੰਦੇ ਹਾਂ ਤੇ ਓੜਕ ਤੁਸੀਂ ਸਾਡੀ ਹਜ਼ੂਰੀ ਹੀ ਪਰਤੋਗੇ ।੩੬।

وَاِذَا رَاٰكَ الَّذِیْنَ كَفَرُوْۤا اِنْ یَّتَّخِذُوْنَكَ اِلَّا هُزُوًا ؕ
اَهٰذَا الَّذِیْ یَذْكُرُ اٰلِهَتَكُمْ ۚ وَهُمْ بِذِكْرِ الرَّحْمٰنِ
هُمْ كٰفِرُوْنَ ﴿۳۷﴾

ਅਤੇ ਜਦ ਇਨਕਾਰੀ ਤੈਨੂੰ ਵੇਖਦੇ ਹਨ, ਤਾਂ ਓਹ ਤੈਨੂੰ ਕੇਵਲ ਇਕ ਤੁਛ ਬੰਦਾ ਸਮਝਦੇ ਹਨ (ਅਤੇ ਇਹ ਕਹਿੰਦੇ ਹਨ ਕਿ) ਕੀ ਏਹੋ ਪ੍ਰਾਣੀ ਹੈ, ਜੋ ਤੁਹਾਡੇ ਇਸ਼ਟ-ਦੇਵਾਂ ਦੀਆਂ ਊਣਤਾਈਆਂ ਪਰਗਟ ਕਰਦਾ ਰਹਿੰਦਾ ਹੈ; ਹਾਲਾਂਕਿ ਓਹ ਆਪ ਦਿਆਲੂ (ਪ੍ਰਭੂ) ਦੇ ਸਿਮਰਣ ਦੇ ਉੱਕਾ ਹੀ ਇਨਕਾਰੀ ਹਨ ।੩੭।

خُلِقَ الْاِنْسَانُ مِنْ عَجَلٍ ؕ سَاُورِیْكُمْ اٰیٰتِیْ فَلَا
تَسْتَعْجِلُوْنِ ﴿۳۸﴾

ਮਨੁੱਖ ਵਿਚ ਜਲਦਬਾਜ਼ੀ ਰੱਖੀ ਗਈ ਹੈ[2]। ਸੋ (ਚੇਤੇ ਰੱਖੋ ਕਿ) ਮੈਂ[3] ਤੁਹਾਨੂੰ ਆਪਣੇ ਚਮਤਕਾਰ ਦੱਸਾਂਗਾ। ਸੋ ਤੁਸੀਂ (ਇਸ ਬਾਰੇ) ਕਾਹਲੀ ਤੋਂ ਕੰਮ ਨਾ ਲਓ ।੩੮।

وَیَقُوْلُوْنَ مَتٰی هٰذَا الْوَعْدُ اِنْ كُنْتُمْ صٰدِقِیْنَ ﴿۳۹﴾

ਅਤੇ (ਇਹ ਸੁਣ ਕੇ) ਓਹ ਇਹ ਕਹਿੰਦੇ ਹਨ ਕਿ ਜੇ ਤੁਸੀਂ ਲੋਕ,(ਅਰਥਾਤ ਮੁਸਲਮਾਨ) ਸੱਚੇ ਹੋ, ਤਾਂ ਇਹ ਬਚਨ ਕਦ ਪੂਰਾ ਹੋਵੇਗਾ ? ।੩੯।

---

[1]ਵਿਸਥਾਰ ਲਈ ਵੇਖੋ ਕੋਸ ਦੀ ਪੁਸਤਕ ਮੁਫਰਦਾਤਿ ਰਾਗਬ ।

[2]ਵਿਸਥਾਰ ਲਈ ਵੇਖੋ ਸੂਰਤ ਹਜਰ ਦੀ ਆਇਤ ੨੮ ਦੀ ਟੂਕ ।

[3]ਅਰਥਾਤ—ਪ੍ਰਭੂ ।

لَوْ يَعْلَمُ الَّذِيْنَ كَفَرُوْا حِيْنَ لَا يَكُفُّوْنَ عَنْ وُّجُوْهِهِمُ
النَّارَ وَلَا عَنْ ظُهُوْرِهِمْ وَلَا هُمْ يُنْصَرُوْنَ ﴿٤٠﴾

ਜੋ ਇਨਕਾਰੀ ਉਸ ਘੜੀ ਨੂੰ ਜਾਣ ਲੈਂਦੇ, ਜਦ ਕਿ ਓਹ ਨਾ ਆਪਣੇ ਮੂੰਹਾਂ ਤੋਂ ਤੇ ਨਾ ਆਪਣੀਆਂ ਪਿੱਠਾਂ ਤੋਂ ਅੱਗ ਨੂੰ ਹਟਾ ਸਕਣਗੇ, ਅਰਥਾਤ ਓਹਨਾਂ ਨੂੰ ਕਿਸੇ ਪਾਸਿਓਂ ਵੀ ਕੋਈ ਸਹਾਇਤਾ ਨਹੀਂ ਮਿਲ ਸਕੇਗੀ। (ਤਾਂ ਓਹ ਏਡਾ ਅਭਿਮਾਨ ਨਾ ਕਰਦੇ)।੪੦।

بَلْ تَأْتِيْهِمْ بَغْتَةً فَتَبْهَتُهُمْ فَلَا يَسْتَطِيْعُوْنَ رَدَّهَا
وَلَا هُمْ يُنْظَرُوْنَ ﴿٤١﴾

ਪਰ (ਉਹ ਕਸ਼ਟ) ਓਹਨਾਂ ਉੱਤੇ ਅਚਣਚੇਤ ਆ ਜਾਏਗਾ ਤੇ ਓਹਨਾਂ ਨੂੰ ਹੈਰਾਨ ਕਰ ਦੇਵੇਗਾ। ਸੋ ਓਹ ਉਸ ਨੂੰ ਟਾਲਣ ਤੇ ਸਮਰਥ ਨਹੀਂ ਹੋ ਸਕਣਗੇ, ਅਰਥਾਤ ਓਹਨਾਂ ਨੂੰ (ਕੋਈ) ਮੁਹਲਤ ਨਹੀਂ ਦਿੱਤੀ ਜਾਏਗੀ ।੪੧।

وَلَقَدِ اسْتُهْزِئَ بِرُسُلٍ مِّنْ قَبْلِكَ فَحَاقَ بِالَّذِيْنَ
سَخِرُوْا مِنْهُمْ مَّا كَانُوْا بِهٖ يَسْتَهْزِءُوْنَ ﴿٤٢﴾ ع ٣

ਅਤੇ ਤੈਥੋਂ ਪਹਿਲਾਂ ਜਿੰਨੇ ਵੀ ਰਸੂਲ ਹੋ ਚੁੱਕੇ ਹਨ, ਓਹਨਾਂ ਸਾਰਿਆਂ ਦਾ ਹੀ ਮਖ਼ੌਲ ਉਡਾਇਆ ਗਿਆ ਸੀ। ਇਸ ਦਾ ਸਿੱਟਾ ਇਹ ਨਿਕਲਿਆ ਸੀ ਕਿ ਜਿਨ੍ਹਾਂ ਨੇ ਓਹਨਾਂ ਰਸੂਲਾਂ ਦਾ ਮਖ਼ੌਲ ਉਡਾਇਆ ਸੀ, ਓਹਨਾਂ ਨੂੰ ਓਹਨਾਂ ਦੀਆਂ ਗੱਲਾਂ ਨੇ ਆ ਕੇ ਘੇਰ ਲਿਆ ਸੀ, ਜਿਨ੍ਹਾਂ ਰਾਹੀਂ ਕਿ ਓਹ ਨਬੀਆਂ ਦਾ ਮਖ਼ੌਲ ਉਡਾਇਆ ਕਰਦੇ ਸਨ ।੪੨। (ਰਕੂਅ ੩)

قُلْ مَنْ يَّكْلَؤُكُمْ بِالَّيْلِ وَالنَّهَارِ مِنَ الرَّحْمٰنِ ؕ
بَلْ هُمْ عَنْ ذِكْرِ رَبِّهِمْ مُّعْرِضُوْنَ ﴿٤٣﴾

ਤੂੰ ਓਹਨਾਂ ਨੂੰ ਇਹ ਆਖ ਕਿ ਰਾਤ ਤੇ ਦਿਨ ਸਮੇਂ ਦਿਆਲੂ (ਪ੍ਰਭੂ) ਦੀ ਪਕੜ ਤੋਂ ਤੁਹਾਨੂੰ ਕੌਣ ਬਚਾ ਸਕਦਾ ਹੈ ? ਪਰ (ਅਸਲੀਅਤ ਇਹ ਹੈ ਕਿ) ਓਹ ਆਪਣੇ ਸਾਜਨਹਾਰ ਤੇ ਪਾਲਨਹਾਰ ਦੇ ਸਿਮਰਣ ਤੋਂ ਮੂੰਹ ਮੋੜਦੇ ਹਨ ।੪੩।

اَمْ لَهُمْ اٰلِهَةٌ تَمْنَعُهُمْ مِّنْ دُوْنِنَا ؕ لَا يَسْتَطِيْعُوْنَ
نَصْرَ اَنْفُسِهِمْ وَلَا هُمْ مِّنَّا يُصْحَبُوْنَ ﴿٤٤﴾

ਕੀ ਓਹਨਾਂ ਦੀ ਪੁਸ਼ਟੀ ਵਿਚ ਕੋਈ (ਸੱਚੇ) ਇਸ਼ਟ ਹਨ, ਜੋ ਓਹਨਾਂ ਨੂੰ ਸਾਡੇ ਕਸ਼ਟ ਤੋਂ ਬਚਾ ਲੈਣਗੇ ? ਓਹ (ਇਸ਼ਟ) ਤਾਂ ਆਪਣੇ ਆਪ ਦੀ ਵੀ ਰਾਖੀ ਨਹੀਂ ਕਰ ਸਕਦੇ ਤੇ ਨਾ ਸਾਡੇ ਟਾਕਰੇ ਵਿਚ ਕੋਈ ਓਹਨਾਂ ਦਾ ਸਾਥ ਦੇ ਸਕਦਾ ਹੈ ।੪੪।

بَلْ مَتَّعْنَا هٰٓؤُلَآءِ وَاٰبَآءَهُمْ حَتّٰى طَالَ عَلَيْهِمُ الْعُمُرُ ۭ اَفَلَا يَرَوْنَ اَنَّا نَاْتِي الْاَرْضَ نَنْقُصُهَا مِنْ اَطْرَافِهَا ۭ اَفَهُمُ الْغٰلِبُوْنَ ۝

ਅਸਲੀਅਤ ਇਹ ਹੈ ਕਿ ਅਸੀਂ ਓਹਨਾਂ ਨੂੰ ਵੀ ਤੇ ਓਹਨਾਂ ਦੇ ਪਿਉ-ਦਾਦਿਆਂ ਨੂੰ ਵੀ ਬਹੁਤ ਸਾਰਾ ਧਨ ਦਿੱਤਾ ਹੋਇਆ ਸੀ; ਇੱਥੋਂ ਤਕ ਕਿ ਓਹਨਾਂ ਉੱਤੇ ਇਕ ਲੰਮਾ ਸਮਾਂ ਬੀਤ ਗਿਆ ਸੀ। ਸੋ ਕੀ ਓਹ ਏਹ ਨਹੀਂ ਵੇਖਦੇ ਕਿ ਅਸੀਂ ਓਹਨਾਂ ਦੇ ਦੇਸ ਫਲ ਢਹ ਰਹੇ ਹਾਂ ਅਤੇ ਕੰਢਿਆਂ[1] ਵੱਲੋਂ ਉਸ ਨੂੰ ਛੋਟਾ ਕਰਦੇ ਜਾ ਰਹੇ ਹਾਂ। ਕੀ (ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ) ਓਹ ਪ੍ਰਬਲ ਹੋਣਗੇ ? ।੪੫।

قُلْ اِنَّمَآ اُنْذِرُكُمْ بِالْوَحْيِ ۡ وَلَا يَسْمَعُ الصُّمُّ الدُّعَاۗءَ اِذَا مَا يُنْذَرُوْنَ ۝

ਤੂੰ ਓਹਨਾਂ ਨੂੰ ਇਹ ਕਹਿ ਦੇ ਕਿ ਮੈਂ ਤਾਂ ਤੁਹਾਨੂੰ ਅਕਾਸ਼ ਬਾਣੀ ਰਾਹੀਂ ਖ਼ਬਰਦਾਰ ਕਰ ਰਿਹਾ ਹਾਂ ਅਤੇ (ਚੰਗੀ ਤਰ੍ਹਾਂ ਜਾਣਦਾ ਹਾਂ ਕਿ) ਜਦ (ਆਤਮਕ) ਬੋਲਿਆਂ ਨੂੰ ਹੁਸ਼ਿਆਰ ਕੀਤਾ ਜਾਏ, ਤਾਂ ਓਹ ਅਵਾਜ਼ ਨਹੀਂ ਸੁਣ ਸਕਦੇ ।੪੬।

وَلَىِٕنْ مَّسَّتْهُمْ نَفْحَةٌ مِّنْ عَذَابِ رَبِّكَ لَيَقُوْلُنَّ يٰوَيْلَنَآ اِنَّا كُنَّا ظٰلِمِيْنَ ۝

ਅਤੇ ਜੇ ਓਹਨਾਂ ਨੂੰ ਕਸ਼ਟ ਦੀ ਗਰਮੀ ਦਾ ਕੋਈ ਸੇਕ ਲਗ ਜਾਏਗਾ, ਤਾਂ ਓਹ ਇਹ ਜ਼ਰੂਰ ਕਹਿਣਗੇ ਕਿ ਸਾਡੇ ਉੱਤੇ ਅਫ਼ਸੋਸ ਹੈ, ਅਸੀਂ ਤਾਂ ਜ਼ੁਲਮ ਹੀ ਕਰਦੇ ਸੀ ।੪੭।

وَنَضَعُ الْمَوَازِيْنَ الْقِسْطَ لِيَوْمِ الْقِيٰمَةِ فَلَا تُظْلَمُ نَفْسٌ شَيْـــًٔا ۭ وَاِنْ كَانَ مِثْقَالَ حَبَّةٍ مِّنْ خَرْدَلٍ اَتَيْنَا بِهَا ۭ وَكَفٰى بِنَا حٰسِبِيْنَ ۝

ਅਤੇ ਅਸੀਂ ਕਿਆਮਤ ਦੇ ਦਿਹਾੜੇ ਅਜੇਹੇ ਤੋਲ ਦੇ[2] (ਪੂਰਾ ਪੂਰਾ ਤੋਲਣ ਵਾਲੇ) ਸਾਧਨ ਪੈਦਾ ਕਰ ਦਿਆਂਗੇ ਕਿ ਜਿਸ ਕਰਕੇ ਕਿਸੇ ਵੀ ਪ੍ਰਾਣੀ ਉੱਤੇ ਰਤੀ ਭਰ ਵੀ ਜ਼ੁਲਮ ਨਹੀਂ ਕੀਤਾ ਜਾਏਗਾ। ਜੇ ਕਿਸੇ ਦਾ ਇਕ ਰਾਈ ਦੇ ਦਾਣੇ ਜਿੱਨਾ ਵੀ (ਕੋਈ ਸ਼ੁਭ) ਕਰਮ ਹੋਵੇਗਾ, ਤਾਂ ਅਸੀਂ (ਉਸ ਨੂੰ ਵੀ) ਮੌਜੂਦ ਕਰ ਦਿਆਂਗੇ, ਅਰਥਾਤ ਅਸੀਂ ਲੇਖਾ ਲੈਣ ਲਈ ਕਾਫ਼ੀ ਹਾਂ ।੪੮।

---

[1]ਅਰਥਾਤ—ਏਸ ਦੇ ਘਿਰੇ ਤੇ ਨਵੀਆਂ ਸੰਤਾਨਾਂ ਮੁਸਲਮਾਨਾਂ ਦੇ ਅਧੀਨ ਹੁੰਦੀਆਂ ਜਾ ਰਹੀਆਂ ਹਨ।

[2]ਮੂਲ ਪਾਠ ਵਿਚ ਇਸ ਥਾਂ ਦੇ ਪਦ "ਅੱਲਮਵਾਜ਼ੀਨ" ਤੇ "ਅੱਲਕਿਸਤ" ਹਨ; ਚੂੰਕਿ ਏਹਨਾਂ ਦੋਹਾਂ ਪਦਾਂ ਦੇ ਇੱਕੋ ਹੀ ਅਰਥ ਹਨ, ਇਸ ਲਈ ਅਸੀਂ ਇੱਕੋ ਹੀ ਅਰਥ ਲਿਖੇ ਹਨ।

وَلَقَدْ اٰتَيْنَا مُوْسٰى وَهٰرُوْنَ الْفُرْقَانَ وَضِيَآءً وَّذِكْرًا لِّلْمُتَّقِيْنَ ﴿٤٨﴾

ਅਤੇ ਅਸੀਂ "ਮੂਸਾ" ਤੇ "ਹਾਰੂਨ" ਨੂੰ ਸੱਚ ਝੂਠ ਦਾ ਨਿਬੇੜਾ ਕਰਨ ਦੀ ਸ਼ਕਤੀ ਅਤੇ ਚਾਨਣਾ ਵੀ ਦਿੱਤਾ ਸੀ,ਅਰਥਾਤ ਸੰਜਮੀਆਂ ਵਾਸਤੇ ਸਿੱਖਿਆ ਦਿੱਤੀ ਸੀ ।੪੯।

اَلَّذِيْنَ يَخْشَوْنَ رَبَّهُمْ بِالْغَيْبِ وَهُمْ مِّنَ السَّاعَةِ مُشْفِقُوْنَ ﴿٤٩﴾

ਓਹ (ਸੰਜਮੀ) ਜੋ ਆਪਣੇ ਸਾਜਨਹਾਰ ਤੇ ਪਾਲਨ-ਹਾਰ ਤੋਂ ਇਕਾਂਤ ਵਿਚ (ਵੀ) ਡਰਦੇ ਸਨ, ਅਰਥਾਤ ਜਿਨ੍ਹਾਂ ਨੂੰ ਦੰਡ-ਫਲ ਦੇ ਸਮੇਂ ਦਾ ਵੀ ਵੱਡਾ ਡਰ ਸੀ ।੫੦।

وَهٰذَا ذِكْرٌ مُّبٰرَكٌ اَنْزَلْنٰهُ ؕ اَفَاَنْتُمْ لَهٗ مُنْكِرُوْنَ ﴿٥٠﴾

ਅਤੇ (ਇਹ ਕੁਰਾਨ) ਇਕ ਅਜਿਹੀ ਸਿੱਖਿਆ ਦਾ ਇਕ ਪੁਸਤਕ ਹੈ ਕਿ ਇਸ ਵਿਚ ਸਾਰੀਆਂ ਇਲਹਾਮੀ ਪੁਸਤਕਾਂ ਦੀਆਂ ਖ਼ੂਬੀਆਂ ਵਰਗ ਕੇ[1] ਆ ਗਈਆਂ ਹਨ । ਇਸ ਨੂੰ ਅਸੀਂ ਹੀ ਉਤਾਰਿਆ ਹੈ । ਸੋ ਤੁਸੀਂ ਅਜਿਹੀ ਪੁਸਤਕ ਤੋਂ ਕਿਉਂ ਇਨਕਾਰੀ (ਹੋ ਰਹੇ) ਹੋ ? ।੫੧। (ਰਕੂਅ ੪)

وَلَقَدْ اٰتَيْنَآ اِبْرٰهِيْمَ رُشْدَهٗ مِنْ قَبْلُ وَكُنَّا بِهٖ عٰلِمِيْنَ ﴿٥١﴾

ਅਤੇ ਅਸੀਂ ਇਸ ਤੋਂ ਪਹਿਲਾਂ "ਇਬਰਾਹੀਮ" ਨੂੰ ਇਸ ਦੀ ਯੋਗਤਾ ਤੇ ਵਿਦਵਤਾ ਬਖਸ਼ੀ ਸੀ ਅਤੇ ਅਸੀਂ ਉਸ ਦੇ ਅੰਦਰਲੇ ਦੇ ਜਾਣਨਹਾਰ ਸੀ ।੫੨।

اِذْ قَالَ لِاَبِيْهِ وَقَوْمِهٖ مَا هٰذِهِ التَّمَاثِيْلُ الَّتِيْٓ اَنْتُمْ لَهَا عٰكِفُوْنَ ﴿٥٢﴾

(ਉਹ ਸਮਾਂ ਚੇਤੇ ਕਰੋ) ਜਦ ਕਿ ਉਸ ਨੇ ਆਪਣੇ ਪਿਤਾ ਤੇ ਆਪਣੀ ਜਾਤੀ ਨੂੰ ਇਹ ਕਿਹਾ ਸੀ ਕਿ ਏਹ ਕੇਹੀਆਂ ਮੂਰਤੀਆਂ ਹਨ, ਜਿਨ੍ਹਾਂ ਦੇ ਅੱਗੇ ਤੁਸੀਂ ਬੈਠੇ ਰਹਿੰਦੇ ਹੋ ।੫੩।

قَالُوْا وَجَدْنَآ اٰبَآءَنَا لَهَا عٰبِدِيْنَ ﴿٥٣﴾

ਓਹਨਾਂ ਨੇ ਇਹ ਕਿਹਾ ਸੀ ਕਿ ਅਸੀਂ ਆਪਣੇ ਪਿਉ-ਦਾਦਿਆਂ ਨੂੰ ਏਹਨਾਂ (ਮੂਰਤੀਆਂ) ਦੀ ਪੂਜਾ ਕਰਦੇ ਵੇਖਿਆ ਸੀ ।੫੪।

قَالَ لَقَدْ كُنْتُمْ اَنْتُمْ وَاٰبَآؤُكُمْ فِيْ ضَلٰلٍ مُّبِيْنٍ ﴿٥٤﴾

ਉਸ ਨੇ ਇਹ ਕਿਹਾ ਸੀ ਕਿ ਤਦ ਤੁਸੀਂ ਵੀ ਤੇ ਤੁਹਾਡੇ ਪਿਉ-ਦਾਦੇ ਵੀ ਸਪਸ਼ਟ ਕੁਰਾਹੀਏ ਸੀ ।੫੫।

---

[1] ਮੂਲ ਪਾਠ ਵਿਚ ਇਸ ਥਾਂ "ਮੁਬਾਰਾਕੁਨ" ਪਦ ਹੈ, ਜੋ "ਬਿਰਕਾਤੁਨ" ਪਦ ਤੋਂ ਬਣਿਆ ਹੈ । ਇਸ ਦਾ ਅਰਥ ਛੱਪੜ ਹੈ; ਇਸ ਲਈ ਅਸੀਂ "ਮੁਬਾਰਾਕੁਨ" ਦਾ ਅਰਥ "ਵਰਗ ਕੇ ਆ ਗਈਆਂ ਹਨ" ਲਿਖਿਆ ਹੈ ।

قَالُوْٓا اَجِئْتَنَا بِالْحَقِّ اَمْ اَنْتَ مِنَ اللّٰعِبِيْنَ ﴿٥٥﴾

ਓਹਨਾਂ ਨੇ ਇਹ ਕਿਹਾ ਸੀ ਕਿ ਤੂੰ ਸਾਡੇ ਵਲ ਇਕ ਸੱਚਾਈ ਲੈ ਕੇ ਆਇਆ ਹੈਂ ਕਿ ਸਾਨੂੰ ਮਖੌਲ ਕਰਦਾ ਹੈਂ।੫੬।

قَالَ بَلْ رَّبُّكُمْ رَبُّ السَّمٰوٰتِ وَالْاَرْضِ الَّذِيْ فَطَرَهُنَّ ۖ وَاَنَا عَلٰى ذٰلِكُمْ مِّنَ الشّٰهِدِيْنَ ﴿٥٦﴾

ਉਸ ("ਇਬਰਾਹੀਮ") ਨੇ ਇਹ ਕਿਹਾ ਸੀ ਕਿ ਇਹ ਇਕ ਅਸਲੀਅਤ ਹੈ ਕਿ ਤੁਹਾਡਾ ਸਾਜਨਹਾਰ ਤੇ ਪਾਲਨਹਾਰ ਸਾਰੇ ਅਕਾਸ਼ਾਂ ਤੇ ਪਤਾਲਾਂ ਦਾ ਵੀ ਸਾਜਨਹਾਰ ਤੇ ਪਾਲਨਹਾਰ ਹੈ। ਉਸੇ ਨੇ ਹੀ ਏਹਨਾਂ ਨੂੰ ਸਾਜਿਆ ਹੈ ਅਤੇ ਮੈਂ ਇਸ ਗੱਲ ਦੀ ਤੁਹਾਡੇ ਅੱਗੇ ਹਾਮੀ ਭਰਦਾ ਹਾਂ।੫੭।

وَتَاللّٰهِ لَاَكِيْدَنَّ اَصْنَامَكُمْ بَعْدَ اَنْ تُوَلُّوْا مُدْبِرِيْنَ ﴿٥٧﴾

ਅਤੇ ਉਸ ਨੇ ਇਹ ਵੀ ਕਿਹਾ ਸੀ ਕਿ ਪ੍ਰਭੂ ਦੀ ਕਸਮ ਜਦ ਤੁਸੀਂ ਮੂੰਹ ਮੋੜ ਕੇ ਚਲੇ ਜਾਉਗੇ, ਤਾਂ ਮੈਂ ਤੁਹਾਡੀਆਂ ਮੂਰਤੀਆਂ ਦੇ ਵਿਰੁਧ ਇਕ ਪੱਕੀ ਵਿਓਂਤ ਕਰਾਂਗਾ।੫੮।

فَجَعَلَهُمْ جُذٰذًا اِلَّا كَبِيْرًا لَّهُمْ لَعَلَّهُمْ اِلَيْهِ يَرْجِعُوْنَ ﴿٥٨﴾

ਫੇਰ ਉਸ ਨੇ ਓਹਨਾਂ (ਮੂਰਤੀਆਂ) ਨੂੰ ਭੰਨ ਤੋੜ ਦਿੱਤਾ ਸੀ। ਛੁੱਟ ਓਹਨਾਂ ਵਿੱਚੋਂ ਵੱਡੀ ਮੂਰਤੀ ਦੇ; ਤਾਂ ਜੁ ਓਹ (ਇਕ ਵਾਰ ਫੇਰ) ਉਸ ਦੇ ਕੋਲ ਆਉਣ।੫੯।

قَالُوْا مَنْ فَعَلَ هٰذَا بِاٰلِهَتِنَآ اِنَّهٗ لَمِنَ الظّٰلِمِيْنَ ﴿٥٩﴾

ਇਸ ਤੇ ਓਹਨਾਂ ਨੇ ਇਹ ਕਿਹਾ ਸੀ ਕਿ ਸਾਡੇ ਇਸ਼ਟ-ਦੇਵਾਂ ਨਾਲ ਇਹ ਕਾਰਾ ਕਿਸ ਨੇ ਕੀਤਾ ਹੈ ? ਅਜੇਹਾ ਕਰਨ ਵਾਲਾ ਨਿਰਸੰਦੇਹ ਜ਼ਾਲਮਾਂ ਵਿੱਚੋਂ ਹੈ।੬੦।

قَالُوْا سَمِعْنَا فَتًى يَّذْكُرُهُمْ يُقَالُ لَهٗٓ اِبْرٰهِيْمُ ﴿٦٠﴾

(ਤਦ ਓਹਨਾਂ ਵਿੱਚੋਂ ਕੁਝ ਲੋਕਾਂ ਨੇ) ਇਹ ਕਿਹਾ ਸੀ ਕਿ ਅਸੀਂ ਇਕ ਗੱਭਰੂ ਨੂੰ—ਜਿਸ ਦਾ ਨਾਂ "ਇਬਰਾਹੀਮ" ਹੈ, ਏਹਨਾਂ ਦੀਆਂ ਊਣਤਾਈਆਂ[1] ਵਰਣਨ ਕਰਦੇ ਸੁਣਿਆ ਹੈ।੬੧।

---

[1]ਮੂਲ ਪਾਠ ਵਿਚ "ਯਜ਼ਕੁਰੁਹੁਮ" ਪਦ ਹੈ; ਓਹਨਾਂ ਦਾ ਵਰਣਨ ਕਰਦਿਆਂ ਸੁਣਿਆ ਹੈ; ਚੂੰਕਿ ਹਜ਼ਰਤ "ਇਬਰਾਹੀਮ" ਜੀ ਮੂਰਤੀਆਂ ਦਾ ਵਰਣਨ ਚੰਗੇ ਅੱਖਰਾ ਦੁਆਰਾ ਨਹੀਂ ਕੀਤਾ ਕਰਦੇ ਸਨ; ਇਸ ਲਈ ਅਸੀਂ ਟੀਕੇ ਵਿਚ "ਊਣਤਾਈਆਂ" ਦਾ ਪਦ ਵਧਾ ਦਿੱਤਾ ਹੈ।

قَالُوْا فَأْتُوْا بِهٖ عَلٰٓى أَعْيُنِ النَّاسِ لَعَلَّهُمْ يَشْهَدُوْنَ ﴿٦١﴾

(ਤਦ ਜਾਤੀ ਦੇ ਸਿਰਕਢ ਸਰਦਾਰਾਂ ਨੇ) ਇਹ ਕਿਹਾ ਸੀ ਕਿ (ਜੇ ਇਹ ਗੱਲ ਹੈ, ਤਾਂ) ਉਸ ਨੂੰ ਸਾਰੇ ਲੋਕਾਂ ਦੇ ਸਾਮ੍ਹਣੇ ਸੱਦੋ, ਸ਼ਾਇਦ (ਉਸ ਬਾਰੇ) ਕੋਈ ਫ਼ੈਸਲਾ ਕੀਤਾ ਜਾ ਸਕੇ ।੬੨।

قَالُوْٓا ءَأَنْتَ فَعَلْتَ هٰذَا بِاٰلِهَتِنَا يٰٓاِبْرٰهِيْمُ ﴿٦٢﴾

ਫੇਰ (ਓਹਨਾਂ ਨੇ) ਇਹ ਕਿਹਾ ਸੀ ਕਿ ਹੇ "ਇਬਰਾਹੀਮ" ! ਕੀ ਸਾਡੇ ਇਸ਼ਟ-ਦੇਵਾਂ ਨਾਲ ਇਹ ਕਾਰਾ ਤੂੰ ਕੀਤਾ ਹੈ ? ।੬੩।

قَالَ بَلْ فَعَلَهٗ كَبِيْرُهُمْ هٰذَا فَسْـَٔلُوْهُمْ اِنْ كَانُوْا يَنْطِقُوْنَ ﴿٦٣﴾

("ਇਬਰਾਹੀਮ" ਨੇ) ਇਹ ਕਿਹਾ ਸੀ ਕਿ (ਓੜਕ[1]) ਕਿਸੇ ਕਰਨ ਵਾਲੇ ਨੇ ਤਾਂ ਇਹ ਕਾਰਾ ਜ਼ਰੂਰ ਕੀਤਾ ਹੈ । ਇਹ ਸਭ ਤੋਂ ਵੱਡੀ ਮੂਰਤੀ ਸਾਮ੍ਹਣੇ ਖੜੀ ਹੈ । ਜੇ ਉਹ ਬੋਲ ਸਕੇ, ਤਾਂ (ਉਸ ਤੋਂ ਤੇ ਦੂਜੀਆਂ ਮੂਰਤੀਆਂ ਤੋਂ ਵੀ) ਪੁੱਛ ਕੇ ਵੇਖ ਲਓ ।੬੪।

فَرَجَعُوْٓا اِلٰٓى اَنْفُسِهِمْ فَقَالُوْٓا اِنَّكُمْ اَنْتُمُ الظّٰلِمُوْنَ ﴿٦٤﴾

ਇਸ ਤੇ ਓਹਨਾਂ ਨੇ ਆਪਣੇ ਸਿਰਕਢ ਸਰਦਾਰਾਂ[2] ਵਲ ਧਿਆਨ ਦਿੱਤਾ ਸੀ ਤੇ ਓਹਨਾਂ ਨੇ ਇਹ ਕਿਹਾ ਸੀ ਕਿ ਸੱਚੀ ਗੱਲ ਤਾਂ ਇਹ ਹੈ ਕਿ ਜ਼ਾਲਮ ਤੁਸੀਂ ਲੋਕ ਹੀ ਹੋ ।੬੫।

ثُمَّ نُكِسُوْا عَلٰى رُءُوْسِهِمْ لَقَدْ عَلِمْتَ مَا هٰٓؤُلَآءِ يَنْطِقُوْنَ ﴿٦٥﴾

ਅਤੇ ਓਹ ਲੋਕ ਆਪਣੇ ਸਿਰਾਂ ਦੇ ਭਾਰ ਡੇਗ ਦਿੱਤੇ ਗਏ ਸਨ, (ਅਰਥਾਤ ਨਿਰੁੱਤਰ ਹੋ ਗਏ ਸਨ[3]) ਅਤੇ ਓਹਨਾਂ ਨੇ ਇਹ ਕਿਹਾ ਸੀ ਕਿ ਤੂੰ ਜਾਣਦਾ ਹੈਂ ਕਿ ਇਹ ਬੁੱਲਿਆ ਨਹੀਂ ਕਰਦੇ ।੬੬।

---

[1]ਇਸ ਬਾਰੇ ਵੇਖੋ ਅੱਲਾਮਾ "ਅਬੁਲਬਕਾ" ਦੀ ਪੁਸਤਕ "ਇਮਲਾ", ਜਿਲਦ ੨, ਪੰਨਾ ੭੧

[2]"ਅਨਫ਼ੁਸਾ" ਨਫ਼ਸ ਦਾ ਬਹੁਵਚਨ ਹੈ । ਇਸ ਦੇ ਅਰਥ ਜੀਵਾਤਮਾ ਹੁੰਦੇ ਹਨ; ਚੂੰਕਿ ਕੌਮ ਦੀਆਂ ਰੂਹਾਂ ਉਸ ਦੇ ਸਿਰਕਢ ਸਰਦਾਰ ਹੁੰਦੇ ਹਨ; ਇਸ ਲਈ ਅਸੀਂ ਇਸ ਥਾਂ "ਨਾਫ਼ਾਸਾ" ਦਾ ਅਰਥ ਜਾਤੀ ਦੇ ਸਿਰਕਢ ਸਰਦਾਰ ਕੀਤਾ ਹੈ ।

[3] ਤਫ਼ਸੀਰ "ਬਹਿਰਿ ਮੁਹੀਤ" ਵਿਚ ਇਸ ਦਾ ਅਰਥ ਇਹ ਕੀਤਾ ਗਿਆ ਹੈ ਕਿ ਓਹ ਲੋਕ ਇਸ ਤੇ ਅਜੇਹੇ ਘਬਰਾਏ ਸਨ ਕਿ ਛੋਟੇ ਲੋਕਾਂ ਨੇ ਆਪਣੇ ਸਿਰਕਢ ਸਰਦਾਰਾਂ ਵਲ ਧਿਆਨ ਦਿੱਤਾ ਸੀ ਕਿ ਓਹ ਇਸ ਔਕੜ ਦਾ ਕੋਈ ਹਲ ਢੂੰਡਣ । ਸਾਡਾ ਇਹ ਟੀਕਾ "ਰੂਹੁਲ ਮਆਨੀ" ਦੇ ਅਨੁਕੂਲ ਹੈ, ਪਰ ਜੇ ਵੀਚਾਰ ਕੀਤਾ ਜਾਏ, ਤਾਂ "ਬਹਿਰਿ ਮੁਹੀਤ" ਤੇ "ਰੂਹੁਲ ਮਆਨੀ" ਦਾ ਭਾਵ ਇੱਕੋ ਹੀ ਹੈ ।

قَالَ اَفَتَعْبُدُوْنَ مِنْ دُوْنِ اللّٰهِ مَا لَا يَنْفَعُكُمْ شَيْـًٔا وَّلَا يَضُرُّكُمْ ﴿٦٦﴾

(ਇਸ ਤੇ "ਇਬਰਾਹੀਮ" ਨੇ) ਇਹ ਕਿਹਾ ਸੀ ਕਿ ਕੀ ਤੁਸੀਂ ਅੱਲਾਹ ਤੋਂ ਛੁੱਟ ਅਜਿਹੀ ਚੀਜ਼ ਦੀ ਪੂਜਾ ਕਰਦੇ ਹੋ, ਜੋ ਨਾ ਤੁਹਾਨੂੰ ਕੋਈ ਲਾਭ ਦੇ ਸਕਦੀ ਹੈ ਤੇ ਨਾ ਹਾਣ ਪੁਚਾ ਸਕਦੀ ਹੈ ।੬੭।

اُفٍّ لَّكُمْ وَلِمَا تَعْبُدُوْنَ مِنْ دُوْنِ اللّٰهِ ؕ اَفَلَا تَعْقِلُوْنَ ﴿٦٧﴾

(ਅਸੀਂ) ਤੁਹਾਡੇ ਉੱਤੇ ਤੇ ਜਿਸ ਚੀਜ਼ ਦੀ ਤੁਸੀਂ ਅੱਲਾਹ ਤੋਂ ਛੁੱਟ ਪੂਜਾ ਕਰਦੇ ਹੋ, ਵੱਡਾ ਸ਼ੋਕ ਪਰਗਟ ਕਰਦੇ ਹਾਂ । ਤੁਸੀਂ ਸੋਚ-ਸਮਝ ਤੋਂ ਕੰਮ ਕਿਉਂ ਨਹੀਂ ਲੈਂਦੇ ? ।੬੮।

قَالُوْا حَرِّقُوْهُ وَانْصُرُوْٓا اٰلِهَتَكُمْ اِنْ كُنْتُمْ فٰعِلِيْنَ ﴿٦٨﴾

(ਇਸ ਤੇ ਓਹ ਕਰੋਧ ਵਿਚ ਆ ਕੇ) ਇਹ ਕਹਿਣ ਲੱਗੇ ਸਨ ਕਿ ਇਸ ਬੰਦੇ ਨੂੰ ਸਾੜ ਸੁੱਟੋ ਅਤੇ ਆਪਣੇ ਇਸ਼ਟ-ਦੇਵਾਂ ਦੀ ਸਹਾਇਤਾ ਕਰੋ । ਜੇ ਤੁਸੀਂ ਕੁਝ ਕਰਨਾ ਚਾਹੁੰਦੇ ਹੋ ।੬੯।

قُلْنَا يٰنَارُ كُوْنِيْ بَرْدًا وَّسَلٰمًا عَلٰٓى اِبْرٰهِيْمَ ﴿٦٩﴾

ਤਦ ਅਸੀਂ ਇਹ ਕਿਹਾ ਸੀ ਕਿ ਹੇ ਅੱਗ ! ਤੂੰ "ਇਬਰਾਹੀਮ" ਵਾਸਤੇ ਠੰਢੀ ਵੀ ਹੋ ਜਾ ਅਤੇ ਉਸ ਲਈ ਸਲਾਮਤੀ ਦਾ ਕਾਰਣ ਵੀ ਬਣ ਜਾ ।੭੦।

وَاَرَادُوْا بِهٖ كَيْدًا فَجَعَلْنٰهُمُ الْاَخْسَرِيْنَ ﴿٧٠﴾

ਅਤੇ ਓਹਨਾਂ ਨੇ ਉਸ ਨਾਲ ਕੁਝ ਭੈੜਾ ਵਰਤਾਉ ਕਰਨਾ ਚਾਹਿਆ ਸੀ, ਪਰ ਅਸੀਂ ਓਹਨਾਂ ਨੂੰ ਨਿਹਫਲ ਕਰ ਦਿੱਤਾ ਸੀ ।੭੧।

وَنَجَّيْنٰهُ وَلُوْطًا اِلَى الْاَرْضِ الَّتِيْ بٰرَكْنَا فِيْهَا لِلْعٰلَمِيْنَ ﴿٧١﴾

ਅਤੇ ਅਸੀਂ ਉਸ ਨੂੰ ਵੀ ਤੇ "ਲੂਤ" ਨੂੰ ਵੀ ਉਸ ਦੇਸ ਵਲ ਬਚਾ ਕੇ ਲੈ ਆਏ ਸੀ, ਜਿਸ ਵਿਚ ਅਸੀਂ ਸਾਰੇ ਜਹਾਨਾਂ ਵਾਸਤੇ ਬਰਕਤ ਰੱਖੀ ਹੋਈ ਸੀ ।੭੨।

وَوَهَبْنَا لَهٗٓ اِسْحٰقَ ؕ وَيَعْقُوْبَ نَافِلَةً ؕ وَكُلًّا جَعَلْنَا صٰلِحِيْنَ ﴿٧٢﴾

ਅਤੇ ਅਸੀਂ ਉਸ ਨੂੰ "ਇਸਹਾਕ" ਬਖ਼ਸ਼ਿਆ ਸੀ ਤੇ ਪੋਤਰੇ ਵੱਜੋਂ "ਯਾਕੂਬ" ਵੀ ਅਤੇ ਅਸੀਂ ਸਾਰਿਆਂ ਨੂੰ ਭਲੇ ਪੁਰਖ ਬਣਾਇਆ ਸੀ ।੭੩।

وَجَعَلْنٰهُمْ اَىِٕمَّةً يَّهْدُوْنَ بِاَمْرِنَا وَاَوْحَيْنَآ اِلَيْهِمْ فِعْلَ الْخَيْرٰتِ وَاِقَامَ الصَّلٰوةِ وَاِيْتَآءَ الزَّكٰوةِ ۚ وَكَانُوْا لَنَا عٰبِدِيْنَ ﴿٧٣﴾

ਅਤੇ ਅਸੀਂ ਓਹਨਾਂ ਨੂੰ (ਲੋਕਾਂ ਦਾ) ਇਮਾਮ ਬਣਾਇਆ ਸੀ। ਓਹ ਸਾਡੇ ਹੁਕਮ ਨਾਲ ਓਹਨਾਂ ਨੂੰ ਸੁਮਾਰਗ ਵਲ ਲਾਉਂਦੇ ਸਨ, ਅਰਥਾਤ ਅਸੀਂ ਓਹਨਾਂ ਵਲ ਸ਼ੁਭ ਕਰਮ ਕਰਨ, ਅਥਵਾ ਨਿਮਾਜ਼ਾਂ ਪੜ੍ਹਨ ਤੇ ਜ਼ਕਾਤ ਦੇਣ ਦੀ ਅਕਾਸ਼ ਬਾਣੀ ਕੀਤੀ ਸੀ। ਓਹ ਸਾਰੇ ਹੀ ਸਾਡੇ ਭਗਤ-ਜਨ ਸਨ ।੭੪।

وَلُوْطًا اٰتَيْنٰهُ حُكْمًا وَّعِلْمًا وَّنَجَّيْنٰهُ مِنَ الْقَرْيَةِ الَّتِىْ كَانَتْ تَّعْمَلُ الْخَبٰٓئِثَ ۭ اِنَّهُمْ كَانُوْا قَوْمَ سَوْءٍ فٰسِقِيْنَ ﴿٧٤﴾

ਅਤੇ (ਅਸੀਂ ਉਸ ਨੂੰ) "ਲੂਤ" (ਵੀ ਦਿੱਤਾ ਸੀ), ਜਿਸ ਨੂੰ ਅਸੀਂ ਯੁਕਤੀਆਂ[1] ਤੇ ਗਿਆਨ ਬਖ਼ਸ਼ਿਆ ਸੀ ਅਤੇ ਅਸੀਂ ਉਸ ਨਗਰੀ ਤੋਂ ਜੋ ਵੱਡੀਆਂ ਕੁਕਰਮੀਆਂ ਕਰਦੀ ਸੀ—ਛੁਟਕਾਰਾ ਦੁਆਇਆ ਸੀ। (ਓਹ "ਲੂਤ" ਦੇ ਸ਼ਹਿਰ ਦੇ ਵਸਨੀਕ) ਇਕ ਭੈੜੀ ਜਾਤੀ, ਅਰਥਾਤ ਮਨਮੁਖ ਸਨ ।੭੫।

وَاَدْخَلْنٰهُ فِىْ رَحْمَتِنَا ۭ اِنَّهٗ مِنَ الصّٰلِحِيْنَ ﴿٧٥﴾ ع

ਅਸੀਂ ਉਸ ("ਲੂਤ") ਨੂੰ ਆਪਣੀ ਮਿਹਰ ਦਾ ਪਾਤਰ ਬਣਾਇਆ ਸੀ। ਉਹ ਸਾਡੇ ਭਲੇ ਪੁਰਖਾਂ ਵਿੱਚੋਂ ਸੀ ।੭੬। (ਰਕੂਅ ੫)

وَنُوْحًا اِذْ نَادٰى مِنْ قَبْلُ فَاسْتَجَبْنَا لَهٗ فَنَجَّيْنٰهُ وَاَهْلَهٗ مِنَ الْكَرْبِ الْعَظِيْمِ ﴿٧٦﴾ ۚ

ਅਤੇ (ਉਹ ਸਮਾਂ ਯਾਦ ਕਰੋ) ਜਦ ਕਿ "ਨੂਹ" ਨੇ ਉਸ ("ਇਬਰਾਹੀਮ" ਦੀ ਘਟਨਾ) ਤੋਂ ਪਹਿਲਾਂ ਸਾਡੇ ਅੱਗੇ ਅਰਦਾਸ ਕੀਤੀ ਸੀ ਅਤੇ ਅਸੀਂ ਉਸ ਦੀ ਅਰਦਾਸ ਪਰਵਾਣ ਕਰ ਲਈ ਸੀ। ਸੋ ਅਸੀਂ ਉਸ ਨੂੰ ਵੀ ਤੇ ਉਸ ਦੇ ਪਰਵਾਰ ਨੂੰ ਵੀ ਇਕ ਵੱਡੀ ਘਬਰਾਹਟ ਤੋਂ ਬਚਾ ਲਿਆ ਸੀ ।੭੭।

وَنَصَرْنٰهُ مِنَ الْقَوْمِ الَّذِيْنَ كَذَّبُوْا بِاٰيٰتِنَا ۭ اِنَّهُمْ كَانُوْا قَوْمَ سَوْءٍ فَاَغْرَقْنٰهُمْ اَجْمَعِيْنَ ﴿٧٧﴾

ਅਤੇ ਅਸੀਂ ਉਸ ਦੀ ਉਸ ਜਾਤੀ ਦੇ ਟਾਕਰੇ ਤੇ ਸਹਾਇਤਾ ਕੀਤੀ ਸੀ, ਜਿਸ ਨੇ ਸਾਡੀਆਂ ਆਇਤਾਂ ਦੀ ਨਿੰਦਾ ਕੀਤੀ ਸੀ। ਉਹ ਬਹੁਤ ਹੀ ਭੈੜੀ ਜਾਤੀ ਸੀ। ਅਸੀਂ ਉਸ ਨੂੰ ਡੁੱਬ ਦਿੱਤਾ ਸੀ ।੭੮।

---

[1]ਯੁਕਤੀਆ ਦਾ ਭਾਵ ਉਹ ਗਿਆਨ ਹੈ, ਜਿਸ ਨਾਲ ਓਹ ਲੋਕਾਂ ਵਿਚਾਲੇ ਫ਼ੈਸਲਾ ਕਰ ਸਕਦੇ ਸੀ। ਭਾਵੇਂ ਇਸ ਦਾ ਸਾਧਾਰਨ ਅਰਥ ਰਾਜ-ਭਾਗ ਵੀ ਹੈ, ਪਰ ਉਹ ਅਰਥ ਇਸ ਥਾਂ ਠੀਕ ਨਹੀਂ ਢੁਕਦਾ ਸੀ; ਇਸ ਲਈ ਕਿ "ਲੂਤ" ਦੀ ਜਾਤੀ ਨੇ ਓਹਨਾਂ ਨੂੰ ਦੇਸ-ਨਿਕਾਲਾ ਦੇ ਦਿੱਤਾ ਸੀ ; ਜੇ ਓਹ ਪਾਤਸ਼ਾਹ ਹੁੰਦੇ, ਤਾਂ ਇਹ ਨਾ ਹੁੰਦਾ !